## Reo-Bankowned Properties

From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969



Jassi Gill
CA DRE# 00966763



## Hardeep S.Rai

ਇੰਮੇਗਰੇਸ਼ਨ ਵਕੀਲ
Attorney-at-Law

• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ

SAN FRANCISCO
TEL: 415.693.9131
FAX. 415.693.9135

rai@hsrai.com
www.hsrai.com

SAN JOSE
TEL: 408.280.1111
FAX. 408.280.1212



## Kuldip Singh Dhariwal
Attorney At Law

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ

Tel : (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538
E-mail: kuldipdhariwal@yahoo.com



Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 45, November 6, 2010 | 20451 N Plum Grove Rd. Palatine, IL 60074 | Ph:847-359-0746, Fax:847-705-9388


## ਮੱਧਕਾਲੀ ਅਮਰੀਕੀ ਚੋਣਾਂ 'ਚ ਰਿਪਬਲਿਕਨਾਂ ਦੀ ਚੜ੍ਹਤ

### *ਨਿਕੀ ਹੇਲੀ ਸਾਊਥ ਕੈਰੋਲਾਈਨਾ ਦੀ ਗਵਰਨਰ ਬਣੀ*

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਮੰਗਲਵਾਰ ਦੀਆਂ ਮੱਧਕਾਲੀ ਅਮਰੀਕੀ ਚੋਣਾਂ ਵਿਚ ਰਿਪਬਲਿਕ ਪਾਰਟੀ ਨੇ ਹਾਊਸ ਦਾ ਕੰਟਰੋਲ ਆਪਣੇ ਕਬਜ਼ੇ ਵਿਚ ਕਰ ਲਿਆ ਜਦੋਂਕਿ ਸੈਨੇਟ ਵਿਚ ਵੀ ਡੈਮੋਕਰੈਟਾਂ ਦੀ ਬਹੁਗਿਣਤੀ ਨੂੰ ਡੂੰਘੀ ਢਾਹ ਲਾਈ। ਆਰਥਿਕ ਮੰਦੇ ਦੀ ਹਵਾ ਚਲਦਿਆਂ ਇਹ ਚੋਣ ਨਤੀਜੇ ਰਾਸ਼ਟਰਪਤੀ ਬਰਾਕ ਓਬਾਮਾ ਦੀ ਰਹਿੰਦੀ ਮਿਆਦ ਦੇ ਦੋ ਸਾਲਾਂ ਲਈ ਕਈ ਤਰ੍ਹਾਂ ਦੀਆਂ ਗੁੰਝਲਾਂ ਪੈਦਾ ਕਰ ਸਕਦੇ ਹਨ।

ਮੰਗਲਵਾਰ ਦੀ ਚੋਣ ਵਿਚ 10 ਸਟੇਟਾਂ ਵਿਚ ਰਿਪਬਲਿਕਨ ਉਮੀਦਵਾਰਾਂ ਨੇ ਡੈਮੋਕਰੈਟਾਂ ਨੂੰ ਹਰਾ ਕੇ ਗਵਰਨਰ ਦੇ ਅਹੁਦਿਆਂ 'ਤੇ ਕਬਜ਼ਾ ਜਮਾ ਲਿਆ। ਕਾਂਗਰਸ ਵਿਚ ਰਿਪਬਲਿਕਨਾਂ ਦੀ ਚੜ੍ਹਤ ਗਵਰਨਰਾਂ ਦੀ ਚੋਣ ਦੌਰਾਨ ਵੀ ਕਾਇਮ ਰਹੀ। ਪੰਜਾਬੀ ਮੂਲ ਅਤੇ ਸਿੱਖ ਪਿਛੋਕੜ ਵਾਲੀ ਰਿਪਬਲਿਕਨ ਉਮੀਦਵਾਰ ਨਿੱਕੀ ਹੇਲੀ ਸਾਊਥ ਕੈਰੋਲਾਈਨਾ ਦੀ ਗਵਰਨਰ ਚੁਣੀ ਗਈ ਹੈ। ਪੈਨਸਿਲਵੇਨੀਆ, ਓਹਾਇਓ, ਮਿਸ਼ੀਗਨ, ਵਿਸਕਾਨਸਿਨ, ਆਇਓਵਾ, ਟੈਨਿਸੀ, ਕੈਨਸਸ, ਓਕਲਹੋਮਾ, ਨਿਊ ਮੈਕਸਿਕੋ ਅਤੇ ਵਿਓਮਿੰਗ ਵਿਚ ਡੈਮਕਰੈਟ ਗਵਰਨਰਾਂ ਨੂੰ ਹਰਾ ਕੇ ਰਿਪਬਲਿਕਨ ਗਵਰਨਰ ਚੁਣੇ ਗਏ ਹਨ।



*ਨਿੱਕੀ ਹੇਲੀ*

ਹਾਊਸ ਦੇ ਬਣਨ ਵਾਲੇ ਨਵੇਂ ਸਪੀਕਰ ਜੌਹਨ ਬੌਸ਼ਨਰ ਨੇ ਚੋਣ ਨਤੀਜਿਆਂ ਤੋਂ ਬਾਗੋ ਬਾਗ ਹੁੰਦਿਆਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਇਹ ਵਾਸ਼ਿੰਗਟਨ ਦੀ ਹਾਰ ਹੈ, ਵੱਡੀ ਸਰਕਾਰ ਦੀ ਹਾਰ ਹੈ ਅਤੇ ਰਾਸ਼ਟਰਪਤੀ ਓਬਾਮਾ ਦੀ ਸਿਆਸਤ ਦੀ ਹਾਰ ਹੈ। ਦੂਜੇ ਪਾਸੇ ਕੁਝ ਰਾਜਸੀ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਮਾੜੇ ਨਤੀਜੇ ਵੀ ਰਾਸ਼ਟਰਪਤੀ ਓਬਾਮਾ ਲਈ ਸਹਾਈ ਸਾਬਤ ਹੋ ਸਕਦੇ ਹਨ। ਉਹ ਆਪਣੀ ਪਾਰਟੀ


*(ਬਾਕੀ ਸਫਾ 17 'ਤੇ)*


## ਪੰਜਾਬ 'ਚ ਸਿਆਸੀ ਮਾਹੌਲ ਗਰਮਾਇਆ

### ਅਕਾਲੀ ਦਲ ਬਾਦਲ 'ਤੇ ਚੁਫੇਰਿਓਂ ਹਮਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਵੱਲੋਂ ਅਕਾਲੀ ਦਲ ਖ਼ਿਲਾਫ਼ ਝੰਡਾ ਚੁੱਕਣ, ਕੈਪਟਨ ਅਮਰਿੰਦਰ ਸਿੰਘ ਦੇ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਨ, ਤਮਿਲਨਾਡੂ ਦੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਵੱਲੋਂ ਪੰਜਾਬ ਆ ਕੇ ਸਰਗਰਮੀਆਂ ਤੇਜ਼ ਕਰਨ ਤੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਵੱਲੋਂ ਅਕਾਲੀ ਦਲ ਨੂੰ ਖਰੀਆਂ-ਖਰੀਆਂ ਸੁਣਾ ਕੇ ਅਸਤੀਫ਼ਾ ਦੇਣ ਦੇ ਮਾਮਲਿਆਂ ਕਰਕੇ ਪੰਜਾਬ ਸਿਆਸਤ ਇੱਕ ਵਾਰ ਪੂਰੀ ਤਰ੍ਹਾਂ ਗਰਮਾ ਗਈ ਹੈ।

ਇਸ ਸਾਰੇ ਘਟਨਾਕ੍ਰਮ 'ਚ ਅਕਾਲੀ ਦਲ (ਬਾਦਲ) ਦੀ ਸਥਿਤੀ ਕਸੂਤੀ ਬਣ ਗਈ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਤੇ ਵਿਧਾਨ ਸਭਾ ਚੋਣਾਂ ਸਿਰ 'ਤੇ ਹਨ। ਜਿੱਥੇ ਸ੍ਰੀ ਬਰਨਾਲਾ ਨੇ ਮੁੱਖ ਮੰਤਰੀ ਪ੍ਰਕਾਸ਼ ਬਾਦਲ ਨੂੰ ਪੰਜਾਬ ਦੇ ਉਜਾੜੇ ਲਈ ਜ਼ਿੰਮੇਵਾਰ ਠਹਿਰਾਇਆ ਹੈ ਉਥੇ ਕਾਂਗਰਸ ਨੂੰ ਛੱਡ ਕੇ ਕੁਝ ਸਮਾਂ ਅਕਾਲੀ ਦਲ ਦੀ ਬੇੜੀ 'ਚ ਸਵਾਰ ਰਹੇ ਬੀਰਦਵਿੰਦਰ ਸਿੰਘ ਨੇ ਅਕਾਲੀ ਦਲ (ਬ) 'ਤੇ ਪੰਥਕ ਮਾਮਲਿਆਂ ਨੂੰ ਅੱਖੋਂ ਓਹਲੇ ਕਰਨ ਦਾ ਦੋਸ਼ ਲਾਇਆ ਹੈ।

ਚਾਰੇ ਪਾਸੇ ਤੋਂ ਘਿਰਿਆ ਮਹਿਸੂਸ ਕਰ ਰਹੇ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਜਿੱਥੇ ਮਨਪ੍ਰੀਤ ਬਾਦਲ ਨੂੰ ਮਨਾਉਣ 'ਚ ਜੁਟ ਗਏ ਹਨ ਉਥੇ ਉਨ੍ਹਾਂ ਦੇ ਸਪੁੱਤਰ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਾਰਟੀ ਅੰਦਰਲੇ ਗਿਲੇ-ਸ਼ਿਕਿਵਿਆਂ ਨੂੰ ਘੱਟ ਕਰਨ ਲਈ ਦਿਨ-ਰਾਤ ਮੀਟਿੰਗਾਂ ਕਰ ਰਹੇ ਹਨ।

ਭਰੋਸੇਯੋਗ ਸੂਤਰਾਂ ਅਨੁਸਾਰ ਇਸ ਸਾਰੇ ਸਿਆਸੀ ਮਾਹੌਲ ਨੂੰ ਵੇਖਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਨਪ੍ਰੀਤ ਨੂੰ ਮਨਾਉਣ ਲਈ ਚਾਰਾਜੋਈ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਅਨੁਸਾਰ ਇਸ ਬਾਰੇ ਸ੍ਰੀ ਬਾਦਲ ਆਪਣੇ ਭਰਾ ਗੁਰਦਾਸ ਸਿੰਘ ਬਾਦਲ ਨਾਲ ਰਾਜਸਥਾਨ 'ਚ ਦਾਸ ਫ਼ਾਰਮ ਉਤੇ ਮੁਲਾਕਾਤ ਕਰਨਗੇ। ਪਤਾ ਲੱਗਾ ਹੈ ਕਿ ਚੌਟਾਲਾ ਪਰਿਵਾਰ ਅਤੇ ਕੁਝ ਰਿਸ਼ਤੇਦਾਰ ਵੀ ਪ੍ਰਕਾਸ਼ ਸਿੰਘ ਬਾਦਲ 'ਤੇ ਪਰਿਵਾਰ 'ਚ ਪਈ ਫੁੱਟ ਦੂਰ ਕਰਨ ਲਈ ਦਬਾਅ ਪਾ ਰਹੇ ਹਨ। ਇਸ ਸਮਝੌਤੇ 'ਚ ਹਿਮਾਚਲ ਦੇ ਮੁੱਖ ਮੰਤਰੀ ਤੇ ਭਾਜਪਾ ਆਗੂ ਪ੍ਰੇਮ ਕੁਮਾਰ ਧੂਮਲ ਦੀ ਸੇਵਾ ਵੀ ਲਈ ਜਾ ਸਕਦੀ ਹੈ।

ਇਸ ਦੇ ਨਾਲ ਹੀ ਇਹ ਵੀ ਚਰਚਾ ਹੈ ਕਿ ਭਵਿੱਖ 'ਚ ਸ੍ਰੀ ਸੁਰਜੀਤ ਸਿੰਘ ਬਰਨਾਲਾ ਤੇ ਮਨਪ੍ਰੀਤ ਸਿੰਘ ਬਾਦਲ ਇਕਸੁਰ ਹੋ ਸਕਦੇ ਹਨ। ਇਹੋ ਕਾਰਨ ਹੈ ਕਿ ਸ੍ਰੀ ਬਰਨਾਲਾ ਆਪਣੇ


*(ਬਾਕੀ ਸਫਾ 6 'ਤੇ)*


## ਕੈਲੀਫੋਰਨੀਆ ਵਿਚ ਭੰਗ ਬਾਰੇ ਮਤਾ ਰੱਦ

**ਲਾਸ ਏਂਜਲਸ:** ਕੈਲੀਫੋਰਨੀਆ ਦੇ ਵੋਟਰਾਂ ਨੇ 19 ਨੰਬਰ ਮਤਾ ਰੱਦ ਕਰ ਦਿੱਤਾ ਜਿਸ ਦੇ ਪਾਸ ਹੋਣ ਨਾਲ ਇਸ ਸਟੇਟ ਵਿਚ ਮਰਵਾਨੇ ਯਾਨਿ ਭੰਗ ਦੀ ਵਿਕਰੀ ਅਤੇ ਵਰਤੋਂ ਜਾਇਜ਼ ਹੋ ਜਾਣੀ ਸੀ।

ਇਸ ਮਤੇ ਦੇ ਪਾਸ ਹੋਣ ਨਾਲ 21 ਸਾਲ ਤੋਂ ਵੱਧ ਉਮਰ ਦੇ ਬਾਲਗ ਇਕ ਔਂਸ ਭੰਗ ਕਾਨੂੰਨੀ ਤੌਰ 'ਤੇ ਆਪਣੇ ਪਾਸ ਰੱਖਣ ਦੇ ਹੱਕਦਾਰ ਹੋ ਜਾਣੇ ਸਨ। ਇਸ ਤੋਂ ਇਲਾਵਾ ਉਹ ਗੈਰ ਜਨਤਕ ਥਾਂਵਾਂ 'ਤੇ ਭੰਗ ਪੀ ਸਕਣ ਅਤੇ ਆਪਣੇ ਬਗੀਚੇ ਵਿਚ ਭੰਗ ਉਗਾਉਣ ਦੇ ਵੀ ਕਾਨੂੰਨੀ ਤੌਰ 'ਤੇ ਹੱਕਦਾਰ ਹੋ ਜਾਂਦੇ। ਤਜਵੀਜ਼ਸ਼ੁਦਾ ਕਾਨੂੰਨ ਦੇ ਪਾਸ ਹੋਣ ਨਾਲ ਸਥਾਨਕ ਪ੍ਰਸਾਸ਼ਨਾਂ ਨੂੰ ਭੰਗ ਦੀ ਵਪਾਰਕ ਕਾਸ਼ਤ ਅਤੇ ਵਿਕਰੀ ਦਾ ਹੱਕ ਵੀ ਮਿਲ ਜਾਣਾ ਸੀ।



*ਬੇਕਰਜ਼ਫੀਲਡ ਵਿਚ ਕਬੱਡੀ ਮੇਲਾ-ਰਿਪੋਰਟ ਅੰਦਰ ਸਫਾ 18 ਅਤੇ 19 'ਤੇ*


## The Patel Law Offices P.C

Attorneys & Counselors at Law
U.S. Immigration & Nationality Law
Tel: 408.647.3100

*ਨੌਂਵੀਂ ਸਰਕਟ ਕੋਰਟ, ਬੋਰਡ ਆਫ ਇੰਮੀਗਰੇਸ਼ਨ ਅਪੀਲ, ਡਿਪੋਰਟੇਸ਼ਨ ਕੇਸ, ਐਚ-1, ਬਿਜਨਸ ਵੀਜ਼ਾ*

*ਅਸੀਂ ਹਿੰਦੀ, ਪੰਜਾਬੀ, ਗੁਜਰਾਤੀ ਅਤੇ ਉਰਦੂ ਬੋਲਦੇ ਹਾਂ*

3350 Scott Blvd, Bldg 55, Suite 5502,
Santa Clara, CA 95054
Fax: 408.647.3165
www.ThepatelLawOffices.com
immigration@ThePatelLawOffices.com



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets

Toll Free 1-866-FOR-RAJA
www.rajasweets.com
msbains@rajasweets.com

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

## Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com



Law Offices Of
## Manpreet S. Gahra

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ



Manpreet S.Gahra
Attorney At Law

Berkeley Office
2161 Shattuck Ave. #304, Berkeley
Ph. 510-841-4582, Fax: 510-217-6847

Sacramento Office
Call For Appointments
Ph. 916-924-1617
Email:manpreet@gahralaw.com

# ਦੀਦਾਰ ਸਿੰਘ ਬੈਂਸ ਵਲੋਂ ਐਨ ਆਰ ਆਈ ਸਭਾ ਅਮਰੀਕਾ ਦੀ ਸ਼ਲਾਘਾ

**ਬੇਕਰਜ਼ਫੀਲਡ (ਮਨਦੀਪ ਮਾਨ):** ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਸਰਪ੍ਰਸਤ ਅਤੇ ਅਮਰੀਕਾ ਵਿਚ ਸਿੱਖ ਸਿਆਸਤ ਦੇ ਭੀਸ਼ਮ ਪਿਤਾਮਾ ਮੰਨੇ ਜਾਂਦੇ ਸੀਨੀਅਰ ਸਿੱਖ ਆਗੂ ਸ. ਦੀਦਾਰ ਸਿੰਘ ਬੈਂਸ ਨੇ ਐਨ ਆਰ ਆਈ ਸਭਾ ਅਮਰੀਕਾ ਦੇ ਗਠਨ ਦੀ ਸ਼ਲਾਘਾ ਕਰਦਿਆਂ ਕਿਹਾ ਹੈ ਕਿ ਇਸ ਨਾਲ ਅਮਰੀਕਾ ਵਸਦੇ ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ 'ਚ ਦਰਪੇਸ਼ ਮੁਸ਼ਕਿਲਾਂ ਦੇ ਹੱਲ ਵਿਚ ਚੋਖੀ ਮਦਦ ਮਿਲੇਗੀ। ਇਸ ਸੰਸਥਾ ਨੂੰ ਆਸ਼ੀਰਵਾਦ ਦਿੰਦਿਆਂ ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਹ ਸੰਸਥਾ ਜਲਦ ਹੀ ਪ੍ਰਵਾਸੀ ਪੰਜਾਬੀਆਂ 'ਚ ਆਪਣੇ ਲਈ ਇਕ ਨਿਵੇਕਲੀ ਥਾਂ ਬਣਾ ਲਏਗੀ।

ਸ. ਬੈਂਸ ਨੇ ਐਨ ਆਰ ਆਈ ਸਭਾ ਦੇ ਮੁਖ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਐਨ ਆਰ ਆਈ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਨੌਜਵਾਨ ਆਗੂ ਜੋਬਨਜੀਤ ਸਿੰਘ ਬੌਬੀ ਨੂੰ ਸਭਾ ਦਾ ਚੇਅਰਮੈਨ ਬਣਾ ਕੇ ਸਮੁਚੇ ਪੰਜਾਬੀ ਨੌਜਵਾਨਾਂ ਦਾ ਮਾਣ ਵਧਾਇਆ ਹੈ। ਇਕ ਤਜਰਬੇਕਾਰ ਵਕੀਲ ਜਸਪ੍ਰੀਤ ਸਿੰਘ ਦੀ ਸਭਾ ਦੇ ਪ੍ਰਧਾਨ ਵਜੋਂ ਨਿਯੁਕਤੀ ਨਾਲ ਜਥੇਬੰਦੀ ਹੋਰ ਮਜਬੂਤ ਹੋਵੇਗੀ। ਸ. ਬੈਂਸ ਨੇ ਕਿਹਾ ਕਿ ਉਨ੍ਹਾਂ ਦਾ ਆਸ਼ੀਰਵਾਦ ਸਭਾ ਦੇ ਨਾਲ ਹੈ ਅਤੇ ਉਨ੍ਹਾਂ ਦਾ ਸਹਿਯੋਗ ਇਸ ਸਭਾ ਨੂੰ ਮਿਲਦਾ ਰਹੇਗਾ।

ਇਸੇ ਦੌਰਾਨ ਚੇਅਰਮੈਨ ਜੋਬਨਜੀਤ ਸਿੰਘ ਬੌਬੀ ਅਤੇ ਪ੍ਰਧਾਨ ਜਸਪ੍ਰੀਤ ਸਿੰਘ ਅਟਾਰਨੀ ਵਲੋਂ ਐਨ ਆਰ ਆਈ ਮਾਮਲਿਆਂ ਦੇ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਨਾਲ ਸਲਾਹ-ਮਸ਼ਵਰੇ ਬਾਅਦ ਐਨ ਆਰ ਆਈ ਸਭਾ ਕੈਲੀਫੋਰਨੀਆ ਇਕਾਈ ਦੇ ਬਾਕਾਇਦਾ ਗਠਨ ਪਿਛੋਂ ਜਾਰੀ ਕੀਤੀ ਗਈ ਅਹੁਦੇਦਾਰਾਂ ਦੀ ਸੂਚੀ ਅਨੁਸਾਰ ਚੇਅਰਮੈਨ ਜਗਤਾਰ ਸਿੰਘ ਸਮਰਾ, ਪ੍ਰਧਾਨ ਕੈਨੀ ਵਿਰਕ, ਵਾਈਸ ਚੇਅਰਮੈਨ ਬੌਬੀ ਗੌਸਲ ਅਤੇ ਨਵਿੰਦਰਜੀਤ ਭੰਡਾਲ, ਸਕੱਤਰ ਜਨਰਲ ਸਿਮਰਨਜੀਤ ਭੁੱਲਰ (ਸੰਨੀ ਫਰਿਜ਼ਨੋ), ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਚੌਹਾਨ, ਰਵੀ ਗੋਂਡਲ, ਭਰਪੂਰ ਸਿੰਘ ਬਰਾੜ, ਹਰਮਿੰਦਰ ਗਿੱਲ, ਪਰਗਣ ਸਿੰਘ ਬੈਂਸ ਤੇ ਸੁਰਿੰਦਰ ਬਿੰਦਰਾ, ਮੀਤ ਪ੍ਰਧਾਨ ਮਨਜੋਤ ਰਾਏ, ਰਾਜਵੀਰ ਪੰਨੂ, ਜਸਵੀਰ ਸਿੰਘ ਪੁਆਰ ਤੇ ਡਾ. ਰਾਜੀਵ ਸਲਵਾਨ, ਜਨਰਲ ਸਕੱਤਰ ਗੁਰਦੀਪ ਸਿੰਘ ਨਿੱਜਰ (ਸੈਲਮਾ), ਸੁਰਜੀਤ ਸਿੰਘ ਅਟਾਰਨੀ ਐਟ ਲਾਅ, ਟਾਹਾ ਰਸ਼ੀਕ, ਬਲਦੇਵ ਜੌਹਲ, ਅਮਰੀਕ ਪਰਹਾਰ ਤੇ ਸੁਖਵਿੰਦਰ ਸਿੰਘ ਘੁੰਮਣ (ਸੁੱਖੀ), ਸਕੱਤਰ ਮਦਨ ਸ਼ਰਮਾ, ਪਰਮਿੰਦਰ ਔਜਲਾ, ਦਰਸ਼ਨ ਤੂਰ, ਪਰਮਜੀਤ ਨਿੱਜਰ ਤੇ ਮਾਲਵਿੰਦਰ ਚਾਹਲ, ਮੀਤ ਸਕੱਤਰ ਜਰਨੈਲ ਸਿੰਘ ਸੰਧੂ (ਮਾਡੈਸਟੋ), ਗੁਰਮੀਤ ਸਿੰਘ ਵੜੈਚ, ਰੁਪਿੰਦਰ ਝੱਜ ਤੇ ਗੁਰਚਰਨ ਸਿੰਘ (ਕਰਮਨ) ਅਤੇ ਖਜ਼ਾਨਚੀ ਮੇਜਰ ਸਿੰਘ ਚੌਹਾਨ ਨੂੰ ਨਿਯੁਕਤ ਕੀਤਾ ਗਿਆ ਹੈ।


ਚੇਅਰਮੈਨ ਸ੍ਰੀ ਜੋਬਨਜੀਤ ਬੌਬੀ ਨੇ ਸਮੂਹ ਮੈਂਬਰਾਂ ਨੂੰ ਜਥੇਬੰਦੀ ਨੂੰ ਮਜ਼ਬੂਤ ਕਰਨ ਅਤੇ ਪਰਵਾਸੀਆਂ ਨਾਲ ਸਬੰਧ ਗੂੜ੍ਹੇ ਕਰਨ ਦਾ ਸੱਦਾ ਦਿੱਤਾ ਹੈ।



ਬੌਬੀ ਗੋਸਲ
ਵਾਈਸ ਚੇਅਰਮੈਨ



ਨਵਿੰਦਰਜੀਤ ਭੰਡਾਲ
ਵਾਈਸ ਚੇਅਰਮੈਨ



ਕੈਨੀ ਵਿਰਕ
ਪ੍ਰਧਾਨ



ਸੰਨੀ ਭੁੱਲਰ
ਸਕੱਤਰ ਜਨਰਲ



ਗੁਰਪ੍ਰੀਤ ਚੌਹਾਨ
ਸੀਨੀਅਰ ਮੀਤ ਪ੍ਰਧਾਨ



ਮਨਜੋਤ ਰਾਏ
ਮੀਤ ਪ੍ਰਧਾਂਨ

# ਯੂਥ ਅਕਾਲੀ ਦਲ (ਬਾਦਲ) ਦੀ ਕੈਲੀਫੋਰਨੀਆ ਇਕਾਈ ਦਾ ਗਠਨ

**ਬੇਕਰਜ਼ਫੀਲਡ (ਮਨਦੀਪ ਮਾਨ):** ਅਕਾਲੀ ਦਲ (ਬਾਦਲ) ਦੇ ਯੂਥ ਵਿੰਗ ਦੀ ਕੈਲੀਫੋਰਨੀਆ ਇਕਾਈ ਦੇ ਪ੍ਰਧਾਨ ਅਰਵਿੰਦਰ ਸਿੰਘ ਲਾਖਣ ਨੇ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਅਤੇ ਯੂਥ ਅਕਾਲੀ ਦਲ ਦੇ ਸਰਪ੍ਰਸਤ ਸ. ਬਿਕਰਮਜੀਤ ਸਿੰਘ ਮਜੀਠੀਆ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਕੈਲੀਫੋਰਨੀਆ ਇਕਾਈ ਦਾ ਗਠਨ ਕਰ ਦਿਤਾ ਹੈ।

ਸ੍ਰੀ ਲਾਖਣ ਵਲੋਂ ਜਾਰੀ ਇਕ ਬਿਆਨ ਅਨੁਸਾਰ ਮਨਜੀਤ ਸਿੰਘ ਸੰਧਰ ਨੂੰ ਸੀਨੀਅਰ ਮੀਤ ਪ੍ਰਧਾਨ, ਜਸਵਿੰਦਰ ਸਿੰਘ ਲੱਛਰ, ਰਵਿੰਦਰ ਸਿੰਘ, ਗੁਰਵਿੰਦਰ ਪੰਮਾ, ਜਗਨਿੰਦਰ ਸਿੰਘ, ਜਸਵਿੰਦਰ ਸਿੰਘ ਸੰਧਰ ਅਤੇ ਅਮਰਜੀਤ ਸਿੰਘ ਸੰਘਾ ਨੂੰ ਮੀਤ ਪ੍ਰਧਾਨ, ਰਾਜਵਿੰਦਰ ਸਿੰਘ ਰੰਡਿਆਲਾ, ਬਲਜੀਤ ਮੱਲ੍ਹੀ, ਸੁਖਵਿੰਦਰ ਸਿੰਘ ਸੰਘੇੜਾ ਤੇ ਜਸਵਿੰਦਰ ਨਾਗਰਾ ਨੂੰ ਜਨਰਲ ਸਕੱਤਰ, ਦਲਜੀਤ ਸਿੰਘ ਅਟਾਰਨੀ ਨੂੰ ਸੀਨੀਅਰ ਸਕੱਤਰ, ਦਿਲਬਾਗ ਸਿੰਘ ਖਹਿਰਾ ਨੂੰ ਸਕੱਤਰ, ਜਸਪ੍ਰੀਤ ਸਿੰਘ ਨੂੰ ਮੀਤ ਸਕੱਤਰ, ਗੁਰਵੀਰ ਰੰਧਾਵਾ ਤੇ ਨਿਸ਼ਾਨ ਸਿੰਘ ਨੂੰ ਪ੍ਰੈਸ ਸਕੱਤਰ ਅਤੇ ਮਹਿੰਦਰ ਸਿੰਘ ਜੌਹਲ ਨੂੰ ਖਜਾਨਚੀ, ਪ੍ਰਗਟ ਸਿੰਘ ਤੇ ਪਰਮਿੰਦਰ ਨਿਜਰ ਨੂੰ ਸਲਾਹਕਾਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਹਰਜੀਤ ਸਿੰਘ ਤੇ ਮੱਖਣ ਸਿੰਘ ਝੱਟੂ ਕਾਰਜਕਾਰਨੀ ਮੈਂਬਰਾਂ ਵਜੋਂ ਲਿਆ ਗਿਆ ਹੈ।

ਇਸ ਤੋਂ ਬਿਨਾ ਸੰਨੀ ਭੁਲਰ ਨੂੰ ਫਰਿਜ਼ਨੋ ਕਾਉਂਟੀ ਦਾ ਪ੍ਰਧਾਨ, ਗੁਰਜੀਤ ਸਿੰਘ ਮੰਨਣ ਨੂੰ ਕਰਨ ਕਾਉਂਟੀ ਦਾ ਪ੍ਰਧਾਨ, ਭੁਪਿੰਦਰ ਸਿੰਘ ਨੂੰ ਐਲਾਮੀਡਾ ਕਾਉਂਟੀ ਤੇ ਰੁਪਿੰਦਰ ਸਿੰਘ ਨੂੰ ਲੈਥਰੋਪ ਸਿਟੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

**ਭੁੱਲ ਦੀ ਸੋਧ:** ਪਿਛਲੇ ਅੰਕ ਵਿਚ ਇਸ ਖਬਰ ਨਾਲ ਸਬੰਧਤ ਤਸਵੀਰ ਤਾਂ ਲੱਗ ਗਈ ਸੀ ਪਰ ਖਬਰ ਗਲਤੀ ਨਾਲ ਹੋਰ ਲੱਗ ਗਈ ਸੀ। ਪਾਠਕਾਂ ਤੋਂ ਖਿਮਾ ਚਾਹੁੰਦੇ ਹਾਂ। -ਸੰਪਾਦਕ



ਯੂਥ ਅਕਾਲੀ ਦਲ (ਬਾਦਲ) ਦੀ ਕੈਲੀਫੋਰਨੀਆ ਇਕਾਈ ਦੇ ਮੈਂਬਰ

## ਚੰਡੀਗੜ੍ਹ ਵਿਚ ਵਪਾਰੀ ਤੋਂ ਦਿਨ ਦਿਹਾੜੇ 19 ਲੱਖ ਲੁੱਟੇ

**ਚੰਡੀਗੜ੍ਹ:** ਸ਼ਹਿਰ ਦੇ ਪ੍ਰਮੁੱਖ ਵਪਾਰੀ ਸੁਭਾਸ਼ ਬਜਾਜ ਕੋਲੋਂ ਲੁਟੇਰਿਆਂ ਨੇ ਮੰਗਲਵਾਰ ਸਵੇਰੇ ਸੈਕਟਰ-35 ਡੀ ਵਿਖੇ ਸ਼ਰ੍ਹੇਆਮ ਪਿਸਤੌਲ ਦੀ ਨੋਕ 'ਤੇ 15 ਲੱਖ ਰੁਪਏ ਅਤੇ 10 ਹਜ਼ਾਰ ਦੇ ਕਰੀਬ ਆਸਟਰੇਲੀਅਨ ਡਾਲਰ (3.70 ਲੱਖ ਰੁਪਏ) ਲੁੱਟ ਲਏ। ਵਾਰਦਾਤ ਤੋਂ ਬਾਅਦ ਇਹ ਨਕਾਬਪੋਸ਼ ਲੁਟੇਰੇ ਲੋਕਾਂ ਵੱਲ ਪਿਸਤੌਲ ਤਾਣੀ ਮੋਟਰ ਸਾਈਕਲ ਰਾਹੀਂ ਫਰਾਰ ਹੋ ਗਏ।




# ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਮਰੀਜ਼ ਸਾਵਧਾਨ!





## ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ, ਉਹ ਗਲਤ ਸਾਬਤ ਹੋਵੇ?

**ਸਟਾਕਟਨ, ਕੈਲੀਫੋਰਨੀਆ:** ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਵਿਚ ਕਮਰ ਦਰਦ ਅਤੇ ਡਿਸਕ ਦੀ ਦਰਦ ਤੋਂ ਪੀੜਤ ਲੋਕ ਕਿੰਨੇ ਹੀ ਸਾਲਾਂ ਤੋਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਬਹੁਤੇ ਲੋਕਾਂ ਲਈ ਇਹ ਪ੍ਰੇਸ਼ਾਨੀ ਸਾਰੀ ਉਮਰ ਨਾਲ ਹੀ ਨਿਭਦੀ ਹੈ। ਜੇ ਇਹ ਖਿਆਲ ਕਰੀਏ ਕਿ ਹੋਰ ਮਰਜਾਂ ਲਈ ਤਕਨਾਲੋਜੀ ਅਤੇ ਇਲਾਜ ਵਿਚ ਕਿੰਨੀ ਤਰੱਕੀ ਹੋ ਚੁਕੀ ਹੈ ਤਾਂ ਇਸ ਤਕਲੀਫ ਬਾਰੇ ਸੋਚ ਕੇ ਹੋਰ ਵੀ ਪ੍ਰੇਸ਼ਾਨੀ ਹੁੰਦੀ ਹੈ। ਕੈਂਸਰ, ਸੂਗਰ ਅਤੇ ਹੋਰ ਕਿੰਨੇ ਹੀ ਰੋਗਾਂ ਲਈ ਨਵੇਂ ਤੋਂ ਨਵੇਂ ਇਲਾਜ ਨਿਕਲ ਆਏ ਹਨ ਪਰ ਡਿਸਕ ਅਤੇ ਕਮਰ ਦੇ ਦਰਦ ਦੇ ਮਰੀਜ਼ ਅਜੇ ਵੀ ਅਸਹਿ ਪੀੜ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਪ੍ਰੰਤੂ ਇਸ ਗੱਲ ਦਾ ਜੁਆਬ ਹੁਣ ਸਪਸ਼ਟ ਹੋ ਰਿਹਾ ਹੈ ਕਿ ਕੀ ਕਾਰਨ ਹੈ ਕਿ ਇੰਨੇ ਲੋਕ ਇਲਾਜ ਦੀ ਕਿਸੇ ਆਸ ਤੋਂ ਬਿਨਾ ਤਕਲੀਫ ਸਹਿ ਰਹੇ ਹਨ? ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਸਭ ਤੋਂ ਵੱਡੇ ਮੁਦਈ **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾਕਟਰ ਜਗਜੀਤ ਸਿੰਘ ਸਿਹੋਤਾ ਡੀ ਸੀ ਦਾ ਕਹਿਣਾ ਹੈ ਕਿ ਕਮਰ ਦਰਦ, ਡਿਸਕ ਦੀ ਦਰਦ, ਸਿਆਟੀਕਾ, ਸਕੋਲਿਓਸਿਸ, ਗੁੱਝੀ ਕਮਰ ਦਰਦ, ਲੱਤ ਦੀ ਦਰਦ ਜਾਂ ਚੂਲ੍ਹੇ ਦੀ ਦਰਦ, ਸਲਿਪ ਡਿਸਕ ਬਾਰੇ ਜੋ ਅਕਸਰ ਲੋਕ ਸੋਚਦੇ ਹਨ **ਮੂਲੋਂ ਹੀ ਗਲਤ** ਹੋ ਸਕਦਾ ਹੈ। ਜਦੋਂਕਿ ਉਨ੍ਹਾਂ ਦੀ ਰਾਏ ਨਾਲ ਕਮਰ ਦਰਦ ਅਤੇ ਡਿਸਕ ਦੇ ਦਰਦ ਦੇ ਮਾਮਲੇ ਵਿਚ ਹਰ ਕੋਈ ਸਹਿਮਤ ਨਹੀਂ ਹੈ...ਫਿਰ ਵੀ ਇਸ ਡਾਕਟਰ ਦਾ ਨਜ਼ਰੀਆ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਉਸ ਦੇ ਇਸ ਨਜ਼ਰੀਏ ਦੀ ਪ੍ਰੋੜਤਾ ਕਰਨ ਵਾਲੇ ਮੁਸਕਰਾਉਂਦੇ ਖੁਸ਼ ਲੋਕਾਂ (ਕਮਰ ਅਤੇ ਡਿਸਕ ਦੇ ਸਾਬਕਾ ਮਰੀਜ਼) ਦੀ ਇਕ ਪੂਰੀ ਫੌਜ ਉਸ ਦੀ ਅਤੇ ਉਸ ਦੀ ਕਲੀਨਿਕ ਦੀ ਗਵਾਹੀ ਦੇਣ ਨੂੰ ਤਿਆਰ ਹੈ। ਜੇ ਤੁਸੀਂ ਵਾਕਿਆ ਹੀ ਜਾਣਨਾ ਚਾਹੁੰਦੇ ਹੋ ਕਿ ਜੋ ਕੁਝ ਤੁਹਾਨੂੰ ਹੁਣ ਤੱਕ ਕਮਰ ਦਰਦ ਬਾਰੇ ਦੱਸਿਆ ਗਿਆ ਹੈ ਉਹ ਗਲਤ ਹੈ ਤਾਂ ਆਪਣੇ ਆਪ ਤੋਂ ਇਹ ਸਵਾਲ ਪੁੱਛੋ...ਕੀ ਤੁਸੀਂ ਇਹ ਚੀਜ਼ਾਂ ਅਜ਼ਮਾ ਚੁਕੇ ਹੋ ਅਤੇ ਕੋਈ ਫਰਕ ਨਹੀਂ ਪਿਆ: *ਐਂਟੀ-ਇਨਫਲੇਮੇਟਰੀ (ਸੋਜਿਸ਼ ਹਟਾਉਣ ਵਾਲੀਆਂ) ਮਲ੍ਹਮਾਂ *ਕਾਇਰੋਪ੍ਰੈਕਟਿਕ *ਯੋਗਾ *ਕਸਰਤ *ਸਟਰੈਚਿੰਗ *ਫਿਜ਼ੀਕਲ ਥੈਰਪੀ *ਦਵਾਈਆਂ *ਸਰਜਰੀ *ਲੱਕ ਦੀਆਂ ਪੇਟੀਆਂ *ਨੈਚੁਰਲ ਸਪਲੀਮੈਂਟ *ਪਾਈਲੇਟਸ *ਕਿਤਾਬਾਂ *ਸਵੈ-ਇਲਾਜ ਦੇ ਪ੍ਰੋਗਰਾਮ *ਦੇਸੀ ਦਵਾਈਆਂ *ਸੇਕ *ਰੀੜ ਦੀ ਹੱਡੀ 'ਚ ਇੰਜੈਕਸ਼ਨ *ਬਰਫ *ਹਾਟ ਲਿਨੀਮੈਂਟ *ਕੋਲਡ ਲਿਨੀਮੈਂਟ *ਮਸਾਜ (ਮਾਲਿਸ਼) *ਟਰੈਕਸ਼ਨ ਆਦਿ ਆਦਿ।

ਜੇ ਤੁਹਾਡਾ ਜੁਆਬ ਹਾਂ ਵਿਚ ਹੈ ਤਾਂ ਇਹ ਪ੍ਰਗਤੀਸ਼ੀਲ ਡਾਕਟਰ ਤੁਹਾਨੂੰ ਸਲਾਹ ਦੇਵੇਗਾ ਕਿ ਲਾਜ਼ਮੀ ਤੌਰ 'ਤੇ ਤੁਹਾਡੀ ਕਮਰ ਅਤੇ ਡਿਸਕ ਦਰਦ ਵਾਸਤੇ ਜੋ ਕੁਝ ਦੱਸਿਆ ਗਿਆ ਹੈ ਉਸ ਵਿਚ ਕੁਝ **ਗਲਤ** ਹੈ।


ਅਸਲੀਅਤ ਤਾਂ ਇਹ ਹੈ ਕਿ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਨੇ ਸਟਾਕਟਨ ਅਤੇ ਆਲੇ ਦੁਆਲੇ ਦੇ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਜਿੰਨੇ ਮਰੀਜਾਂ ਦਾ ਇਲਾਜ ਇਸ ਬਹੁਤ ਹੀ ਨਿਵੇਕਲੀ ਅਤੇ ਬਿਨਾ ਚੀਰ-ਫਾੜ ਵਾਲੀ ਇਲਾਜ-ਪ੍ਰਣਾਲੀ ਨਾਲ ਕੀਤਾ ਹੈ ਅਤੇ ਉਹ ਦਰਦ ਅਤੇ ਪ੍ਰੇਸ਼ਾਨੀ ਤੋਂ ਛੁਟਕਾਰਾ ਪਾ ਸਕੇ ਹਨ, ਉਸ ਦੇ ਆਧਾਰ ਉਤੇ ਬੜੇ ਦਾਅਵੇ ਨਾਲ ਉਹ ਕੁਝ ਕਹਿ ਸਕਣ ਦੇ ਸਮਰਥ ਹਨ। ਉਹ ਕੈਲੀਫੋਰਨੀਆ ਵਿਚ ਕਮਰ ਅਤੇ ਡਿਸਕ ਦਰਦ ਦੀ ਨਵੀਨਤਮ ਤਕਨਾਲੋਜੀ ਇਸਤੇਮਾਲ ਕਰਦੇ ਹਨ। ਇੰਨਾ ਹੀ ਨਹੀਂ ਉਨ੍ਹਾਂ ਇਕ ਬਹੁਤ ਹੀ ਨਿਵੇਕਲੀ ਸਕਰੀਨਿੰਗ ਵਿਧੀ ਇਜਾਦ ਕੀਤੀ ਹੈ ਜਿਸ ਨਾਲ ਇਹ ਪਤਾ ਲਗਦਾ ਹੈ ਕਿ ਇਹ ਇਲਾਜ ਕਿਹੜੇ ਮਰੀਜ਼ਾਂ ਲਈ ਸਹੀ ਹੈ (ਮਤਲਬ ਕਿ ਉਨ੍ਹਾਂ ਨੂੰ ਵੱਧ ਫਾਇਦਾ ਹੋਵੇਗਾ) ਅਤੇ ਕਿਹੜੇ ਮਰੀਜ਼ਾਂ ਲਈ (ਮਤਲਬ ਕਿ ਉਨ੍ਹਾਂ ਨੂੰ ਫਾਇਦਾ ਉਨਾ ਨਹੀਂ ਹੋਵੇਗਾ) ਜਿਸ ਕਰਕੇ ਉਨ੍ਹਾਂ ਨੂੰ ਜਿੰਨੀ ਕਾਮਯਾਬੀ ਮਿਲਦੀ ਹੈ ਉਸ ਦਾ ਸ਼ਾਇਦ ਤੁਹਾਨੂੰ ਅੰਦਾਜ਼ਾ ਨਹੀਂ ਹੋਵੇਗਾ ਖਾਸ ਕਰਕੇ ਉਨ੍ਹਾਂ ਮਰੀਜ਼ਾਂ ਨੂੰ ਜੋ ਇਲਾਜ ਦੀਆਂ ਆਮ ਪ੍ਰਣਾਲੀਆਂ ਅਜਮਾ ਚੁਕੇ ਹਨ। ਜੇ ਦਰਦ ਅਤੇ ਤਕਲੀਫ ਕਰਕੇ: ***ਜਿੰਨਾ ਕੰਮ ਕਰਨ ਦੀ ਲੋੜ ਹੈ ਜਾਂ ਜਿੰਨਾ ਤੁਸੀਂ ਕਰਨਾ ਚਾਹੁੰਦੇ ਹੋ, ਨਹੀਂ ਕਰ ਸਕਦੇ *ਪਰਿਵਾਰ ਨਾਲ ਚੰਗਾ ਸਮਾਂ ਨਹੀਂ ਬਿਤਾ ਸਕਦੇ *ਬੱਚਿਆਂ ਨੂੰ ਚੁੱਕਣ ਅਤੇ ਗੋਦੀ ਲੈਣ 'ਚ ਤਕਲੀਫ ਹੈ *ਘਰ ਬਗੀਚੀ ਜਾਂ ਘਰ ਦੇ ਹੋਰ ਕੰਮ ਕਰਨਾ ਮੁਸ਼ਕਿਲ ਹੈ *ਲਾਈਨ ਵਿਚ ਖੜ੍ਹੇ ਹੋਣਾ ਜਾਂ ਕਾਊਂਟਰ ਉਤੇ ਖਾਣਾ ਤਿਆਰ ਕਰਨਾ ਮੁਸ਼ਕਿਲ ਹੈ *ਸ਼ੁਗਲ ਲਈ ਜਾਂ ਸਿਹਤ ਬਣਾਉਣ ਲਈ ਕਸਰਤ ਨਹੀਂ ਕਰ ਸਕਦੇ *ਵਜ਼ਨ ਘਟਾਉਣ ਵਿਚ ਤਕਲੀਫ ਹੈ *ਦੋਸਤਾਂ ਨਾਲ ਟਾਈਮ ਬਿਤਾਉਣ ਵਿਚ ਔਖ ਹੈ ਅਤੇ ਵਧ ਤੋਂ ਵੱਧ ਯਤਨ ਕਰਨ ਦੇ ਬਾਵਜੂਦ ਪ੍ਰੇਸ਼ਾਨੀ ਰਹਿੰਦੀ ਹੈ *ਇਕੱਲ ਮਹਿਸੂਸ ਕਰਦੇ ਹੋ *ਕੰਮ ਵਿਚ ਪਰਿਵਾਰ ਜਾਂ ਦੋਸਤਾਂ ਨਾਲ ਹੱਥ ਵਟਾਉਣ ਲਈ ਬਹਾਨੇ ਬਣਾ ਬਣਾ ਤੰਗ ਆ ਚੁਕੇ ਹੋ? *ਸਭ ਬੇਕਾਰ ਮਹਿਸੂਸ ਹੁੰਦਾ ਹੈ *ਭਵਿੱਖ ਦਾ ਡਰ ਸਤਾਉਂਦਾ ਹੈ** ...ਤਾਂ ਫਿਰ ਇਕ ਬਹੁਤ ਹੀ ਸਿਆਣਾ ਡਾਕਟਰ ਤੁਹਾਡੀ ਉਡੀਕ ਕਰ ਰਿਹਾ ਹੈ। ਤੁਹਾਨੂੰ ਇਹ ਦੱਸਣ ਲਈ ਕਿ ਕਸੂਰ ਤੁਹਾਡਾ ਨਹੀਂ... ਇਹ ਉਸ ਦੀ ਅਤਿ-ਆਧੁਨਿਕ ਤਕਨਾਲੋਜੀ ਅਤੇ ਹਮਦਰਦਾਨਾ ਪਹੁੰਚ ਹੈ ਜਿਸ ਕਰਕੇ ਅਤਿ ਦੀ ਪੀੜ ਅਤੇ ਤਕਲੀਫ ਦੂਰ ਕਰਨ ਲਈ ਉਸ ਦੀ ਇਲਾਜ-ਪ੍ਰਣਾਲੀ ਸਟਾਕਟਨ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਮਰੀਜ਼ਾਂ ਵਿਚ ਇੰਨੀ ਹਰਮਨਪਿਆਰੀ ਹੋ ਚੁਕੀ ਹੈ।



ਮੈਂ ਡਾਕਟਰ ਸਿਹੋਤਾ ਦਾ ਰੀੜ੍ਹ ਦੀ ਹੱਡੀ ਅਤੇ ਡਿਸਕ ਦੇ ਦਰਦ ਦੇ ਇਲਾਜ ਦਾ ਪ੍ਰੋਗਰਾਮ ਕੋਈ ਦੋ ਮਹੀਨੇ ਪਹਿਲਾਂ ਸ਼ੁਰੂ ਕੀਤਾ। ਮੈਨੂੰ ਉਸ ਵੇਲੇ ਸਖਤ ਦਰਦ ਹੋ ਰਹੀ ਸੀ ਅਤੇ ਮੇਰੀ ਹਿੱਲਣ ਜੁੱਲਣ ਦੀ ਰੇਂਜ 75% ਘਟ ਗਈ ਸੀ। ਮੈਂ ਕਈ ਇਲਾਜ ਅਜਮਾਏ, ਜਿਵੇਂ ਕਾਇਰੋਪ੍ਰੈਕਟਿਕ ਦਵਾਈਆਂ ਅਤੇ ਨੈਚੂਰਲ ਹੀਲਿੰਗ ਦੇ ਢੰਗ-ਤਰੀਕੇ। ਡਾਕਟਰਾਂ ਦੀਆਂ ਕਲੀਨਿਕਾਂ ਦੇ ਬੇਅੰਤ ਗੇੜੇ ਲਾਏ ਪਰ ਕੋਈ ਫਰਕ ਨਾ ਪਿਆ। ਮੈਂ ਡਾਕਟਰ ਸਿਹੋਤਾ ਦੇ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਇਸ ਨੂੰ ਅਜ਼ਮਾਉਣ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ ਦੇ ਗਿਆਨ ਅਤੇ ਉਨ੍ਹਾਂ ਦੇ ਸਟਾਫ ਦੇ ਦੋਸਤਾਨਾ ਰਵੱਈਏ ਤੋਂ ਬਹੁਤ ਪ੍ਰਭਾਵਤ ਹੋਇਆ। ਮੈਨੂੰ ਜਾਪਿਆ ਕਿ ਮੇਰੀ ਇਸ ਹਾਲਤ ਵਿਚੋਂ ਮੈਨੂੰ ਕੱਢਣ ਲਈ ਇਹੋ ਇਕ ਥਾਂ ਹੈ। ਮੈਂ ਹੁਣ ਕਰੀਬ ਕਰੀਬ ਡਾ. ਸਿਹੋਤਾ ਦਾ ਪ੍ਰੋਗਰਾਮ ਖਤਮ ਕਰ ਚੁਕਾ ਹਾਂ ਅਤੇ ਪਹਿਲਾਂ ਦੇ ਮੁਕਾਬਲੇ 85% ਬਿਹਤਰ ਮਹਿਸੂਸ ਕਰ ਰਿਹਾ ਹਾਂ। ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਦਾ ਮੈਨੂੰ ਜਾਨ ਕੱਢਦੀ ਡਿਸਕ ਦੀ ਪੀੜ ਤੋਂ ਬਾਹਰ ਕੱਢਣ ਲਈ ਲੱਖ ਲੱਖ ਸ਼ੁਕਰਾਨਾ।

**ਗੁਰਪਾਲ, ਉਮਰ 53 ਸਾਲ (ਫੈਕਟਰੀ ਵਰਕਰ)**

---



ਮੈਨੂੰ ਕਈ ਸਾਲਾਂ ਤੋਂ ਹੇਠਲੀ ਕਮਰ ਦੇ ਦਰਦ ਦੀ ਸ਼ਿਕਾਇਤ ਸੀ। ਮੈਂ ਐਕਿਊਪੰਕਚਰ ਅਜ਼ਮਾਇਆ, ਤਿੰਨ ਵਾਰ ਐਪੀਡਿਊਰਲ ਕਰਵਾਇਆ ਅਤੇ ਕਮਰ ਦੀ ਸਰਜਰੀ ਕਰਵਾਈ ਪਰ ਕੋਈ ਫਰਕ ਨਾ ਪਿਆ। ਮੈਂ ਕਿਸੇ ਨਵੇਂ ਇਲਾਜ ਨੂੰ ਅਜ਼ਮਾਉਣ ਤੋਂ ਝਿਜਕਦਾ ਸਾਂ। ਕਮਰ ਦੀ ਸਖਤ ਦਰਦ ਕਰਕੇ ਮੇਰੇ ਕੋਲੋਂ ਪੰਜਾਹ ਕਦਮ ਤੋਂ ਵੱਧ ਤੁਰਿਆ ਨਹੀਂ ਸੀ ਜਾਂਦਾ। ਸਾਹ ਲੈਣ ਲਈ ਮੈਨੂੰ ਵਾਰ ਵਾਰ ਬੈਠਣਾ ਪੈਂਦਾ ਸੀ। ਜਦੋਂ ਤੋਂ ਮੈਂ ਇਹ ਪ੍ਰੋਗਰਾਮ ਸ਼ੁਰੂ ਕੀਤਾ ਹੈ, ਮੈਂ ਪਹਿਲਾਂ ਦੇ ਮੁਕਾਬਲੇ ਕਿਤੇ ਸੌਖਿਆਂ ਚੱਲ-ਫਿਰ ਸਕਦਾ ਹਾਂ ਅਤੇ ਉਹ ਵੀ ਬਿਨਾਂ ਕਿਸੇ ਤਕਲੀਫ ਤੋਂ। ਆਪਣੇ ਆਪ 'ਚ ਇਹ ਹੀ ਇਕ ਬਹੁਤ ਵੱਡੀ ਰਾਹਤ ਸੀ। ਅਜੇ ਵੀ ਮੈਨੂੰ ਕਮਰ ਵਿਚ ਕੁਝ ਦਰਦ ਰਹਿੰਦੀ ਹੈ, ਖਾਸ ਕਰ ਜਦੋਂ ਮੈਂ ਬਹੁਤਾ ਚਿਰ ਖੜ੍ਹਾ ਰਹਾਂ ਪਰ ਮੈਂ ਬਿਸਤਰੇ 'ਚੋਂ ਬੜੇ ਆਰਾਮ ਨਾਲ ਉਠ ਸਕਦਾ ਹਾਂ। ਪਹਿਲਾਂ ਬਿਸਤਰੇ 'ਚੋਂ ਉਠਣਾ ਹੀ ਬੜਾ ਮੁਹਾਲ ਹੁੰਦਾ ਸੀ। ਸਮੁੱਚੇ ਤੌਰ 'ਤੇ ਮੈਨੂੰ ਇਸ ਇਲਾਜ ਨਾਲ ਬਹੁਤ ਆਰਾਮ ਮਿਲਿਆ ਹੈ ਅਤੇ ਮੈਂ ਮਾਨਸਿਕ ਤੌਰ 'ਤੇ ਚੜ੍ਹਦੀ ਕਲਾ ਵਿਚ ਹਾਂ। ਪਹਿਲਾਂ ਵਾਂਗ ਢੇਰੀ ਨਹੀਂ ਢਾਹੀ ਰੱਖਦਾ।

**ਗੈਰਾਲਡ ਪੀ, ਰਿਟਾਇਰਡ, ਉਮਰ 70 ਸਾਲ**

---




ਮੈਂ ਡਾ. ਸਿਹੋਤਾ ਦਾ ਰੀੜ੍ਹ ਦੀ ਹੱਡੀ ਦੇ ਦਰਦ ਦਾ ਇਲਾਜ ਕੋਈ ਤਿੰਨ ਹਫਤੇ ਪਹਿਲਾਂ ਸ਼ੁਰੂ ਕੀਤਾ। ਜਿਸ ਸਮੇਂ ਮੈਂ ਡਾ. ਸਿਹੋਤਾ ਪਾਸ ਆਈ ਮੇਰੀ ਕਮਰ ਦਰਦ ਦਸ ਦੇ ਗਰੇਡ ਵਿਚ ਦਸ ਸੀ, ਮੈਂ ਨਾ ਬੈਠ ਸਕਦੀ ਸਾਂ ਨਾ ਸੌਂ ਸਕਦੀ ਸਾਂ। ਮੈਂ ਡਾ. ਸਿਹੋਤਾ ਲਈ ਮੁਫਤ ਸਲਾਹ-ਮਸ਼ਵਰੇ ਲਈ ਮਿਲੀ ਅਤੇ ਜਦੋਂ ਡਾ. ਸਿਹੋਤਾ ਨੇ ਦੱਸਿਆ ਕਿ ਮੇਰੇ ਲਈ ਇਹ ਇਲਾਜ ਢੁਕਵਾਂ ਹੈ ਤਾਂ ਮੈਂ ਇਲਾਜ ਸ਼ੁਰੂ ਕਰ ਦਿੱਤਾ। ਮੇਰਾ ਇਲਾਜ ਅੱਧਾ ਮੁੱਕ ਚੁਕਾ ਹੈ ਅਤੇ ਮੈਂ 85% ਬਿਹਤਰ ਮਹਿਸੂਸ ਕਰਦੀ ਹਾਂ। ਮੇਰੀ ਹਿੱਲ-ਜੁੱਲ ਦੀ ਰੇਂਜ 90% ਤੱਕ ਵਾਪਸ ਆ ਚੁਕੀ ਹੈ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਮੈਂ ਬਿਨਾਂ ਕਿਸੇ ਤਕਲੀਫ ਦੇ ਬੈਠ ਸਕਦੀ ਹਾਂ ਅਤੇ ਸੌਂ ਸਕਦੀ ਹਾਂ। ਮੈਨੂੰ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਤੋਂ ਪੂਰੀ-ਪੂਰੀ ਤਸੱਲੀ ਹੈ। ਜੇ ਤੁਸੀਂ ਕਮਰ ਦਰਦ ਲਈ ਦਵਾਈਆਂ ਲੈ ਰਹੇ ਹੋ, ਇੰਜੈਕਸ਼ਨ ਲਵਾ ਰਹੇ ਹੋ ਜਾਂ ਸਰਜਰੀ ਕਰਵਾਉਣ ਬਾਰੇ ਸੋਚ ਰਹੇ ਹੋ ਤਾਂ ਮੇਰੀ ਤੁਹਾਨੂੰ ਸਲਾਹ ਹੈ ਇਕ ਵਾਰ ਡਾ. ਸਿਹੋਤਾ ਨੂੰ ਜ਼ਰੂਰ ਮਿਲੋ, ਤੁਹਾਨੂੰ ਨਿਰਾਸ਼ਾ ਨਹੀਂ ਹੋਵੇਗੀ।

**ਹ. ਕੌਰ, ਇੰਸ਼ੋਰੈਂਸ ਏਜੰਟ, ਉਮਰ 37 ਸਾਲ**

---

ਜਦੋਂ ਮੈਂ ਡਾ. ਸਿਹੋਤਾ ਪਾਸ ਆਇਆ, ਮੈਂ ਢੇਰੀ ਢਾਹ ਚੁਕਾ ਸਾਂ। ਮੈਨੂੰ ਲਗਾਤਾਰ ਦਰਦ ਹੁੰਦੀ ਸੀ ਅਤੇ ਮੈਨੂੰ ਨਿੱਤ ਦਿਨ ਦੇ ਕੰਮ-ਕਾਰ ਕਰਨ ਲੱਗਿਆਂ ਵੀ ਬੜੀ ਮੁਸ਼ਕਿਲ ਹੁੰਦੀ ਸੀ। ਨੌਂ ਮਹੀਨੇ ਪਹਿਲਾਂ ਮੇਰੀ ਸਰਜਰੀ ਹੋਈ ਸੀ ਅਤੇ ਸ਼ੁਰੂ ਵਿਚ ਮੈਨੂੰ ਥੋੜ੍ਹਾ ਜਿਹਾ ਆਰਾਮ ਵੀ ਆਇਆ ਪਰ ਇਹ ਬਹੁਤਾ ਚਿਰ ਨਾ ਰਿਹਾ। ਜਿਸ ਮੈਡੀਕਲ ਡਾਕਟਰ ਨੇ ਮੇਰੀ ਸਰਜਰੀ ਕੀਤੀ, ਉਹ ਸਰਜਰੀ ਤੋਂ ਬਾਅਦ ਮੇਰਾ ਇਲਾਜ ਨਹੀਂ ਸੀ ਕਰਨਾ ਚਾਹੁੰਦਾ। ਉਸ ਨੇ ਮੈਨੂੰ ਦੱਸਿਆ ਕਿ ਉਹ ਹੋਰ ਕੁਝ ਨਹੀਂ ਕਰ ਸਕਦਾ। ਮੈਨੂੰ ਬੇਹੱਦ ਨਿਰਾਸ਼ਾ ਹੋਈ ਅਤੇ ਮੈਂ ਬਹੁਤ ਡਰ ਗਿਆ। ਦਰਦ ਤੋਂ ਨਿਜ਼ਾਤ ਪਾਉਣ ਲਈ ਮੈਨੂੰ ਬਹੁਤ ਸਖਤ ਦਰਦਨਿਵਾਰਕ ਦਵਾਈਆਂ ਲੈਣੀਆਂ ਪੈ ਰਹੀਆਂ ਸਨ।



ਫਿਰ ਮੈਂ ਅਖਬਾਰ ਵਿਚ ਇਸ ਕਲੀਨਿਕ ਬਾਰੇ ਪੜ੍ਹਿਆ ਅਤੇ ਫੈਸਲਾ ਕੀਤਾ ਕਿ ਸਲਾਹ-ਮਸ਼ਵਰਾ ਕਰਨ 'ਚ ਕੀ ਹਰਜ ਹੋ ਸਕਦਾ ਹੈ। ਮੈਨੂੰ ਝਿਜਕ ਸੀ ਪਰ ਮੇਰੇ ਕੋਲ ਹੋਰ ਕੋਈ ਰਾਹ ਵੀ ਨਹੀਂ ਸੀ ਬਚਿਆ।

ਮੈਂ ਇਹ ਇਲਾਜ ਜੁਲਾਈ ਮਹੀਨੇ ਸ਼ੁਰੂ ਕੀਤਾ, ਹੁਣ ਤੱਕ ਮੇਰੀ ਦਰਦ ਭਾਵੇਂ ਪੂਰੀ ਤਰ੍ਹਾਂ ਨਹੀਂ ਗਈ ਪਰ ਫਿਰ ਵੀ 75% ਤੱਕ ਮੈਂ ਠੀਕ ਹਾਂ। ਆਪਣੇ ਆਪ 'ਚ ਇਹ ਹੀ ਬੜੀ ਵੱਡੀ ਰਾਹਤ ਹੈ ਕਿ ਮੈਂ ਬਿਨਾਂ ਦਰਦ ਦੇ ਨਿੱਕੇ ਮੋਟੇ ਕੰਮ ਕਰ ਸਕਦਾਂ। ਦਰਦ ਕਰਕੇ ਢੇਰੀ ਢਾਹ ਕੇ ਬੈਠੇ ਰਹਿਣ ਦੇ ਮੁਕਾਬਲੇ ਹੁਣ ਮੈਂ ਆਪਣੇ ਭਵਿੱਖ ਬਾਰੇ ਬਹੁਤ ਆਸਵੰਦ ਹਾਂ।

**ਐਡਵਿਨ ਗੁਡਮੈਨ, ਟਰੀ ਟ੍ਰਿਮਰ, ਉਮਰ 47 ਸਾਲ।**

## ਇਹ ਇਲਾਜ ਸਾਰੇ ਹੀ ਮਰੀਜ਼ਾਂ ਲਈ ਢੁਕਵਾਂ ਨਹੀਂ ਹੈ।

ਜਦੋਂਕਿ ਇਹ ਗੱਲ ਮਾੜੀ ਖਬਰ ਜਾਪੇਗੀ ਪਰ ਅਸਲ ਵਿਚ ਇਹ ਇਕ ਖੁਸ਼ਖਬਰੀ ਹੈ ਅਤੇ ਕਾਰਨ ਇਹ ਹੈ ਕਿ...**ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦਾ ਸਟਾਫ ਅਤੇ ਡਾਕਟਰ ਭੇਦ ਦੀ ਜਿਹੜੀ ਗੱਲ ਮੰਨਦੇ ਹਨ ਉਹ ਇਹ ਹੈ ਕਿ ਇਸ ਇਲਾਜ ਲਈ ਸਹੀ ਮਰੀਜ਼ਾਂ ਦੀ ਬੜੇ ਧਿਆਨ ਨਾਲ ਚੋਣ। ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕ ਵਰ੍ਹਿਆਂਬੱਧੀ ਅੰਤਾਂ ਦੀ ਕਮਰ ਦਰਦ ਸਹਿਣ ਪਿਛੋਂ ਜਾਣਦੇ ਹਨ ਕਿ ਇਕ ਪਿਛੋਂ ਇਕ ਇਲਾਜ ਕਰਵਾਉਣ ਤੋਂ ਬਾਅਦ ਵੀ ਕੋਈ ਆਰਾਮ ਨਾ ਆਉਣ 'ਤੇ ਕਿੰਨੀ ਨਿਰਾਸ਼ਾ, ਡਰ ਅਤੇ ਚਿੰਤਾ ਹੁੰਦੀ ਹੈ। ਇਸੇ ਕਰਕੇ ਇਸ ਕਲੀਨਿਕ ਦੇ ਸਟਾਫ ਅਤੇ ਡਾਕਟਰ ਦਾ ਪਹਿਲਾ ਟੀਚਾ ਇਹ ਨਿਸ਼ਚਿਤ ਕਰਨ ਦਾ ਹੁੰਦਾ ਹੈ ਕਿ ਕਿਹੜਾ ਮਰੀਜ਼ ਇਸ ਪ੍ਰੋਗਰਾਮ ਲਈ ਦਾਖਿਲ ਕੀਤਾ ਜਾਵੇ ਅਤੇ ਕਿਹੜਾ ਨਹੀਂ। ਉਨ੍ਹਾਂ ਦੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਇਸ ਇਲਾਜ ਲਈ ਉਹੀ ਮਰੀਜ਼ ਚੁਣੇ ਜਾਣ ਜਿਨ੍ਹਾਂ ਨੂੰ ਆਰਾਮ ਆਉਣ ਵਿਚ ਕਾਮਯਾਬੀ ਦੀ ਸਭ ਤੋਂ ਵੱਧ ਸੰਭਾਵਨਾ ਹੈ। **ਕਾਮਯਾਬੀ ਦਾ ਮਤਲਬ ਹੈ ਆਰਾਮ ਆਉਣਾ।**

ਉਨ੍ਹਾਂ ਦੀ ਨਿਮਰ, ਯਥਾਰਥਕ, ਸਿੱਧੀ ਸਿੱਧੀ ਬਿਨਾ ਕਿਸੇ ਲੁਕ-ਲੁਕਾ ਅਤੇ ਤਿਕੜਮਬਾਜ਼ੀ ਦੀ ਪਹੁੰਚ ਅਤੇ ਦੇਸ਼ ਭਰ ਵਿਚ ਉਪਲਬਧ ਸਭ ਤੋਂ ਵਧੀਆ ਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਇਕ ਅਜਿਹੀ ਇਲਾਜ-ਪ੍ਰਣਾਲੀ ਵਿਕਸਿਤ ਹੋਈ ਹੈ ਜਿਸ ਦਾ ਉਨ੍ਹਾਂ ਮਰੀਜ਼ਾਂ ਨੂੰ ਵੀ ਫਾਇਦਾ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਦੀ ਆਸ ਉਕਾ ਹੀ ਲਾਹ ਚੁੱਕੇ ਸਨ।

ਅਸਚਰਜ ਦੀ ਗੱਲ ਤਾਂ ਇਹ ਹੈ ਕਿ ਇਹ ਇਕ ਅਜਿਹਾ ਖੇਤਰ ਹੈ ਜਿਥੇ ਇਲਾਜ ਅਕਸਰ ਇਨ੍ਹਾਂ ਸ਼ਬਦਾਂ ਤੇ ਆ ਮੁਕਦਾ ਹੈ, "ਬੜੀ ਮਾੜੀ ਗੱਲ ਹੈ, ਬੜਾ ਅਫਸੋਸ ਹੈ"... **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾ. ਸਿਹੋਤਾ ਜਿਹੜੇ ਕੇਸ ਲੈਂਦੇ ਹਨ, ਉਨ੍ਹਾਂ ਦੀ ਸਫਲਤਾ ਪ੍ਰਤੀ ਇਨੇ ਪ੍ਰਤੀਬਧ ਹਨ ਕਿ ਉਹ ਆਪਣੇ ਮਰੀਜਾਂ ਨੂੰ "ਤਸੱਲੀ ਦੀ ਗਾਰੰਟੀ"* ਦਿੰਦੇ ਹਨ।

**ਜੇ ਤੁਹਾਡਾ ਅਸਹਿ/ਅਸਾਧ ਦਰਦ:** (1) ਕਮਰ ਦੇ ਹੇਠਲੇ ਪਾਸੇ (1, 3, 4 ਜਾਂ 5) ਹੈ, (2) ਤੁਹਾਡੇ ਚੂਲ੍ਹੇ ਵਿਚ ਹੈ (3) ਤੁਹਾਡੀ ਢੂੰਗੀ ਵਿਚ ਹੈ (4) ਲੱਤ ਦੇ ਹੇਠਾਂ ਪਿੰਨੀਆਂ ਵਿਚ ਹੈ (5) ਤੁਹਾਡੀ ਗਰਦਨ ਵਿਚ (ਸੀ 3, 4, 5 ਜਾਂ 7) ਹੈ (6) ਤੁਹਾਡੀ ਬਾਂਹ ਤੋਂ ਹੇਠਾਂ ਵਲ ਹੈ (7) ਚੀਸਾਂ ਉਠਦੀਆਂ ਹਨ, ਛੁਰੀਆਂ ਚਲਦੀਆਂ ਹਨ ਜਾਂ ਸਾੜ ਪੈਂਦਾ ਹੈ (8) ਦਾੜ੍ਹ ਦੇ ਦਰਦ ਵਾਂਗ ਉਠਦੀ ਹੈ (9) ਹਰਨੀਆ ਦੀ ਡਿਸਕ ਪੀੜ ਵਰਗੀ ਹੈ (10) ਸਲਿਪ ਡਿਸਕ ਤੋਂ ਹੈ (11) ਤਰੇੜੀ ਹੋਈ ਡਿਸਕ ਤੋਂ ਹੈ (12) ਸੁਕੜੇਵੇਂ ਤੋਂ ਹੈ (13) ਜੋੜਾਂ ਦੇ ਦਰਦ ਤੋਂ ਹੈ (14) ਅਜੇ ਪੀੜ ਦੇ ਕਾਰਨ ਦਾ ਪਤਾ ਨਹੀਂ ਲਗਿਆ...

ਤਾਂ ਤੁਸੀਂ ਚੀਰ-ਫਾੜ ਅਤੇ ਦਵਾ ਰਹਿਤ ਕਮਰ ਦਰਦ ਨਿਵਾਰਨ ਸਿਸਟਮ ਦੇ ਲਈ ਸਹੀ ਉਮੀਦਵਾਰ ਹੋ। ਇਹ ਪਤਾ ਲਾਉਣ ਲਈ ਕਿ ਤੁਸੀਂ ਆਪਣੀ ਕਮਰ ਦਰਦ ਦੀ ਇਸ ਬਿਪਤਾ ਤੋਂ ਹਮੇਸ਼ਾਂ ਹਮੇਸ਼ਾਂ ਲਈ ਛੁਟਕਾਰਾ ਪਾ ਸਕਦੇ ਹੋ ਤੇ ਉਹ ਇਲਾਜ ਹਾਸਲ ਕਰਨਾ ਚਾਹੁੰਦੇ ਜਿਸ ਦੀ ਤੁਹਾਨੂੰ ਚਿਰਾਂ ਤੋਂ ਤਾਂਘ ਸੀ ਤਾਂ

## ਅਜ ਹੀ ਫੋਨ 209-464-7738 'ਤੇ ਕਾਲ ਕਰੋ।

ਇਹ ਲੇਖ ਪੜ੍ਹ ਕੇ ਕਾਲ ਕਰਨ ਵਾਲੇ ਮਰੀਜ਼ਾਂ ਪ੍ਰਤੀ ਵਿਸ਼ੇਸ਼ ਲਿਹਾਜ ਵਜੋਂ **ਐਕਸੀਡੈਂਟ ਐਂਡ ਇੰਜਰੀ ਕਲੀਨਿਕ** ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਅਗਲੇ ਦਸਾਂ ਦਿਨਾਂ ਵਿਚ 11 ਮਰੀਜਾਂ ਨੂੰ ਮੁਫਤ ਨਿਜੀ ਯੋਗਤਾ ਮੁਆਇਨਾ/ਸਲਾਹ-ਮਸ਼ਵਰਾ ਦੇਣਗੇ ਤਾਂ ਜੋ ਪਾਠਕ ਇਹ ਫੈਸਲਾ ਕਰ ਸਕਣ ਕਿ ਵਾਕਿਆ ਹੀ ਆਪਣੀ ਬਰਦਾਸ਼ਤ ਬਾਹਰੀ/ਸਖਤ ਕਮਰ ਦਰਦ ਤੋਂ ਛੁਟਕਾਰਾ ਹਮੇਸ਼ਾਂ-ਹਮੇਸ਼ਾਂ ਲਈ ਪਾਇਆ ਜਾ ਸਕਦਾ ਹੈ। ਇਸ ਯੋਗਤਾ ਮੁਆਇਨੇ/ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਇਹ ਪੇਸ਼ਕਸ਼ ਇਸ ਗੱਲ ਦਾ ਖਿਆਲ ਕਰਦਿਆਂ ਵਾਕਿਆ ਹੀ ਖੁਲ੍ਹਦਿਲੀ ਹੈ ਕਿ ਅਕਸਰ ਕਮਰ ਦਰਦ ਦੇ ਮਰੀਜ਼ਾਂ ਨੂੰ ਹਜਾਰਾਂ ਡਾਲਰ ਖਰਚ ਕੇ ਵੀ ਬਹੁਤ ਮਾਮੂਲੀ ਫਾਇਦਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਇਸ ਮਾਮਲੇ ਵਿਚ ਘਟੋ-ਘੱਟ ਇਹ ਤਾਂ ਹੈ ਨਾ ਇਲਾਜ ਉਤੇ ਸਮਾਂ ਅਤੇ ਪੈਸਾ ਬਰਬਾਦ ਕਰਨ ਤੋਂ ਪਹਿਲਾਂ ਇਕ ਨਵੀਨ ਮੁਲਾਂਕਣ ਪ੍ਰਕ੍ਰਿਆ ਦੇ ਆਧਾਰ ਉਤੇ ਸਿੱਧਾ ਅਤੇ ਸਪਸ਼ਟ ਦਸ ਦਿਤਾ ਜਾਂਦਾ ਹੈ ਕਿ ਤੁਸੀਂ ਇਸ ਨਿਵੇਕਲੇ ਕਮਰ ਦਰਦ ਨਿਵਾਰਨ ਸਿਸਟਮ ਵਾਸਤੇ ਸਹੀ ਉਮੀਦਵਾਰ ਹੋ ਜਾਂ ਨਹੀਂ।

**ਸੋ, ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਲਈ ਸਾਰੇ ਹੀਲੇ-ਵਸੀਲੇ ਮੁਕ ਗਏ ਹਨ ਜਾਂ ਤੁਹਾਨੂੰ ਹੋਰ ਬਹੁਤ ਸਾਰੇ ਲੋਕਾਂ ਵਾਂਗ ਸਾਰੇ ਹੀਲੇ-ਵਸੀਲੇ ਮੁਕ ਜਾਣ ਦਾ ਡਰ ਹੈ...ਜੇ ਤੁਸੀਂ ਸਰਜਰੀ ਤੋਂ ਬਚਣ ਲਈ ਹਰ ਹੀਲਾ ਵਰਤ ਰਹੇ ਹੋ ਜਾਂ ਦਵਾਈਆਂ ਅਤੇ ਟੀਕਿਆਂ ਦੀ ਥਾਂ ਕਮਰ ਦਰਦ ਦਾ ਕੋਈ ਪੱਕਾ ਇਲਾਜ ਲੱਭਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰਨ ਤੋਂ ਹਿਚਕਿਚਾਓ ਨਹੀਂ।**

**ਕਲੀਨਿਕ** **2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ। ਬਿਨਾ ਕਿਸੇ ਫੀਸ ਤੋਂ ਆਪਣੇ ਮੁਲਾਂਕਣ ਅਤੇ ਸਲਾਹ-ਮਸ਼ਵਰੇ ਲਈ **ਫੋਨ ਕਰੋ: 209-464-7738**

**ਨੋਟ (1):** ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। ਅਸੀਂ "ਕੋਈ ਇੰਤਜਾਰ ਨਹੀਂ" ਦੀ ਪਾਲਸੀ 'ਤੇ ਚਲਦੇ ਹਾਂ। **ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 13 ਨਵੰਬਰ ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

Copyright 2009 CMC, LLC

# ਭਾਰਤ ਦੀਆਂ ਛੇ ਗ਼ੈਰ-ਕਾਂਗਰਸ ਸਰਕਾਰਾਂ ਨੇ ਵੀ ਨਹੀਂ ਦਵਾਇਆ ਇਨਸਾਫ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਵਾਲੇ ਦੇਸ਼ ਭਾਰਤ ਲਈ ਇਹ ਬੜੀ ਸ਼ਰਮ ਵਾਲੀ ਗੱਲ ਹੈ ਕਿ ਨਵੰਬਰ 1984 'ਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਨਿਰਦੋਸ਼ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਵਹਿਸ਼ੀ ਦਰਿੰਦਿਆਂ ਨੂੰ ਅਨੇਕਾਂ ਸਬੂਤ ਹੋਣ ਦੇ ਬਾਵਜੂਦ 26 ਵਰਿਆਂ ਬਾਅਦ ਵੀ ਇਨਸਾਫ਼ ਨਹੀਂ ਮਿਲ ਰਿਹਾ। ਭਾਰਤ ਸਰਕਾਰ ਨੇ ਦੇਸ਼ ਭਰ 'ਚ 3323 ਸਿੱਖਾਂ ਦੇ ਕਤਲ ਦੀ ਗੱਲ ਖੁਦ ਕਬੂਲੀ ਹੈ ਪਰ ਫਿਰ ਵੀ 26 ਵਰ੍ਹੇ ਦੋਸ਼ੀਆਂ ਖ਼ਿਲਾਫ਼ ਸਬੂਤ ਲੱਭਣ 'ਚ ਗਵਾ ਦਿੱਤੇ ਹਨ। ਇਸ ਕਤਲੇਆਮ ਤੋਂ ਲੈ ਕੇ ਹੁਣ ਤੱਕ ਅੱਠ ਪ੍ਰਧਾਨ ਮੰਤਰੀਆਂ ਦੀ ਅਗਵਾਈ 'ਚ ਬਣੀਆਂ 10 ਸਰਕਾਰਾਂ ਨੇ ਸਿੱਖਾਂ ਨੂੰ ਇਨਸਾਫ਼ ਦੇਣ ਲਈ ਕੋਈ ਠੋਸ ਉਪਰਾਲਾ ਨਹੀਂ ਕੀਤਾ। ਇਸ ਮਾਮਲੇ ਦੀ ਜਾਂਚ ਲਈ ਬਣੇ 3 ਕਮਿਸ਼ਨ ਤੇ 10 ਕਮੇਟੀਆਂ ਨੇ ਵੀ ਕੋਈ ਹੱਥ ਪੱਲੇ ਨਹੀਂ ਪਾਇਆ ਤੇ ਕਰੋੜਾਂ ਰੁਪਏ ਖ਼ਰਚ ਕੇ ਵੀ ਕਿਸੇ ਦੋਸ਼ੀ ਨੂੰ ਮੌਤ ਦੀ ਸਜ਼ਾ ਨਹੀਂ ਹੋ ਸਕੀ।

ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਪ੍ਰਧਾਨ ਮੰਤਰੀ ਬਣੇ ਉਸ ਦੇ ਬੇਟੇ ਰਾਜੀਵ ਗਾਂਧੀ 2 ਦਸੰਬਰ 1989 ਤੱਕ ਪ੍ਰਧਾਨ ਮੰਤਰੀ ਰਹੇ। ਇਸ ਤੋਂ ਬਾਅਦ ਹੁਣ ਡਾ. ਮਨਮੋਹਨ ਸਿੰਘ ਦੀ ਸਰਕਾਰ ਤੱਕ ਕੁੱਲ 10 ਸਰਕਾਰਾਂ ਬਣੀਆਂ ਜਿਨ੍ਹਾਂ 'ਚੋਂ ਵਾਜਪਾਈ ਤੇ ਡਾ. ਮਨਮੋਹਨ ਸਿੰਘ ਦੇ ਦੋ ਵਾਰ ਪ੍ਰਧਾਨ ਮੰਤਰੀ ਬਣੇ। ਭਾਵੇਂ ਨਿਸ਼ਾਨਾ ਕਾਂਗਰਸ ਨੂੰ ਹੀ ਬਣਾਇਆ ਜਾਂਦਾ ਹੈ ਪਰ ਇੰਦਰਾ ਗਾਂਧੀ ਸਰਕਾਰ ਤੋਂ ਬਾਅਦ ਹੋਂਦ 'ਚ ਆਈਆਂ 10 ਸਰਕਾਰਾਂ 'ਚੋਂ 6 ਸਰਕਾਰਾਂ ਗ਼ੈਰ-ਕਾਂਗਰਸੀ ਸਨ ਪਰ ਉਨ੍ਹਾਂ ਨੇ ਵੀ ਕੁਝ ਨਹੀਂ ਕੀਤਾ। ਸਭ ਤੋਂ ਵੱਡੀ ਸ਼ਰਮਨਾਕ ਗੱਲ ਤਾਂ ਇਹ ਹੈ ਕਿ ਪੰਥਕ ਪਾਰਟੀ ਕਹਾਉਣ ਵਾਲੇ ਅਕਾਲੀ ਦਲ ਬਾਦਲ ਦੇ ਆਗੂ ਆਪਣੀ ਭਾਈਵਾਲ ਪਾਰਟੀ ਭਾਜਪਾ ਦੀ ਅਗਵਾਈ ਹੇਠ ਕੇਂਦਰ 'ਚ ਸੱਤਾ ਦਾ ਸੁੱਖ ਭੋਗਦੇ ਰਹੇ ਪਰ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਵਾਉਣ ਲਈ ਕੁਝ ਨਹੀਂ ਕੀਤਾ। ਸਿੱਖਾਂ ਨੂੰ ਇਨਸਾਫ਼ ਦੇਣ ਲਈ ਵੱਖ-ਵੱਖ ਸਰਕਾਰਾਂ ਵੱਲੋਂ 3 ਕਮਿਸ਼ਨ ਤੇ 7 ਕਮੇਟੀਆਂ ਬਣਾਈਆਂ ਗਈਆਂ ਪਰ 26 ਵਰ੍ਹਿਆਂ ਦੇ ਬਾਅਦ ਵੀ ਸਿੱਖ ਕੌਮ ਅੱਜ ਵੀ ਇਨਸਾਫ਼ ਦੀ ਤਲਾਸ਼ 'ਚ ਹੈ। ਹੁਣ ਤੱਕ ਬਣੇ ਤਿੰਨ ਕਮਿਸ਼ਨਾਂ 'ਚ ਮਰਵਾਹਾ ਕਮਿਸ਼ਨ, ਮਿਸ਼ਰਾ ਕਮਿਸ਼ਨ ਤੇ ਨਾਨਾਵਤੀ ਕਮਿਸ਼ਨ ਸ਼ਾਮਲ ਹਨ ਜਦਕਿ ਸੱਤ ਕਮੇਟੀਆਂ 'ਚ ਢਿੱਲੋਂ ਕਮੇਟੀ, ਕਪੂਰ-ਮਿੱਤਲ ਕਮੇਟੀ, ਜੈਨ-ਬੈਨਰਜੀ ਕਮੇਟੀ, ਆਹੂਜਾ ਕਮੇਟੀ, ਪੋਟੀ ਰੋਸ਼ਾ ਕਮੇਟੀ, ਜੈਨ-ਅਗਰਵਾਲ ਕਮੇਟੀ ਤੇ ਨਰੂਲਾ ਕਮੇਟੀ ਸ਼ਾਮਲ ਹਨ।

ਸਭ ਤੋਂ ਪਹਿਲਾਂ ਨਵੰਬਰ 1984 ਵਿਚ ਹੀ ਦਿੱਲੀ ਦੇ ਵਧੀਕ ਪੁਲਿਸ ਕਮਿਸ਼ਨਰ ਵੇਦ ਮਰਵਾਹਾ ਦੀ ਅਗਵਾਈ ਵਾਲੇ ਮਰਵਾਹਾ ਕਮਿਸ਼ਨ ਦਾ ਗਠਨ ਕੀਤਾ ਗਿਆ ਜਿਸ ਨੇ 1985 ਦੇ ਅੱਧ ਤੱਕ ਕੰਮ ਕੀਤਾ। ਸ੍ਰੀ ਮਰਵਾਹਾ ਵੱਲੋਂ ਆਪਣੀ ਜਾਂਚ ਤਕਰੀਬਨ ਮੁਕੰਮਲ ਕਰ ਲਈ ਗਈ ਸੀ ਪਰ ਇਸੇ ਦੌਰਾਨ ਹੀ ਉਨ੍ਹਾਂ ਤੋਂ ਸਾਰਾ ਰਿਕਾਰਡ ਲੈ ਕੇ ਨਵੇਂ ਸਥਾਪਿਤ ਕੀਤੇ ਗਏ ਮਿਸ਼ਰਾ ਕਮਿਸ਼ਨ ਨੂੰ ਸੌਂਪ ਦਿੱਤਾ ਗਿਆ। ਦਿਲਚਸਪ ਗੱਲ ਇਹ ਰਹੀ ਕਿ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਨਾਲ ਭਰਪੂਰ ਸ੍ਰੀ ਮਰਵਾਹਾ ਦੇ ਆਪਣੇ ਹੱਥੀਂ ਲਿਖੀਆਂ ਟਿੱਪਣੀਆਂ ਮਿਸ਼ਰਾ ਕਮਿਸ਼ਨ ਨੂੰ ਨਹੀਂ ਸੌਂਪੀਆਂ ਗਈਆਂ।

ਇਸ ਤੋਂ ਬਾਅਦ ਸੁਪਰੀਮ ਕੋਰਟ ਦੇ ਉਸ ਵੇਲੇ ਦੇ ਜੱਜ ਜਸਟਿਸ ਰੰਗਾਨਾਥ ਮਿਸ਼ਰਾ ਦੀ ਅਗਵਾਈ 'ਚ ਮਈ 1985 'ਚ ਬਣੇ ਮਿਸ਼ਰਾ

## ਨਵੰਬਰ 1984 ਸਿੱਖ ਕਤਲੇਆਮ

ਕਮਿਸ਼ਨ ਨੇ ਅਗਸਤ 1986 ਤਕ ਕੰਮ ਕੀਤਾ ਤੇ ਉਨ੍ਹਾਂ ਵੱਲੋਂ ਪੇਸ਼ ਰਿਪੋਰਟ ਫ਼ਰਵਰੀ 1987 'ਚ ਜਨਤਕ ਕੀਤੀ ਗਈ। ਆਪਣੀ ਰਿਪੋਰਟ ਵਿਚ ਜਸਟਿਸ ਮਿਸ਼ਰਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਕਤਲੇਆਮ ਲਈ ਜ਼ਿੰਮੇਵਾਰ ਕਿਸੇ ਵਿਅਕਤੀ ਦੀ ਪਛਾਣ ਦਾ ਕੰਮ ਨਹੀਂ ਸੌਂਪਿਆ ਗਿਆ ਸੀ। ਉਨ੍ਹਾਂ ਨੇ ਤਿੰਨ ਕਮੇਟੀਆਂ ਬਣਾਉਣ ਦਾ ਸੁਝਾਅ ਦਿੱਤਾ। ਉਨ੍ਹਾਂ ਦੇ ਸੁਝਾਅ ਅਨੁਸਾਰ ਹੀ ਜੈਨ-ਬੈਨਰਜੀ ਕਮੇਟੀ, ਕਪੂਰ-ਮਿੱਤਲ ਕਮੇਟੀ ਅਹੂਜਾ ਕਮੇਟੀ ਹੋਂਦ 'ਚ ਆਈ।




ਇਸ ਦੇ ਨਾਲ ਹੀ 1985 'ਚ ਬਣੀ ਪੀੜਤਾਂ ਦੇ ਮੁੜ ਵਸੇਬੇ ਬਾਰੇ ਸਿਫ਼ਾਰਸ਼ ਕਰਨ ਲਈ ਗੁਰਦਿਆਲ ਸਿੰਘ ਢਿੱਲੋਂ ਦੀ ਅਗਵਾਈ ਵਾਲੀ ਕਮੇਟੀ ਨੇ ਸਿਫ਼ਾਰਸ਼ ਕੀਤੀ ਸੀ ਕਿ ਸਾਰੀਆਂ ਕੌਮੀਕ੍ਰਿਤ ਬੀਮਾ ਕੰਪਨੀਆਂ ਨੂੰ ਆਦੇਸ਼ ਦਿੱਤੇ ਜਾਣ ਕਿ ਹਰ ਵਪਾਰੀ ਨੂੰ ਉਸ ਦੇ ਹੋਈ ਲੁੱਟ ਤੇ ਨੁਕਸਾਨ ਦਾ ਮੁਆਵਜ਼ਾ ਦੇਣ ਪਰ ਸਰਕਾਰ ਨੇ ਇਹ ਸਿਫ਼ਾਰਸ਼ ਮੰਨਣ ਤੋਂ ਇਨਕਾਰ ਕਰ ਦਿੱਤਾ ਜਿਸ ਕਾਰਨ ਬੀਮਾ ਕੰਪਨੀਆਂ ਨੇ ਦੇਸ਼ ਭਰ ਦੇ ਸਾਰੇ ਸਿੱਖਾਂ ਦੇ 'ਦਾਅਵੇ' ਰੱਦ ਕਰ ਦਿੱਤੇ।

ਇਸੇ ਤਰ੍ਹਾਂ 23 ਫਰਵਰੀ 1987 ਨੂੰ ਹੋਂਦ 'ਚ ਆ ਕੇ ਫਰਵਰੀ 1990 ਤੱਕ ਕੰਮ ਕਰਨ ਵਾਲੀ ਜਸਟਿਸ ਦਲੀਪ ਕਪੂਰ ਤੇ ਉੱਤਰ ਪ੍ਰਦੇਸ਼ ਦੀ ਸੇਵਾ ਮੁਕਤ ਸਕੱਤਰ ਕੁਸਮ ਮਿੱਤਲ ਦੀ ਕਪੂਰ-ਮਿੱਤਲ ਕਮੇਟੀ ਨੇ ਸਿੱਖ ਕਤਲੇਆਮ 'ਚ ਪੁਲਿਸ ਦੀ ਭੂਮਿਕਾ ਦੀ ਜਾਂਚ ਕਰਨੀ ਸੀ। ਇਸ ਕਮੇਟੀ ਨੇ 72 ਪੁਲਿਸ ਅਧਿਕਾਰੀਆਂ ਦੀ ਭੂਮਿਕਾ ਦੀ ਜਾਂਚ ਕਰਕੇ 30 ਨੂੰ ਬਰਖ਼ਾਸਤ ਕੀਤੇ ਜਾਣ ਦੀ ਸਿਫ਼ਾਰਸ਼ ਕੀਤੀ ਪਰ ਅੱਜ ਤਾਈਂ ਉਨ੍ਹਾਂ 'ਚੋਂ ਕਿਸੇ ਪੁਲਿਸ ਅਧਿਕਾਰੀ ਨੂੰ ਕੋਈ ਸਜ਼ਾ ਨਹੀਂ ਦਿੱਤੀ ਗਈ।

ਫਰਵਰੀ ਤੋਂ ਮਾਰਚ 1987 ਤੱਕ ਕੰਮ ਕਰਨ ਵਾਲੀ ਜੈਨ ਬੈਨਰਜੀ ਕਮੇਟੀ ਨੇ ਉਨ੍ਹਾਂ ਕੇਸਾਂ ਦੀ ਪੈਰਵਾਈ ਕਰਨੀ ਸੀ ਜਿਨ੍ਹਾਂ ਬਾਰੇ ਜਾਂ ਤਾਂ ਮੁਕੱਦਮੇ ਦਰਜ ਨਹੀਂ ਹੋਏ ਜਾਂ ਜਿਨ੍ਹਾਂ ਦੀ ਸਹੀ ਜਾਂਚ ਨਹੀਂ ਹੋ ਸਕੀ ਸੀ। ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਐਮ.ਐਲ. ਜੈਨ ਤੇ ਸੇਵਾਮੁਕਤ ਆਈ.ਜੀ. ਪੁਲਿਸ ਏ.ਕੇ. ਬੈਨਰਜੀ 'ਤੇ ਅਧਾਰਤ ਇਸ ਕਮੇਟੀ ਨੇ ਕਾਂਗਰਸ ਆਗੂ ਸੱਜਣ ਕੁਮਾਰ ਖ਼ਿਲਾਫ਼ ਕੇਸ ਦਰਜ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਸੱਜਣ ਕੁਮਾਰ ਦਾ ਸਹਿਦੋਸ਼ੀ ਬ੍ਰਹਮਾਨੰਦ ਗੁਪਤਾ ਹਾਈ ਕੋਰਟ ਚਲਾ ਗਿਆ ਤੇ ਹਾਈ ਕੋਰਟ ਨੇ ਇਸ ਕਮੇਟੀ ਦੇ ਗਠਨ ਨੂੰ ਹੀ ਰੱਦ ਕਰ ਦਿੱਤਾ ਤੇ ਕੇਸ ਦਰਜ ਨਾ ਹੋ ਸਕਿਆ।

ਨਵੰਬਰ 1984 ਦੇ ਸਿੱਖ ਕਤਲੇਆਮ ਦੌਰਾਨ ਮਾਰੇ ਗਏ ਸਿੱਖਾਂ ਦੀ ਗਿਣਤੀ ਤੈਅ ਕਰਨ ਦੇ ਮਕਸਦ ਨਾਲ ਫਰਵਰੀ ਤੋਂ ਅਗਸਤ 1987 ਤੱਕ ਕੰਮ ਕਰਨ ਵਾਲੀ ਆਹੂਜਾ ਕਮੇਟੀ ਨੇ ਹੀ ਦਿੱਲੀ 'ਚ ਮਾਰੇ ਗਏ ਸਿੱਖਾਂ ਦੀ ਗਿਣਤੀ 2733 ਦੱਸੀ ਜਿਸ ਨੂੰ ਹੁਣ ਅਧਿਕਾਰਤ ਗਿਣਤੀ ਮੰਨਿਆ ਜਾਂਦਾ ਹੈ।


ਮਾਰਚ ਤੋਂ ਸਤੰਬਰ 1990 ਤੱਕ ਕੰਮ ਕਰਨ ਵਾਲੀ ਪੋਟੀ ਰੋਸ਼ਾ ਕਮੇਟੀ ਜੈਨ- ਬੈਨਰਜੀ ਕਮੇਟੀ ਦੀ ਜਗ੍ਹਾ ਹੀ ਬਣਾਈ ਗਈ ਸੀ। ਇਸ ਕਮੇਟੀ ਨੇ ਵੀ ਪੀੜਤਾਂ ਦੇ ਹਲਫ਼ੀਆ ਬਿਆਨਾਂ ਦੇ ਆਧਾਰ 'ਤੇ ਸੱਜਣ ਕੁਮਾਰ ਖ਼ਿਲਾਫ਼ ਕੇਸ ਦਰਜ ਕੀਤੇ ਜਾਣ ਦੀ ਸਿਫ਼ਾਰਸ਼ ਕੀਤੀ।

ਵੀ.ਪੀ. ਸਿੰਘ ਸਰਕਾਰ ਵੱਲੋਂ ਬਣਾਈ ਗਈ ਦਿੱਲੀ ਹਾਈਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਜੇ.ਡੀ. ਜੈਨ ਤੇ ਉੱਤਰ ਪ੍ਰਦੇਸ਼ ਦੇ ਸੇਵਾ ਮੁਕਤ ਪੁਲਿਸ ਮੁਖੀ ਡੀ. ਕੇ. ਅਗਰਵਾਲ ਦੀ ਕਮੇਟੀ ਨੇ ਦਸੰਬਰ 90 ਤੋਂ ਅਗਸਤ 93 ਤੱਕ ਜਾਂਚ ਕਰਨ ਉਪਰੰਤ ਕਾਂਗਰਸ ਆਗੂਆਂ ਐਚ.ਕੇ. ਐਲ. ਭਗਤ, ਸੱਜਣ ਕੁਮਾਰ, ਧਰਮ ਦਾਸ ਸ਼ਾਸਤਰੀ ਤੇ ਜਗਦੀਸ਼ ਟਾਈਟਲਰ ਖ਼ਿਲਾਫ਼ ਕੇਸ ਦਰਜ ਕਰਨ ਦੀ ਸਿਫ਼ਾਰਸ਼ ਕੀਤੀ ਪਰ ਪੁਲਿਸ ਵੱਲੋਂ ਕੇਸ ਦਰਜ ਨਾ ਕੀਤੇ ਗਏ।

ਦਸੰਬਰ 1993 ਤੋਂ ਜਨਵਰੀ 94 ਤੱਕ ਕੰਮ ਕਰਨ ਵਾਲੀ ਨਰੂਲਾ ਕਮੇਟੀ ਦਿੱਲੀ ਦੀ ਸ੍ਰੀ ਮਦਨ ਲਾਲ ਖੁਰਾਣਾ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਬਣਾਈ ਗਈ ਸੀ ਤੇ ਦਿੱਲੀ ਸਰਕਾਰ ਵੱਲੋਂ ਲੈ ਕੇ ਦਿੱਲੀ ਦੇ ਲੈਫ਼. ਗਵਰਨਰ ਨੂੰ ਸੌਂਪੀ ਦਿੱਤੀ ਗਈ ਸੀ। ਇਸ ਕਮੇਟੀ ਨੇ ਵੀ ਭਗਤ, ਸੱਜਣ ਕੁਮਾਰ ਤੇ ਟਾਈਟਲਰ ਖ਼ਿਲਾਫ਼ ਕੇਸ ਦਰਜ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਕੇਂਦਰ ਸਰਕਾਰ ਦੇ ਢਿਲੇ ਰਵੱਈਏ ਦੇ ਬਾਵਜੂਦ ਸੀ.ਬੀ.ਆਈ. ਨੇ ਦਸੰਬਰ 1994 'ਚ ਇਸ ਬਾਰੇ ਚਾਰਜਸ਼ੀਟ ਦਾਇਰ ਕਰ ਦਿੱਤੀ।

ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਜੀ.ਟੀ. ਨਾਨਾਵਤੀ ਵੱਲੋਂ ਸੰਨ 2000 ਤੋਂ ਫ਼ਰਵਰੀ 2005 ਤੱਕ ਕੀਤੀ ਜਾਂਚ ਮਗਰੋਂ ਦਿੱਤੀ ਰਿਪੋਰਟ 'ਚ ਟਾਈਟਲਰ, ਸੱਜਣ ਕੁਮਾਰ ਤੇ ਭਗਤ ਵਿਰੁੱਧ ਇਹ ਸਬੂਤ ਪਾਏ ਗਏ ਕਿ ਉਨ੍ਹਾਂ ਨੇ ਹਮਲਾਵਰ ਹਜੂਮ ਦੀ ਅਗਵਾਈ ਕੀਤੀ ਸੀ। 1984 'ਚ ਦਿੱਲੀ ਦੇ ਪੁਲਿਸ ਕਮਿਸ਼ਨਰ ਐਸ.ਸੀ. ਟੰਡਨ ਨੂੰ ਵੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਗਿਆ।

## ਮਾਤਾ ਗੁਰਬਖ਼ਸ਼ ਕੌਰ ਸੁਰਗਵਾਸ



**ਹੇਵਰਡ, ਕੈਲੀਫੋਰਨੀਆ:** ਮਾਤਾ ਗੁਰਬਖ਼ਸ਼ ਕੌਰ ਸਹੋਤਾ ਸੁਪਤਨੀ ਸਵਰਗੀ ਕਸ਼ਮੀਰ ਸਿੰਘ ਸਹੋਤਾ 2 ਨਵੰਬਰ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਹ ਪੰਜਾਬ ਵਿਚ ਪਿਛੋਂ ਜਲੰਧਰ ਜ਼ਿਲੇ ਦੇ ਪਿੰਡ ਬੜਾ ਪਿੰਡ ਤੋਂ ਸਨ ਅਤੇ ਆਪਣੇ ਪਿਛੇ ਦੋ ਪੁੱਤਰ ਦੋ ਪੁੱਤਰ-ਜਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਅਤੇ ਇਕ ਧੀ ਛੱਡ ਗਏ ਹਨ। ਉਹ ਯੂਨਾਈਟਿਡ ਸਪੋਰਟਸ ਕਲੱਬ ਦੇ ਇਕ ਡਾਇਰੈਕਟਰ ਅਤੇ ਏ ਐਂਡ ਆਈ ਟਰੱਕਿੰਗ ਦੇ ਭਾਈਵਾਲ ਇਕਬਾਲ ਸਿੰਘ ਗਾਖਲ ਦੀ ਸੱਸ ਸਨ।

ਮਾਤਾ ਗੁਰਬਖ਼ਸ਼ ਕੌਰ ਸਹੋਤਾ ਦਾ ਅੰਤਮ ਸੰਸਕਾਰ ਸਨਿਚਰਵਾਰ 6 ਨਵੰਬਰ ਨੂੰ ਸਵੇਰੇ 10 ਤੋਂ 12 ਵਜੇ ਇਥੇ ਚੈਪਲ ਆਫ ਚਾਈਮਜ਼ (ਮਿਸ਼ਨ ਬੁਲੇਵਾਰਡ) ਵਿਚ ਹੋਵੇਗਾ। ਹੋਰ ਜਾਣਕਾਰੀ ਅਤੇ ਪਰਿਵਾਰ ਨਾਲ ਸੰਪਰਕ ਜਗਰਾਜ ਸਿੰਘ ਫੋਨ 510-673-0825 ਜਾਂ ਇਕਬਾਲ ਸਿੰਘ ਗਾਖਲ ਫੋਨ 831-840-9035 ਰਾਹੀਂ ਕੀਤਾ ਜਾ ਸਕਦਾ ਹੈ।

## ਪਰਮਿੰਦਰ ਪਰਵਾਨਾ ਪੰਜਾਬੀ ਸਾਹਿਤ ਸਭਾ ਦੇ ਆਰਗੇਨਾਈਜ਼ਰ ਨਿਯੁਕਤ

**ਹੇਵਰਡ:** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਬੇ-ਏਰੀਆ ਇਕਾਈ ਦੀ ਯੂਨੀਅਨ ਸਿਟੀ ਲਾਇਬਰੇਰੀ ਵਿਚ ਹੋਈ ਮਾਸਿਕ ਮਿਲਣੀ ਵਿਚ ਇਸ ਇਕਾਈ ਦੀ ਕਾਰਜਸ਼ੀਲਤਾ ਨੂੰ ਬੇਹਤਰ ਬਣਾਉਣ ਲਈ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਦੇ ਅਰੰਭ ਵਿਚ ਪ੍ਰਧਾਨ ਤਾਰਾ ਸਿੰਘ ਸਾਗਰ ਨੇ ਪਰਮਿੰਦਰ ਸਿੰਘ ਪਰਵਾਨਾ ਨੂੰ ਸਭਾ ਦਾ ਆਰਗੇਨਾਈਜ਼ਰ ਅਤੇ ਕੁਲਦੀਪ ਸਿੰਘ ਢੀਂਡਸਾ ਨੂੰ ਲੀਗਲ ਐਡਵਾਈਜ਼ਰ ਬਣਾਇਆ ਗਿਆ। ਸਭਾ ਦੇ ਨਵੇਂ ਮੈਂਬਰਾਂ ਜਗਤਾਰ ਸਿੰਘ ਅਤੇ ਗਾਇਕ ਸੁਲਤਾਨ ਅਖਤਰ ਦਾ ਸਵਾਗਤ ਕੀਤਾ ਗਿਆ।

ਦੂਜੇ ਸੈਸ਼ਨ ਵਿਚ ਕਵੀ ਦਰਬਾਰ ਹੋਇਆ ਜਿਸ ਵਿਚ ਸੁਲਤਾਨ ਅਖਤਰ, ਪਰਮਿੰਦਰ ਸਿੰਘ ਪਰਵਾਨਾ, ਕੁਲਦੀਪ ਸਿੰਘ ਧਾਲੀਵਾਲ, ਜਗਤਾਰ ਸਿੰਘ, ਪ੍ਰੋ. ਸੁਰਜੀਤ ਸਿੰਘ ਨਨੂਆ, ਕੁਲਦੀਪ ਸਿੰਘ ਢੀਂਡਸਾ, ਹਰਭਜਨ ਸਿੰਘ ਢਿੱਲੋਂ, ਮੇਜਰ ਭੁਪਿੰਦਰ ਸਿੰਘ ਦਲੇਰ, ਤਾਰਾ ਸਿੰਘ ਸਾਗਰ ਅਤੇ ਨੀਲਮ ਸੈਣੀ ਨੇ ਭਾਗ ਲਿਆ। ਮੰਚ ਸੰਚਾਲਨ ਨੀਲਮ ਸੈਣੀ ਨੇ ਕੀਤਾ। ਸਭਾ ਦੀ ਅਗਲੀ ਮੀਟਿੰਗ 21 ਨਵੰਬਰ ਨੂੰ 11 ਵਜੇ ਹੋਵੇਗੀ। ਹੋਰ ਜਾਣਕਾਰੀ ਲਈ ਪ੍ਰਧਾਨ ਤਾਰਾ ਸਿੰਘ ਸਾਗਰ ਫੋਨ 510-453-5779 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ


Attorny At Law

Law Offices Of Jaspreet Singh

4491 W. Shaw Ave.,
Suite 300 B
(Near Costco)
Fresno, CA 93722
Ph: 559-271-5511


44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

TAJ
INSURANCE SERVICES

*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available

To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
Note:Also Income Tax filing Available


Gurdawar S. Mann
Lic#0F34231

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਦੀ ਸਮੂਹ ਸਿੱਖ ਜਗਤ ਨੂੰ ਲਖ ਲਖ ਵਧਾਈ

## ਯੂਬਾ ਸਿਟੀ ਦੇ ਨਗਰ ਕੀਰਤਨ ਵਿਚ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਆਈਆਂ ਸੰਗਤਾਂ ਨੂੰ

# ਨਿੱਘੀ ਜੀ ਆਇਆਂ ਨੂੰ

## ਦੁਨੀਆਂ ਦੇ ਕੋਨੇ-ਕੋਨੇ ਅਤੇ ਬੇ-ਏਰੀਆ ਕੈਲੀਫੋਰਨੀਆ ਵਿਚ ਸਭ ਤੋਂ ਵਧ ਸੁਣਿਆ ਜਾਣ ਵਾਲਾ ਪੰਜਾਬੀ ਰੇਡੀਓ:

# ਰੇਡੀਓ ਚੜ੍ਹਦੀ ਕਲਾ

www.radiock.com

ਚੜ੍ਹਦੀ ਕਲਾ ਫਰੀਮਾਂਟ, ਕੈਲੀਫੋਰਨੀਆ

## ਹੋਰ ਜਾਣਕਾਰੀ ਲਈ ਫੋਨ ਕਰੋ

Gurcharan Singh Mann
510-557-0061
Mann@radiock.com

Lakhbir Singh
510-760-9882
Lakhbir@radiock.com

**ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਸਟੂਡੀਓ ਦਾ ਨੰਬਰ 510-972-0820**

ਰੇਡੀਓ ਚੜ੍ਹਦੀ ਕਲਾ ਦੇ ਸਮੂਹ ਸਰੋਤਿਆਂ, ਵਿਗਿਆਪਕਾਂ, ਗੁਰਬਾਣੀ ਸਪਾਂਸਰਾਂ ਅਤੇ ਸ਼ੁਭਚਿੰਤਕਾਂ ਦਾ ਅਦਾਰਾ ਰੇਡੀਓ ਚੜ੍ਹਦੀ ਕਲਾ ਵਲੋਂ ਸਹਿਯੋਗ ਲਈ ਬਹੁਤ ਬਹੁਤ ਧੰਨਵਾਦ

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਓਬਾਮਾ ਦੀ ਹਰਿਮੰਦਰ ਸਾਹਿਬ ਫੇਰੀ ਰੱਦ ਹੋਣ 'ਤੇ ਸਿੱਖ ਨਿਰਾਸ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕਾਫੀ ਚਰਚਾ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਸ੍ਰੀ ਦਰਬਾਰ ਸਾਹਿਬ ਫੇਰੀ ਰੱਦ ਹੋਣ ਨਾਲ ਸਿੱਖ ਭਾਈਚਾਰੇ 'ਚ ਨਿਰਾਸ਼ਾ ਪਾਈ ਜਾ ਰਹੀ ਹੈ। ਸ੍ਰੀ ਓਬਾਮਾ 6 ਤੋਂ 8 ਨਵੰਬਰ ਤੱਕ ਭਾਰਤ ਦੌਰੇ 'ਤੇ ਆ ਰਹੇ ਹਨ। ਪਹਿਲਾਂ ਉਨ੍ਹਾਂ ਅੰਮ੍ਰਿਤਸਰ ਵੀ ਆਉਣਾ ਸੀ ਪਰ ਬਾਅਦ 'ਚ ਇਸ ਪ੍ਰਗਰਾਮ 'ਚ ਤਬਦੀਲੀ ਕਰ ਦਿੱਤੀ ਗਈ। ਭਾਵੇਂ ਦੇਸ਼-ਵਿਦੇਸ਼ ਦੀਆਂ ਸਿੱਖ ਸੰਸਥਾਵਾਂ ਨੇ ਕਾਫੀ ਚਾਰਾਜੋਈ ਕੀਤੀ ਪਰ ਇਸ ਬਾਰੇ ਵਾਈਟ ਹਾਊਸ ਨੇ ਸਪੱਸ਼ਟ ਕੀਤਾ ਹੈ ਕਿ ਭਾਰਤੀ ਦੌਰੇ ਮੌਕੇ ਰਾਸ਼ਟਰਪਤੀ ਓਬਾਮਾ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਨਹੀਂ ਕਰਨਗੇ। ਵਾਈਟ ਹਾਊਸ ਨੇ ਉਨ੍ਹਾਂ ਰਿਪੋਰਟਾਂ ਨੂੰ ਵੀ ਖਾਰਜ ਕੀਤਾ ਹੈ ਜਿਨ੍ਹਾਂ 'ਚ ਕਿਹਾ ਗਿਆ ਸੀ ਕਿ ਓਬਾਮਾ ਵੱਲੋਂ ਸ੍ਰੀ ਦਰਬਾਰ ਸਾਹਿਬ ਯਾਤਰਾ ਦੌਰਾਨ ਸਿਰ 'ਤੇ ਪਟਕਾ ਬੰਨ੍ਹਣ ਨਾਲ ਉਨ੍ਹਾਂ ਦਾ ਮੁਸਲਿਮ ਦਿੱਖ ਦਾ ਪ੍ਰਭਾਵ ਪਵੇਗਾ ਤੇ ਇਸ ਨਾਲ ਉਨ੍ਹਾਂ ਨੂੰ ਅਮਰੀਕਾ 'ਚ ਰਾਜਨੀਤਕ ਵਿਰੋਧਤਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਵਾਈਟ ਹਾਊਸ ਵੱਲੋਂ ਇਸ ਕਾਰਨ ਨੂੰ ਰੱਦ ਕਰਦਿਆਂ ਕਿਹਾ ਗਿਆ ਹੈ ਕਿ ਸ੍ਰੀ ਦਰਬਾਰ ਸਾਹਿਬ ਦਾ ਦੌਰਾ ਕਿਸੇ ਯੋਜਨਾਬੰਦੀ 'ਚ ਨਹੀਂ ਸੀ ਆ ਰਿਹਾ ਜਿਸ ਕਰਕੇ ਉਸ ਨੂੰ ਪ੍ਰੋਗਰਾਮ 'ਚ ਸ਼ਾਮਲ ਨਹੀਂ ਕੀਤਾ ਜਾ ਸਕਿਆ। ਵਾਈਟ ਹਾਊਸ ਅਨੁਸਾਰ ਸ੍ਰੀ ਓਬਾਮਾ ਨਾਲ ਕੌਮੀ ਸੁਰੱਖਿਆ ਸਲਾਹਕਾਰ ਟਾਮ ਡੋਨੀਲੋਨ, ਵਣਜ ਮੰਤਰੀ ਗੈਰੀ ਲਾਕ, ਖੇਤੀ ਮੰਤਰੀ ਟਾਮ ਵਿਲਸਾਕ ਤੇ ਯੂ.ਐਸ. ਏਡ ਦੇ ਪ੍ਰਸ਼ਾਸਕ ਰਾਜੀਵ ਸ਼ਾਹ ਤੇ ਟਿਮੋਥੀ ਗਿਥਨਰ ਵੀ ਭਾਰਤ ਜਾਣਗੇ। ਓਬਾਮ ਦੀ ਪਤਨੀ ਮਿਸ਼ੇਲ ਓਬਾਮਾ ਵੀ ਭਾਰਤ ਜਾ ਰਹੇ ਹਨ ਪਰ ਉਨ੍ਹਾਂ ਦੀਆਂ ਬੇਟੀਆਂ ਸਾਸ਼ਾ ਤੇ ਮਾਲੀਆ ਨਹੀਂ ਜਾ ਰਹੀਆਂ ਹਨ ਕਿਉਂਕਿ ਉਨ੍ਹਾਂ ਦੀ ਪੜ੍ਹਾਈ ਚੱਲ ਰਹੀ ਹੈ।

ਇਸ ਦੇ ਨਾਲ ਹੀ ਅਮਰੀਕੀ ਕੌਮੀ ਸੁਰੱਖਿਆ ਬਾਰੇ ਉਪ ਸਲਾਹਕਾਰ ਬਨ ਰੋਡਜ਼ ਨੇ ਓਬਾਮਾ ਦਾ ਭਾਰਤ ਦੌਰੇ ਦਾ ਪ੍ਰੋਗਰਾਮ ਜਾਰੀ ਕਰਦਿਆਂ ਕਿਹਾ ਕਿ ਉਹ 5 ਨਵੰਬਰ ਨੂੰ ਭਾਰਤ ਰਵਾਨਾ ਹੋਣਗੇ ਤੇ 6 ਨਵੰਬਰ ਨੂੰ ਮੁੰਬਈ ਪਹੁੰਚ ਕੇ ਉਥੇ ਤਾਜ ਹੋਟਲ 'ਤੇ ਹੋਏ ਅਤਿਵਾਦੀ ਹਮਲੇ ਦੀ ਯਾਦ 'ਚ ਕਰਵਾਏ ਜਾ ਰਹੇ ਸਮਾਰੋਹ 'ਚ ਸ਼ਾਮਲ ਹੋਣਗੇ। ਉਸ ਤੋਂ ਬਾਅਦ ਗਾਂਧੀ ਅਜਾਇਬ ਘਰ 'ਚ ਜਾਣਗੇ। ਉਹ ਭਾਰਤੀ ਵਪਾਰੀਆਂ ਤੇ ਉਦਯੋਗਪਤੀਆਂ ਦੇ ਵਪਾਰਕ ਸੰਮੇਲਨ ਨੂੰ ਵੀ ਸੰਬੋਧਨ ਕਰਨਗੇ। ਅਗਲੇ ਦਿਨ 7 ਨਵੰਬਰ ਨੂੰ ਓਬਾਮਾ ਮੁੰਬਈ ਦੇ ਸਕੂਲ 'ਚ ਜਾਣਗੇ ਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਵੀ ਸੰਬੋਧਨ ਕਰਨਗੇ ਤੇ ਸ਼ਾਮ ਨੂੰ ਦਿੱਲੀ ਰਵਾਨਾ ਹੋ ਜਾਣਗੇ। ਇਸੇ ਦਿਨ ਸ਼ਾਮ ਨੂੰ ਦਿੱਲੀ ਪਹੁੰਚਦਿਆਂ ਹੀ ਪਹਿਲਾਂ ਉਹ ਹਿਮਾਯੂੰ ਮਕਬਰੇ 'ਚ ਜਾਣਗੇ ਤੇ ਸ਼ਾਮ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਉਨ੍ਹਾਂ ਦੀ ਪਤਨੀ ਗੁਰਸ਼ਰਨ ਕੌਰ ਨਾਲ ਰਾਤ ਦਾ ਖਾਣਾ ਖਾਣਗੇ। ਅਗਲੇ ਦਿਨ 8 ਨਵੰਬਰ ਨੂੰ ਓਬਾਮਾ ਰਾਜਘਾਟ ਜਾਣਗੇ ਤੇ ਸੰਸਦ ਦੇ ਸਾਂਝੇ ਇਜਲਾਸ ਨੂੰ ਸੰਬੋਧਨ ਕਰਨਗੇ ਤੇ ਦੂਸਰੇ ਦਿਨ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨਾਲ ਰਾਸ਼ਟਰਪਤੀ ਭਵਨ 'ਚ ਰਹਿਣਗੇ। ਦੂਜੇ ਪਾਸੇ ਓਬਾਮਾ ਦੀ ਭਾਰਤ ਫੇਰੀ ਤੇ ਸੰਸਦ ਦੇ ਦੋਵਾਂ ਸਦਨਾਂ ਦੇ ਮੈਂਬਰਾਂ ਨੂੰ ਸੰਬੋਧਨ ਕਰਨ ਦੇ ਮੁੱਦੇ 'ਤੇ ਨਾਰਾਜ਼ਗੀ ਜ਼ਾਹਰ ਕਰਦਿਆਂ ਖੱਬੇ-ਪੱਖੀ ਪਾਰਟੀਆਂ ਨੇ ਦੇਸ਼ ਭਰ 'ਚ 8 ਨਵੰਬਰ ਨੂੰ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਖੱਬੇ-ਪੱਖੀ ਧਿਰ 'ਚ ਸ਼ਾਮਲ ਸੀ.ਪੀ.ਆਈ. (ਐਮ), ਸੀ.ਪੀ.ਆਈ., ਆਰ. ਐਸ. ਪੀ. ਤੇ ਅਗਾਮੀ ਸੰਘ ਨੇ ਸਾਂਝੇ ਬਿਆਨ 'ਚ ਕਿਹਾ ਹੈ ਕਿ ਅਮਰੀਕਾ ਭਾਰਤ ਨੂੰ ਗੱਠਜੋੜ ਦੇ ਨਾਂ 'ਤੇ ਆਰਥਿਕ ਨੀਤੀਆਂ ਅਪਣਾਉਣ ਲਈ ਜ਼ੋਰ ਪਾ ਰਿਹਾ ਹੈ ਜੋ ਲੋਕਾਂ ਲਈ ਹਾਨੀਕਾਰਕ ਹਨ।

## *ਅਮਰੀਕਾ 'ਚ ਅਤਿਵਾਦੀ ਹਮਲੇ ਦਾ ਖ਼ਤਰਾ-ਓਬਾਮਾ*

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਅਮਰੀਕਾ ਆ ਰਹੇ ਦੋ ਮਾਲ ਵਾਹਕ ਜਹਾਜ਼ਾਂ 'ਚ ਵਿਸਫੋਟਕ ਸਮੱਗਰੀ ਦੇ ਮਿਲਣ ਤੋਂ ਬਾਅਦ ਅਮਰੀਕਾ 'ਚ ਅੱਤਵਾਦੀ ਹਮਲੇ ਦੀ ਖ਼ਤਰਾ ਵਧ ਗਿਆ ਹੈ। ਇਹ ਵਿਸਫੋਟਕ ਯਮਨ ਤੋਂ ਸ਼ਿਕਾਗੋ ਜਾ ਰਹੇ ਦੋ ਮਾਲ ਵਾਹਕ ਜਹਾਜ਼ਾਂ 'ਚੋਂ ਮਿਲੇ ਹਨ।

ਅਮਰੀਕਾ ਵਿਚ ਨਵੇਂ ਅਤਿਵਾਦੀ ਖ਼ਤਰੇ ਨੂੰ ਵੇਖਦੇ ਹੋਏ ਆਪਣੇ ਸੀਨੀਅਰ ਖ਼ੁਫ਼ੀਆ ਤੇ ਰਾਸ਼ਟਰੀ ਸੁਰੱਖਿਆ ਅਧਿਕਾਰੀਆਂ ਦੇ ਨਾਲ ਬੈਠਕ ਤੋਂ ਬਾਅਦ ਓਬਾਮਾ ਨੇ ਕਿਹਾ ਕਿ ਦੇਸ਼ ਅਤਿਵਾਦੀਆਂ ਦੇ ਨਿਸ਼ਾਨੇ 'ਤੇ ਹੈ। ਇਹ ਸ਼ੱਕੀ ਵਿਸਫੋਟਕ ਯਮਨ ਤੋਂ ਉਡਾਣ ਭਰਨ ਵਾਲੇ ਦੋ ਜਹਾਜ਼ਾਂ 'ਚੋਂ ਮਿਲੇ ਹਨ ਜਿਨ੍ਹਾਂ 'ਚ ਇੱਕ ਲੰਦਨ ਤੇ ਦੂਜਾ ਦੁਬਈ ਵਿੱਚ ਰੁਕਿਆ ਸੀ। ਇਹ ਦੋਵੇਂ ਜਹਾਜ਼ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਜਾਣ ਵਾਲੇ ਸੀ। ਯਮਨ ਅੱਲ ਕਾਇਦਾ ਦਾ ਸਭ ਤੋਂ ਮਜ਼ਬੂਤ ਗੜ੍ਹ ਹੈ। ਅਮਰੀਕੀ ਅਧਿਕਾਰੀਆਂ ਨੂੰ ਜਹਾਜ਼ 'ਚ ਸ਼ੱਕੀ ਪੈਕਟ ਹੋਣ ਦੀ ਜਾਣਕਾਰੀ ਲੰਦਨ ਤੋਂ ਮਿਲੀ ਜਦੋਂ ਸ਼ਿਕਾਗੋ ਜਾਣ ਵੇਲੇ ਇਹ ਜਹਾਜ਼ ਬਰਤਾਨੀਆ ਤੇ ਦੁਬਈ ਰੁਕੇ ਸਨ। ਬਰਤਾਨੀਆ ਤੇ ਅਮਰੀਕਾ ਵਿਚ ਵਿਸਫੋਟਕਾਂ ਦੇ ਪਾਏ ਜਾਣ ਤੋਂ ਬਾਅਦ ਹੁਣ ਸੁਰੱਖਿਆ ਅਧਿਕਾਰੀਆਂ ਨੇ ਯਮਨ ਤੋਂ ਆਉਣ ਜਾਣ ਵਾਲੇ ਹੋਰ ਜਹਾਜ਼ਾਂ ਦੀ ਤਲਾਸ਼ੀ ਸ਼ੁਰੂ ਕਰ ਦਿੱਤੀ ਹੈ।

## ਓਬਾਮਾ ਦੀ ਬੇਗ਼ਮ ਦਾ ਪੰਜਾਬ ਕੁਨੈਕਸ਼ਨ

**ਬਠਿੰਡਾ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਤਾਂ ਭਾਵੇਂ ਅੰਮ੍ਰਿਤਸਰ ਗੇੜਾ ਨਹੀਂ ਮਾਰ ਰਹੇ ਪਰ ਉਨ੍ਹਾਂ ਦੀ ਬੇਗ਼ਮ ਮਿਸ਼ੇਲ ਓਬਾਮਾ ਦਾ ਪੰਜਾਬ ਨਾਲ ਕੁਨੈਕਸ਼ਨ ਲੱਭ ਗਿਆ ਹੈ। ਉਸ ਦਾ ਆਰਕੀਟੈਕਟ ਅੰਕਲ ਨੌਮੇਨੀ ਰੌਬਿਨਸਨ 1961 ਵਿਚ ਬਤੌਰ 'ਪੀਸ ਕੋਰ ਵਾਲੰਟੀਅਰ' ਪੰਜਾਬ ਆਇਆ ਸੀ।

ਨੌਮੇਨੀ ਰੌਬਿਨਸਨ ਦੋ ਸਾਲ ਪੰਜਾਬ ਰਿਹਾ। ਉਸ ਨੇ ਵਿਕਾਸ ਵਿੱਤ ਕਮਿਸ਼ਨਰ ਐਂਥਨੀ ਫਲੈਚਰ ਅਧੀਨ ਕੰਮ ਕੀਤਾ। ਉਸ ਦੀ ਡਿਊਟੀ ਪੇਂਡੂ ਖੇਤਰਾਂ ਵਿਚ ਘਰ ਬਣਾਉਣ ਵਾਲੇ ਵਿੰਗ ਵਿਚ ਲੱਗੀ। ਪਟਿਆਲਾ ਨੇੜੇ ਪਿੰਡ ਨਾਸਿਰਪੁਰ ਵਿਚ ਉਸ ਨੇ ਲੋਕਾਂ ਨੂੰ ਵਿਸ਼ੇਸ਼ ਮਸ਼ੀਨ ਰਾਹੀਂ ਮਿੱਟੀ, ਪਰਾਲੀ ਅਤੇ ਸੀਮੈਂਟ ਨਾਲ ਇੱਟਾਂ ਤਿਆਰ ਕਰਨ ਬਾਰੇ ਦੱਸਿਆ। ਦੋ ਸਾਲ ਉਹ ਜਲੰਧਰ, ਅੰਮ੍ਰਿਤਸਰ, ਲੁਧਿਆਣਾ, ਸੰਗਰੂਰ ਆਦਿ ਬਹੁਤ ਥਾਂਈਂ ਘੁੰਮਿਆ। 73 ਸਾਲ ਦੇ ਨੌਮੇਨੀ ਰੌਬਿਨਸਨ ਨੂੰ ਪੰਜਾਬ ਵਿਚ ਬਣੇ ਆਪਣੇ ਮਿੱਤਰਾਂ ਦੇ ਨਾਂ ਅਜੇ ਵੀ ਯਾਦ ਹਨ।

# ਪੰਜਾਬ ਵਿਚ ਸਿਆਸੀ ਮਾਹੌਲ ਗਰਮਾਇਆ

ਦੌਰਿਆਂ ਦੌਰਾਨ ਬੜੀ ਉਚੀ ਸੁਰ 'ਚ ਕਹਿ ਰਹੇ ਹਨ ਕਿ ਮਨਪ੍ਰੀਤ ਸਿੰਘ ਬਾਦਲ ਕਾਬਲ ਖ਼ਜ਼ਾਨਾ ਮੰਤਰੀ ਸੀ। ਦੂਜੇ ਪਾਸੇ ਮਨਪ੍ਰੀਤ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ 'ਚ ਸਿਆਣੇ ਆਗੂਆਂ ਲਈ ਕੋਈ ਥਾਂ ਨਹੀਂ। ਸੂਤਰਾਂ ਦਾ ਕਹਿਣਾ ਹੈ ਕਿ ਸ੍ਰੀ ਬਰਨਾਲਾ ਤੇ ਉਨ੍ਹਾਂ ਦੀ ਪਤਨੀ ਤੇ ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਦੀ ਪ੍ਰਧਾਨ ਬੀਬੀ ਸੁਰਜੀਤ ਕੌਰ ਬਰਨਾਲਾ ਦਾ ਰਾਬਤਾ ਮਨਪ੍ਰੀਤ ਸਿੰਘ ਬਾਦਲ ਨਾਲ ਬਣਿਆ ਹੋਇਆ ਹੈ। ਸ੍ਰੀ ਬਰਨਾਲਾ ਵੱਲੋਂ ਅੱਜ-ਕੱਲ੍ਹ ਪੰਜਾਬ ਆ ਕੇ ਆਪਣੇ ਸਮਰਥਕਾਂ ਤੇ ਟਕਸਾਲੀ ਆਗੂਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ 'ਚ ਸ਼ਰੇਆਮ ਅਕਾਲੀ ਦਲ (ਬ) ਦੀ ਅਲੋਚਨਾ ਕੀਤੀ ਜਾ ਰਹੀ ਹੈ। ਇਸ ਖੁੱਲ੍ਹੇਆਮ ਅਲੋਚਨਾ ਤੋਂ ਬੌਖਲਾ ਕੇ ਸ਼੍ਰੋਮਣੀ ਅਕਾਲੀ ਦਲ ਨੇ ਭਾਰਤ ਦੇ ਰਾਸ਼ਟਰਪਤੀ ਤੋਂ ਮੰਗ ਕੀਤੀ ਹੈ ਕਿ ਤਾਮਿਲਨਾਡੂ ਦੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਨੂੰ ਅਹੁਦੇ ਤੋਂ ਤੁਰੰਤ ਬਰਖ਼ਾਸਤ ਕੀਤਾ ਜਾਵੇ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਹੈ ਕਿ ਸ੍ਰੀ ਬਰਨਾਲਾ ਨੇ ਨਾ ਸਿਰਫ ਰਾਜ ਸਰਕਾਰ ਦੇ ਕੰਮਕਾਜ ਦੀ ਆਲੋਚਨਾ ਕੀਤੀ ਹੈ ਬਲਕਿ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਿਲਾਫ਼ ਨਿਜੀ, ਅਪਮਾਨਜਨਕ ਤੇ ਸਿਆਸੀ ਤੌਰ 'ਤੇ ਪ੍ਰੇਰਿਤ ਬਿਆਨਬਾਜ਼ੀ ਕੀਤੀ ਹੈ।




ਦੂਜੇ ਪਾਸੇ ਮਾਲਵੇ ਦੇ ਸੰਗਰੂਰ, ਪਟਿਆਲਾ, ਬਰਨਾਲਾ, ਬਠਿੰਡਾ, ਫ਼ਰੀਦਕੋਟ, ਮਾਨਸਾ, ਮੁਕਤਸਰ ਜ਼ਿਲ੍ਹਿਆਂ ਤੇ ਕਈ ਹੋਰ ਇਲਾਕਿਆਂ 'ਚ ਸਿਆਸੀ ਅਸਰ ਰੱਖਣ ਵਾਲੇ ਲੌਂਗੋਵਾਲ ਅਕਾਲੀ ਦਲ ਦੇ ਨੇਤਾ ਅਗਲੇ ਸਾਲ ਜੂਨ-ਜੁਲਾਈ 'ਚ ਹੋਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਸਰਗਰਮ ਹੋ ਗਏ ਹਨ। ਸੂਤਰਾਂ ਅਨੁਸਾਰ ਲੌਂਗੋਵਾਲ ਦਲ ਦੇ ਆਗੂਆਂ ਵਲੋਂ ਸਰਨਾ ਧੜੇ, ਅਕਾਲੀ ਦਲ 1920 ਤੇ ਹੋਰ ਹਮਖ਼ਿਆਲ ਪਾਰਟੀਆਂ ਨਾਲ ਮਿਲ ਕੇ ਪੰਜਾਬ ਤੇ ਹਰਿਆਣਾ ਦੀਆਂ ਸਾਰੀਆਂ ਸੀਟਾਂ 'ਤੇ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਦੀ ਗੱਲਬਾਤ ਸਿਰੇ ਚੜ੍ਹ ਚੁੱਕੀ ਹੈ। ਇਹ ਵੀ ਕਨਸੋਅ ਹੈ ਕਿ ਤਾਮਿਲਨਾਡੂ ਦੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ 26 ਜਨਵਰੀ ਤੋਂ ਬਾਅਦ ਕੇਂਦਰ ਸਰਕਾਰ ਤੋਂ ਪੱਕੀ ਰੁਖ਼ਸਤ ਲੈ ਕੇ ਪੰਜਾਬ ਦੀ ਸਿਆਸਤ 'ਚ ਸਰਗਰਮ ਹੋਣਗੇ। ਉਂਜ ਸ੍ਰੀ ਬਰਨਾਲਾ ਦੇ ਕਾਰਜਕਾਲ ਦੀ 5 ਸਾਲਾ ਮਿਆਦ ਜੂਨ ਮਹੀਨੇ 'ਚ ਖਤਮ ਹੋਣੀ ਹੈ।

## ਵਾਸ਼ਿੰਗਟਨ ਮੈਟਰੋ 'ਤੇ ਹਮਲੇ ਦੀਆਂ ਸਾਜ਼ਿਸ਼ਾਂ ਰਚਣ ਵਾਲਾ ਕਾਬੂ

**ਵਾਸ਼ਿੰਗਟਨ:** ਵਾਸ਼ਿੰਗਟਨ ਖੇਤਰ 'ਚ ਰੇਲ ਨੈਟਵਰਕ 'ਤੇ ਹਮਲੇ ਦੀ ਸਾਜ਼ਿਸ਼ ਰਚਣ ਦੇ ਦੋਸ਼ਾਂ 'ਚ ਪਾਕਿਸਤਾਨੀ ਮੂਲ ਦੇ ਇਕ ਅਮਰੀਕੀ ਨਾਗਰਿਕ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਫਾਰੂਕ ਅਹਿਮਦ (34) 'ਤੇ ਇਕ ਜਾਣੀ-ਪਛਾਣ ਅਤਿਵਾਦੀ ਜਥੇਬੰਦੀ ਦੀ ਮਦਦ ਕਰਨ ਅਤੇ ਹਮਲੇ ਲਈ ਜਾਣਕਾਰੀ ਇਕੱਠੀ ਕਰਨ ਦੇ ਦੋਸ਼ ਹਨ।

ਵਿਭਾਗ ਦਾ ਕਹਿਣਾ ਹੈ ਕਿ ਅਹਿਮਦ ਉਨ੍ਹਾਂ ਲੋਕਾਂ ਦੇ ਸੰਪਰਕ 'ਚ ਸੀ ਜਿਨ੍ਹਾਂ ਨੂੰ ਉਹ ਅਲ-ਕਾਇਦਾ ਦੇ ਮੈਂਬਰ ਸਮਝਦਾ ਸੀ ਤੇ ਉਹ ਉਨ੍ਹਾਂ ਨਾਲ ਰਲ ਕੇ ਕੌਮੀ ਰਾਜਧਾਨੀ ਦੇ ਬਾਹਰਵਾਰ ਮੈਟਰੋ ਰੇਲ ਸਟੇਸ਼ਨਾਂ 'ਤੇ ਇਕੱਠੇ ਧਮਾਕਿਆਂ ਦੀ ਯੋਜਨਾ ਬਣਾ ਰਿਹਾ ਸੀ। ਉਂਜ, ਉਨ੍ਹਾਂ ਦੀ ਇਹ ਯੋਜਨਾ ਨੇਪਰੇ ਨਹੀਂ ਚੜ੍ਹ ਸਕੀ।

ਜੇ ਅਹਿਮਦ 'ਤੇ ਲੱਗੇ ਦੋਸ਼ ਸਹੀ ਪਾਏ ਗਏ ਤਾਂ ਉਹਨੂੰ 50 ਸਾਲ ਦੀ ਕੈਦ ਹੋ ਸਕਦੀ ਹੈ।

## ਮਨਪ੍ਰੀਤ ਬਾਦਲ ਵੱਲੋਂ ਸਰਕਾਰ 'ਤੇ ਸਮਰਥਕਾਂ ਨੂੰ ਧਮਕਾਉਣ ਦਾ ਦੋਸ਼

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਸਮਰਥਕਾਂ ਨੂੰ ਪੁਲਿਸ ਰਾਹੀਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਸੁਰੱਖਿਆ ਦੀ ਲੋੜ ਤੋਂ ਇਨਕਾਰ ਕਰਦਿਆਂ ਪੰਜਾਬ ਪੁਲਿਸ ਨੂੰ ਕਿਹਾ ਹੈ ਕਿ ਸੁਰੱਖਿਆ ਮੁਲਾਜ਼ਮਾਂ ਨੂੰ ਵਾਪਸ ਬੁਲਾ ਲਿਆ ਜਾਵੇ। ਉਨ੍ਹਾਂ ਸੁਰੱਖਿਆ ਮੁਲਾਜ਼ਮਾਂ 'ਤੇ ਉਨ੍ਹਾਂ ਦੀ ਨਿਗਰਾਨੀ ਰੱਖਣ ਤੇ ਜਾਸੂਸੀ ਕਰਨ ਦਾ ਵੀ ਦੋਸ਼ ਲਾਇਆ।

ਸਾਬਕਾ ਵਿੱਤ ਮੰਤਰੀ ਨੇ ਆਖਿਆ ਕਿ ਇਸ ਤਰ੍ਹਾਂ ਉਨ੍ਹਾਂ ਦੇ ਹਰ ਦੌਰੇ ਬਾਰੇ ਸਰਕਾਰ ਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ ਤੇ ਜਿਥੇ ਵੀ ਉਨਾਂ ਨੇ ਮੀਟਿੰਗ ਕਰਨ ਜਾਣਾ ਹੁੰਦਾ ਹੈ ਉਥੇ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀ ਪਹਿਲਾਂ ਹੀ ਪਹੁੰਚ ਜਾਂਦੇ ਹਨ ਤੇ ਲੋਕਾਂ ਨੂੰ ਧਮਕਾਉਂਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦਾ ਖਜ਼ਾਨਾ ਮੰਤਰੀ ਹੁੰਦਿਆਂ ਖਜ਼ਾਨੇ ਦੇ ਚੌਂਕੀਦਾਰ ਵਜੋਂ ਕੰਮ ਕੀਤਾ ਹੈ ਤੇ ਸੂਬੇ ਦਾ ਸਰਮਾਇਆ ਬਰਬਾਦ ਨਹੀਂ ਹੋਣ ਦਿੱਤਾ। ਇਸ ਲਈ ਮੰਤਰੀਆਂ ਤੇ ਵਿਧਾਇਕਾਂ ਨਾਲ ਦੁਸ਼ਮਣੀਆਂ ਵੀ ਵਿੱਢੀਆਂ। ਰਿਕਾਰਡ ਗਵਾਹ ਹੈ ਕਿ ਜੇ ਮੈਂ ਸਰਕਾਰੀ ਖਜ਼ਾਨੇ ਤੋਂ ਕਿਧਰੇ ਚਾਹ ਦਾ ਕੱਪ ਵੀ ਪੀਤਾ ਹੋਵੇ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਸੁਖਬੀਰ ਬਾਦਲ ਦੇ ਬਿਆਨ ਕਿ 'ਸੰਤ ਅਜੀਤ ਸਿੰਘ ਨੂੰ ਅਸੀਂ ਲੈਣ ਨਹੀਂ ਗਏ, ਉਹ ਆਪ ਹੀ ਆਏ ਹਨ', ਨੇ ਸੰਤ ਅਜੀਤ ਸਿੰਘ ਨੂੰ ਕੀਤਾ ਪ੍ਰੇਸ਼ਾਨ**

-ਨਾ ਖ਼ੁਦਾ ਹੀ ਮਿਲਾ ਨਾ ਵਿਸਾਲੇ ਸਨਮ, ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ।

***ਗੁਰਦੁਆਰਿਆਂ 'ਤੇ ਸੋਨਾ ਚੜ੍ਹਾਉਣ ਦੀ ਥਾਂ ਸਿੱਖ ਵਿਧਵਾਵਾਂ ਦੀ ਹਾਲਤ ਸੁਧਾਰੀ ਜਾਵੇ-ਬੀਬੀ ਦਰਸ਼ਨ ਕੌਰ**

-ਗੁਰਦੁਆਰੇ 'ਤੇ ਚੜ੍ਹਿਆ ਸੋਨਾ ਤਾਂ ਦਿਸੂਗਾ ਬਈ ਫਲਾਣੇ ਆਗੂ ਨੇ ਚੜ੍ਹਵਾਇਆ ਸੀ, ਵਿਧਵਾਵਾਂ ਦੀ ਹਾਲਤ ਸੁਧਾਰਨ ਦਾ ਲੀਡਰਾਂ ਨੂੰ ਕੀ ਲਾਭ?

***ਦੇਸ਼ ਨੂੰ ਭੁੱਖਮਰੀ ਤੋਂ ਬਚਾਉਣ ਦੀ ਸਜ਼ਾ ਪੰਜਾਬ ਦਾ ਕਿਸਾਨ ਭੁਗਤ ਰਿਹੈ-ਅਜਮੇਰ ਸਿੰਘ ਲੱਖੋਵਾਲ**

-ਪਰ ਕਿਸਾਨ ਆਗੂ ਤਾਂ ਸਰਕਾਰੀ ਕੁਰਸੀਆਂ ਦਾ ਅਨੰਦ ਮਾਣ ਹੀ ਰਹੇ ਐ!

***ਪੰਜਾਬ ਵਿਚ ਅਗਲੀ ਸਰਕਾਰ ਕਾਂਗਰਸ ਦੀ ਹੀ ਬਣੇਗੀ-ਕੈਪਟਨ ਅਮਰਿੰਦਰ ਸਿੰਘ**

-ਜੇ ਬੀਬੀ ਆਰੂਸਾ ਨਾ ਆਈ ਤਾਂ।

***ਸੰਤ ਫਤਿਹ ਸਿੰਘ ਦੀ ਪੰਜਾਬ ਨੂੰ ਮਹਾਨ ਦੇਣ**

-ਵੱਡੀ ਦੇਣ ਤਾਂ ਇਹੀ ਐ ਪਈ ਉਨ੍ਹਾਂ ਨੇ ਅਗਨ ਕੁੰਡ ਵਿਚ ਨਾ ਸੜ ਕੇ ਅੰਮ੍ਰਿਤਸਰ ਦੀ ਪਵਿਤਰ ਹਵਾ ਨੂੰ ਪ੍ਰਦੂਸ਼ਤ ਹੋਣ ਤੋਂ ਬਚਾ ਲਿਆ।

***ਕੁਰਾਨ ਨਾ ਸਾੜਨ ਦੇ 'ਇਨਾਮ' ਵਜੋਂ ਮਿਲੀ ਕਾਰ ਪਾਦਰੀ ਨੇ ਕੀਤੀ ਦਾਨ**

-ਜੇ ਸਾਡੇ ਧਾਰਮਿਕ ਆਗੂਆਂ ਨੂੰ ਮਿਲੀ ਹੁੰਦੀ, ਇਨ੍ਹਾਂ ਨੇ ਉਤੇ ਲਾਲ ਬੱਤੀ ਲਵਾ ਲੈਣੀ ਸੀ।

***ਹੁਣ ਪੰਜਾਬੀ ਗਾਇਕ ਆਏ ਫਿਲਮਾਂ ਵੱਲ**

-ਜਿੱਦਾਂ ਗਾਇਕੀ ਦਾ ਭੱਠਾ ਬਿਠਾਇਆ ਹੁਣ ਫਿਲਮਾਂ ਦਾ ਵੀ ਬੈਠਾਉਣਗੇ।

# ਰਾਗਮਾਲਾ ਵਿਵਾਦ:ਜਥੇਦਾਰ ਨੇ ਗਿਆਨੀ ਇਕਬਾਲ ਸਿੰਘ ਤੋਂ ਮੰਗਿਆ ਸਪਸ਼ਟੀਕਰਨ

**ਅੰਮ੍ਰਿਤਸਰ:** ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵਲੋਂ ਰਾਗ ਮਾਲਾ ਪੜ੍ਹੇ ਬਿਨਾਂ ਅਖੰਡ ਪਾਠ ਅਤੇ ਸਹਿਜ ਪਾਠ ਦੇ ਭੋਗ ਨਾ ਪਾਉਣ ਬਾਰੇ ਜਾਰੀ ਕੀਤੇ ਗਏ ਹੁਕਮਨਾਮੇ ਦਾ ਮਾਮਲਾ 30 ਅਕਤੂਬਰ ਨੂੰ ਉਸ ਵੇਲੇ ਮੁੜ ਚਰਚਾ ਵਿਚ ਆ ਗਿਆ ਜਦੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਸ ਮਾਮਲੇ ਵਿਚ ਗਿਆਨੀ ਇਕਬਾਲ ਸਿੰਘ ਕੋਲੋਂ ਸਪੱਸ਼ਟੀਕਰਨ ਲੈਣ ਉਪਰੰਤ ਹੀ ਉਨ੍ਹਾਂ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸ਼ਾਮਲ ਹੋਣ ਦਾ ਹੱਕ ਦਿੱਤਾ ਜਾਵੇਗਾ।

ਗਿਆਨੀ ਇਕਬਾਲ ਸਿੰਘ ਵਲੋਂ ਲੰਘੀ 19 ਅਗਸਤ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਉਥੋਂ ਦੇ ਪੰਜ ਸਾਹਿਬਾਨ ਦੀ ਇਕੱਤਰਤਾ ਕਰਕੇ ਸਿੱਖ ਸੰਗਤ ਦੇ ਨਾਂ ਆਦੇਸ਼ ਜਾਰੀ ਕੀਤਾ ਗਿਆ ਸੀ ਕਿ ਬਿਨਾਂ ਰਾਗ ਮਾਲਾ ਪੜ੍ਹੇ ਗੁਰਬਾਣੀ ਦੇ ਅਖੰਡ ਪਾਠ ਅਤੇ ਸਹਿਜ ਪਾਠ ਦੇ ਭੋਗ ਨਾ ਪਾਏ ਜਾਣ ਅਤੇ ਜੇਕਰ ਕੋਈ ਬਿਨਾਂ ਰਾਗ ਮਾਲਾ ਪੜ੍ਹੇ ਭੋਗ ਪਾਵੇਗਾ ਤਾਂ ਉਹ ਪੰਥ ਦਾ ਦੋਖੀ ਅਤੇ ਪਾਪੀ ਹੋਵੇਗਾ। ਉਸ ਨਾਲ ਭਵਿੱਖ ਵਿਚ ਸਿੱਖ ਸੰਗਤ ਵਲੋਂ ਕਿਸੇ ਤਰ੍ਹਾਂ ਦਾ ਕੋਈ ਮਿਲਵਰਤਣ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਸੀ ਕਿ ਜਦੋਂ ਬਿਨਾਂ ਰਾਗ ਮਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਲਿਖਣ ਅਤੇ ਛਾਪਣ ਦਾ ਅਧਿਕਾਰ ਨਹੀਂ ਹੈ ਤਾਂ ਫਿਰ ਕਿਸੇ ਵੀ ਸਿੱਖ ਨੂੰ ਬਿਨਾਂ ਰਾਗ ਮਾਲਾ ਪੜ੍ਹੇ ਪਾਠ ਦਾ ਭੋਗ ਪਾਉਣ ਦਾ ਵੀ ਹੱਕ ਨਹੀਂ ਹੈ। ਬਿਨਾਂ ਰਾਗ ਮਾਲਾ ਪੜ੍ਹੇ ਭੋਗ ਪਾਉਣਾ ਗੁਰਬਾਣੀ ਦੀ ਬੇਅਦਬੀ ਹੈ। ਉਨ੍ਹਾਂ ਇਹ ਵੀ ਆਦੇਸ਼ ਦਿੱਤਾ ਸੀ ਕਿ ਜਿਥੇ ਵੀ ਬਿਨਾਂ ਰਾਗ ਮਾਲਾ ਪੜ੍ਹੇ ਭੋਗ ਪਾਏ ਜਾਣ, ਉਥੋਂ ਪਾਵਨ ਸਰੂਪ ਵਾਪਸ ਲੈ ਆਂਦੇ ਜਾਣ ਅਤੇ ਅਜਿਹੇ ਲੋਕਾਂ ਨੂੰ ਪਾਵਨ ਸਰੂਪ ਨਾ ਦਿੱਤੇ ਜਾਣ।

ਅਖੰਡ ਕੀਰਤਨੀ ਜਥੇ ਦੀਆਂ ਦੋਵਾਂ ਧਿਰਾਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਸੀ ਅਤੇ ਇਕ ਧਿਰ ਨੇ ਇਸ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਵਿਖੇ ਮੰਗ ਪੱਤਰ ਲੈ ਕੇ ਸ੍ਰੀ ਇਕਬਾਲ ਸਿੰਘ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ।

ਇਸ ਸਬੰਧੀ ਇਥੇ ਕੁਝ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਗਿਆਨੀ ਇਕਬਾਲ ਸਿੰਘ ਕੋਲੋਂ ਰਾਗਮਾਲਾ ਦੇ ਮਾਮਲੇ ਵਿਚ ਆਦੇਸ਼ ਜਾਰੀ ਕਰਨ ਬਾਰੇ ਸਪੱਸ਼ਟੀਕਰਨ ਮੰਗਿਆ ਹੈ। ਸਪੱਸ਼ਟੀਕਰਨ ਦਿੱਤੇ ਜਾਣ ਉਪਰੰਤ ਇਸ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ ਅਤੇ ਇਸ ਤੋਂ ਮਗਰੋਂ ਹੀ ਉਨ੍ਹਾਂ ਨੂੰ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸ਼ਾਮਲ ਹੋਣ ਦੀ ਆਗਿਆ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਇਕੱਤਰਤਾ ਬੰਦੀ ਛੋੜ ਦਿਵਸ (ਦੀਵਾਲੀ) ਤੋਂ ਬਾਅਦ ਰੱਖੀ ਜਾਵੇਗੀ।

ਦੂਜੇ ਪਾਸੇ, ਗਿਆਨੀ ਇਕਬਾਲ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਸਪਸ਼ਟੀਕਰਨ ਦੇਣ ਬਾਰੇ ਹੁਣ ਤਕ ਕੋਈ ਪੱਤਰ ਪ੍ਰਾਪਤ ਨਹੀਂ ਹੋਇਆ ਅਤੇ ਜਦੋਂ ਅਜਿਹਾ ਕੋਈ ਪੱਤਰ ਆਵੇਗਾ ਤਾਂ ਉਹ ਉਸ ਦਾ ਲਿਖਤੀ ਜਵਾਬ ਜ਼ਰੂਰ ਭੇਜਣਗੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਬਾਰੇ ਉਹ ਜ਼ੁਬਾਨੀ ਤੌਰ 'ਤੇ ਗਿਆਨੀ ਗੁਰਬਚਨ ਸਿੰਘ ਨਾਲ ਗੱਲਬਾਤ ਕਰ ਚੁੱਕੇ ਹਨ ਅਤੇ ਸਾਰੀ ਸਥਿਤੀ ਤੋਂ ਵੀ ਜਾਣੂੰ ਕਰਵਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਕ ਸਿੱਖ ਜਥੇਬੰਦੀ ਵਲੋਂ ਅੰਮ੍ਰਿਤ ਸੰਚਾਰ ਕਰਨ ਸਮੇਂ ਅੰਮ੍ਰਿਤ ਅਭਿਲਾਖੀਆਂ ਨੂੰ ਰਾਗ ਮਾਲਾ ਗੁਰਬਾਣੀ ਨਹੀਂ ਹੈ, ਬਾਰੇ ਹੁਕਮ ਦਿੱਤੇ ਜਾਣ ਕਾਰਨ ਹੀ ਉਨ੍ਹਾਂ ਨੂੰ ਇਹ ਆਦੇਸ਼ ਜਾਰੀ ਕਰਨ ਦੀ ਲੋੜ ਪਈ ਹੈ। ਅਧਿਕਾਰ ਖੇਤਰ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵਲੋਂ ਜਾਰੀ ਦੋ ਹੁਕਮਨਾਮੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਮੌਜੂਦ ਹਨ ਅਤੇ ਉਸ ਵਿਚ ਤਖ਼ਤ ਦੇ ਜਥੇਦਾਰ ਨੂੰ ਆਦੇਸ਼ ਜਾਰੀ ਕਰਨ ਦੇ ਹੱਕ ਦਿੱਤੇ ਗਏ ਹਨ।



*ਗਿਆਨੀ ਇਕਬਾਲ ਸਿੰਘ ਅਤੇ ਜਥੇਦਾਰ ਗੁਰਬਚਨ ਸਿੰਘ*

ਇਥੇ ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਵਲੋਂ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਸਬੰਧੀ ਪੁਸਤਕ ਦੇ ਪੰਨਾ ਨੰਬਰ 18 'ਤੇ ਭੋਗ ਸਿਰਲੇਖ ਹੇਠ ਇਹ ਸਪੱਸ਼ਟ ਲਿਖਿਆ ਹੋਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ। ਅੱਠ ਦਹਾਕੇ ਪਹਿਲਾਂ ਸਿੱਖ ਰਹਿਤ ਮਰਿਆਦਾ ਤਿਆਰ ਕਰਨ ਸਮੇਂ ਰਾਗ ਮਾਲਾ ਬਾਰੇ ਕੋਈ ਫੈਸਲਾ ਨਹੀਂ ਹੋਇਆ ਸੀ। ਇਸ ਮਾਮਲੇ ਵਿਚ ਸਰਬਸੰਮਤੀ ਨਾ ਹੋਣ ਕਾਰਨ ਇਸ ਮਾਮਲੇ ਨੂੰ ਵਿਚਾਲੇ ਛੱਡ ਦਿੱਤਾ ਗਿਆ ਸੀ।

## ਮੇਰੀ ਹੱਤਿਆ ਲਈ ਸਰਕਾਰ ਜ਼ਿੰਮੇਵਾਰ ਹੋਵੇਗੀ-ਸਵਾਮੀ ਰਾਮਦੇਵ

**ਲਖਨਊ:** ਸਿਆਸਤ 'ਚ ਕੁੱਦਣ ਦਾ ਸੰਕੇਤ ਦੇ ਚੁੱਕੇ ਤੇ ਭ੍ਰਿਸ਼ਟਾਚਾਰ ਵਿਰੁਧ ਜਾਗਰੂਕਤਾ ਲਈ ਦੇਸ਼ ਵਿਆਪੀ ਯਾਤਰਾ ਕੱਢ ਰਹੇ ਸਵਾਮੀ ਰਾਮਦੇਵ ਨੇ ਆਪਣੀ ਹੱਤਿਆ ਬਾਰੇ ਸ਼ੰਕਾ ਪ੍ਰਗਟਾਉਂਦੇ ਹੋਏ ਕਿਹਾ ਕਿ ਜੇਕਰ ਅਜਿਹਾ ਹੋਇਆ ਤਾਂ ਉਸ ਲਈ ਕੇਂਦਰ ਸਰਕਾਰ ਜ਼ਿੰਮੇਵਾਰ ਹੋਵੇਗੀ। ਸਵਾਮੀ ਰਾਮਦੇਵ ਨੇ ਇੱਕ ਸਮਾਗਮ 'ਚ ਕਿਹਾ ਕਿ ਕੇਂਦਰ ਸਰਕਾਰ ਵਿਦੇਸ਼ 'ਚ ਜਮ੍ਹਾਂ ਕਾਲੇ ਧਨ ਨੂੰ ਭਾਰਤ ਵਾਪਸ ਲਿਆਉਣ ਲਈ ਟਾਲ-ਮਟੋਲ ਕਰ ਰਹੀ ਹੈ ਇਸ ਤੋਂ ਸਾਬਿਤ ਹੁੰਦਾ ਹੈ ਕਿ ਕੇਂਦਰ ਸਰਕਾਰ ਖ਼ੁਦ ਬੇਈਮਾਨ ਹੈ।

ਭ੍ਰਿਸ਼ਟਾਚਾਰ ਨੂੰ 'ਗੰਧਲੀ ਰਾਜਨੀਤਕ' ਸਮੱਸਿਆ ਕਰਾਰ ਦਿੰਦਿਆਂ ਸਵਾਮੀ ਰਾਮਦੇਵ ਨੇ ਭ੍ਰਿਸ਼ਟ ਵਿਅਕਤੀਆਂ ਵਿਰੁਧ ਮੌਤ ਦੀ ਸਜ਼ਾ ਦੀ ਮੰਗ ਕੀਤੀ ਤੇ ਕਿਹਾ ਕਿ ਕੇਂਦਰ ਸਰਕਾਰ ਘਪਲੇਬਾਜ਼ਾਂ ਤੇ ਭ੍ਰਿਸ਼ਟ ਵਿਅਕਤੀਆਂ ਵਿਰੁਧ ਸਖ਼ਤ ਕਦਮ ਨਹੀਂ ਉਠਾ ਰਹੀ ਜਿਸ ਤੋਂ ਸਾਫ ਹੈ ਕਿ ਸਰਕਾਰ ਆਪ ਬੇਈਮਾਨ ਹੋਣ ਦੇ ਨਾਲ-ਨਾਲ ਬੇਈਮਾਨ ਲੋਕਾਂ ਨੂੰ ਸ਼ਰਨ ਵੀ ਦੇ ਰਹੀ ਹੈ। ਆਪਣੀ ਹੱਤਿਆ ਪ੍ਰਤੀ ਸ਼ੱਕ ਪ੍ਰਗਟ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਸ ਦੇਸ਼ 'ਚ ਭ੍ਰਿਸ਼ਟਾਚਾਰ ਖ਼ਿਲਾਫ ਆਵਾਜ਼ ਉਠਾਉਣ ਵਾਲਿਆਂ ਨੂੰ ਤਾਕਤਵਰ ਲੋਕਾਂ ਵੱਲੋਂ ਰਸਤੇ ਤੋਂ ਹਟਾ ਦਿੱਤਾ ਗਿਆ ਹੈ। ਮੈਂ ਵੀ ਭ੍ਰਿਸ਼ਟਾਚਾਰ ਵਿਰੁਧ ਆਵਾਜ਼ ਉਠਾ ਰਿਹਾ ਹਾਂ ਇਸ ਲਈ ਲੋਕ ਮੈਨੂੰ ਵੀ 'ਦੁਨੀਆ ਤੋਂ ਉਠਾਉਣਾ' ਚਾਹੁੰਦੇ ਹਨ ਜੇਕਰ ਮੈਨੂੰ ਕੁਝ ਹੋਇਆ ਤਾਂ ਇਸ ਲਈ ਕੇਂਦਰ ਸਰਕਾਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਵੇਗੀ।

## 'ਸਦਾ-ਏ-ਸਰਹੱਦ' ਬੱਸ ਸੇਵਾ ਮੁੜ ਸ਼ੁਰੂ

**ਲਾਹੌਰ:** ਹਿੰਦੋਸਤਾਨ ਤੇ ਪਾਕਿਸਤਾਨ ਵਿਚਾਲੇ ਚਲਦੀ ਸਰਹੱਦ ਪਾਰ ਬੱਸ ਸੇਵਾ 'ਸਦਾ-ਏ-ਸਰਹੱਦ' ਚਾਰ ਮਹੀਨਿਆਂ ਦੇ ਵਕਫੇ ਮਗਰੋਂ ਮੁੜ ਸ਼ੁਰੂ ਕਰ ਦਿੱਤੀ ਗਈ ਹੈ। ਗ੍ਰਹਿ ਮੰਤਰਾਲੇ ਦੇ ਦਖਲ ਤੋਂ ਬਾਅਦ ਪਾਕਿਸਤਾਨ ਨੇ ਆਪਣੇ ਇਲਾਕੇ ਵਿਚ ਬੱਸ ਦੀ ਸੁਰੱਖਿਆ ਬਹਾਲ ਕਰ ਦਿੱਤੀ ਹੈ। ਡੀ.ਟੀ.ਸੀ. ਦੀ ਲਾਹੌਰ ਲਈ ਬੱਸ ਪਿਛਲੀ ਜੂਨ 'ਚ ਉਦੋਂ ਬੰਦ ਕਰ ਦਿੱਤੀ ਸੀ ਜਦੋਂ ਪਾਕਿਸਤਾਨੀ ਅਧਿਕਾਰੀਆਂ ਨੇ ਇਸ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਲੈਣ ਤੋਂ ਨਾਂਹ ਕਰ ਦਿੱਤੀ ਸੀ। ਉਂਜ ਪਾਕਿਸਤਾਨ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਦੀ ਬੱਸ ਭਾਰਤੀ ਏਜੰਸੀਆਂ ਦੇ ਪਹਿਰੇ ਹੇਠ ਦਿੱਲੀ ਆਉਂਦੀ ਰਹੀ ਸੀ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
National Truck Driving School

Call For Special Price
Kashmir S. Thandi
Office: (866) 933-3038
Balhar S. Ranu
Cell:916-502-7733
4585 Pell Dr. Secramento CA, 95838

Real Estate & Loans Under One Roof
Call:Sam Chahal Tel: 916-612-5773
For Buying and Selling Residential, Commercial property and for Loans in Sacramento area

Sam (Sohanpreet)Chahal
CA Lic. 01504071
Realtor/Notary Public
e-mail:sam@jassigill.com
Short Sale Specialist
*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।
Reo-Bankowned Properties
Serving from Bay Area to Sacramento
We Help You Buy/Sell Business & Homes
Multi-Million Dollars Producer-2007-08
Call Master of Winners in Multiple Offers
ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।
Golden State Realty
Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਧਿਆਨ ਬਦਲੇ ਵੱਲ ਨਹੀਂ, ਪੰਜਾਬ ਦੇ ਭਲੇ ਵੱਲ ਲਾਵਾਂਗੇ:ਅਮਰਿੰਦਰ

**ਚੰਡੀਗੜ੍ਹ:** "41 ਸਾਲ ਪਹਿਲਾਂ ਜਦੋਂ ਮੈਂ ਸਿਆਸਤ ਵਿਚ ਪੈਰ ਰੱਖਿਆ ਸੀ ਤਾਂ ਉਦੋਂ ਸੁਖਬੀਰ ਕੇ.ਜੀ. (ਕਿੰਡਰਗਾਰਟਨ) ਵਿਚ ਹੁੰਦਾ ਸੀ। ਉਸ ਨੂੰ ਅਜੇ ਸਿਆਸਤ ਸਿੱਖਣ ਵੱਲ ਧਿਆਨ ਦੇਣਾ ਚਾਹੀਦਾ ਹੈ, ਟਾਹਰਾਂ ਮਾਰਨ ਵੱਲ ਨਹੀਂ।" ਇਹ ਸ਼ਬਦ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਨਵੇਂ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਹਨ।

ਟ੍ਰਿਬਿਊਨ ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਰਾਜ ਚੇਂਗੱਪਾ ਨਾਲ ਇਕ ਵਿਸ਼ੇਸ਼ ਇੰਟਰਵਿਊ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ 'ਨਵੀਂ ਪੀੜ੍ਹੀ ਦੇ ਸਿਆਸਤਦਾਨ' ਹਨ ਜੋ ਕਿ 'ਬਹੁਤ ਛੇਤੀ ਬਹੁਤ ਵੱਡੀ ਛਾਲ ਮਾਰਨੀ ਚਾਹੁੰਦੇ ਹਨ।' ਉਨ੍ਹਾਂ ਨੂੰ ਪਹਿਲਾਂ ਸਿਆਸਤ ਦੇ ਗੁਰ ਸਿੱਖਣ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸੇ ਇੰਟਰਵਿਊ ਦੌਰਾਨ ਅਮਰਿੰਦਰ ਸਿੰਘ ਨੇ ਆਪਣੇ ਕੱਟੜ ਸਿਆਸੀ ਵਿਰੋਧੀਆਂ ਪ੍ਰਤੀ ਬਦਲਾਖੋਰੀ ਦਾ ਰਾਹ ਤਿਆਗਣ ਦਾ ਸੰਕੇਤ ਵੀ ਦਿੱਤਾ। ਉਨ੍ਹਾਂ ਕਿਹਾ, "ਹੁਣ ਬਦਲੇ ਲੈਣ ਦਾ ਸਮਾਂ ਨਹੀਂ ਰਿਹਾ। ਸਾਡਾ ਧਿਆਨ ਪੰਜਾਬ ਨੂੰ ਲੀਹ 'ਤੇ ਲਿਆਉਣ ਵੱਲ ਕੇਂਦਰਿਤ ਹੋਣਾ ਚਾਹੀਦਾ ਹੈ। ਜੇਕਰ ਕਿਸੇ ਨੂੰ ਕਿਸੇ ਚੀਜ਼ ਬਾਰੇ ਸ਼ਿਕਾਇਤ ਹੈ ਤਾਂ ਸਰਕਾਰ ਉਸ ਸ਼ਿਕਾਇਤ ਵੱਲ ਖ਼ੁਦ ਧਿਆਨ ਦੇਵੇਗੀ। ਜੇਕਰ ਅਸੀਂ ਆਪਣਾ ਧਿਆਨ ਇਕ-ਦੂਜੇ ਨੂੰ ਨੁਕਸਾਨ ਪਹੁੰਚਾਉਣ ਵੱਲ ਹੀ ਲਾਈ ਰੱਖਿਆ ਤਾਂ ਨੁਕਸਾਨ ਪੰਜਾਬ ਦਾ ਹੀ ਹੋਵੇਗਾ।"

ਉਨ੍ਹਾਂ ਕਿਹਾ ਕਿ ਜੇ ਅਸੀਂ ਰਾਜ ਵਿਚ ਵਿਕਾਸ ਚਾਹੁੰਦੇ ਹਾਂ ਤਾਂ ਬਦਲੇਖੋਰੀ ਦੀ ਪ੍ਰਥਾ ਬੰਦ ਕਰਨੀ ਪਵੇਗੀ। ਨਿਵੇਸ਼ ਲਈ ਨਿਰੰਤਰਤਾ ਜ਼ਰੂਰੀ ਹੈ। ਉਨ੍ਹਾਂ ਕਿਹਾ "ਮੈਂ ਕਹਿਣਾ ਚਾਹਾਂਗਾ ਕਿ ਜਦੋਂ ਕਾਂਗਰਸ ਪੰਜਾਬ ਵਿਚ ਸੱਤਾ ਵਿਚ ਆਈ ਤਾਂ ਅਸੀਂ ਬਾਦਲ ਸਰਕਾਰ ਵੱਲੋਂ ਇਸ ਨਜ਼ਰੀਏ ਤੋਂ ਕੀਤੀ ਹਰ ਚੀਜ਼ ਦਾ ਸਤਿਕਾਰ ਕਰਾਂਗੇ। ਅਸੀਂ ਸਨਅਤ ਚਾਹੁੰਦੇ ਹਾਂ ਅਤੇ ਸਨਅਤ ਜਾਣਦੀ ਹੈ ਕਿ ਇਸ ਲਈ ਨਿਰੰਤਰਤਾ ਦੀ ਲੋੜ ਹੈ। ਮਹੀਨੇ ਨਹੀਂ ਸਗੋਂ ਕਈ ਸਾਲ ਲੰਘਣ ਮਗਰੋਂ ਉਨ੍ਹਾਂ ਨੂੰ ਚੁੱਕ ਕੇ ਬਾਹਰ ਸੁੱਟ ਦਿੱਤਾ ਜਾਂਦਾ ਹੈ।

"ਪੰਜਾਬ ਲੜਖੜਾ ਰਿਹਾ ਹੈ। ਨਵੇਂ ਉਸਾਰੂ ਖਿਆਲਾਂ ਤੋਂ ਬਗੈਰ ਪੰਜਾਬ ਕਿਵੇਂ ਅੱਗੇ ਵਧੇਗਾ? ਨਵੀਂ ਸਨਅਤੀ ਨੀਤੀ ਲੈ ਕੇ ਆਵੋ, ਅਫਸਰਸ਼ਾਹੀ ਵਾਲੇ ਢੰਗ ਤਰੀਕੇ ਤੋਂ ਵੱਖਰਾ ਸਿਸਟਮ ਬਣਾਓ ਜੋ ਉਹ ਟੀਚੇ ਤੈਅ ਕਰੇ ਜਿਨ੍ਹਾਂ ਵਿਚ ਪੰਜਾਬ ਨੂੰ ਅੱਗੇ ਵਧਾਇਆ ਜਾ ਸਕਦਾ ਹੈ।"

ਸਬਸਿਡੀਆਂ ਦੇ ਮੁੱਦੇ 'ਤੇ ਆਪਣਾ ਸਟੈਂਡ ਸਪਸ਼ਟ ਕਰਦਿਆਂ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਗਰੀਬ ਤੋਂ ਗਰੀਬ ਲੋਕਾਂ ਦੀ ਭਲਾਈ ਪ੍ਰਤੀ ਵਚਨਬੱਧ ਹੈ। ਕਾਂਗਰਸ ਸਬਸਿਡੀਆਂ ਨੂੰ ਸੰਤੁਲਤ ਕਰਨ ਦੀ ਕੋਸ਼ਿਸ਼ ਕਰੇਗੀ ਤੇ ਇਹ ਯਕੀਨੀ ਬਣਾਏਗੀ ਕਿ ਵਿੱਤੀ ਸਹਾਇਤਾ ਸਿਰਫ ਲੋੜਵੰਦਾਂ ਤਕ ਪੁੱਜੇ। "ਤੁਸੀਂ ਹਜ਼ਾਰਾਂ ਏਕੜਾਂ ਦੇ ਮਾਲਕ ਦੀ ਇਕ ਮਰਲੇ ਦੇ ਮਾਲਕ ਨਾਲ ਤੁਲਨਾ ਨਹੀਂ ਕਰ ਸਕਦੇ, ਸਾਰਿਆਂ ਨੂੰ ਸਬਸਿਡੀਆਂ ਦੇਣ ਦੀ ਪ੍ਰਥਾ ਬਦਲਣੀ ਪਵੇਗੀ।"

ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਗਠਜੋੜ ਨੇ ਰਾਜ ਦੇ ਵਿਕਾਸ ਲਈ ਕੁਝ ਨਹੀਂ ਕੀਤਾ। ਇਸ ਨਿਕੰਮੇ ਸ਼ਾਸਨ ਤੋਂ ਬਾਦਲ ਪਰਿਵਾਰ ਦਾ ਕੁਝ ਨਹੀਂ ਵਿਗੜਿਆ ਪਰ ਪੰਜਾਬ ਦਾ ਆਮ ਆਦਮੀ ਨੁਕਸਾਨਿਆ ਗਿਆ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਸਾਨੂੰ ਵੱਡੀ ਤਬਦੀਲੀ ਦੀ ਲੋੜ ਹੈ। ਸਨਅਤ ਵਿਚ ਇਹ ਧਾਰਨਾ ਹੈ ਕਿ ਬਾਦਲ ਉਸ ਸਭ ਕੁਝ ਨੂੰ ਉਲਟਾ ਦੇਵੇਗਾ ਜੋ ਅਮਰਿੰਦਰ ਸਰਕਾਰ ਵੇਲੇ ਖੜ੍ਹਾ ਕੀਤਾ ਗਿਆ ਸੀ।

ਪੰਜਾਬ ਵਿਚ ਦੁਬਾਰਾ ਖਿੱਚ ਦਾ ਕੇਂਦਰ ਬਣਨ ਉਤੇ ਕਿਵੇਂ ਮਹਿਸੂਸ ਹੋ ਰਿਹਾ ਹੈ? ਇਸ ਦੇ ਜਵਾਬ ਵਿਚ ਕੈਪਟਨ ਨੇ ਕਿਹਾ, ਬਹੁਤ ਵਧੀਆ ਲੱਗ ਰਿਹਾ ਹੈ। ਮੈਂ 1998 ਤੋਂ ਚਾਰ ਸਾਲ ਤੱਕ ਪ੍ਰਧਾਨ ਰਿਹਾ, ਫੇਰ ਪੰਜ ਸਾਲ ਮੁੱਖ ਮੰਤਰੀ ਰਿਹਾ ਅਤੇ ਇਸ ਪਿੱਛੋਂ ਸੱਤਾ ਤੋਂ ਬਾਹਰ ਹੋ ਗਿਆ। ਹੁਣ ਰੱਬ ਦੀ ਮਿਹਰ ਨਾਲ ਮੈਂ ਦੁਬਾਰਾ ਦੌੜ ਵਿਚ ਸ਼ਾਮਲ ਹੋ ਗਿਆ ਹਾਂ। ਇਹ ਬੜਾ ਨਾਜ਼ੁਕ ਸਮਾਂ ਹੈ; ਸਾਡੇ ਕੋਲ ਇਕ ਸਾਲ ਦਾ ਵਕਤ ਹੈ ਅਤੇ ਪਾਰਟੀ ਲਾਮਬੰਦ ਹੈ ਤੇ ਹੌਸਲੇ ਬੁਲੰਦ ਹਨ। ਇਸ ਲਈ ਅਜਿਹਾ ਕੋਈ ਕਾਰਨ ਨਹੀਂ ਹੈ ਕਿ ਅਸੀਂ ਚੋਣਾਂ ਨਹੀਂ ਜਿੱਤ ਸਕਦੇ।



ਮੁੱਖ ਮੰਤਰੀ ਬਣਨ 'ਤੇ ਉਨ੍ਹਾਂ ਦੀਆਂ ਤਰਜੀਹਾਂ ਕੀ ਹੋਣਗੀਆਂ? ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਮੇਰਾ ਮੁੱਢਲਾ ਕੰਮ ਰਾਜ ਦੀ ਮਾਲੀ ਹਾਲਤ ਸੁਧਾਰਨਾ ਹੋਵੇਗਾ। ਜਿਸ ਦੀ ਮਾਲੀ ਹਾਲਤ ਠੀਕ ਹੋਵੇ, ਉਸ ਦਾ ਸਭ ਕੁਝ ਠੀਕ ਹੁੰਦਾ ਹੈ। ਸਾਡੇ 40 ਲੱਖ ਨੌਜਵਾਨ ਨੌਕਰੀਆਂ ਦੀ ਭਾਲ ਵਿਚ ਹਨ ਅਤੇ ਉਨ੍ਹਾਂ ਨੂੰ ਰੁਜ਼ਗਾਰ ਦੇਣ ਤੇ ਉਨ੍ਹਾਂ ਦੀ ਮਦਦ ਕਰਨ ਲਈ ਜ਼ਰੂਰ ਕੁਝ ਕੀਤੇ ਜਾਣ ਦੀ ਲੋੜ ਹੈ।

ਕਾਂਗਰਸ ਵਿਚ ਚੱਲ ਰਹੀ ਧੜੇਬੰਦੀ ਦੇ ਸਵਾਲ ਉਤੇ ਕੈਪਟਨ ਦਾ ਜਵਾਬ ਸੀ, ਮੈਨੂੰ ਨਹੀਂ ਜਾਪਦਾ ਕਿ ਇਹ ਗੱਲ ਸਹੀ ਹੈ। ਸਾਡੀ ਪਾਰਟੀ ਬਹੁਤ ਵੱਡੀ ਹੈ ਅਤੇ ਸਾਡੇ ਵੱਖੋ-ਵੱਖਰੇ ਵਿਚਾਰ ਵੀ ਹਨ ਅਤੇ ਕੰਮ-ਕਾਜ ਦੌਰਾਨ ਸਾਰਿਆਂ ਦੀ ਆਪੋ-ਆਪਣੀ ਰਾਇ ਹੁੰਦੀ ਹੈ ਅਤੇ ਅਸੀਂ ਮੁੱਦੇ ਵਿਚਾਰਨ ਲਈ ਇਕਮੁੱਠ ਰਹਿੰਦੇ ਹਾਂ। ਸਿਆਸਤ ਵਿਚ ਅਖੀਰ 'ਚ ਸਾਡੇ ਕੋਲ ਕਾਂਗਰਸ ਪ੍ਰਧਾਨ ਹੈ ਅਤੇ ਜਿਸ ਕਿਸੇ ਨੂੰ ਵੀ ਕੋਈ ਸ਼ਿਕਾਇਤ ਹੁੰਦੀ ਹੈ ਜਾਂ ਉਹ ਪੰਜਾਬ ਕਾਂਗਰਸ ਨਾਲ ਸਬੰਧਤ ਕੋਈ ਸੁਝਾਅ ਦੇਣਾ ਚਾਹੁੰਦਾ ਹੈ ਤਾਂ ਉਹ ਕਾਂਗਰਸ ਪ੍ਰਧਾਨ ਨਾਲ ਸੰਪਰਕ ਕਰ ਸਕਦਾ ਹੈ। ਇਸ ਤਰ੍ਹਾਂ ਅਸੀਂ ਬਹੁਤ ਨੇੜੇ ਹੋ ਕੇ ਕੰਮ ਕਰਦੇ ਹਾਂ। ਮਤਭੇਦਾਂ ਦੀ ਕਹਾਣੀ ਬਹੁਤੀ ਮੀਡੀਆ ਦੀ ਹੀ ਉਪਜ ਹੈ। ਜੇ ਮੈਂ ਕਿਤੇ ਜਾਵਾਂ ਤਾਂ ਉਹ ਪੁੱਛਣਗੇ ਕਿ ਮੈਂ ਇਕੱਲਾ ਕਿਉਂ ਆਇਆ ਹਾਂ? ਬੀਬੀ ਭੱਠਲ ਨਾਲ ਕਿਉਂ ਨਹੀਂ ਹਨ? ਇਹ ਜ਼ਰੂਰੀ ਨਹੀਂ ਹੈ ਕਿ ਤੁਸੀਂ ਇਕ-ਦੂਜੇ ਦਾ ਹੱਥ ਫੜ ਕੇ ਹਰ ਕਿਤੇ ਇਕੱਠੇ ਜਾਵੋ। ਅਸੀਂ ਜ਼ਿੰਮੇਵਾਰ ਲੋਕ ਹਾਂ ਅਤੇ ਆਪਣਾ ਕੰਮ ਕਰਦੇ ਹਾਂ।

ਪ੍ਰਕਾਸ਼ ਸਿੰਘ ਬਾਦਲ ਸਰਕਾਰ ਦੀ ਕਾਰਗੁਜ਼ਾਰੀ ਦੀ ਗੱਲ ਕਰਦਿਆਂ ਕਾਂਗਰਸ ਪ੍ਰਧਾਨ ਨੇ ਆਖਿਆ, ਬਾਦਲ ਬਿਲਕੁਲ ਵੀ ਬੁੱਧੀਜੀਵੀ ਨਹੀਂ ਹੈ। ਉਹ ਪ੍ਰਚਾਰ ਕਰਨ ਲਈ ਵਧੀਆ ਹਨ। ਉਹ ਤੜਕੇ ਉਠ ਕੇ ਦੇਰ ਰਾਤ ਤੱਕ ਪਿੰਡ-ਪਿੰਡ ਜਾ ਕੇ ਪ੍ਰਚਾਰ ਕਰ ਸਕਦੇ ਹਨ ਅਤੇ ਜਿੱਥੋਂ ਤੱਕ ਮੈਂ ਸਮਝਦਾ ਹਾਂ ਉਨ੍ਹਾਂ ਦੀ ਸੋਚ ਵਕਤ ਤੋਂ 40 ਸਾਲ ਪਿੱਛੇ ਤੁਰਦੀ ਹੈ। ਮੈਨੂੰ ਨਹੀਂ ਜਾਪਦਾ ਕਿ ਉਹ ਅਜਿਹੀਆਂ ਨੀਤੀਆਂ ਬਣਾ ਸਕਦੇ ਹਨ ਜਿਹੜੀਆਂ ਰਾਜ ਦੇ ਲੋਕਾਂ ਦੀ ਅਗਲੀ ਸਦੀ ਵਾਸਤੇ ਅਗਵਾਈ ਕਰ ਸਕਣ ਅਤੇ ਫੇਰ ਦੋ ਨੌਜਵਾਨ ਹਨ-ਸੁਖਬੀਰ ਅਤੇ ਮਨਪ੍ਰੀਤ। ਇਨ੍ਹਾਂ ਵਿਚੋਂ ਇਕ ਸਰਕਾਰ ਨੂੰ ਸੱਜੇ ਧੱਕ ਰਿਹਾ ਸੀ ਤੇ ਦੂਜਾ ਖੱਬੇ। ਇਸ ਲਈ ਹੋ ਕੁਝ ਵੀ ਨਹੀਂ ਸੀ ਰਿਹਾ।

ਪੰਜਾਬ ਆਰਥਿਕ ਸੰਕਟ ਵਿਚ ਹੈ। ਸਾਡੀ ਆਮਦਨ 20,000 ਕਰੋੜ ਰੁਪਏ ਅਤੇ ਸਾਡੇ ਸਿਰ 71,000 ਕਰੋੜ ਰੁਪਏ ਦਾ ਕਰਜ਼ਾ ਹੈ। ਸੂਬਾ ਹਰ ਸਾਲ ਤਕਰੀਬਨ 8,000 ਕਰੋੜ ਰੁਪਏ ਦਾ ਕਰਜ਼ਾ ਲੈ ਰਿਹਾ ਹੈ ਜੋ ਸਿਰਫ਼ ਤਨਖਾਹਾਂ ਵਿਚ ਚਲਿਆ ਜਾਂਦਾ ਹੈ। ਮਾਲੀਏ ਬਾਰੇ ਕਿਸੇ ਨੂੰ ਕੋਈ ਪ੍ਰਵਾਹ ਨਹੀਂ। ਪੰਜਾਬ ਦੀ ਵਿਕਾਸ ਦਰ ਕੌਮੀ ਵਿਕਾਸ ਦਰ ਨਾਲੋਂ ਅੱਧੀ ਹੈ। ਭਾਰਤ ਦਾ 9% ਵਿਕਾਸ ਦਰ ਦਾ ਟੀਚਾ ਹੈ ਜਦਕਿ ਪੰਜਾਬ ਦਾ ਟੀਚਾ 4.7% ਹੈ। ਜੇਕਰ ਹੁਣ ਵੀ ਕੁਝ ਨਾ ਕੀਤਾ ਗਿਆ ਤਾਂ ਕਰਜ਼ੇ ਦਾ ਸੰਕਟ ਹੋਰ ਗਹਿਰਾ ਜਾਵੇਗਾ। ਅਸੀਂ ਟੁੱਟ ਚੁੱਕੇ ਹਾਂ। ਨਵੇਂ ਵਿਚਾਰਾਂ ਦੀ ਅਣਹੋਂਦ ਵਿਚ ਪੰਜਾਬ ਨੂੰ ਅੱਗੇ ਕਿਵੇਂ ਲਿਜਾਇਆ ਜਾ ਸਕਦਾ ਹੈ? ਪੰਜਾਬ ਨੂੰ ਵਿਕਾਸ ਦੇ ਰਾਹ ਲਿਜਾਣ ਲਈ ਨਵੀਂ ਸਨਅਤੀ ਨੀਤੀ ਅਤੇ ਬਾਦਲ ਸਰਕਾਰ ਦੀ ਨੀਤੀ ਵਿਚ ਮਿਸਾਲੀ ਬਦਲਾਅ ਲਿਆਉਣ ਦੀ ਲੋੜ ਹੈ।

ਇਹ ਪੁੱਛੇ ਜਾਣ 'ਤੇ ਕਿ ਜਦੋਂ ਤੁਸੀਂ ਆਪ ਸੱਤਾ ਵਿਚ ਸੀ ਤਾਂ ਤੁਸੀਂ ਕੀ ਕੀਤਾ? ਕੀ ਤੁਸੀਂ ਵੀ ਹਾਲਾਤ ਨੂੰ ਜਿਉਂ ਦਾ ਤਿਉਂ ਰਹਿਣ ਦਿੱਤਾ? ਕੈਪਟਨ ਨੇ ਆਖਿਆ, ਇਹ ਸੱਚ ਨਹੀਂ ਹੈ। ਅਸੀਂ ਦੋ ਕੰਮ ਕੀਤੇ। ਕਿਸਾਨਾਂ ਦੀ ਪ੍ਰਤੀ ਏਕੜ ਆਮਦਨ ਅੱਜ 30,000 ਰੁਪਏ ਹੈ, ਇਸ ਨੂੰ ਵਧਾ ਕੇ ਇਕ ਲੱਖ ਰੁਪਏ ਪ੍ਰਤੀ ਏਕੜ ਕਰਨ ਦਾ ਟੀਚਾ ਮਿੱਥਣਾ ਚਾਹੀਦਾ ਹੈ। ਇਸ ਤੋਂ ਇਲਾਵਾ ਅਸੀਂ ਨਿੰਬੂ ਪ੍ਰਜਾਤੀ ਦੇ ਬੂਟਿਆਂ ਦੀ ਖੇਤੀ ਨੂੰ ਉਤਸ਼ਾਹਤ ਕਰਦੇ ਹਾਂ। ਅਸੀਂ ਖੇਤਾਂ ਤੋਂ ਖਪਤਕਾਰ ਪ੍ਰੋਗਰਾਮ ਲਿਆਂਦਾ। ਇਸ ਦਾ ਮੰਤਵ ਖੇਤੀ ਵੰਨਗੀਆਂ ਵਿਚ ਬਦਲਾਅ ਲਿਆਉਣਾ ਸੀ। ਇਸ ਨਾਲ ਇਕ ਸਾਲ ਵਿਚ ਪੰਜ ਫਸਲਾਂ ਉਗਾਉਣ ਅਤੇ ਉਨ੍ਹਾਂ ਲਈ ਮਾਰਕੀਟਿੰਗ ਇਕਾਈਆਂ ਸਥਾਪਤ ਕਰਨ ਲਈ ਕਿਸਾਨਾਂ ਨੂੰ ਉਤਸ਼ਾਹਤ ਕਰਨਾ ਸੀ। ਸਨਅਤੀ ਖੇਤਰ ਵਿਚ ਅਸੀਂ 1,07,000 ਕਰੋੜ ਰੁਪਏ ਦੇ 399 ਮੈਗਾ ਪ੍ਰਾਜੈਕਟ ਸ਼ੁਰੂ ਕਰਨ ਲਈ ਵਚਨਬੱਧ ਸੀ। ਜੇਕਰ ਇਹ ਪ੍ਰਾਜੈਕਟ ਲਾਗੂ ਹੋ ਜਾਂਦੇ ਤਾਂ ਸਨਅਤ ਦੇ ਵਿਕਾਸ ਤੋਂ ਇਲਾਵਾ 10 ਲੱਖ ਨੌਕਰੀਆਂ ਪੈਦਾ ਹੋਣੀਆਂ ਸਨ। ਫਿਰ ਸਰਕਾਰ ਬਦਲਣ ਨਾਲ ਇਸ ਪ੍ਰਤੀ ਵਤੀਰਾ ਵੀ ਬਦਲ ਗਿਆ।

ਉਨ੍ਹਾਂ ਕਿਹਾ ਕਿ ਸਾਡੇ ਤੋਂ ਬਾਅਦ ਬਣੀ ਸਰਕਾਰ ਨੇ ਕੁਝ ਨਹੀਂ ਕੀਤਾ। ਨੁਕਸਾਨ ਕਿਸ ਦਾ ਹੋਇਆ? ਜ਼ਾਹਿਰ ਹੈ ਕਿ ਪੰਜਾਬ ਦੇ ਆਮ ਲੋਕਾਂ ਦਾ। ਵਿਰੋਧੀਆਂ ਨੂੰ ਨੀਵਾਂ ਦਿਖਾਉਣ ਦੀ ਪ੍ਰਥਾ ਖਤਮ ਹੋਣੀ ਚਾਹੀਦੀ ਹੈ। ਸਨਅਤਕਾਰ ਮਹਿਸੂਸ ਕਰਦੇ ਹਨ ਕਿ ਅਮਰਿੰਦਰ ਸਿੰਘ ਦੇ ਸ਼ਾਸਨ ਦੌਰਾਨ ਸ਼ੁਰੂ ਹੋਏ ਸਾਰੇ ਕੰਮ ਬਾਦਲ ਸਰਕਾਰ ਦੌਰਾਨ ਰੁਕ ਜਾਣਗੇ। ਮੈਂ ਕਹਾਂਗਾ ਕਿ ਪੰਜਾਬ ਵਿਚ ਮੁੜ ਕਾਂਗਰਸ ਦੀ ਸਰਕਾਰ ਬਣਨ ਉਤੇ ਬਾਦਲ ਸਰਕਾਰ ਵੱਲੋਂ ਸ਼ੁਰੂ ਕੀਤੇ ਵਿਕਾਸ ਕਾਰਜ ਰੁਕਣਗੇ ਨਹੀਂ। ਸਾਨੂੰ ਸਨਅਤ ਦੀ ਲੋੜ ਹੈ ਅਤੇ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਹੋਵੇ ਨੀਤੀ ਵਿਚ ਨਿਰੰਤਰਤਾ ਰਹਿੰਦੀ ਹੈ।

ਮਨਪ੍ਰੀਤ ਬਾਦਲ ਵੱਲੋਂ ਕੇਂਦਰ ਸਰਕਾਰ ਨਾਲ ਕਰਜ਼ਾ ਮੁਆਫ਼ੀ ਦੀ ਗੱਲਬਾਤ ਦਾ ਜ਼ਿਕਰ ਕਰਦਿਆਂ ਨਵਨਿਯੁਕਤ ਪ੍ਰਧਾਨ ਨੇ ਆਖਿਆ, ਮੇਰੇ ਕਹਿਣ ਉਤੇ ਵਿਧਾਨ ਸਭਾ ਵਿਚ ਇਸ ਬਾਰੇ ਬਹਿਸ ਸ਼ੁਰੂ ਹੋਈ ਅਤੇ ਵਿਧਾਨ ਸਭਾ ਵਿਚ ਮਨਪ੍ਰੀਤ ਬਾਦਲ ਨੇ 35,000 ਕਰੋੜ ਰੁਪਏ ਬਾਰੇ ਬਿਆਨ ਦਿੱਤਾ। ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਬਿਨਾਂ ਸੱਚ ਜਾਣੇ ਮਨਪ੍ਰੀਤ ਬਾਦਲ ਦੀ ਗੱਲ ਦੀ ਪੁਸ਼ਟੀ ਕਰ ਦਿੱਤੀ। ਸੱਚ ਇਹ ਹੈ ਕਿ ਦਸ, ਵੀਹ ਜਾਂ ਪੈਂਤੀ ਹਜ਼ਾਰ ਕਰੋੜ ਦੀ ਰਕਮ ਦੀ ਗੱਲ ਨਹੀਂ ਸੀ। ਇਸ ਗੱਲ ਦੀ ਸਿਰਫ ਸ਼ੁਰੂਆਤ ਹੋਈ ਸੀ। ਵਿੱਤ ਮੰਤਰੀ ਨੇ ਵਿਧਾਨ ਸਭਾ ਵਿਚ ਗ਼ਲਤ ਬਿਆਨ ਦਿੱਤਾ ਅਤੇ ਮੁੱਖ ਮੰਤਰੀ ਨੇ ਇਸ ਦੀ ਪੁਸ਼ਟੀ ਕਰ ਦਿੱਤੀ।

ਸਬਸਿਡੀਆਂ ਦੇ ਸਵਾਲ 'ਤੇ ਕੈਪਟਨ ਅਮਰਿੰਦਰ ਸਿੰਘ ਦਾ ਜਵਾਬ ਸੀ, ਸਾਡੀ ਰਾਜ ਪ੍ਰਤੀ ਵਚਨਬੱਧਤਾ ਹੈ। ਪੰਜਾਬ ਵਿਚ 46 ਲੱਖ ਪਰਿਵਾਰਾਂ ਵਿਚੋਂ 13 ਲੱਖ ਪਰਿਵਾਰ ਗ਼ਰੀਬੀ ਰੇਖਾ ਤੋਂ ਹੇਠਾਂ ਹਨ ਅਤੇ ਇਨ੍ਹਾਂ ਵਿਚੋਂ ਅੱਧੇ ਗ਼ਰੀਬ ਤੋਂ ਵੀ ਗ਼ਰੀਬ ਹਨ। ਜੇ ਮੈਂ ਸੋਚਾਂ ਕਿ ਸਬਸਿਡੀਆਂ ਬੰਦ ਹੋ ਜਾਣ ਤੇ ਇਨ੍ਹਾਂ ਲੋਕਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਦਿੱਤਾ ਜਾਵੇ ਤਾਂ ਇਹ ਸੰਭਵ ਨਹੀਂ ਹੈ। ਕੌਮੀ ਪੱਧਰ 'ਤੇ ਦੇਖੋ। ਕਾਂਗਰਸ ਪਾਰਟੀ ਖ਼ੁਰਾਕ ਸੁਰੱਖਿਆ ਕਾਨੂੰਨ ਲੈ ਕੇ ਆ ਰਹੀ ਹੈ। ਕਿਉਂ? ਦੇਸ਼ ਦੇ ਗ਼ਰੀਬ ਲੋਕਾਂ ਕਰਕੇ। ਇਸੇ ਤਰ੍ਹਾਂ ਕੌਮੀ ਰੁਜ਼ਗਾਰ ਗਾਰੰਟੀ ਕਾਨੂੰਨ ਪ੍ਰਧਾਨ ਮੰਤਰੀ ਲੈ ਕੇ ਆਏ ਤਾਂ ਕਿ ਹਰੇਕ ਨੂੰ ਰੁਜ਼ਗਾਰ ਦਿੱਤਾ ਜਾ ਸਕੇ ਅਤੇ ਉਹ ਆਪਣੇ ਪਰਿਵਾਰਾਂ ਦਾ ਪੇਟ ਭਰ ਸਕਣ। ਸਾਨੂੰ ਸਬਸਿਡੀ ਦੇ ਕਾਰੋਬਾਰ ਨੂੰ ਸਾਂਵਾ ਬਣਾਉਣਾ ਪਵੇਗਾ।

ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਲ 'ਚੋਂ ਮਨਪ੍ਰੀਤ ਦੇ ਰੁਖ਼ਸਤ ਹੋਣ ਦੇ ਅਸਰ ਦੀ ਗੱਲ ਕਰਦਿਆਂ ਕੈਪਟਨ ਨੇ ਆਖਿਆ, ਮਨਪ੍ਰੀਤ ਬਾਦਲ ਇਕ ਬੁੱਧੀਮਾਨ ਵਿਅਕਤੀ ਹੈ ਪਰ ਉਸ ਦੇ ਪਿਤਾ ਇਕ ਸਿਆਸਤਦਾਨ ਸਨ ਤੇ ਉਸ ਦੇ ਭਰਾ ਦੀ ਸਿਆਸਤ ਉਸ ਦੇ ਪਿਤਾ ਵੱਲੋਂ ਚਲਾਈ ਜਾਂਦੀ ਹੈ। ਜੇ ਮਨਪ੍ਰੀਤ ਪਾਰਟੀ ਅੰਦਰ ਲੜਾਈ ਲੜਨਾ ਚਾਹੁੰਦਾ ਹੈ ਤਾਂ ਉਸ ਨੂੰ ਆਪਣਾ ਆਧਾਰ ਬਣਾਉਣਾ ਪਵੇਗਾ। ਉਸ ਦਾ ਸ਼ਾਇਦ ਥੋੜ੍ਹਾ ਅਸਰ ਪਵੇਗਾ। ਨਵੀਂ ਪੀੜ੍ਹੀ ਦੀ ਸਮੱਸਿਆ ਇਹ ਹੈ ਇਹ ਇਕ ਦਿਨ 'ਚ ਕਈ ਛਾਲਾਂ ਮਾਰਨਾ ਚਾਹੁੰਦੀ ਹੈ। ਰਾਜਨੀਤੀ ਵਿਚ ਮੇਰਾ ਇਹ 41ਵਾਂ ਸਾਲ ਹੈ ਅਤੇ ਮੈਂ ਜਦੋਂ ਰਾਜਨੀਤੀ ਵਿਚ ਆਇਆ ਸੀ ਤਾਂ ਸੁਖਬੀਰ ਉਦੋਂ ਕਿੰਡਰਗਾਰਟਨ ਵਿਚ ਪੜ੍ਹਨੇ ਪਿਆ ਸੀ। ਤੁਹਾਨੂੰ ਧੰਦੇ ਦੇ ਗੁਰ ਸਿੱਖਣੇ ਪੈਂਦੇ ਹਨ।

ਮਨਪ੍ਰੀਤ ਨੂੰ ਕਾਂਗਰਸ ਵਿਚ ਲੈਣ ਪ੍ਰਤੀ ਆਪਣੇ ਵਿਰੋਧ ਦੀ ਗੱਲ ਕਰਦਿਆਂ ਉਨ੍ਹਾਂ ਆਖਿਆ, ਇਸ ਦਾ ਕਾਰਨ ਇਹ ਹੈ ਕਿ ਉਸ ਦੇ ਇਲਾਕੇ ਵਿਚ ਕਾਂਗਰਸੀਆਂ ਤੇ ਅਕਾਲੀਆਂ ਵਿਚਕਾਰ ਲਾਈਨ 35 ਸਾਲ ਪਹਿਲਾਂ ਕੱਢੀ ਜਾ ਚੁੱਕੀ ਹੈ। ਜਦੋਂ ਤੋਂ ਉਹ ਸੀਨ 'ਤੇ ਉਭਰਿਆ ਉਨ੍ਹਾਂ ਕਾਂਗਰਸ ਨੂੰ ਬੇਰਹਿਮੀ ਨਾਲ ਦਬਾਇਆ। ਤੁਹਾਡਾ ਕੀ ਖਿਆਲ ਹੈ ਕਿ ਅਸੀਂ ਥੋੜ੍ਹੀ ਜਿਹੀ ਹਮਾਇਤ ਲੈਣ ਲਈ ਮਨਪ੍ਰੀਤ ਨਾਲ ਖੜ੍ਹਾਂਗੇ। ਮੈਂ ਇਹੋ ਜਿਹਾ ਨਹੀਂ ਹਾਂ। ਅਸੀਂ ਆਪਣੇ ਵਰਕਰਾਂ ਦੀਆਂ ਨਜ਼ਰਾਂ 'ਚ ਡਿਗ ਜਾਵਾਂਗੇ।"

ਕੀ ਸੁਖਬੀਰ ਬਾਦਲ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਦਾ ਅਹੁਦਾ ਸੰਭਾਲ ਲਵੇਗਾ? ਇਸ ਸਵਾਲ ਦੇ ਜਵਾਬ ਵਿਚ ਅਮਰਿੰਦਰ ਸਿੰਘ ਨੇ ਕਿਹਾ, ਮੇਰਾ ਖ਼ਿਆਲ ਹੈ ਕਿ ਬਾਦਲ ਦੀ ਉਮਰ ਹੋ ਰਹੀ ਹੈ ਤੇ ਸੁਖਬੀਰ ਬਹੁਤ ਤੇਜ਼ ਕਦਮ ਪੁੱਟ ਰਿਹਾ ਹੈ। ਇਸ ਲਈ ਮੇਰੇ ਖਿਆਲ 'ਚ ਦੋਵੇਂ ਇਕ ਬਰਾਬਰ ਹਨ। ਮੈਨੂੰ ਕੋਈ ਪ੍ਰਵਾਹ ਨਹੀਂ ਸੁਖਬੀਰ ਮੁੱਖ ਮੰਤਰੀ ਬਣਦਾ ਹੈ ਜਾਂ ਨਹੀਂ। ਮੇਰਾ ਖਿਆਲ ਹੈ ਕਿ ਪੰਜਾਬ ਸਾਡੀ ਸੁਣ ਰਿਹਾ ਹੈ ਅਤੇ ਕਾਂਗਰਸ ਪਾਰਟੀ ਅੱਜ ਇਕਮੁੱਠ ਹੈ ਤੇ ਹੇਠਲੇ ਪੱਧਰ 'ਤੇ ਉਹ (ਵਰਕਰ) ਇਕ ਮੌਕੇ ਦੀ ਤਲਾਸ਼ 'ਚ ਹਨ।

ਬਾਦਲ ਵਲੋਂ ਉਨ੍ਹਾਂ ਖਿਲਾਫ ਸਾਰੇ ਕੇਸ ਵਾਪਸ ਲੈ ਲਏ ਜਾਣ ਦੀ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਉਹ ਬਹੁਤ ਫਰਾਖਦਿਲ ਹਨ। ਮੈਂ ਉਸ ਨੂੰ ਮਾਣਹਾਨੀ ਕੇਸ ਕਰਨ ਲਈ ਕਦੇ ਨਹੀਂ ਕਿਹਾ ਅਤੇ ਨਾ ਹੀ ਵਾਪਸ ਲੈਣ ਲਈ ਆਖਿਆ। ਸਾਡੇ ਕੋਲ ਬਦਲਿਆਂ ਲਈ ਵਕਤ ਨਹੀਂ ਹੈ। ਸਾਡਾ ਸਾਰਾ ਧਿਆਨ ਪੰਜਾਬ ਨੂੰ ਅਗਾਂਹ ਲਿਜਾਣ 'ਤੇ ਹੈ। ਜੇ ਕਿਸੇ ਨੂੰ ਕੋਈ ਸ਼ਿਕਾਇਤ ਹੈ ਤਾਂ ਸਰਕਾਰ ਦੇਖੇਗੀ। ਜੇ ਅਸੀਂ ਇਕ ਦੂਜੇ ਨੂੰ ਨੁਕਸਾਨ ਪਹੁੰਚਾਣ 'ਤੇ ਲੱਗੇ ਰਹੇ ਤਾਂ ਨੁਕਸਾਨ ਪੰਜਾਬ ਦਾ ਹੋਵੇਗਾ। ਸਾਨੂੰ ਸਭ ਕੁਝ ਭੁੱਲ ਕੇ ਵਧੀਆ ਸ਼ਾਸਨ ਦੇ ਕੰਮ 'ਤੇ ਜੁਟਣ ਅਤੇ ਪੰਜਾਬ ਨੂੰ ਇਸ ਕੁਚੱਕਰ 'ਚੋਂ ਕੱਢਣ ਦੀ ਲੋੜ ਹੈ।

# ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀਆਂ ਖਾਮੀਆਂ ਦੂਰ ਕਰਨ ਦੀ ਹਦਾਇਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀਆਂ ਆ ਰਹੀਆਂ ਚੋਣਾਂ ਵਾਸਤੇ ਬਣਾਈਆਂ ਜਾ ਰਹੀਆਂ ਵੋਟਰ ਸੂਚੀਆਂ 'ਚ ਊਣਤਾਈਆਂ ਹੋਣ ਦਾ ਨੋਟਿਸ ਲੈਂਦਿਆਂ ਗੁਰਦੁਆਰਾ ਚੋਣ ਕਮਿਸ਼ਨ ਨੇ ਇਹ ਖਾਮੀਆਂ ਦੂਰ ਕਰਨ ਦੀ ਹਦਾਇਤ ਕੀਤੀ ਹੈ। ਇਨ੍ਹਾਂ ਹੁਕਮਾਂ ਅਨੁਸਾਰ ਵੋਟਰ ਸੂਚੀਆਂ ਦੇ ਖਰੜੇ ਸਬੰਧੀ ਦਾਅਵੇ ਅਤੇ ਇਤਰਾਜ਼ 12 ਨਵੰਬਰ ਤੱਕ ਦਾਇਰ ਕੀਤੇ ਜਾ ਸਕਣਗੇ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਮਨਜੀਤ ਸਿੰਘ ਕਲਕੱਤਾ ਨੇ ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਅਤੇ ਗੁਰਦੁਆਰਾ ਚੋਣ ਕਮਿਸ਼ਨਰ ਐਚ.ਐਸ. ਬਰਾੜ ਨੂੰ ਵੱਖ-ਵੱਖ ਪੱਤਰ ਭੇਜ ਕੇ ਸ਼ਿਕਾਇਤ ਕੀਤੀ ਸੀ ਕਿ ਵੋਟਰ ਸੂਚੀਆਂ ਵਿਚ ਵੱਡੇ ਪੱਧਰ 'ਤੇ ਖ਼ਾਮੀਆਂ ਹਨ ਅਤੇ ਇਹ ਸੂਚੀਆਂ ਬਣਾਉਣ ਸਮੇਂ ਹਾਕਮ ਧਿਰ ਵੱਲੋਂ ਘਪਲਾ ਕੀਤਾ ਗਿਆ ਹੈ। ਇਸ ਸਬੰਧ ਵਿਚ ਗੁਰਦੁਆਰਾ ਚੋਣ ਕਮਿਸ਼ਨਰ ਐਚ.ਐਸ. ਬਰਾੜ ਨੇ ਦੱਸਿਆ ਕਿ ਵੋਟਰ ਸੂਚੀਆਂ ਵਿਚ ਊਣਤਾਈਆਂ ਅਤੇ ਇਕੋ ਸਮੇਂ ਵਿਚ ਵੱਡੇ ਪੱਧਰ 'ਤੇ ਵੋਟਾਂ ਬਣਾਉਣ ਦਾ ਮਾਮਲਾ ਉਨ੍ਹਾਂ ਦੇ ਨੋਟਿਸ ਵਿਚ ਆਇਆ ਹੈ। ਉਨ੍ਹਾਂ ਇਸ ਮਾਮਲੇ ਦੀ ਜਾਂਚ ਲਈ ਸੂਬੇ ਦੇ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਹੈ। ਇਨ੍ਹਾਂ ਅਧਿਕਾਰੀਆਂ ਵੱਲੋਂ ਜਲਦੀ ਹੀ ਵੋਟਰ ਸੂਚੀਆਂ ਵਿਚਲੀਆਂ ਖਾਮੀਆਂ ਬਾਰੇ ਪਤਾ ਲਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਵਿਭਾਗ ਦੇ ਸਕੱਤਰ ਨੂੰ ਵੀ ਹਦਾਇਤ ਕੀਤੀ ਹੈ ਕਿ ਉਹ ਖੁਦ ਜ਼ਿਲ੍ਹਿਆਂ ਦਾ ਦੌਰਾ ਕਰਨ ਅਤੇ ਵੋਟਰ ਸੂਚੀਆਂ ਵਿਚਲੀਆਂ ਖ਼ਾਮੀਆਂ ਨੂੰ ਘੋਖਣ। ਉਨ੍ਹਾਂ ਦੱਸਿਆ ਕਿ ਲੁਧਿਆਣਾ ਦੌਰੇ ਦੌਰਾਨ ਉਨ੍ਹਾਂ ਨੇ ਇਸ ਸਬੰਧ ਵਿਚ ਅਧਿਕਾਰੀਆਂ ਨਾਲ ਗੱਲਬਾਤ ਵੀ ਕੀਤੀ ਹੈ ਅਤੇ ਉਸੇ ਦਿਨ ਹੀ ਘੋਖ ਕਰਨ ਦੀ ਹਦਾਇਤ ਕਰ ਦਿੱਤੀ ਸੀ।

ਦੂਜੇ ਪਾਸੇ ਮਨਜੀਤ ਸਿੰਘ ਕਲਕੱਤਾ ਨੇ ਦਾਅਵਾ ਕੀਤਾ ਕਿ ਵੋਟਰ ਸੂਚੀਆਂ ਵਿਚ ਵੱਡੇ ਪੱਧਰ 'ਤੇ ਖ਼ਾਮੀਆਂ ਹਨ। ਇਨ੍ਹਾਂ ਵਿਚ ਕਈ ਵਿਅਕਤੀਆਂ ਦੀਆਂ ਵੋਟਾਂ ਦੋ-ਦੋ ਅਤੇ ਤਿੰਨ-ਤਿੰਨ ਵਾਰ ਬਣਾਈਆਂ ਗਈਆਂ ਹਨ, ਵੋਟਰਾਂ ਦੇ ਪਤੇ ਨਹੀਂ ਦਿੱਤੇ ਗਏ, ਕਈ ਵੋਟਰਾਂ ਦੇ ਨਾਂ ਪਿਛੇ ਸਿੰਘ ਜਾਂ ਕੌਰ ਵੀ ਨਹੀਂ ਲਿਖਿਆ ਹੋਇਆ, ਜਿਸ ਤੋਂ ਵੋਟਰ ਦੇ ਮਰਦ ਜਾਂ ਔਰਤ ਹੋਣ ਦੀ ਸ਼ਨਾਖਤ ਨਹੀਂ ਹੋ ਸਕਦੀ। ਇਸ ਸਬੰਧੀ ਉਨ੍ਹਾਂ ਅੰਮ੍ਰਿਤਸਰ ਤੇ ਤਰਨਤਾਰਨ ਹਲਕਿਆਂ ਦੀਆਂ ਵੋਟਰ ਸੂਚੀਆਂ ਦਾ ਹਵਾਲਾ ਦਿੱਤਾ। ਕੇਂਦਰੀ ਗ੍ਰਹਿ ਮੰਤਰੀ ਨੂੰ ਭੇਜੇ ਗਏ ਇਕ ਪੱਤਰ ਵਿਚ ਸ੍ਰੀ ਕਲਕੱਤਾ ਨੇ ਦੋਸ਼ ਲਾਇਆ ਕਿ ਗੁਰਦੁਆਰਾ ਚੋਣ ਕਮਿਸ਼ਨਰ ਇਸ ਵੇਲੇ ਹਾਕਮ ਧਿਰ ਦੇ ਪ੍ਰਭਾਵ ਹੇਠ ਕੰਮ ਕਰ ਰਿਹਾ ਹੈ ਤੇ ਇਸ ਲਈ ਚੋਣਾਂ ਨਿਰਪੱਖ ਨਹੀਂ ਹੋ ਸਕਦੀਆਂ।

ਸ੍ਰੀ ਕਲਕੱਤਾ ਨੇ ਦੋਸ਼ ਲਾਇਆ ਕਿ ਵੋਟਾਂ ਬਣਾਉਣ ਸਮੇਂ ਗੁਰਦੁਆਰਾ ਐਕਟ ਅਤੇ ਰਹਿਤ ਮਰਿਆਦਾ ਦੀ ਉਲੰਘਣਾ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਵੋਟਰ ਫਾਰਮ ਜਮ੍ਹਾਂ ਕਰਾਉਣ ਦਾ ਸਮਾਂ ਇਕ ਜੂਨ ਤੋਂ 15 ਜੁਲਾਈ ਸੀ, ਜਿਸ ਨੂੰ ਬਾਅਦ ਵਿਚ 14 ਅਗਸਤ ਤਕ ਵਧਾ ਦਿੱਤਾ ਗਿਆ। ਉਨ੍ਹਾਂ ਦਾਅਵਾ ਕੀਤਾ ਕਿ 6 ਅਗਸਤ ਤੋਂ 18 ਅਗਸਤ ਤਕ 13 ਦਿਨਾਂ ਵਿਚ 36 ਲੱਖ ਵੋਟਾਂ ਬਣਾਈਆਂ ਗਈਆਂ ਹਨ ਜਦੋਂਕਿ ਇਕ ਜੂਨ ਤੋਂ 6 ਅਗਸਤ ਤਕ ਸਿਰਫ 16 ਲੱਖ ਵੋਟਾਂ ਬਣੀਆਂ ਸਨ। ਉਨ੍ਹਾਂ ਕਿਹਾ ਕਿ ਜੇਕਰ ਦੋ ਮਹੀਨਿਆਂ ਵਿਚ ਸਿਰਫ਼ 16 ਲੱਖ ਵੋਟਾਂ ਬਣੀਆਂ ਹਨ ਤਾਂ 13 ਦਿਨਾਂ ਵਿਚ 36 ਲੱਖ ਵੋਟਾਂ ਕਿਵੇਂ ਬਣ ਸਕਦੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਸ ਮਾਮਲੇ ਵਿਚ ਹਾਕਮ ਧਿਰ ਵੱਲੋਂ ਵੱਡਾ ਘਪਲਾ ਕੀਤਾ ਗਿਆ ਹੈ ਅਤੇ ਇਹ ਵੋਟਾਂ ਗ਼ੈਰ ਸਿੱਖ ਤੇ ਪਤਿਤ ਵਿਅਕਤੀਆਂ ਦੀਆਂ ਬਣਾਈਆਂ ਗਈਆਂ ਹਨ।

**ATM's & Credit Card Terminals at Lowest Prices! No Hidden Fees.**

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.

ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.




Call SAGAR HANDA at: 773-416-8526
or 773-935-VISA, SagarATM@yahoo.com

FREE CREDIT CARD TERMINAL!

www.GoldCoastATM.com



# Mobile Auto Service
## Bay Area & Central Valley

*32 Years Experience*

ASE Certified
Master Auto Technician
Engine Performance Specialist



*Guljender Dhami*

- Brakes
- Tune Up
- Timing Belts
- Water Pump
- Check Engine Light
- Electrical

ਵਾਧੂ ਖਰਚਾ ਕਿਉਂ ਕਰਦੇ ਹੋ? ਵਧੀਆ ਸਰਵਿਸ, ਵਾਜਬ ਕੀਮਤ

ASE CERTIFIED
MASTER AUTO TECHNICIAN

**Call For Appt.: 510-284-9479 & 209-622-9051**






**London Properties**

Teresa Norman
Hablo Español • Lic.#01808099
(559) 213-2090
tnorman@londonproperties.com

***Beautiful 4758 sq. ft estate and rental house on 73 acres of almond & corn agri-culture. This estate also has 4 bedrooms, 4 bath, 7 car garage.***



18702 Avenue 14 Madera, CA 93637-9438

ਸ਼ਾਨਦਾਰ ਮਹਿਲਨੁਮਾ ਘਰ

**ਕੀਮਤ $2,142,805**

**ELEGANCE AT ITS FINEST!** One of a kind custom design estate. Gated driveway provides spacious enclosed area for entertaining and added privacy secluded with a serene setting of a private orchard, the large wrap-around yard invites entertaining, charming Euro gardens. Covered patio, tennis courts, basketball courts, and sparkling pool w/ 7 car garage. Stunning open floor plan features sophistication & craftsmanship. First landing offers a step down great room w/ 30ft ceilings, full length windows w/ custom draperies. Formal living & dining rooms are inspired w/ amazing design. Handsome game room, full bar w/ wine rack & refrigerator. Even an indoor gym. A Must See!!!

**Directions:** West on Avenue 14 pass Road 19, property on left side of road.

**Contact:Teresa Norman** (Lic: 01808099), e-mail:tnorman@londonproperties.com

**559-213-2090, Burr Frye 559-905-3512**



**San Jose ਤੋਂ Sacramento, Yuba City ਅਤੇ Bakersfield ਵਿੱਚ ਸੁਣਿਆ ਜਾਣ ਵਾਲਾ**

# ਪੰਜਾਬੀ ਰੇਡੀਓ Punjabi RADIO

**24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ**

**ਕੀਮਤ $25**

ਆਪਣੇ ਸਟੋਰ 'ਤੇ ਰੇਡੀਓ ਵੇਚਣ ਲਈ ਕਾਲ ਕਰੋ

**ਖ਼ਬਰਾਂ**

ਹਰ ਘੰਟੇ ਬਾਅਦ ਸਟੂਡੀਓ ਤੋਂ ਪੰਜਾਬ ਇੰਡੀਆ ਅਤੇ ਪੰਜਾਬ ਪਾਕਿਸਤਾਨ ਤੋਂ ਦੁਨੀਆਂ 'ਚ ਕਿਤੇ ਵੀ ਆਨਲਾਈਨ, ਆਈ ਫੋਨ, ਬਲੈਕ ਬੇਰੀ ਉਪਰ ਲਾਈਵ ਸੁਣ ਸਕਦੇ ਹੋ।

www.punjabiradiousa.com

**ਗੁਰਬਾਣੀ ਪ੍ਰੋਗਰਾਮ**

ਸਵੇਰ ਨੂੰ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸ਼ਾਮ ਨੂੰ ਗੁਰਦੁਆਰਾ ਸਾਹਿਬ ਸੈਨਹੋਜ਼ੇ ਤੋਂ

**ਨੌਜਵਾਨਾਂ ਦੇ ਦਿਲਾਂ ਦੀ ਧੜਕਣ ਡੀ ਜੇ ਪ੍ਰੀਤ**

25 ਅਕਤੂਬਰ ਤੋਂ ਹਰ ਰੋਜ਼ ਸ਼ਾਮ 4.00 ਵਜੇ ਤੋਂ 6.00 ਵਜੇ ਤੱਕ ਫਰਮਾਈਸ਼ੀ ਗੀਤ ਸੁਣਾਇਆ ਕਰਨਗੇ।

**ਸਪੈਸ਼ਲ ਟਾਕ ਸ਼ੋਅ ਹਰ ਰੋਜ**

ਸ਼ਾਮ 8.00 ਤੋਂ 9.00 ਵਜੇ ਤੱਕ

**ਪੰਜਾਬੀ ਰੇਡੀਓ Sacramento ਵਿਚ ਸ਼ੁਰੂ**

**ਰੇਡੀਓ ਹੇਠ ਲਿਖੇ ਸਟੋਰਾਂ ਤੋਂ ਪ੍ਰਾਪਤ ਕਰੋ ਜੀ**

**Sacramento & Yuba City Station**

1) India Spices & Bollywood Music -Elk Grove -- 916-691-1110
2) India Market- Elk Grove -- 916-338-5511
3) India Stop-Elk Grove -- 916-685-3133
4) Desi Bazzar-Scaramento-- 916-509-9598
5) AB India Restaurant & Catering-Sacramento-- 916-681-6950
6) Star India Mart-Sacramento-- 916-525-2362
7) India House of Grocery-Sacramento-- 916-424-6342
8) India Fresh-Sacramento-- 916-476-6289
9) Natomas Fabrics-Sacramento-- 916-649-8786
10) Vicky Emporium-Sacramento-- 916-725-7633
11) Shan Market-Sacramento-- 916-649-9321
12) Punjab Fashion & Accessories-Sacramento-- 916-920-3456
13) Hothi Palace-Sacramento-- 916-725-4825
14) India Supermarket-Roseville-- 916-786-5000
15) Bombay Video-Yuba City-- 530-673-7150
16) Kirpal Singh Dhillon-Elk Grove, CA-- 916-678-2268

**Bay Area Stores** (San Jose & Berkeley Station)

1) Royal Fabrics- Union City 510-429-0122 • 2) Kash Fabrics—Hayward 510-538-1138 • 3) Roshni Fabrics & Grocery-Union City- 510-487-5141
4) McKee Liquors -- San Jose- 408-929-1111 • 5) Bhai Khushminder Singh 408-406-9135

ਹੋਰ ਜਾਣਕਾਰੀ ਲਈ **Phone : 408.722.7698**

Email: punjabiradiousa@yahoo.com
3750 McKee Road, # B, San Jose CA 95127

# ਦਲ ਖਾਲਸਾ ਅਲਾਇੰਸ

## ਨੂੰ ਰਾਮੂਵਾਲੀਏ ਦੇ ਸਵਾਲ, ਖਾਲਿਸਤਾਨੀ ਦਾਖੇ ਵੱਲੋਂ ਜਵਾਬ

**ਮਿਸਟਰ ਇਕਬਾਲ,** iqbalramoowalia@rogers.com

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥**

ਕੁਝ ਸਮਾਂ ਪਹਿਲਾਂ ਵੀ ਆਪ ਨੇ ਮੈਨੂੰ ਇੱਕ ਈ ਮੇਲ ਭੇਜੀ ਸੀ ਜਿਸ ਦਾ ਮੈਂ ਜਵਾਬ ਦੇ ਦਿੱਤਾ ਸੀ। ਹੁਣ ਫਿਰ ਤੁਸੀਂ ਮੈਨੂੰ ਲਿਖੇ ਖੱਤ ਵਿਚ ਸਿੱਖ ਕੌਮ ਦੀ ਅਜ਼ਾਦੀ ਦੇ ਸਬੰਧ 'ਚ ਕੁਝ ਤਰਕ ਭਰਪੂਰ ਸਵਾਲ ਕੀਤੇ ਹਨ। ਸਵਾਲਾਂ ਦਾ ਜਵਾਬ ਦੇਣ ਤੋਂ ਪਹਿਲਾਂ ਮੈਂ ਤੁਹਾਡੇ ਨਾਲ ਕੁਝ ਜਰੂਰੀ ਨੁਕਤੇ ਵਿਚਾਰ ਲੈਣੇ ਚਾਹੁੰਦਾ ਹਾਂ। ਇਨਸਾਨ ਜ਼ਿੰਦਗੀ 'ਚ ਚਾਰ ਪੜਾਵਾਂ 'ਚ ਦੀ ਗੁਜਰਦਾ ਹੈ:

ਜਨਮ, ਮੌਤ, ਜਨਮ-ਮੌਤ ਦੇ ਦਰਮਿਆਨ ਵਿਆਹ ਦਾ ਪੜਾਅ, ਕਾਰਵਿਹਾਰ ਕਰਦਿਆਂ ਕੀਤੀਆਂ ਕਮਾਈਆਂ 'ਚੋਂ ਟੈਕਸ ਭਰਨ ਦਾ ਪੜਾਅ। ਹਿੰਦੀ, ਹਿੰਦੂ, ਹਿੰਦੂਸਤਾਨ 'ਚ ਰਹਿੰਦਿਆਂ ਸਿੱਖ ਇਨ੍ਹਾਂ ਚਾਰਾਂ ਪੜਾਵਾਂ 'ਚ ਹਿੰਦੂਆਂ ਦਾ ਗੁਲਾਮ ਹੈ:

ਸਿੱਖ ਨੂੰ ਜਨਮ ਸਰਟੀਫਿਕੇਟ ਹਿੰਦੂ ਕੋਡ ਮੁਤਾਬਿਕ ਪ੍ਰਾਪਤ ਹੁੰਦਾ ਹੈ, ਮੌਤ ਸਰਟੀਫਿਕੇਟ ਹਿੰਦੂ ਕੋਡ ਮੁਤਾਬਿਕ ਪ੍ਰਾਪਤ ਹੁੰਦਾ ਹੈ, ਵਿਆਹ ਦਾ ਸਰਟੀਫਿਕੇਟ ਹਿੰਦੂ ਕੋਡ ਮੁਤਾਬਿਕ ਪ੍ਰਾਪਤ ਹੁੰਦਾ ਹੈ, ਆਪਣੀ ਕਿਰਤ ਕਮਾਈ ਦਾ ਟੈਕਸ ਹਿੰਦੂ ਕੋਡ ਮੁਤਾਬਿਕ ਭਰਨਾ ਪੈਂਦਾ ਹੈ।

ਹਿੰਦੀ, ਹਿੰਦੂ, ਹਿੰਦੂਸਤਾਨ 'ਚ ਰਹਿੰਦਿਆਂ ਇਹ ਸਾਰੇ ਹਿੰਦੂ ਕੋਡ ਸਿੱਖ ਕੌਮ 'ਤੇ ਲਾਗੂ ਹਨ ਪਰ ਇਸਾਈਆਂ ਅਤੇ ਮੁਸਲਮਾਨਾਂ ਤੇ ਨਹੀਂ, ਐਸਾ ਕਿਉਂ? ਇਕਬਾਲ ਜੀ, ਇਨ੍ਹਾਂ ਸਵਾਲਾਂ ਦੇ ਜਵਾਬ ਜਰੂਰ ਦਿਉ? 'ਹਿੰਦੂ ਕੋਡ' ਸਿੱਖ ਕੌਮ ਦੇ ਹੱਥਾਂ-ਪੈਰਾਂ ਵਿਚ ਗੁਲਾਮੀ ਦੇ ਸੰਗਲ ਹਨ। ਇਸ ਗੁਲਾਮੀ ਨੂੰ ਤੋੜਨ ਲਈ ਤੁਸੀਂ ਕੀ ਕੀਤਾ ਹੈ? ਕੀ ਕਰ ਰਹੇ ਹੋ? ਕੀ ਕਰ ਸਕਦੇ ਹੋ? ਪਰ ਦਲ ਖਾਲਸਾ ਅਲਾਇੰਸ ਇਸ ਗੁਲਾਮੀ ਦਾ ਹੱਲ, ਸਿੱਖ ਕੌਮ ਦੀ ਅਜ਼ਾਦੀ (ਖਾਲਿਸਤਾਨ) ਦੀ ਪ੍ਰਾਪਤੀ ਨਾਲ ਹੀ ਕਰਨਾ ਚਾਹੁੰਦਾ ਹੈ।

ਇਕਬਾਲ ਜੀ, ਦੁਨੀਆਂ ਵਿਚ ਕ੍ਰਿਸ਼ਚਨ ਕੌਮ ਹੈ ਤਾਂ ਉਸ ਕੋਲ ਆਪਣਾ ਘਰ (ਮੁਲਕ) ਹੈ, ਮੁਸਲਿਮ ਕੌਮ ਕੋਲ ਆਪਣਾ ਘਰ (ਮੁਲਕ) ਹੈ, ਹਿੰਦੂ ਕੌਮ ਹੈ ਤਾਂ ਇਸ ਕੋਲ ਆਪਣਾ ਘਰ ਹੈ, ਸਿੱਖ ਕੌਮ ਹੀ ਹੈ ਜਿਸ ਕੋਲ ਆਪਣਾ ਘਰ ਨਹੀਂ ਹੈ। ਜੇ ਦੂਸਰੀਆਂ ਕੌਮਾਂ ਅਤੇ ਦੂਸਰੇ ਧਰਮਾਂ ਦੇ ਲੋਕਾਂ ਨੂੰ ਆਪਣੀ ਹੋਂਦ ਬਚਾਉਣ ਲਈ ਆਪਣੇ ਘਰ (ਮੁਲਕ) ਦੀ ਲੋੜ ਮਹਿਸੂਸ ਹੋਈ ਤਾਂ ਉਨ੍ਹਾਂ ਨੇ ਬਣਾ ਲਏ। ਕੀ ਸਿੱਖ ਕੌਮ ਅਤੇ ਸਿੱਖ ਧਰਮ ਨੂੰ ਬਚਾਉਣ ਲਈ ਸਾਨੂੰ ਆਪਣੇ ਘਰ (ਖਾਲਿਸਤਾਨ) ਦੀ ਲੋੜ ਨਹੀਂ? ਜੇ ਦੇਸ਼ ਦੀ ਸਰਹੱਦ 'ਤੇ ਜਾ ਕੇ ਲੜਨਾ ਪਵੇ ਤਾਂ ਸਿੱਖ ਬਹਾਦਰ ਕੌਮ ਹੈ। ਜੇ ਇਹੀ ਦੇਸ਼ ਦੀ ਸਿੱਖ ਕੌਮ ਦੇਸ਼ ਦੇ ਅੰਦਰ ਬਰਾਬਰ ਦੇ ਸ਼ਹਿਰੀ ਬਣ ਕੇ ਰਹਿਣ ਦੇ ਹੱਕ ਮੰਗ ਲਵੇ ਤਾਂ ਹਿੰਦੀ, ਹਿੰਦੂ, ਹਿੰਦੂਸਤਾਨੀ ਇਹ ਨਾਅਰੇ ਲਾਉਂਦੇ ਹਨ: ਮਾਰੋ ਦੇਸ਼ ਕੇ ਗਦਾਰੋਂ ਕੋ, ਮਾਰੋ ਇਨ ਸਰਦਾਰੋਂ ਕੋ।

ਇਕਬਾਲ ਜੀ, ਜੇ ਤੁਹਾਡੇ ਮੁਤਾਬਕ ਸਿੱਖਾਂ ਨੂੰ ਖਾਲਿਸਤਾਨ ਦੀ ਕੋਈ ਲੋੜ ਨਹੀਂ, ਗੁਲਾਮ ਹੀ ਰਹਿਣਾ ਹੈ ਤਾਂ ਹਿੰਦੂਆਂ ਦੀ ਗੁਲਾਮੀ ਨਾਲੋਂ ਅੰਗਰੇਜਾਂ ਦੀ ਗੁਲਾਮੀ ਕਿਤੇ ਵੱਧ ਚੰਗੀ ਸੀ।

**ਸਵਾਲ ਇਕਬਾਲ,** ਦਾਖਾ ਸਾਹਿਬ ਮੈਂ ਤੁਹਾਡੀ ਖਾਲਿਸਤਾਨ ਲਈ ਕੁਮਿਟਮੈਂਟ ਦੀ ਤਾਂ ਦਾਦ ਦੇਂਦਾ ਹਾਂ।

**ਜਵਾਬ ਦਾਖਾ,** ਇਕਬਾਲ ਜੀ, ਮੈਂ ਖਾਲਿਸਤਾਨੀ ਸੀ ਨਹੀਂ ਪਰ ਮੈਨੂੰ ਹਿੰਦੀ, ਹਿੰਦੂ, ਹਿੰਦੂਸਤਾਨੀ ਅੱਤਿਆਚਾਰਾਂ ਦੇ ਅਤਿਵਾਦ ਨੇ ਕਈ ਵਾਰ ਜੁਲਮਾਂ ਦੀ ਭੱਠੀ 'ਚ ਸੁੱਟ ਕੇ ਖਾਲਿਸਤਾਨੀ ਬਣਾ ਧਰਿਆ। ਜੋ ਮੈਨੂੰ ਹਿੰਦੂਸਤਾਨੀ ਹਿੰਦੂ ਅਤਿਵਾਦ ਨੇ ਬਣਾ ਦਿੱਤਾ, ਹੁਣ ਮੈਂ ਉਹੀ ਹਾਂ ਹੋਰ ਕੁਝ ਨਹੀਂ। ਭਗਵੇਂ ਬ੍ਰਾਹਮਣ ਹਿੰਦੂ ਅਤਿਵਾਦ ਦੇ ਸਤਾਏ ਹੋਏ ਨੇ ਮੈਂ ਲੁਧਿਆਣੇ, ਅੰਮ੍ਰਿਤਸਰ, ਪਟਿਆਲੇ ਦੀਆਂ ਜੇਲ੍ਹਾਂ ਤੋਂ ਇਲਾਵਾ ਨਾਭੇ ਦੀ ਸਕਿਉਰਿਟੀ ਜੇਲ੍ਹ ਦਾ ਵੀ ਕੌੜਾ ਤਜ਼ਰਬਾ ਹਾਸਲ ਕੀਤਾ ਹੈ। ਮੇਰੀ ਖਾਲਿਸਤਾਨੀ ਕੁਮਿਟਮੈਂਟ ਦੀ ਤੁਸੀਂ ਦਾਦ ਦਿੱਤੀ ਹੈ, ਮਿਹਰਬਾਨੀ-ਸ਼ੁਕਰੀਆ ਆਪ ਦਾ। ਹੁਣ ਤੁਸੀਂ ਵੀ ਦੱਸ ਦਿਉ ਕਿ ਤੁਹਾਡੀ ਕੁਮਿਟਮੈਂਟ ਸਿੱਖ ਕੌਮ ਦੀ ਅਜ਼ਾਦੀ ਦੇ ਹੱਕ ਵਿਚ ਹੈ ਜਾਂ ਇਸ ਦੇ ਵਿਰੋਧੀਆਂ ਨਾਲ। ਦਲ ਖਾਲਸਾ ਅਲਾਇੰਸ, ਅਮਨ ਅਮਾਨ, ਸਾਂਤੀ ਦੀ ਕਾਇਮੀ ਲਈ ਹਰ ਇੱਕ ਦੇ ਨਾਲ ਹੈ ਪਰ ਭਗਵੇਂ ਬ੍ਰਾਹਮਣ ਹਿੰਦੂ ਅਤਿਵਾਦ ਦੇ ਮੂਹਰੇ ਸੀਨਾ ਤਾਣ ਕੇ ਖੜਾ ਹੈ।

*ਬਾਰੂਦ ਨਾਲ ਬੰਜਰ ਕਰ ਦਿੱਤੀ ਗਈ, ਪੰਜਾਬ-ਖਾਲਿਸਤਾਨ ਦੀ ਧਰਤੀ 'ਚ ਹੁਣ ਹਿੰਦੂਸਤਾਨੀ ਹਿੰਦੂ ਅਤਿਵਾਦੀ ਲੋਕ ਸ਼ਾਂਤੀ ਦੀ ਖੇਤੀ ਕਰਨਾ ਚਾਹੁੰਦੇ ਹਨ। *ਸ਼ਾਂਤੀ, ਜੇਬ 'ਚ ਪਾਉਣ ਵਾਲੀ ਵਸਤ ਨਹੀਂ। *ਸ਼ਾਂਤੀ, ਬੰਦੂਕ ਦੀ ਖਾਮੋਸ਼ੀ ਦਾ ਨਾਂ ਨਹੀਂ ਹੈ। *ਸ਼ਾਂਤੀ, ਪੰਜਾਬ-ਖਾਲਿਸਤਾਨ ਦੇ ਸਾੜੇ ਗਏ ਕਮਾਦ 'ਚੋਂ ਉੱਠਦੀ ਗੰਧ ਅਤੇ ਤੋਪਾਂ ਨਾਲ ਫਨਾਹ ਕੀਤੇ ਫਾਰਮ ਹਾਊਸ 'ਚੋਂ ਉਠਿਆ ਹੌਕਾ ਨਹੀਂ। *ਸ਼ਾਂਤੀ, ਝੋਨੇ ਦੇ ਖੇਤ 'ਚ ਪਈਆਂ, ਝੂਠੇ ਪੁਲਿਸ ਮੁਕਾਬਲੇ 'ਚ ਮਾਰੇ ਸਿੱਖ ਗੱਭਰੂਆਂ ਦੀਆਂ ਲਾਸ਼ਾਂ ਨਹੀਂ ਹਨ। *ਹਿੰਦੂ ਅਤਿਵਾਦੀ ਚਾਹੁੰਦੇ ਹਨ, ਕਿ ਸਿੱਖਾਂ ਦੇ ਜਿਊਣ ਦੀ ਚਾਹਤ ਦੀ ਲਾਸ਼ ਉਪਰ, ਸ਼ਾਂਤੀ ਦਾ ਚਿੱਟਾ ਝੰਡਾ ਲਹਿਰਾ ਦਿੱਤਾ ਜਾਵੇ। *1947 ਤੋਂ ਬਾਅਦ ਦਾ ਸਿੱਖ ਖਾੜਕੂਪੁਣਾ, ਕਿਸੇ ਕੁੱਖ 'ਚੋਂ ਨਹੀਂ ਜੰਮਿਆ, ਹਿੰਦੂ ਅਤਿਵਾਦੀ ਹਾਲਾਤ ਨੇ ਇਸ ਨੂੰ ਪੈਦਾ ਕੀਤਾ ਹੈ। *ਪੰਜਾਬ-ਖਾਲਿਸਤਾਨ ਵਿਚ ਅਸਾਲਟਾਂ ਚੁੱਕਣ ਲਈ ਵੱਧ ਦੋਸ਼ੀ ਉਹ ਹਨ ਜਿਨ੍ਹਾਂ ਅਜਿਹੇ ਹਾਲਾਤ ਪੈਦਾ ਕੀਤੇ ਕਿ ਭਾਰਤੀ ਸਿਸਟਮ ਅਤੇ ਹਿੰਦੂ ਮਾਫੀਆ ਦੇ ਸਤਾਏ ਹੋਏ ਸਿੱਖ ਗੱਭਰੂ ਬੰਦੂਕ ਦੀ ਭਾਸ਼ਾ ਬੋਲਣ। *ਸਿੱਖ ਖਾੜਕੂਪੁਣੇ ਦਾ ਅਸਲ ਜਨਮ, (ਹਿੰਦੂ ਅਤਿਵਾਦ) ਪੁਲਿਸ ਦੇ ਪੁਛਗਿੱਛ ਕੇਦਰਾਂ ਅਤੇ ਠਾਣਿਆਂ ਵਿਚ ਹੋਇਆ ਹੈ। ਦਰਖਤ 'ਤੇ ਪੁੱਠਾ ਲਟਕਾਉਣਾ, ਮਾਰ ਮੁਕਾ ਦੇਣ ਵਾਲੀ ਪੀੜ ਦੇਣ ਵਾਲੇ ਪੱਟਾਂ ਤੇ ਲਾਏ ਘੋਟਣੇ, ਬਿਜਲੀ ਦੇ ਸ਼ਾਟ, ਨੌਂਹਾਂ ਦਾ ਖਿਚਿਆ ਗਿਆ ਮਾਸ, ਜਿਊਂਦੇ ਜੀ ਅੱਖਾਂ ਕੱਢਣਾ, ਆਦਮੀ ਅੰਦਰ ਬਗਾਵਤ ਅਤੇ ਨਫਰਤ ਦਾ ਅਜਿਹਾ ਭਾਂਬੜ ਬਾਲ ਦਿੰਦਾ ਹੈ ਕਿ ਜੋ ਆਪਣਾ ਆਪ ਵੀ ਸਾੜਦਾ ਹੈ ਅਤੇ ਦੂਸਰਿਆਂ ਨੂੰ ਵੀ ਸਾੜਦਾ ਹੈ। ਇੱਕ ਵਾਰ ਹਿੰਦੂ ਅਤਿਵਾਦ ਦੇ ਥਾਣੇ ਜਾਂ ਪੁੱਛਗਿਛ ਸੈਂਟਰ 'ਚ ਕੌੜਾ ਤਜ਼ਰਬਾ ਹੰਢਾ ਆਇਆ ਸਿੱਖ ਗੱਭਰੂ ਮੁੜ ਘਰ ਨਹੀਂ ਜਾਣਾ ਚਾਹੁੰਦਾ। ਠੀਕ ਇਸੇ ਤਰ੍ਹਾਂ ਹੀ ਹੁਣ ਮੈਂ ਵੀ ਖਾਲਿਸਤਾਨ ਦੀ ਪ੍ਰਾਪਤੀ ਤੋਂ ਬਿਨਾਂ ਹਿੰਦੂਸਤਾਨੀ ਘਰ 'ਚ ਵਾਪਸ ਨਹੀਂ ਆਉਣਾ ਚਾਹੁੰਦਾ।

**ਸਵਾਲ ਇਕਬਾਲ,** ਦਾਖਾ ਸਾਹਿਬ ਤੁਸੀਂ ਨਿਰਾ ਜੋਸ਼ ਹੀ ਜੋਸ਼ ਪ੍ਰਗਟਾ ਰਹੇ ਹੋ, ਜ਼ਰਾ ਠੰਡੇ ਮਤੇ ਨਾਲ਼ ਸੋਚੋ।

**ਜਵਾਬ ਦਾਖਾ,** ਸਾਡਾ ਖਾਨਦਾਨ ਗੱਦਾਰਾਂ ਦੀਆਂ ਗੱਦਾਰੀਆਂ ਕਰਕੇ ਨਹੀਂ ਬਲਕਿ ਛੇਵੇਂ ਪਾਤਸ਼ਾਹ ਦੇ ਅਸ਼ੀਰਵਾਦ ਕਰਕੇ ਹੀ ਅੱਗੇ ਵੱਧ ਫੁੱਲ ਰਿਹਾ ਹੈ। ਸਾਡੇ ਖਾਨਦਾਨ 'ਚੋਂ ਵਡੇਰਿਆਂ ਨੇ ਗੱਦਾਰੀਆਂ ਦੇ ਨਹੀਂ ਬਲਕਿ ਬੁੱਢਾ ਦਲ ਦੇ ਪੁਰਾਤਨ ਇਤਿਹਾਸ 'ਚ ਜਥੇਦਾਰੀਆਂ ਦੇ ਰੁਤਬੇ ਪਾਏ ਹਨ। ਬੁੱਢਾ ਦਲ ਦੇ ਇਤਿਹਾਸ 'ਚੋਂ ਜਥੇਦਾਰ ਬਾਬਾ ਰਾਮ ਸਿੰਘ ਅਤੇ ਜਥੇਦਾਰ ਬਾਬਾ ਵਰਿਆਮ ਸਿੰਘ ਦੇ ਇਤਿਹਾਸ ਨੂੰ ਤੁਸੀਂ ਜਿਲ੍ਹਾ ਲੁਧਿਆਣਾ ਦੇ ਪਿੰਡ ਰਕਬਾ 'ਚ ਪਹੁੰਚ ਕੇ ਛੇਵੇਂ ਪਾਤਸ਼ਾਹ ਦੇ ਨਾਲ ਸਬੰਧਤ ਗੁਰਦੁਆਰਾ ਦਮਦਮਾ ਸਾਹਿਬ ਦੇ ਮੂਹਰੇ ਲੱਗੇ ਚਿੱਟੇ ਰੰਗ ਦੇ ਬੋਰਡਾਂ ਤੋਂ ਵੀ ਪੜ੍ਹ ਸਕਦੇ ਹੋ। ਇਸ ਲਈ ਮੈਨੂੰ ਗੁੜ੍ਹਤੀ ਪੰਥ ਦੇ ਗੱਦਾਰਾਂ 'ਤੋਂ ਨਹੀਂ ਬਲਕਿ ਪੰਥ ਦੇ ਵਫਾਦਾਰ ਜੋਸ਼ੀਲੇ ਖਾਨਦਾਨ ਅਤੇ ਜੋਸ਼ੀਲੇ ਪਰਿਵਾਰ 'ਚੋਂ ਹੀ ਮਿਲੀ ਹੈ। ਇਸ ਲਈ ਕੁਦਰਤੀ ਹੀ ਮੇਰੇ ਅੰਦਰ ਜੋਸ਼ ਹੈ।

ਇਕਬਾਲ ਜੀ, ਸਿੱਖ ਕੌਮ ਦੇ ਜੋਸ਼ ਨੇ ਹਿੰਦੂਸਤਾਨੀਆਂ ਨੂੰ ਅਜ਼ਾਦ ਕਰਾਇਆ, ਹਿੰਦੂਆਂ ਦੇ ਠੰਡੇ ਮਤੇ ਨੇ ਅਜ਼ਾਦ ਹੋ ਕੇ ਜਰਾਇਮ ਪੇਸ਼ਾ ਦਾ ਖਿਤਾਬ ਸਿੱਖ ਕੌਮ ਦੇ ਗੱਲ 'ਚ ਪਾਇਆ। ਜੇ ਸਿੱਖ ਕੌਮ ਨੇ ਜੋਸ਼ ਨਾ ਦਿਖਾਇਆ ਹੁੰਦਾ, ਤਾਂ ਹਿੰਦੂਸਤਾਨੀ ਹਿੰਦੂਆਂ ਨੇ 1947 'ਚ ਅਜ਼ਾਦੀ ਨਾ ਪਾਈ ਹੁੰਦੀ। ਜੇ ਸਿੱਖ ਕੌਮ ਨੇ ਜੋਸ਼ ਨਾ ਦਿਖਾਇਆ ਹੁੰਦਾ ਤਾਂ ਮੁਸਲਿਮ ਹਕੂਮਤ ਨੇ ਸਾਰੇ ਹਿੰਦੂਆਂ ਦੇ ਗਲਿਆਂ 'ਚੋਂ ਜੰਜੂ ਲਾਹਿਆ ਹੁੰਦਾ।

ਠੰਡੇ ਮਤੇ ਕਾਰਨ ਹੀ ਦੁਨੀਆਂ ਦੀਆਂ ਤਕਰੀਬਨ ਸਾਰੀਆਂ ਹੀ ਹਕੂਮਤਾਂ ਨੇ ਇਨ੍ਹਾਂ ਹਿੰਦੂਆਂ ਨੂੰ ਖੂਬ ਲੁਟਿਆ ਅਤੇ ਕੁਟਿਆ ਹੈ, ਕੁਝ ਹਕੂਮਤਾਂ ਨੇ ਇਨ੍ਹਾਂ ਦੇ ਮੂੰਹ 'ਚ ਥੁੱਕਿਆ ਵੀ ਹੈ। ਇਨ੍ਹਾਂ ਦੇ ਠੰਡੇ ਮਤੇ ਕਾਰਨ ਹੀ ਹਰ ਜ਼ਾਬਰ ਇਨ੍ਹਾਂ ਤੇ ਹਮਲਾਵਰ ਬਣ ਕੇ ਆਇਆ ਪਰ ਸਿੱਖ ਕੌਮ ਦੇ ਜੋਸ਼ ਨੇ ਹੀ ਹਮਲਾਵਰਾਂ ਦੇ ਮੂੰਹ ਭੰਨੇ ਸਨ।

ਚੀਨ ਅਤੇ ਪਾਕਿਸਤਾਨ ਨੂੰ ਹਿੰਦੂਸਤਾਨੀ ਫੌਜਾਂ ਪਾਸ ਮਾਰੂ ਹਥਿਆਰਾਂ ਦਾ ਉਤਨਾ ਡਰ ਨਹੀਂ ਜਿੰਨਾ ਜੋਸ਼ ਅਤੇ ਚੜ੍ਹਦੀ ਕਲ੍ਹਾ ਵਾਲੀਆਂ ਸਿੱਖ ਫੌਜਾਂ ਦਾ ਹੈ। ਅਫਗਾਨਿਸਤਾਨ ਦੇ ਇਤਿਹਾਸ 'ਤੇ ਵੀ ਨਜ਼ਰ ਮਾਰ ਲੈਣੀ, ਉਹ ਅੱਜ ਤੱਕ ਸਿੱਖਾਂ ਦੇ ਜੋਸ਼ ਅੱਗੇ ਝੁਕ ਕੇ ਸਿੱਖਾਂ ਦਾ ਗੁਲਾਮ ਜ਼ਰੂਰ ਬਣਿਆ ਹੈ ਪਰ ਸਿੱਖਾਂ ਤੋਂ ਇਲਾਵਾ ਹੋਰ ਕਿਸੇ ਦਾ ਵੀ ਗੁਲਾਮ ਨਹੀਂ ਰਿਹਾ। ਅਜ਼ਾਦੀ ਪ੍ਰਾਪਤ ਕਰਨ ਲਈ ਹਮੇਸ਼ਾਂ ਜੋਸ਼ ਨਾਲ ਹੀ ਉਪਰਾਲੇ ਕਰਨੇ ਪੈਂਦੇ ਹਨ, ਸੰਘਰਸ਼ ਕਰਨੇ ਪੈਂਦੇ ਹਨ। ਹੁੱਣ (ਸਿੱਖਾਂ) ਕੋਲ ਦੋ ਹੀ ਰਾਹ ਹਨ ਜਾਂ ਤਾਂ ਹਿੰਦੂਸਤਾਨ ਅੰਦਰ ਠੰਡੇ ਮਤੇ ਨਾਲ (ਭਗਵੇਂ) ਬ੍ਰਾਹਮਣ ਹਿੰਦੂ ਅਤਿਵਾਦ ਅਗੇ ਝੁਕ ਕੇ ਗੁਲਾਮ ਬਣ ਕੇ ਰਹਿਣਾ ਸਿੱਖਣ ਜਾਂ ਫਿਰ ਖਾਲਿਸਤਾਨ ਦੀ ਪ੍ਰਾਪਤੀ ਲਈ ਜੋਸ਼ ਨਾਲ ਜੂਝਣ। ਸੋ ਸਿੱਖ ਕੌਮ ਨੇ ਦੋਹਾਂ 'ਚੋਂ ਇੱਕ ਰਾਹ ਚੁਣ ਲਿਆ ਹੈ, ਅਜ਼ਾਦੀ (ਖਾਲਿਸਤਾਨ) ਦੀ ਪ੍ਰਾਪਤੀ ਦਾ। ਇਕਬਾਲ ਜੀ, ਜਦੋਂ ਤੱਕ ਉਦੇਸ਼ ਅਤੇ ਆਦਰਸ਼ ਸਪਸ਼ਟ ਨਾ ਹੋਣ ਉਦੋਂ ਤੱਕ ਜ਼ਿੰਦਗੀ ਚੋਂਦੇ ਹੋਏ ਘੜੇ ਵਾਂਗ ਸਦਾ ਖਾਲੀ ਹੀ ਰਹੇਗੀ, ਇਹੀ ਹਾਲ ਮੈਨੂੰ ਤੁਹਾਡੀ ਲਿਖਤ 'ਚੋਂ, ਤੁਹਾਡੇ ਸਵਾਲਾਂ 'ਚੋਂ, ਤੁਹਾਡੀ ਜ਼ਿੰਦਗੀ ਦਾ ਜਾਪਦਾ ਹੈ। ਤੁਹਾਡੇ ਵਿਚਾਰ ਮੈਨੂੰ ਤਿੜਕੇ ਘੜੇ ਦਾ ਪਾਣੀ ਹੀ ਜਾਪਦੇ ਹਨ, ਜੋ ਕਲ੍ਹ ਤੱਕ ਨਹੀਂ ਰਹਿਣੇ। ਪੰਜਾਬ-ਖਾਲਿਸਤਾਨ ਕਬਰਿਸਤਾਨ ਨਹੀਂ ਬਣਨਾ ਚਾਹੁੰਦਾ, ਜਿੰਦਗੀ ਚਾਹੁੰਦਾ ਹੈ, ਨਿਆਂ ਤੇ ਗੈਰਤ ਵਾਲੀ। ਇਹ ਪੰਜਾਬ-ਖਾਲਿਸਤਾਨ ਦਾ ਹੱਕ ਹੈ, ਜਿਹੜਾ ਹਿੰਦੂਸਤਾਨੀ ਭਗਵੇਂ ਬ੍ਰਾਹਮਣ ਹਿੰਦੂ ਅਤਿਵਾਦ ਨੂੰ ਇੱਕ ਦਿਨ ਦੇਣਾ ਹੀ ਪਵੇਗਾ ਖਾਲਿਸਤਾਨ ਦੇ ਰੂਪ ਵਿਚ।

**ਸਵਾਲ ਇਕਬਾਲ,** ਦਾਖਾ ਵੀਰ ਜੀ, ਤੁਸੀਂ ਹੀ ਦੱਸੋ ਕਿ ਕੀ ਪਾਕਿਸਤਾਨ "ਪਾਕ ਪਵਿਤਰ" ਹੈ ਕਿ ਗੰਦਗੀ, ਕੁਰਪਸ਼ਨ, ਖਹਿਬਾਜ਼ੀ, ਗਰੀਬੀ, ਧੱਕੇਸ਼ਾਹੀ ਤੇ ਹਰ ਬੁਰਾਈ ਨਾਲ਼ ਸੜਿਆਂਦ ਮਾਰਦਾ ਛੱਪੜ?

**ਜਵਾਬ ਦਾਖਾ,** ਇਹ ਸਵਾਲ ਕਰਦੇ ਤੁਸੀਂ ਤਾਂ ਚੰਗੇ ਲਗਦੇ ਹੋ ਜੇ ਇਹ ਸਭ ਕੁਝ ਤੁਹਾਡੇ ਹਿੰਦੂਸਤਾਨ ਵਿਚ ਨਹੀਂ ਹੈ। ਕੀ ਹਿੰਦੂਸਤਾਨ ਵਿਚੋਂ ਸੜਿਆਂਦ ਮਾਰਦੇ ਪੋਖਰ ਅਤੇ ਛੱਪੜ ਖਤਮ ਹੋ ਗਏ ਹਨ? ਤੁਸੀਂ ਕਿਸੇ ਵੀ ਹਿੰਦੂ ਖੱਦਰਪੋਸ਼ ਦਾ ਖੱਦਰ ਚੁੱਕ ਕੇ ਦੇਖੋਗੇ ਤਾਂ ਤੁਹਾਨੂੰ ਇਕ ਸੜਿਆਂਦ ਮਾਰਦਾ ਹਿੰਦੂ ਫਿਰਕਾਪ੍ਰਸਤ ਨਜ਼ਰ ਆਵੇਗਾ, ਇਸ ਤੋਂ ਘੱਟ ਕੁਝ ਨਹੀਂ। ਜਦ ਘਰ ਵਿਚ ਨਾ ਰਹੇ ਏਕਾ, ਭਾਈਆਂ ਵਿਚ ਪੈ ਜੇ ਪੇਚਾ ਤਾਂ ਸਮਝੋ ਘਰ ਦੀ ਬਰਬਾਦੀ ਹੈ। ਇਹੀ ਹਾਲ ਹੁਣ ਹਿੰਦੂਸਤਾਨ ਦਾ ਹੈ। ਜਿੱਥੇ 9 ਪ੍ਰਾਂਤ ਹਿੰਦੂਸਤਾਨ ਤੋਂ ਅਲੱਗ ਹੋਣ ਲਈ ਲੜ ਰਹੇ ਹਨ। ਇਕਬਾਲ ਜੀ, ਹਿੰਦੂਸਤਾਨ 'ਚ ਬਹੁਗਿਣਤੀਆਂ ਨੇ ਘੱਟ ਗਿਣਤੀਆਂ ਨਾਲ ਪੇਚੇ ਪਾ ਲਏ ਹਨ ਇਸ ਲਈ ਹੁਣ ਹਿੰਦੂਸਤਾਨ ਦੀ ਬਰਬਾਦੀ ਨੂੰ ਕੋਈ ਨਹੀਂ ਰੋਕ ਸਕਦਾ। *ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਬਹੁਤ ਸਾਰੇ ਭਾਰਤ ਹਨ, ਬੇਸ਼ੁਮਾਰ ਸਲਤਨਤਾਂ ਹਨ, ਪਰਜਾ ਹੈ, ਰਾਜੇ ਹਨ। *ਇਤਿਹਾਸ ਦੀ ਨਫਰਤ ਦੇ ਸਭ ਪਾਤਰ, ਸਭ ਘਟਨਾਵਾਂ, ਅਤੇ ਸਭ ਕਾਂਡ ਜਿਉਂ ਦੇ ਤਿਉਂ, ਇਕਬਾਲ ਜੀ ਤੁਹਾਡੇ ਅਤੇ ਮੇਰੇ ਵਰਤਮਾਨ 'ਚ ਜਿਉਂਦੇ ਹਨ। *ਨਾ ਔਰੰਗਜੇਬ ਕਿੱਧਰੇ ਗਿਆ ਹੈ, ਨਾ ਬਾਬਰ ਅੱਜੇ ਮਰਿਆ ਹੈ, ਨਾ ਈਸਟ ਇੰਡੀਆ ਕੰਪਨੀ ਜਲਾਵਤਨ ਹੋਈ ਹੈ, ਨਾ ਅੰਗਰੇਜ਼ ਨੂੰ ਦੇਸ਼ ਨਿਕਾਲਾ ਮਿਲਿਆ ਹੈ। *ਅਜੇ ਤਾਂ ਜਲਿਆਂਵਾਲਾ ਬਾਗ ਵੀ ਇਥੇ ਹੀ ਕਿਧਰੇ ਸਫਰ ਕਰ ਰਿਹਾ ਹੈ। *ਜਮਹੂਰੀਅਤ ਦੇ ਬੁਰਕੇ ਅੰਦਰਲਾ ਸ਼ਾਸਕ ਕਦੇ ਹਿਟਲਰ ਬਣ ਜਾਂਦਾ ਹੈ, ਕਦੇ ਮਸੋਲਿਨੀ, ਕਦੇ ਔਰੰਗਜੇਬ, ਕਦੇ ਅੰਗਰੇਜ, ਕਦੇ ਇੰਦਰਾ, ਕਦੇ ਰਾਜੀਵ, ਕਦੇ ਬਿਅੰਤਾ, ਕਦੇ ਰੇਅ-ਰਬੈਰੋ, ਕਦੇ ਕੇ ਪੀ ਐਸ ਗਿੱਲ।

*ਹਿੰਦੂਸਤਾਨੀ ਜਮਹੂਰੀਅਤ ਹਿੰਦੂ ਅਤਿਵਾਦੀ ਕਾਤਲਾਂ ਲਈ ਘੱਟ ਗਿਣਤੀਆਂ ਦਾ ਅਤੇ ਸਿੱਖਾਂ ਦੀ ਬੇਬਸੀ ਦਾ ਰੇਤਲਾ ਟਿੱਬਾ ਹੈ ਜਿਸ ਨੂੰ ਕਦੇ ਜੂਨ '84 ਉਡਾ ਕੇ ਲੈ ਜਾਂਦੀ ਹੈ ਤੇ ਕਦੇ ਨਵੰਬਰ 84 *ਭਾਰਤੀ ਸੰਵਿਧਾਨ ਹਿੰਦੂ ਅਤਿਵਾਦੀਆਂ ਵੱਲੋਂ ਕਤਲ ਹੋ ਚੁੱਕਾ ਹੈ। *ਭਾਰਤੀ ਜਮਹੂਰੀਅਤ ਹਿੰਦੂ ਅਤਿਵਾਦ ਵੱਲੋਂ ਜਲਾਵਤਨ ਕਰ ਦਿੱਤੀ ਗਈ ਹੈ। *ਪਾਰਲੀਮੈਂਟ ਦੀਆਂ ਗੋਲ ਕੰਧਾਂ ਦੇ ਢਕੌਂਸਲੇ 'ਚ ਭਾਰਤੀ ਕਸਾਈ (ਹਿੰਦੂ ਅਤਿਵਾਦੀ) ਜੁੜਦੇ ਹਨ, ਘੱਟਗਿਣਤੀਆਂ ਨੂੰ ਜ਼ਿਬ੍ਹਾ ਕਰਨ ਦੀਆਂ ਤਰਤੀਬਾਂ ਘੜਦੇ ਹਨ। *ਭਾਰਤੀ ਲੋਕਤੰਤਰ ਹਿੰਦੂ ਅਤਿਵਾਦ ਹੱਥੋਂ ਅਗਵਾ ਹੋ ਗਿਆ ਹੈ, ਗੁੰਮਰਾਹ ਹੋ ਗਿਆ ਹੈ, ਬੇਗੁਨਾਹਾਂ ਦੇ ਖੂਨ ਵਾਲੇ ਛੱਪੜ 'ਚ ਡੁੱਬ ਕੇ ਮਰ ਰਿਹਾ ਹੈ, ਹਿੰਦੂ ਅਤਿਵਾਦ 'ਚ ਗੁੰਮ ਹੋ ਗਿਆ ਹੈ ਪਰ ਕਿਤੇ ਰਿਪੋਰਟ ਦਰਜ਼ ਨਹੀਂ। *ਭਾਰਤੀ ਲੋਕਤੰਤਰ ਹਿੰਦੂ ਅਤਿਵਾਦ ਵੱਲੋਂ ਕਤਲ ਕਰ ਦਿੱਤਾ ਗਿਆ ਹੈ ਪਰ ਕਾਨੂੰਨ ਨੇ ਕੋਈ ਕਾਰਵਾਈ ਨਹੀਂ ਕੀਤੀ। *ਭਾਰਤੀ ਸੰਵਿਧਾਨ ਪਾੜ ਦਿੱਤਾ ਗਿਆ ਪਰ ਕੁਝ ਨਹੀਂ ਵਾਪਰਿਆ। *ਜਿੱਥੇ ਘੱਟ ਗਿਣਤੀਆਂ ਦੇ ਲੋਕ ਗਾਜਰਾਂ-ਮੂਲੀਆਂ ਵਾਂਗ ਵੱਢੇ ਟੁੱਕੇ ਜਾਣ ਉਸ ਨੂੰ ਆਪਣਾ ਮੁਲਕ ਕਹਿਣ ਤੋਂ ਪਹਿਲਾਂ ਆਪਣੇ ਆਪ ਨੂੰ ਕਿਸੇ ਮਾਨਸਿਕ ਹਸਪਤਾਲ 'ਚੋਂ ਚੈਕ ਕਰਵਾ ਲੈਣਾ ਚਾਹੀਦਾ ਹੈ। *ਮੁਲਕ ਤਾਂ ਦਿਲਾਂ 'ਚ ਧੜਕਦਾ ਅਹਿਸਾਸ ਹੁੰਦਾ ਹੈ, ਜਦੋਂ ਦਿਲਾਂ ਦੇ ਧੜਕਣ 'ਤੇ ਪਾਬੰਦੀ ਲੱਗ ਜਾਵੇ ਤਾਂ ਮੁਲਕ ਦਾ ਦਮ ਘੁੱਟ ਜਾਂਦਾ ਹੈ। ਹੁਣ ਭਾਰਤ (ਹਿੰਦੂਸਤਾਨ) ਦੇ ਨਾਂ ਉਤੇ ਇੱਕ ਕਸਾਈਖਾਨਾ ਹੈ, ਜਿਥੇ ਘਟਗਿਣਤੀਆਂ ਜ਼ਿਬ੍ਹਾ ਹੁੰਦੀਆਂ ਹਨ, ਗੈਰ ਹਿੰਦੂਆਂ ਦਾ ਮਾਸ ਵਿਕਦਾ ਹੈ, ਲੋਕ ਝਟਕਾਏ ਜਾਂਦੇ ਹਨ, ਬਕਰੇ ਦੀ ਤਰ੍ਹਾਂ ਠਾਣਿਆਂ 'ਚ ਪੁਠੇ ਲਟਕਾਏ ਜਾਂਦੇ ਹਨ। *ਹਿੰਦੀ, ਹਿੰਦੂ, ਹਿੰਦੂਸਤਾਨ ਮੁਲਕ 'ਚ ਗੁੰਡਿਆਂ ਦੀ ਸਲਤਨਤ ਦੇ ਨਾਗਰਿਕ ਹੋਣ ਤੇ ਬਹੁਤ ਸ਼ਰਮ ਆਉਂਦੀ ਹੈ। *ਦਮ ਘੁੱਟ ਕੇ ਮਰ ਰਹੇ ਭਾਰਤ (ਹਿੰਦੂਸਤਾਨ) 'ਚ ਜਿਊਣ ਦਾ ਕੋਈ ਹਜ ਬਾਕੀ ਨਹੀਂ ਰਿਹਾ। *ਸਭ ਪਾਸੇ ਮੌਤ ਦੇ ਬਾਜ਼ਾਰ ਹਨ, ਸੌਦੇਬਾਜ਼ੀ ਹੈ, ਸਵਾਰਥ ਹਨ, ਲਾਚਾਰੀ ਹੈ, ਹੰਝੂ ਹਨ, ਆਹਾਂ ਹਨ, ਹੌਕੇ ਹਨ, ਤਰਲੇ ਹਨ, ਸੰਗਲ ਹਨ, ਹਥੱਕੜੀਆਂ ਹਨ, ਬੰਦੂਕਾਂ ਹਨ, ਗੱਲ ਘੁਟੀਆਂ ਇਛਾਵਾਂ ਹਨ, ਚੁੱਲ੍ਹੇ ਵਿਚ ਸੜ੍ਹਦਾ ਪੇਟ ਦਾ ਸੰਤਾਪ ਹੈ। *ਹਿੰਦੂਸਤਾਨ ਮੁਲਕ ਤਾਂ ਹਿੰਦੂ ਮਾਫੀਆ ਰਾਹੀਂ ਸਰਕਾਰਾਂ ਚਲਾਉਣ ਵਾਲਿਆਂ ਲਈ ਕਮਾਈ ਦਾ ਉਪਜਾਊ ਖੇਤ ਹੈ ਜਿਸ ਨੂੰ ਘੱਟਗਿਣਤੀਆਂ ਲਈ ਬੰਜਰ ਬਣਾ ਦਿੱਤਾ ਗਿਆ ਹੈ। *ਹੁਣ ਭਾਰਤ ਮੁਲਕ ਮੁਲਕ ਨਹੀਂ ਰਿਹਾ ਅਤੇ ਹਾਕਮ ਹਨ ਕਿ ਨੀਦੋਂ ਹੀ ਨਹੀਂ ਜਾਗਦੇ ਜਿਹੜੇ (ਸ. ਸਿਮਰਨਜੀਤ ਸਿੰਘ ਮਾਨ ਅਤੇ ਸ. ਗਜਿੰਦਰ ਸਿੰਘ ਵਰਗੇ) ਜਾਗੇ ਹਨ ਉਹ ਦੇਸ਼ਧਰੋਹੀ ਵਜੋਂ ਜਾਣੇ ਜਾਂਦੇ ਹਨ। *ਭਾਰਤ, ਹੁਣ ਅਸੀਂ ਤੇਰੇ ਜੀਣ ਦੀ ਦੁਆ ਕਿਵੇਂ ਕਰੀਏ? ਸਾਨੂੰ ਤਾਂ ਆਪਣੇ ਜੀਣ ਦਾ ਫਿਕਰ ਪੈ ਗਿਆ ਹੈ। *ਐ ਭਾਰਤ, ਤੇਰੇ ਦੇਸ਼ ਅੰਦਰ ਲੋਥਾਂ ਦੀ ਗਿਣਤੀ ਹੋ ਸਕਦੀ ਹੈ ਪਰ ਮਰ ਗਏ ਸੁਫਨਿਆਂ ਨੂੰ ਕੋਈ ਨਹੀਂ ਗਿਣ ਸਕਦਾ। *ਅਜ਼ਾਦੀ ਪੈਰਾਂ ਵਿਚ ਪਾਏ ਕਾਨੂੰਨਾਂ ਦੇ ਸੰਗਲ ਨਹੀਂ ਹੁੰਦੇ, ਮੌਤ ਦਾ ਵਪਾਰ ਨਹੀਂ ਹੈ। *ਅਜ਼ਾਦੀ ਬਜ਼ਾਰ ਵਿਚ ਵਿਕਦਾ ਘੱਟਗਿਣਤੀਆਂ ਦਾ ਮਾਸ ਨਹੀਂ ਹੈ। *ਅਜ਼ਾਦੀ ਤਾਂ ਜੀਊਣ ਦਾ ਸੁੱਚਾ ਸੰਕਲਪ ਹੈ। *ਜਿੱਥੇ ਜਿੰਦਗੀ ਧਰਤੀ ਤੇ ਰੀਂਗਦੀ ਹੋਵੇ, ਜਿੱਥੇ ਨਿੱਕੇ ਨਿੱਕੇ ਬਾਲ ਜੂਠ ਦੇ ਟੁੱਕੜਿਆਂ 'ਤੇ ਪਲਦੇ ਹੋਣ, ਜਿੱਥੇ ਸ਼ਾਸ਼ਨ ਬੰਦੂਕ ਦੀ ਨੋਕ 'ਤੇ ਚਲਦਾ ਹੋਵੇ, ਜਿੱਥੇ ਸ਼ਾਸ਼ਨ ਤੇ ਕਾਨੂੰਨ ਘੱਟਗਿਣਤੀਆਂ ਦੇ ਖੂਨ ਦਾ ਤਿਹਾਇਆ ਹੋਵੇ, ਉਥੇ ਅਜ਼ਾਦੀ ਦਾ ਸੰਕਲਪ ਸਾਹ ਨਹੀਂ ਲੈ ਸਕਦਾ। *ਭਾਰਤ 1947 'ਚ ਵੀ ਸੜ ਰਿਹਾ ਸੀ ਅਤੇ ਅੱਜ ਵੀ ਸੜ ਰਿਹਾ ਹੈ। ਭਾਰਤ ਦੇ ਹਰ ਖਿਤੇ ਵਿਚ ਉਸ ਵਕਤ ਵੀ ਅੱਗ ਮੱਚਦੀ ਸੀ ਹੁਣ ਵੀ ਵਿਦਰੋਹ ਦੇ ਭਾਂਬੜ ਹਨ। ਅੱਜ ਭਾਰਤ ਦਾ ਪੱਛਮ ਸੜ ਰਿਹਾ ਹੈ, ਉਤਰ ਤੜਫ ਰਿਹਾ ਹੈ, ਪੂਰਬ ਰਾਖ ਹੋ ਰਿਹਾ ਹੈ, ਦੱਖਣ ਲਾਲ-ਪੀਲਾ ਹੋਇਆ ਬੈਠਾ ਹੈ। *ਦੇਖੋ ਹਿੰਦੀ, ਹਿੰਦੂ, ਹਿੰਦੂਸਤਾਨੀ ਲੋਕਾਂ ਦੀ ਜਿੰਦਗੀ ਜਿਊਣ ਦਾ ਹਾਲ, ਫਲਿਕਰ ਫੋਟੋ:

http://www.flickr.com/photos/37023041@N07/

**ਸਵਾਲ ਇਕਬਾਲ,** ਮੇਰੇ ਸਨਮਾਨਯੋਗ ਵੀਰ ਦਾਖਾ ਜੀ, ਤੁਸੀਂ ਹੀ ਦੱਸੋ ਕਿ ਮੁਸਲਮਾਨਾਂ ਦਾ ਕਿਹੜਾ ਖਾਲਿਸਤਾਨ ਰੰਗੀਂ ਵਸਦਾ ਹੈ ਜਿੱਥੋਂ ਦੇ ਬਾਸ਼ਿੰਦੇ ਦੇਵਤੇ ਬਣ ਗਏ ਹਨ?

**ਜਵਾਬ ਦਾਖਾ,** ਜੋ ਤੁਸੀਂ ਦੂਸਰਿਆਂ ਦੇ ਘਰ ਵਿਚ ਝਾਕ ਕੇ ਸੋਚਦੇ ਹੋ, ਕੀ ਇਹ ਤੁਹਾਡੇ ਆਪਣੇ ਘਰ ਵਿਚ ਸਭ ਠੀਕ ਠਾਕ ਹੋ ਗਿਆ ਹੈ। ਕੀ ਹਿੰਦੂਸਤਾਨ ਦੇ ਤਕਰੀਬਨ 9 ਸੂਬਿਆਂ ਦੇ ਲੋਕ ਆਪਣੀ ਅਜ਼ਾਦੀ ਲਈ, ਵੱਖ ਹੋਣ ਲਈ ਨਹੀਂ ਲੜ ਰਹੇ। ਜੇ ਹਿੰਦੂਸਤਾਨ ਰੰਗੀਂ ਵਸਦਾ ਹੈ ਅਤੇ ਉਥੋਂ ਦੇ ਬਾਸ਼ਿੰਦੇ ਦੇਵਤੇ ਬਣ ਗਏ ਹਨ ਤਾਂ ਫਿਰ 9 ਪ੍ਰਾਂਤਾਂ ਦੇ ਲੋਕ ਜੋ ਤੁਹਾਡੇ ਨਾਲੋਂ ਅਲੱਗ ਹੋਣਾ ਚਾਹੁੰਦੇ ਹਨ, ਦੁਖੀ ਕਿਉਂ ਹਨ? ਦੇਵਤਿਆਂ ਦੇ ਰਾਜ ਵਿਚ ਹਰ ਪਾਸੇ ਖੁਸ਼ੀ ਦਾ ਪਸਾਰਾ ਹੁੰਦਾ ਹੈ, ਨਾ ਕਿ ਹਾਹਾਕਾਰ ਮਚੀ ਹੁੰਦੀ ਹੈ। ਅਖੌਤੀ ਅਜ਼ਾਦ ਹਿੰਦੂਸਤਾਨ ਦਾ ਕਿਹੜਾ ਐਸਾ ਸੂਬਾ ਹੈ ਜਿਥੇ 1947 ਤੋਂ ਅੱਜ ਤੱਕ ਦੇਵਤਿਆਂ ਦਾ ਰਾਜ ਹੈ, ਦਸ ਸਕਦੇ ਹੋ? ਰੰਗੀਂ ਵਸਦੇ ਹਿੰਦੂਸਤਾਨ ਵਿਚ ਹਿੰਦੂ ਅਤਿਵਾਦ ਦੇ ਹੱਥੋਂ ਸਤਾਏ ਸਿੱਖਾਂ ਨੇ ਲਾਏ ਹੁਣ ਤੱਕ ਦੇ ਮੋਰਚੇ, ਦਿਤੀਆਂ ਕੁਰਬਾਨੀਆਂ, ਝੱਲੀਆਂ ਫਾਸੀਆਂ, ਗਏ ਕਾਲੇ ਪਾਣੀ, ਡੁਲਿਆ ਸੰਨ 1947 ਵਿਚ ਲਹੂ ਅਤੇ ਹਰਿਮੰਦਰ ਸਾਹਿਬ ਦਾ ਜੂਨ 1984 ਦਾ ਖੂਨੀ ਸਾਕਾ, ਨਵੰਬਰ 1984 ਦੀ ਸਿੱਖ ਕਤਲੇਆਮ, ਦੇਸ਼ ਵਿਦੇਸ਼ ਵਿਚ ਵਸਦੀ ਸਮੁੱਚੀ ਸਿੱਖ ਕੌਮ ਲਈ ਵੰਗਾਰ ਬਣ ਚੁੱਕੇ ਹਨ-ਹਿੰਦੂਸਤਾਨੀਓ, ਖਾਲਿਸਤਾਨ ਅਜ਼ਾਦ ਕਰੋ ਅਤੇ ਖਾਲਿਸਤਾਨ ਜ਼ਿੰਦਾਬਾਦ।

ਇਕਬਾਲ ਜੀ, ਸਾਡਾ ਸਿੱਖਾਂ ਦਾ ਦੇਸ਼ ਕੋਈ ਨਾ, ਤੁਹਾਡੇ ਰੰਗੀਂ ਵਸਦੇ ਹਿੰਦੂਸਤਾਨ ਅੰਦਰ ਹਿੰਦੂ ਅਤਿਵਾਦੀਆਂ ਤੋਂ ਮਾਰਾਂ ਖਾਈਏ, ਬਾਹਰ ਢੋਈ ਕੋਈ ਨਾ। ਹੁਣ ਸਿੱਖ ਕੌਮ ਨੂੰ ਢੋਈ ਸਿਰਫ ਖਾਲਿਸਤਾਨ ਵਿਚ ਹੀ ਮਿਲ ਸਕਦੀ ਹੈ ਹੋਰ ਕਿਤੇ ਨਹੀਂ, ਕਿਉਂਕਿ ਭਾਰਤੀ ਕਾਨੂੰਨ ਲੋਕਾਂ ਲਈ ਨਹੀਂ, ਇਹ ਤਾਂ ਹਿੰਦੂ ਅਤਿਵਾਦੀਆਂ ਦਾ ਹਥਿਆਰ ਹੈ ਜੋ ਘੱਟਗਿਣਤੀਆਂ ਦਾ ਗਲ ਵੱਢਣ ਅਤੇ ਦੇਸ਼ ਨੂੰ ਅਗਵਾ ਕਰਨ ਲਈ ਹੈ।

**ਸਵਾਲ ਇਕਬਾਲ,** ਜਿਉਂ ਪਾਕਿਸਤਾਨ ਬਣਿਐਂ ਕੋਈ ਵੀ ਲੋਕਰਾਜੀ ਹਕੂਮਤ ਨਹੀਂ ਚੱਲੀ। ਇੱਕ ਦੂਜੇ ਦਾ ਗਲਾ ਵੱਢ ਕੇ ਦੇਸ਼ ਦੇ ਨੇਤਾ ਗੱਦੀ 'ਤੇ ਸਵਾਰ ਹੋ ਜਾਂਦੇ ਹਨ। ਤੁਸੀਂ ਹੀ ਦੱਸੋ, ਖਾਲਿਸਤਾਨ 'ਚ ਦੇਵਤੇ ਕਿਥੋਂ ਲਿਆਵੋਗੇ?

**ਜਵਾਬ ਦਾਖਾ,** ਇਹ ਗੱਲਾਂ ਕਰਦੇ ਤੁਸੀਂ ਤਾਂ ਚੰਗੇ ਲਗਦੇ ਹੋ ਜੇ ਤੁਹਾਡੇ ਮੁਲਕ ਵਿਚ ਹਿੰਦੂਸਤਾਨੀ ਹਿੰਦੂ ਅਤਿਵਾਦ ਨਹੀਂ ਫੈਲਿਆ ਹੋਇਆ? ਕੀ ਇੰਦਰਾ ਗਾਂਧੀ 'ਤੇ ਆਪਣੇ ਹੀ ਪੁੱਤਰ ਸੰਜੇ ਗਾਂਧੀ ਨੂੰ ਜਹਾਜ ਵਿਚ ਹੀ ਮਰਵਾਉਣ ਦਾ ਦੋਸ਼ ਨਹੀਂ ਲਗਿਆ? ਕੀ ਇੰਦਰਾ ਗਾਂਧੀ 'ਤੇ ਆਪਣੇ ਹੀ ਪਤੀ ਨੂੰ ਮਰਵਾਉਣ ਦਾ ਦੋਸ਼ ਨਹੀਂ ਲਗਿਆ? ਕੀ ਇਹ ਦੋਸ਼ ਨਹੀਂ ਲਗਿਆ ਕਿ ਲਾਲ ਬਹਾਦਰ ਸ਼ਾਸ਼ਤਰੀ ਇੰਦਰਾ ਅਤੇ ਸਾਥੀਆਂ ਦੀ ਈਰਖਾ ਦੀ ਭੇਟ ਚੜ੍ਹਿਆ ਹੈ? ਕੀ ਨਹਿਰੂ ਅਤੇ ਗਾਂਧੀ 'ਤੇ ਇਹ ਦੋਸ਼ ਨਹੀਂ ਲਗਿਆ ਕਿ ਇਨ੍ਹਾਂ ਦੀ ਕਟੜ ਹਿੰਦੂ ਸੋਚ ਕਾਰਨ ਹੀ ਜਿੰਨਾਹ ਨੂੰ ਵਖਰੇ ਮੁਲਕ ਦੀ ਮੰਗ ਰੱਖਣੀ ਪਈ ਸੀ। ਜੇ ਤੁਹਾਡੇ ਮੁਲਕ ਵਿਚ ਲੋਕਰਾਜ ਹੈ ਅਤੇ ਉਸ ਲੋਕ ਰਾਜ ਤੋਂ ਸਾਰੇ ਖੁਸ਼ ਹਨ ਤਾਂ ਮਹਾਤਮਾ ਗਾਂਧੀ ਅਤੇ ਰਾਜੀਵ ਗਾਂਧੀ ਦਾ ਹਿੰਦੂਆਂ ਹੱਥੋਂ ਕਤਲ ਕਿਉਂ ਹੋਇਆ? ਤੁਹਾਡੇ ਦੇਵਤਿਆਂ ਵਰਗੀ ਲੋਕਰਾਜੀ ਹਕੂਮਤ 'ਚ ਇੰਦਰਾ ਗਾਂਧੀ ਨੂੰ ਸਿੱਖਾਂ ਵੱਲੋਂ ਕਿਉਂ ਸੋਧਣਾ ਪਿਆ? ਅਸਾਮ, ਮਿਜੋਰਮ, ਤ੍ਰਿਪੁਰਾ, ਤਾਮਿਲਨਾਡੂ, ਮਹਾਰਾਸ਼ਟਰ, ਨਾਗਾਲੈਂਡ ਆਦਿ ਥਾਂਵਾਂ 'ਤੇ ਕੀ ਹਿੰਦੂਆਂ ਨੇ ਹਿੰਦੂਆਂ ਦੇ ਕਤਲ ਨਹੀਂ ਕੀਤੇ? ਮੁੰਬਈ ਵਿਚ ਹਿੰਦੂ ਅਤਿਵਾਦੀਆਂ (ਬਾਲ ਠਾਕਰੇ-ਰਾਜ ਠਾਕਰੇ) ਵੱਲੋਂ ਕੀ ਨਹੀਂ ਹੋਇਆ ਅਤੇ ਕੀ ਨਹੀਂ ਹੋ ਰਿਹਾ? ਬਾਹਰੋਂ ਆਏ ਹੋਏ ਲੋਕਾਂ ਨਾਲ। ਜੇ ਬਾਲ ਠਾਕਰੇ ਜਾਂ ਰਾਜ ਠਾਕਰੇ ਹਿੰਦੂ ਅਤਿਵਾਦੀ ਮੁੰਬਈ ਵਿਚ ਮਰਾਠੀ ਬੋਲੀ ਨੂੰ ਲਾਗੂ ਕਰਾਉਣ ਦੀ ਗੱਲ ਕਰਨ ਤਾਂ ਉਹ ਸਤਿਵਾਦੀ ਅਤੇ ਦੇਸ਼ ਦੇ ਭਗਤ ਪਰ ਦੂਸਰੇ ਪਾਸੇ ਪੰਜਾਬ ਵਿਚ ਸਿੱਖ ਜੇ ਪੰਜਾਬੀ ਬੋਲੀ ਨੂੰ ਸ਼ਾਂਤਮਈ ਤਰੀਕਿਆਂ ਨਾਲ ਵੀ ਲਾਗੂ ਕਰਾਉਣ ਦੀ ਗੱਲ ਕਰਨ ਤਾਂ ਸਾਰੇ ਹਿੰਦੂਆਂ ਦੀਆਂ ਨਿਗਾਹਾਂ 'ਚ ਸਿੱਖ ਅਤਿਵਾਦੀ ਤੇ ਵੱਖਵਾਦੀ ਬਣ ਜਾਂਦੇ ਹਨ।

ਇਕਬਾਲ ਜੀ, ਜੇ ਪਾਕਿਸਤਾਨ ਵਿਚ ਲੋਕਰਾਜੀ ਹਕੂਮਤ ਨਹੀਂ ਤਾਂ ਦਲ ਖਾਲਸਾ ਅਲਾਇੰਸ ਮੁਤਾਬਿਕ ਹਿੰਦੂਸਤਾਨ ਵਿਚ ਵੀ ਲੋਕਰਾਜੀ ਹਕੂਮਤ ਨਹੀਂ, ਬਲਕਿ ਭਗਵੇਂ ਬ੍ਰਾਹਮਣ ਹਿੰਦੂ ਅਤਿਵਾਦ ਦਾ ਰਾਜ ਹੈ। ਇਸ ਹਿੰਦੂ ਅਤਿਵਾਦੀ ਰਾਜ ਦਾ ਅੰਤ ਵੀ ਅਸੀਂ ਇੱਕ ਦਿਨ ਜਰੂਰ ਕਰਾਂਗੇ, ਠੀਕ ਉਸੇ ਤਰ੍ਹਾਂ ਜਿਵੇਂ ਮੁਸਲਿਮ ਹਕੂਮਤਾਂ ਅਤੇ ਅੰਗਰੇਜਾਂ ਦਾ ਕੀਤਾ ਸੀ। ਜਿਵੇਂ ਤੁਹਾਨੂੰ 1947 'ਚ ਅਜ਼ਾਦ ਕਰਾਇਆ ਸੀ ਠੀਕ ਉਸੇ ਤਰੀਕੇ ਇੱਕ ਦਿਨ ਸਾਡਾ ਵੀ ਖਾਲਿਸਤਾਨ ਜਰੂਰ ਅਜ਼ਾਦ ਹੋਵੇਗਾ।

ਇਕਬਾਲ ਜੀ, ਜਿੰਨੀ ਜੁਝਾਰੂ ਬਾਗੀ ਸਿੱਖ ਲਹਿਰ ਬਚ ਗਈ ਹੈ, ਜਿੱਤ ਅਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਉਤਨੀ ਹੀ ਕਾਫੀ ਹੈ। ਸਿੱਖ ਇੱਕ ਵਖਰੀ ਕੌਮ ਹੈ ਅਤੇ ਖਾਲਿਸਤਾਨ ਦੀ ਮੁੰਕਮਲ ਸਥਾਪਨਾ ਦੀ ਜਦੋਜਹਿਦ ਜਾਰੀ ਹੈ। ਇਹ ਵੀ ਯਾਦ ਰੱਖਿਉ ਕਿ ਸਿਰ ਸਿਰਫ ਤੂੜੀ ਦੀਆਂ ਪੰਡਾਂ ਚੁੱਕਣ ਲਈ ਹੀ ਨਹੀਂ ਬਣੇ ਬਲਕਿ ਗੁਲਾਮੀ ਦੇ ਸੰਗਲ ਤੋੜ ਕੇ ਅਜ਼ਾਦੀ ਦੇ ਝੰਡੇ ਝੁਲਾਉਣ ਲਈ ਵੀ ਹਨ। ਕੁੱਤਾ ਭਾਵੇਂ ਹਿੰਦੂਸਤਾਨੀਆਂ ਦਾ ਹੋਵੇ ਜਾਂ ਅਮਰੀਕਾ, ਇੰਗਲੈਂਡ ਦਾ ਹੋਵੇ, ਲੱਤ ਚੁੱਕ ਕੇ ਹੀ ਮੂਤਦਾ ਹੈ। ਠੀਕ ਇਸੇ ਤਰ੍ਹਾਂ ਹੀ ਇਕਬਾਲ ਜੀ ਤੁਹਾਡੇ ਵਰਗੇ ਹਿੰਦੂਸਤਾਨੀ ਦੁਨੀਆਂ 'ਚ ਜਿਥੇ ਮਰਜੀ ਰਹਿੰਦੇ ਹੋਣ ਪਰ ਹਨ ਸਿੱਖ ਧਰਮ, ਸਿੱਖ ਸਮਾਜ, ਸਿੱਖ ਸੱਭਿਆਚਾਰ, ਸਿੱਖ ਵਿਰਸਾ, ਸਿੱਖ ਸੰਘਰਸ਼ ਦੀ ਚੜ੍ਹਦੀ ਕਲਾ ਦੇ ਵਿਰੋਧੀ।

**ਸਵਾਲ ਇਕਬਾਲ,** ਦੁਨੀਆਂ ਵਿਚ ਮੁਸਲਮਾਨਾਂ ਦੇ 50 ਤੋਂ ਵੱਧ ਖ਼ਾਲਿਸਤਾਨ ਹਨ ਪਰ ਦਾਖਾ ਵੀਰ ਜੀ ਤੁਸੀਂ ਹੀ ਦੱਸੋ ਕਿ ਮੁਸਲਮਾਨਾਂ ਦਾ ਕਿਹੜਾ ਖਾਲਿਸਤਾਨ ਰੰਗੀਂ ਵਸਦਾ ਹੈ ਜਿੱਥੋਂ ਦੇ ਬਾਸ਼ਿੰਦੇ ਦੇਵਤੇ ਬਣ ਗਏ ਹਨ?

**ਜਵਾਬ ਦਾਖਾ,** ਕੀ ਹਿੰਦੂਸਤਾਨ ਭੁੱਖਮਾਰੀ, ਅਨਪੜ੍ਹਤਾ, ਗਰੀਬੀ, ਬੇਰੁਜ਼ਗਾਰੀ, ਰਿਸ਼ਵਤਖੋਰੀ, ਨਸ਼ਾਖੋਰੀ, ਜਾਤਪਾਤ ਆਦਿ ਨਾਲ ਲੜਦਾ ਰੰਗੀਂ ਵਸਦਾ ਹੈ? ਹਿੰਦੂਸਤਾਨ 'ਚ ਡਾਕੂ ਚੋਰ ਲੁਟੇਰੇ ਅਤੇ ਇਨਸਾਨੀਅਤ ਦੇ ਕਾਤਿਲ ਸਾਰੇ ਹਿੰਦੂ ਅਤਿਵਾਦੀ ਕੀ ਦੇਵਤੇ ਬਣ ਗਏ ਹਨ? ਹਿੰਦੂਸਤਾਨ ਸਮੇਤ ਨੇਪਾਲ ਤੇ ਤਿਬਤ 'ਚ ਲੋਕ ਕੀ ਸ਼ਾਂਤੀ ਨਾਲ ਰਹਿੰਦੇ ਹਨ ਜਾਂ ਉਥੇ ਵੀ ਬਗਾਵਤਾਂ ਦੀਆਂ ਲਹਿਰਾਂ ਚਲਦੀਆਂ ਰਹਿੰਦੀਆਂ ਹਨ? ਕਿਸੇ ਦਾ ਧਿਆਨ ਪ੍ਰਾਪਤ ਕਰਨ ਵਾਸਤੇ ਆਤਮ ਵਿਸ਼ਵਾਸ ਦੀ ਘਾਟ ਵਾਲੇ ਲੋਕ ਅਰਥਹੀਣ ਗੱਲਾਂ ਕਰਦੇ ਹਨ ਤਾਂ ਜੋ ਉਹ ਦੂਸਰਿਆਂ ਦੇ ਨੋਟਿਸ ਵਿਚ ਆ ਸਕਣ ਅਤੇ ਵੱਖਰੀ ਤਰ੍ਹਾਂ ਦੇ ਲੱਗਣ, ਇਹੀ ਹਾਲ ਇਕਬਾਲ ਜੀ ਤੁਹਾਡਾ ਹੈ। ਆਹ ਦੇਖੋ, ਤੁਹਾਡੇ ਹਿੰਦੂਸਤਾਨੀ ਬਾਸ਼ਿੰਦਿਆਂ ਦੇ ਕਾਰੇ। ਇਹ ਫੋਟੋਆਂ ਤਾਂ ਇੱਕ ਇਸ਼ਾਰੇ ਮਾਤਰ ਹੀ ਹਨ।

ਫਲਿਕਰ ਫੋਟੋ, ਇੰਡੀਆ ਟੈਰੋਰਿਸਟ ਕੰਨਟਰੀ, http://www.flickr.com/photos/23645958@N05/

**ਸਵਾਲ ਇਕਬਾਲ,** ਗੁਰਦਵਾਰੇ ਸਿੱਖਾਂ ਦੇ ਮਿਨੀ ਖਾਲਿਸਤਾਨ ਹਨ। ਕਿਹੜਾ ਗੁਰਦਵਾਰਾ ਹੈ ਜਿਥੇ ਸਿੱਖ ਪ੍ਰਧਾਨਗੀਆਂ ਪਿੱਛੇ ਦਾਹੜੀਓ ਦਾਹੜੀ ਨਹੀਂ ਹੁੰਦੇ, ਕਿਰਪਾਨੋ-ਕਿਰਪਾਨੀ ਤੇ ਧੀਓ-ਭੈਣੀ ਨਹੀਂ ਹੁੰਦੇ? ਦਾਖਾ ਜੀਓ, ਇੱਕ ਗੁਰਦਵਾਰਾ ਤਾਂ ਸਿੱਖਾਂ ਤੋਂ ਸਮੂਥਲੀ ਚਲਦਾ ਨਹੀਂ, ਖਾਲਿਸਤਾਨ ਕਿੱਥੋਂ ਚਲਾ ਲਵੋਗੇ?

**ਜਵਾਬ ਦਾਖਾ,** ਗੁਰਦੁਆਰਿਆਂ 'ਚ ਨਾ ਗੁਰਸਿੱਖ ਲੜੇ, ਨਾ ਹੀ ਲੜ ਰਹੇ ਹਨ, ਨਾ ਹੀ ਲੜਨਗੇ ਪਰ ਜਿਹੜੇ ਗੁਰਦੁਆਰਿਆਂ 'ਚ ਹਿੰਦੂ ਮਾਫੀਆ ਦੀ ਆਰ ਐਸ ਐਸ ਜਾਂ ਹੋਰ ਸਿੱਖ ਵਿਰੋਧੀ ਮਸੰਦ ਬਿਰਤੀ ਘੁਸਪੈਠ ਕਰ ਗਈ ਹੈ ਉਨ੍ਹਾਂ ਨਾਲ ਗੁਰਸਿੱਖਾਂ ਦੀ ਟੱਕਰ ਰਹੀ ਹੈ ਅਤੇ ਰਹੇਗੀ।

ਇਕਬਾਲ ਜੀ, ਸਿੱਖ ਨੇ ਧਰਮ ਕਾਇਮ ਰੱਖਣ ਵਾਸਤੇ ਯੁੱਧ ਕਰਨਾ ਹੈ, ਯੁੱਧ ਵਿਚ ਵੀ ਧਰਮ ਨਹੀਂ ਛੱਡਣਾ। ਸਿੱਖ ਨੇ, ਧਰਮ ਵੀ ਇੰਜ ਨਿਭਾਉਣਾ ਹੈ ਜਿਵੇਂ ਯੁੱਧ ਜਿੱਤਣਾ ਹੋਵੇ। ਜਿਹੜਾ ਘੋੜਾ ਭਾਰ ਖਿੱਚਦਾ ਹੈ ਉਹ ਦੁਲੱਤੀ ਨਹੀਂ ਮਾਰ ਸਕਦਾ, ਜਿਹੜਾ ਦੁਲੱਤੀ ਮਾਰਦਾ ਹੈ ਉਹ ਭਾਰ ਨਹੀਂ ਖਿੱਚ ਸਕਦਾ। ਆਉ ਸਿੱਖ ਕੌਮ ਤੇ ਆਏ ਗੁਲਾਮੀ ਦੇ ਦੁੱਖਾਂ ਦਾ ਭਾਰ ਖਿੱਚਣਾ ਸਿੱਖੀਏ-ਦੁਲੱਤੀ ਮਾਰਨਾ ਛੱਡੀਏ। ਬਾਗੀਆਂ ਦੇ ਸਿਰ ਕਲਮ ਹੋਣ ਨਾਲ ਬਗਾਵਤ ਦੀ ਭਾਵਨਾ ਮਰਦੀ ਨਹੀਂ। ਅੱਜ ਸਿੱਖ ਕੌਮ ਦੀ ਅਜ਼ਾਦੀ ਦੀ ਚਿਣਗ ਵੀ ਸੁਲਗਦੀ ਪਈ ਏ, ਇਹ ਕਦੇ ਵੀ ਲਾਵਾ ਬਣ ਸਕਦੀ ਹੈ। ਸਿੱਖ ਵਿਰੋਧੀ ਫੋਟੋਆਂ ਦੇਖਣ ਲਈ ਕਲਿਕ ਕਰੋ ਫਲਿਕਰ ਫੋਟੋ:

http://www.flickr.com/photos/22229019@N04/

**ਸਵਾਲ ਇਕਬਾਲ,** ਤੁਸੀਂ ਕਹੋਗੇ ਕਿ ਮਹਾਰਾਜਾ ਰਣਜੀਤ ਸਿੰਘ ਸਾਡਾ ਆਦਰਸ਼ ਹੈ ਪਰ ਉਹ ਸਿੱਖ ਸ਼ਕਲ ਸੂਰਤ ਵਾਲ਼ੇ ਇੱਕ ਵਿਅਕਤੀ ਦਾ ਰਾਜ ਸੀ ਨਾ ਕਿ ਸਿੱਖੀ ਸਿਧਾਂਤਾਂ ਦਾ। ਆਪ ਨੂੰ ਪਤਾ ਹੀ ਹੋਵੇਗਾ ਕਿ ਮਹਾਰਾਜਾ ਰਣਜੀਤ ਸਿੰਘ ਸਿਰੇ ਦਾ ਅਯਾਸ਼ ਸੀ, ਤੀਵੀਂਬਾਜ਼ ਸੀ, ਕੰਜਰੀਆਂ ਦਾ ਸ਼ੌਕੀਨ ਸੀ, ਸ਼ਰਾਬ-ਅਫੀਮ ਦਾ ਖੁਲ੍ਹਾ ਸੇਵਨ ਕਰਦਾ ਸੀ। ਇਹ ਇਲਜ਼ਾਮ ਨਹੀਂ ਸਗੋਂ ਤਾਰੀਖੀ ਹਕੀਕਤ ਹੈ।

**ਜਵਾਬ ਦਾਖਾ,** ਹਰ ਇਨਸਾਨ ਵਿਚ ਚੰਗਾ ਪੱਖ ਵੀ ਹੁੰਦਾ ਹੈ ਅਤੇ ਮਾੜਾ ਵੀ। ਜੇ ਤੁਸੀਂ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਗੱਲ ਕੀਤੀ ਹੈ ਤਾ ਤੁਸੀਂ ਬਾਬਾ ਬੰਦਾ ਸਿੰਘ ਬਹਾਦਰ ਦੇ ਖਾਲਸਾ ਰਾਜ ਬਾਰੇ ਕੀ ਕਹਿਣਾ ਚਾਹੁੰਦੇ ਹੋ? ਮਹਾਰਾਜਾ ਰਣਜੀਤ ਸਿੰਘ ਵੀ ਇੱਕ ਇਨਸਾਨ ਹੀ ਸੀ ਕੋਈ ਦੇਵਤਾ ਨਹੀਂ ਪਰ ਤੁਹਾਡੇ ਹਿੰਦੂ ਦੇਵਤੇ ਇੱਕ ਦੂਸਰੇ ਦੀਆਂ ਔਰਤਾਂ ਨਾਲ ਹੀ ਕੁਕਰਮ ਕਰਦੇ ਰਹੇ ਅਤੇ ਪੋਖਰਾਂ ਛਪੜਾਂ 'ਚ ਨਹਾਉਂਦੀਆਂ ਔਰਤਾਂ ਦੇ ਕਪੜੇ ਚੁੱਕਦੇ ਰਹੇ। ਇਹ ਵੀ ਇਲਜ਼ਾਮ ਨਹੀਂ ਸਗੋਂ ਤਾਰੀਖੀ ਹਕੀਕਤ ਹੈ, ਇਸ ਤੋਂ ਤੁਸੀਂ ਕਿਵੇਂ ਮੂੰਹ ਮੋੜੋਗੇ? ਜਾ ਕੇ ਦੇਖੋ ਹਿੰਦੂ ਮੰਦਰਾਂ 'ਚ ਸੈਕਸੀ ਮੂਰਤੀਆਂ। ਜੇ ਤੁਹਾਨੂੰ ਉਨ੍ਹਾਂ ਉਪਰ ਕੋਈ ਇਤਰਾਜ ਨਹੀਂ ਤਾਂ ਤੁਹਾਨੂੰ ਕਿਸੇ ਹੋਰ ਦੀ ਪਰਸਨਲ ਲਾਈਫ 'ਤੇ ਵੀ ਉਂਗਲ ਚੁੱਕਣ ਦਾ ਕੋਈ ਹੱਕ ਨਹੀਂ। ਸਾਨੂੰ ਇਹ ਵੀ ਦਸ ਦਿਉ ਕਿ ਤੁਹਾਡੇ ਵਰਗਿਆਂ ਨੇ ਜਿਸ ਇੰਦਰਾ ਗਾਂਧੀ ਨੂੰ ਦੁਰਗਾ ਦੇਵੀ ਦਾ ਖਿਤਾਬ ਦਿੱਤਾ ਹੈ, ਉਸ ਇੰਦਰਾ ਦੇਵੀ ਦੇ 11 ਕਿਹੜੇ ਕਿਹੜੇ ਬੁਆਏ ਫਰੈਂਡ ਸਨ? ਕੀ ਉਹ ਸ਼ਰਾਬ ਦਾ ਸੇਵਨ ਨਹੀਂ ਸੀ ਕਰਦੀ?

ਇਕਬਾਲ ਜੀ, ਤੁਸੀਂ ਮਹਾਰਾਜਾ ਰਣਜੀਤ ਸਿੰਘ ਰਾਹੀਂ ਸਿੱਖ ਰਾਜ ਦੀ ਗੱਲ ਕੀਤੀ ਹੈ। ਸਿੱਖ ਕੌਮ ਆਪਣੀ ਹੋਂਦ ਦਾ ਪ੍ਰਗਟਾਵਾ 1469 ਤੋਂ ਲੈ ਕੇ ਹੁਣ ਤੱਕ ਤਕਰੀਬਨ 541 ਸਾਲਾਂ ਦਾ ਕਰਦੀ ਹੈ। ਇੰਨੇ ਥੋੜੇ ਸਮੇਂ 'ਚ ਸਿੱਖ ਕੌਮ ਨੇ ਤਿਨ ਵਾਰ ਰਾਜ ਕਾਇਮ ਕੀਤਾ ਹੈ ਅਤੇ ਹੁਣ ਚੌਥੀ ਵਾਰ ਕਾਇਮ ਕਰਨ ਲਈ ਸੰਘਰਸ਼ ਕਰ ਰਹੀ ਹੈ। (1) ਪਹਿਲਾ ਸਿੱਖ ਰਾਜ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ 'ਚ 1710 'ਚ ਕਾਇਮ ਕੀਤਾ ਸੀ, ਦੂਸਰਾ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ 'ਚ ਕਾਇਮ ਕੀਤਾ, ਤੀਸਰਾ ਰਾਜ ਅੰਗਰੇਜਾਂ ਤੋਂ ਲੈ ਕੇ 1947 'ਚ ਕਾਇਮ ਕੀਤਾ ਸੀ ਜੋ ਹਿੰਦੂ ਮਤ ਨੇ ਧੋਖੇ ਨਾਲ ਸਿੱਖ ਲੀਡਰਾਂ ਤੋਂ ਹਥਿਆ ਲਿਆ। ਅਸੀਂ ਤੁਹਾਡੇ ਹਿੰਦੂਆਂ ਤੋਂ ਕੁਝ ਮੰਗ ਨਹੀਂ ਰਹੇ ਅਤੇ ਨਾ ਹੀ ਤੁਹਾਡਾ ਕੁਝ ਖੋਹ ਜਾਂ ਲੁੱਟ ਰਹੇ ਹਾਂ। ਅਸੀਂ ਤਾਂ 1849 'ਚ ਧੋਖੇ ਨਾਲ ਖੋਹਿਆ ਅਤੇ 1947 'ਚ ਧੋਖੇ ਨਾਲ ਦੱਬਿਆ ਹੋਇਆ ਸਿੱਖ ਰਾਜ ਹੀ ਵਾਪਸ ਪ੍ਰਾਪਤ ਕਰਨ ਲਈ ਸੰਘਰਸ਼ ਕਰ ਰਹੇ ਹਾਂ, ਸਿੱਖ ਕੌਮ ਚੌਥੀ ਵਾਰ ਸਿੱਖ ਰਾਜ ਕਾਇਮ ਕਰਨ ਲਈ ਸੰਘਰਸ਼ ਕਰ ਰਹੀ ਹੈ। ਜੇ ਸਿੱਖ ਕੌਮ ਤਿੰਨ ਵਾਰ ਰਾਜ ਕਾਇਮ ਕਰ ਸਕਦੀ ਹੈ ਤਾਂ ਚੌਥੀ ਵਾਰ ਵੀ ਅਵੱਸ਼ ਹੋਵੇਗਾ। ਇਕਬਾਲ ਜੀ, ਹਿੰਦੂ ਮੱਤ ਕਰੋੜਾਂ ਸਾਲਾਂ ਦੀ ਹੋਂਦ ਦਾ ਪ੍ਰਗਟਾਵਾ ਕਰਦਾ ਹੈ। ਕੀ ਹਿੰਦੂ ਮੱਤ ਨੇ 1947 ਤੋਂ ਪਹਿਲਾਂ ਇੱਕ ਘੰਟਾ ਵੀ ਕਦੇ ਰਾਜ ਕੀਤਾ ਹੈ, ਕਦੇ ਆਪਣੀ ਕਰੰਸੀ ਜਾਰੀ ਕੀਤੀ ਹੈ, ਤਾਂ ਦਸੋ? ਸਿੱਖ ਕੌਮ ਨੇ ਤਾਂ 541 ਸਾਲਾਂ 'ਚ ਤਿੰਨ ਵਾਰ ਰਾਜ ਕਾਇਮ ਕੀਤਾ ਅਤੇ ਇੱਕ ਵਾਰ ਤਾਂ ਦਲ ਖਾਲਸਾ ਨੇ ਦਿੱਲੀ ਫਤਿਹ ਕਰਕੇ ਉਸ ਉਪਰ ਖਾਲਸਈ ਪਰਚਮ ਵੀ ਲਹਿਰਾ ਦਿੱਤਾ ਸੀ। ਇਹ ਵੀ ਗੱਲ ਯਾਦ ਰੱਖਿਓ ਕਿ ਹਿੰਦੂਸਤਾਨ ਦੀ ਅਜ਼ਾਦੀ ਸਿੱਖ ਸ਼ਹੀਦਾਂ ਦੇ ਸਿਵਿਆਂ 'ਤੇ ਟਿੱਕੀ ਹੋਈ ਹੈ। ਜਿਸ ਦਿਨ ਇਹ ਸਿਵੇ ਠੰਡੇ ਹੋ ਗਏ ਉਸੇ ਦਿਨ ਗੁਲਾਮੀ ਵਿਚ ਬਦਲ ਜਾਏਗੀ। ਜਿਵੇਂ ਮੁਸਲਿਮ ਹਕੂਮਤਾਂ ਦੀਆਂ ਬਣੀਆਂ ਚੀਜਾਂ ਅੰਗਰੇਜਾਂ ਨੇ ਸੰਭਾਲ ਲਈਆਂ ਸਨ, ਅੰਗਰੇਜਾਂ ਦੇ ਰਾਜ ਵਿਚ ਬਣੀਆਂ ਹਿੰਦੂਆਂ ਨੇ ਸਾਂਭ ਲਈਆਂ ਹਨ, ਹਿੰਦੂਆਂ ਦੀਆਂ ਬਣਾਈਆਂ ਚੀਜਾਂ 'ਤੇ ਅੱਗੋਂ ਕੋਈ ਹੋਰ ਵੀ ਮਲ ਮਾਰ ਸਕਦਾ ਹੈ ਕਿਉਂਕਿ ਸ਼ਕਤੀ ਕਦੇ ਵੀ ਇੱਕੋ ਰੂਪ ਜਾਂ ਇਕੋ ਥਾਂ 'ਤੇ ਸਥਿਰ ਨਹੀਂ ਰਹਿੰਦੀ

**ਸਵਾਲ ਇਕਬਾਲ,** ਮਹਾਰਾਜਾ ਰਣਜੀਤ ਸਿੰਘ ਬਾਰੇ ਖੁਸ਼ਵੰਤ ਸਿੰਘ ਦੀ ਕਿਤਾਬ ਪੜ੍ਹੋ, ਅੱਖਾਂ ਖੁਲ੍ਹ ਜਾਣਗੀਆਂ।

**ਜਵਾਬ ਦਾਖਾ,** ਜੇ ਤੁਸੀਂ ਮੈਨੂੰ ਕੋਈ ਪੁਸਤਕ ਪੜ੍ਹਨ ਦੀ ਪ੍ਰੇਰਨਾ ਦੇਣੀ ਹੀ ਸੀ ਤਾਂ ਕਿਸੇ ਚੰਗੇ ਲਿਖਾਰੀ ਦੀ ਗੱਲ ਕਰਦੇ। ਖੁਸ਼ਵੰਤ ਸਿੰਘ ਖੁਦ ਸ਼ਰਾਬ ਅਤੇ ਔਰਤਾਂ ਦਾ ਸ਼ੌਕੀਨ ਹੈ, ਤੁਸੀਂ ਵੀ ਮੈਨੂੰ ਖੁਸ਼ਵੰਤ ਸਿੰਘ ਦੇ ਵਿਚਾਰਾਂ ਦੇ ਹੀ ਜਾਪਦੇ ਹੋ ਕਿਉਂਕਿ (ਅਮਲੀ ਨੂੰ ਅਮਲੀ ਘਿਉ ਵਰਗਾ, ਦੂਜਾ ਵਿਹੁ ਵਰਗਾ)। ਬੰਦੇ ਦਾ ਦਿਮਾਗ ਇੱਕ ਬਗੀਚੇ ਵਾਂਗ ਹੁੰਦਾ ਹੈ ਜੇ ਆਪਾਂ ਚੰਗੇ ਬੀਜ ਬੀਜਾਂਗੇ ਤਾਂ ਬਗੀਚਾ ਸੁੰਦਰ ਬਣੇਗਾ। ਤੁਹਾਡੇ ਦਿਮਾਗੀ ਬਗੀਚੇ 'ਚ ਵੀ ਘਾਹ ਫੂਸ ਤੋਂ ਬਿਨਾਂ ਕੁਝ ਨਹੀਂ ਹੈ।

**ਸਵਾਲ ਇਕਬਾਲ,** ਗੁਰਬਾਣੀ ਤਾਂ ਸਿੱਖਿਆ ਦਾ ਸੋਮਾ ਹੈ ਪਰ ਇਸ 'ਤੇ ਅਮਲ ਕਿੰਨੇ ਕੁ ਕਰਦੇ ਨੇ? ਸਿੱਖਿਆ ਤਾਂ ਕੁਰਾਨ ਵੀ ਬਥੇਰੀ ਦੇਂਦਾ ਹੈ ਪਰ ਸਿੱਖਿਆ 'ਤੇ ਚਲਦਾ ਕੌਣ ਹੈ?

**ਜਵਾਬ ਦਾਖਾ,** ਕੀ ਤੁਸੀਂ ਆਪਣੇ ਧਰਮ ਨੂੰ 100% ਅਪਨਾਇਆ ਹੈ। ਜੇ ਤੁਸੀਂ 100% ਧਰਮੀ ਹੁੰਦੇ ਤਾਂ ਅਜਿਹਾ ਸਵਾਲ ਵੀ ਨਹੀਂ ਸੀ ਕਰਨਾ ਕਿਉਂਕਿ ਧਰਮ ਨੂੰ ਸਮਰਪਿਤ ਇਨਸਾਨ ਦੇ ਤਾਂ ਸਵਾਲ ਹੀ ਖਤਮ ਹੋ ਜਾਂਦੇ ਹਨ। ਇਕਬਾਲ ਜੀ, ਅਕਲਮੰਦ ਲੋਕ ਦੂਸਰਿਆਂ ਦੀਆਂ ਗਲਤੀਆਂ ਤੋਂ ਸਿੱਖਦੇ ਹਨ ਪਰ ਤੁਸੀਂ ਤਾਂ ਦੂਸਰਿਆਂ ਦੀਆਂ ਗਲਤੀਆਂ ਚਿਤਾਰ ਚਿਤਾਰ ਕੇ ਖੁਦ ਗਲਤੀਆਂ ਕਰੀ ਜਾਂਦੇ ਹੋ, ਫਿਰ ਤੁਹਾਡੇ ਅਤੇ ਉਨ੍ਹਾਂ 'ਚ ਕੀ ਅੰਤਰ ਹੈ ਦਸੋ?

**ਸਵਾਲ ਇਕਬਾਲ,** ਵੀਰ ਦਾਖਾ ਜੀ, ਪੰਜਾਬ ਤੋਂ ਬਾਹਰ ਯੂ ਪੀ, ਸੀ ਪੀ, ਹਰਿਆਣਾ, ਰਾਜਸਥਾਨ, ਕਲਕੱਤਾ, ਬੰਬੇ, ਦਿੱਲੀ, ਬਿਹਾਰ ਤੇ ਹੋਰ ਸੂਬਿਆਂ 'ਚ ਤਕਰੀਬਨ 70-80 ਲੱਖ ਸਿੱਖ ਸ਼ਾਨ ਨਾਲ਼ ਵਸਦੇ ਹਨ ਜਿਥੇ ਉਨ੍ਹਾਂ ਦੇ ਕਾਰੋਬਾਰ ਹਨ, ਜ਼ਮੀਨਾਂ ਹਨ, ਫੈਕਟਰੀਆਂ ਹਨ, ਖਾਲਿਸਤਾਨ ਬਣਨ ਲੱਗਿਆ (ਜੋ ਖੂਨਖਰਾਬੇ ਤੋਂ ਬਿਨਾਂ ਬਣਨਾ ਨਹੀਂ) ਤਾਂ ਇਨ੍ਹਾਂ ਪੌਣਾ ਕਰੋੜ ਸਿੱਖਾਂ ਦਾ ਕੀ ਬਣੇਗਾ?

**ਜਵਾਬ ਦਾਖਾ,** 1947 'ਚ ਸਿੱਖਾਂ ਦੀਆਂ ਕੁਰਬਾਨੀਆਂ ਨਾਲ ਹਿੰਦੂਸਤਾਨ ਅਜ਼ਾਦ ਹੋਣ ਤੋਂ ਬਾਅਦ ਜਿਵੇਂ ਸਾਰੇ ਸੰਸਾਰ 'ਚੋਂ ਹਿੰਦੂਆਂ ਅਤੇ ਸਿੱਖਾਂ ਨੂੰ ਵਾਪਸ ਹਿੰਦੂਸਤਾਨ ਨਹੀਂ ਸੀ ਆਉਣਾ ਪਿਆ, ਉਹ ਜਿੱਥੇ ਸਨ ਅਤੇ ਜਿੱਥੇ ਰਹਿਣਾ ਚਾਹੁੰਦੇ ਸਨ ਉਥੇ ਹੀ ਰਹਿ ਰਹੇ ਹਨ। ਠੀਕ ਉਸੇ ਤਰ੍ਹਾਂ ਖਾਲਿਸਤਾਨ ਅਜ਼ਾਦ ਹੋਣ ਤੇ ਪੂਰੇ ਸੰਸਾਰ 'ਚੋਂ ਸਿੱਖਾਂ ਨੂੰ ਵਾਪਸ ਖਾਲਿਸਤਾਨ 'ਚ ਮੁੜਨਾ ਜ਼ਰੂਰੀ ਨਹੀ, ਉਹ ਜਿਥੇ ਵੀ ਰਹਿਣਾ ਚਾਹੁਣ ਰਹਿ ਸਕਦੇ ਹਨ। ਦਲ ਖਾਲਸਾ ਅਲਾਇੰਸ ਪੰਥ ਦਰਦੀਆਂ ਦੇ ਸਹਿਯੋਗ ਨਾਲ ਖੂਨ-ਖਰਾਬੇ ਤੋਂ ਬਿਨਾਂ ਗੋਲ ਟੇਬਲ 'ਤੇ ਬੈਠ ਕੇ ਖਾਲਿਸਤਾਨ ਅਤੇ ਹਿੰਦੂਸਤਾਨ ਦੀ ਹੱਦਬੰਦੀ ਕਰਨ ਲਈ ਤਿਆਰ ਹੈ ਪਰ ਖੂਨ-ਖਰਾਬੇ ਵਰਗੇ ਸ਼ਬਦਾਂ ਨਾਲ ਨਾ ਤਾਂ ਸਿੱਖ ਇਤਿਹਾਸ ਨੂੰ ਕਲੰਕਤ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਦਲ ਖਾਲਸਾ ਅਲਾਇੰਸ ਨੂੰ ਸਿੱਖ ਕੌਮ ਦੀ ਅਜ਼ਾਦੀ ਦੇ ਰਸਤੇ ਤੋਂ ਥਿੜਕਾਇਆ ਜਾ ਸਕਦਾ ਹੈ।

ਇਕਬਾਲ ਜੀ, ਉਹ ਐਸੀ ਕਿਹੜੀ ਦੁਖਦਾਈ ਘਟਨਾ ਹੈ ਜੋ ਅਖੌਤੀ ਅਜ਼ਾਦ ਹਿੰਦੂਸਤਾਨ ਵਿਚ 1947 ਤੋਂ ਲੈ ਕੇ ਅੱਜ ਤੱਕ ਸਿੱਖ ਕੌਮ ਨਾਲ ਨਹੀਂ ਵਾਪਰੀ? ਪੰਜਾਬ ਵਿਚ ਜੇ ਗੱਲ ਪੰਜਾਬੀ ਭਾਸ਼ਾ ਦੀ ਚੱਲੀ ਤਾਂ ਹਿੰਦੂਆਂ ਨੇ ਆਪਣੀ ਬੋਲੀ ਹਿੰਦੀ ਲਿਖਵਾ ਦਿੱਤੀ। ਜੇ ਗੱਲ ਪਾਣੀਆਂ ਦੀ ਚੱਲੀ ਤਾਂ ਕਿਹਾ ਪਾਣੀ ਕਿਤੇ ਬਾਹਰ ਥੋੜੀ ਜਾਣਾ ਹੈ ਭਾਰਤ ਵਿਚ ਹੀ ਤਾਂ ਰਹਿਣਾ ਹੈ। ਜੇ ਗੱਲ ਚੰਡੀਗੜ੍ਹ ਦੀ ਚੱਲੀ ਤਾਂ ਕਿਹਾ ਇਹ ਕੇਂਦਰ ਸ਼ਾਸ਼ਤ ਹੀ ਰਹੇ। ਜੇ ਸਿੱਖਾਂ ਨੇ ਕਿਹਾ ਕਿ ਦਰਬਾਰ ਸਾਹਿਬ ਤੋਂ ਸ਼ਬਦ ਕੀਰਤਨ ਰਿਲੇਅ ਕਰੋ ਤਾਂ ਇਨ੍ਹਾਂ ਨੇ ਕਿਹਾ ਕਾਂਸ਼ੀ ਤੇ ਹਰਦੁਆਰ ਤੋਂ ਵੀ ਕਰੋ। ਜੇ ਸਿੱਖਾਂ ਨੇ ਕਿਹਾ ਕਿ ਅੰਮ੍ਰਿਤਸਰ ਸ਼ਹਿਰ ਵਿਚ ਬੀੜੀ ਸਿਗਰਟ ਤੇ ਪਾਬੰਦੀ ਲਾਈ ਜਾਵੇ ਤਾਂ ਇਨ੍ਹਾਂ ਨੇ ਸੋਟੀਆਂ ਤੇ ਸਿਗਰਟਾਂ ਦੀਆਂ ਡੱਬੀਆਂ ਟੰਗ ਕੇ ਜਲੂਸ ਕੱਢੇ ਤੇ ਨਾਅਰੇ ਲਾਏ-ਬੀੜੀ ਸਿਗਰਟ ਪੀਏਂਗੇ, ਐਸ਼ ਸੇ ਜੀਏਂਗੇ। ਜੇ ਸਿੱਖਾਂ ਨੇ ਕਿਹਾ ਸਿੱਖ ਇੱਕ ਵੱਖਰੀ ਕੌਮ ਹੈ ਤਾਂ ਇਹ ਕਹਿੰਦੇ ਹਨ ਕਿ ਨਹੀਂ ਇਹ ਤਾਂ ਹਿੰਦੂਆਂ ਦਾ ਹੀ ਇੱਕ ਅੰਗ ਹਨ। ਸਿੱਖ ਧਰਮ, ਸੱਭਿਆਚਾਰ, ਸੰਘਰਸ਼ ਦੀ ਵਿਰੋਧਤਾ ਹਿੰਦੂਆਂ ਨੇ ਬੜੀ ਮਿਹਨਤ ਨਾਲ ਕੀਤੀ ਹੈ। ਇਸੇ ਨੇ ਹੀ ਹੁਣ ਖਾਲਿਸਤਾਨ ਬਣਾਉਣਾ ਹੈ।

ਸੱਪ ਦਾ ਡੰਗਿਆ ਬੰਦਾ ਸਿਰਫ ਮਰਦਾ ਹੈ ਪਰ ਬਿੱਛੂ ਦਾ ਡੰਗਿਆ ਮਰੇ ਭਾਵੇਂ ਨਾ ਪਰ ਤੜਫਦਾ ਬਹੁਤ ਹੈ। ਅੱਜ ਸਿੱਖ ਵੀ ਹਿੰਦੀ, ਹਿੰਦੂ, ਹਿੰਦੂਸਤਾਨ ਵਿਚ ਬਹੁਤ ਤੜਫ ਰਹੇ ਹਨ ਕਿਉਂਕਿ 1947 ਵਿਚ ਹਿੰਦੂ ਰੂਪੀ ਬਿੱਛੂ ਨੇ ਸਿੱਖ ਕੌਮ ਦੀ ਅਜ਼ਾਦੀ ਨੂੰ ਡੰਗਿਆ ਸੀ। ਅਜੇ ਵੀ ਜਿਹੜਾ ਸਿੱਖ ਇਹ ਸਮਝਦਾ ਹੈ ਕਿ ਉਹ ਭਾਰਤ ਅੰਦਰ ਅਜ਼ਾਦ ਹੈ, ਉਹ ਬੇਵਕੂਫ ਹੀ ਹੈ। ਹਿੰਦੂ ਅਤਿਵਾਦ ਦੀਆਂ ਮੂੰਹੋਂ ਬੋਲਦੀਆ ਤਸਵੀਰਾਂ ਦੇਖੋ, ਇਹ ਫੋਟੋਆਂ ਦੇਖ ਕੇ ਪਹਿਲਾਂ ਕੁਝ ਸੋਚ ਸਮਝ ਕੇ ਤੋਲੋ ਫਿਰ ਕੁਝ ਬੋਲੋ? http://www.flickr.com/photos/20357212@N04/ http://www.flickr.com/photos/33902174@N08/

**ਸਵਾਲ ਇਕਬਾਲ,** ਪਾਕਿਸਤਾਨ ਬਣਨ ਵੇਲੇ ਜੋ ਹਾਲ ਹੋਇਆ, ਉਹੀ ਹਾਲ ਖਾਲਿਸਤਾਨ ਬਣਨ ਵੇਲੇ ਹੋ ਸਕਦਾ ਹੈ। ਸਿੱਖਾਂ ਦੀ ਬਰਬਾਦੀ ਹੋ ਸਕਦੀ ਹੈ।

**ਜਵਾਬ ਦਾਖਾ,** ਇਕਬਾਲ ਜੀ, ਸਾਡੇ ਲਈ ਕਦੇ ਮਨੂੰ ਦਾਤੀ ਬਣਿਆ ਸੀ ਅਤੇ ਅੱਜ ਹਿੰਦੂਸਤਾਨੀ ਹਿੰਦੂ ਬ੍ਰਾਹਮਣ ਦਾਤੀ ਬਣਿਆ ਹੋਇਆ ਹੈ। ਦਾਤੀਆਂ, ਆਰਿਆਂ ਅਤੇ ਚਰਖੜੀਆਂ ਦੇ ਦੰਦਿਆਂ, ਉਬਲਦੀਆਂ ਦੇਗਾਂ, ਤੱਤੀਆਂ ਤਵੀਆਂ ਅਤੇ ਜਲਦੇ ਟਾਇਰਾਂ ਨਾਲ ਗੁਰਸਿੱਖੀ ਦਾ ਬੜਾ ਗੂੜਾ ਸਬੰਧ ਹੈ। ਤੁਹਾਡੇ ਬਰਬਾਦੀ ਵਰਗੇ ਲਫਜ਼, ਸਾਡੇ ਗੂੜੇ ਸਬੰਧਾਂ ਦੇ ਰੰਗਾਂ ਨੂੰ ਫਿਕਾ ਨਹੀਂ ਪਾ ਸਕਦੇ। ਖਾਲਿਸਤਾਨ ਦੀ ਪ੍ਰਾਪਤੀ ਲਈ ਸਾਡੇ ਪਾਸ ਪ੍ਰਿੰ. ਗੰਗਾ ਸਿੰਘ ਦੇ ਵਾਰਿਸ ਸ. ਗਜਿੰਦਰ ਸਿੰਘ, ਡਾ. ਸੁਖਪ੍ਰੀਤ ਸਿੰਘ ਉਦੋਕੇ; ਸਿਰਦਾਰ ਕਪੂਰ ਸਿੰਘ ਦੇ ਵਾਰਸ ਸ. ਗੁਰਤੇਜ ਸਿੰਘ, ਡਾ. ਅਵਤਾਰ ਸਿੰਘ ਸੇਖੋਂ; ਪੁਰਾਤਨ ਅਕਾਲੀਆਂ ਦੇ ਵਾਰਸ ਡਾ. ਗੁਰਮੀਤ ਸਿੰਘ ਔਲਖ, ਸ. ਸਿਮਰਨਜੀਤ ਸਿੰਘ ਮਾਨ; ਅਕਾਲੀ ਫੂਲਾ ਸਿੰਘ ਦੇ ਵਾਰਸ ਭਾਈ ਰਣਜੀਤ ਸਿੰਘ ਵਰਗੇ ਪੰਥ ਦਰਦੀ ਮੌਜੂਦ ਹਨ ਜੋ ਅੱਜ ਵੀ ਸਿੱਖ ਕੌਮ 'ਚ ਵਿਚਰਦੇ, ਗੰਗੂ, ਚੰਦੂ ਬਲਦੇਵ ਸਿੰਘ ਅਤੇ ਮਾਸਟਰ ਤਾਰਾ ਸਿੰਘ ਦੇ ਵਾਰਸਾਂ ਨੂੰ ਪਹਿਚਾਣਦੇ ਹਨ। ਇਸ ਲਈ ਸਿੱਖ ਬਰਬਾਦ ਨਹੀਂ ਬਲਕਿ ਪਹਿਲਾਂ ਨਾਲੋਂ ਵੀ ਆਬਾਦ ਹੋਣਗੇ।

ਇਕਬਾਲ ਜੀ, ਜੋ ਬੰਦਾ ਖਤਰੇ ਨਹੀਂ ਉਠਾਉਂਦਾ ਉਹ ਕੁਝ ਪ੍ਰਾਪਤ ਨਹੀਂ ਕਰ ਸਕਦਾ ਹੈ ਬਲਕਿ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਬਰਬਾਦ ਹੋ ਜਾਂਦਾ ਹੈ। ਸਿੱਖ ਖਤਰਿਆਂ 'ਚ ਹੀ ਪੈਦਾ ਹੁੰਦਾ ਹੈ, ਸ਼ਹੀਦ ਹੁੰਦਾ ਹੈ ਅਤੇ ਖਤਰਿਆਂ ਨਾਲ ਖੇਡਦਾ ਹੀ ਕੁਝ ਪ੍ਰਾਪਤ ਕਰਦਾ ਹੈ। ਜੇਤੂਆਂ ਨੂੰ ਭਾਵੇਂ ਚੋਟ ਲੱਗ ਜਾਂਦੀ ਹੈ ਪਰ ਉਹ ਕੰਮ ਛੱਡ ਕੇ ਨਹੀਂ ਭੱਜਦੇ, ਸੱਚਾ ਸਿੱਖ ਵੀ ਮੁਸੀਬਤਾਂ ਵਿਚ ਘਿਰਿਆ ਆਪਣੇ ਮਿਥੇ ਨਿਸ਼ਾਨੇ ਨਾਲ ਸੌਦੇਬਾਜ਼ੀ ਨਹੀਂ ਕਰਦਾ। ਅੱਜ ਸਿੱਖ ਕੌਮ ਦਾ ਨਿਸ਼ਾਨਾ ਸਿਰਫ ਤੇ ਸਿਰਫ ਖਾਲਿਸਤਾਨ ਹੈ। ਸ਼ੇਰਾਂ ਵਾਗੂੰ ਰਹਿੰਦੇ ਸਾਡੇ ਹੌਂਸਲੇ ਬੁਲੰਦ ਆ, ਖਾਲਿਸਤਾਨੀ ਮਸਤੀ 'ਚ ਰਹਿਣਾ ਸਾਡੀ ਆਪਣੀ ਪਸੰਦ ਆ।

**ਸਵਾਲ ਇਕਬਾਲ,** ਦਾਖਾ ਵੀਰ ਜੀ, ਹਿੰਦੂਆਂ ਨਾਲ ਵੈਰ ਆਪਾਂ ਨੂੰ ਪਹਿਲਾਂ ਹੀ (84 ਵੇਲੇ) ਬਹੁਤ ਮਹਿੰਗਾ ਪਿਆ ਹੈ ਜਿਸ ਦੀ ਪੀੜ ਆਪਾਂ ਹਾਲੇ ਵੀ ਭੋਗ ਰਹੇ ਹਾਂ।

**ਜਵਾਬ ਦਾਖਾ,** ਸਿੱਖਾਂ ਨਾਲ-ਹਿੰਦੂਆਂ ਦਾ ਵੈਰ 1984 ਤੋਂ ਨਹੀਂ, ਬਲਕਿ 1469 ਤੋਂ ਗੁਰੂ ਨਾਨਕ ਸਾਹਿਬ ਦੀ ਆਮਦ ਤੋਂ ਹੀ ਸ਼ੁਰੂ ਹੋ ਗਿਆ ਸੀ। ਇਸ ਦੀ ਪੀੜਾ ਨੂੰ ਸਿੱਖ ਕੌਮ ਸਿਰਫ 1984 ਤੋਂ ਹੀ ਨਹੀਂ, ਬਲਕਿ 1469 ਤੋਂ ਹੀ ਮਹਿਸੂਸ ਕਰਦੀ ਆ ਰਹੀ ਹੈ। ਇਸ ਪੀੜਾ ਦਾ ਹੱਲ ਹੁਣ ਸਿਰਫ ਤੇ ਸਿਰਫ ਖਾਲਿਸਤਾਨ ਦੀ ਪ੍ਰਾਪਤੀ ਹੀ ਹੈ ਹੋਰ ਕੋਈ ਨਹੀਂ। ਸਿੱਖਾਂ ਨਾਲ ਹਿੰਦੂਆਂ ਦੇ ਵੈਰ ਤੋਂ ਪਹਿਲਾਂ ਕੀ ਬਾਬਰ, ਹਮਾਯੂੰ, ਅਕਬਰ, ਔਰੰਗਜੇਬ ਜਾਂ ਅੰਗਰੇਜਾਂ ਦਾ ਵੈਰ ਨਹੀਂ ਸੀ ਪਿਆ? ਸਿੱਖਾਂ ਲਈ, ਹਿੰਦੂਆਂ ਦਾ ਵੈਰ ਮੁਸਲਿਮ ਹਕੂਮਤਾਂ ਜਾਂ ਅੰਗਰੇਜਾਂ ਤੋਂ ਕਿਵੇਂ 'ਤੇ ਕਿੰਨਾ ਮਹਿੰਗਾ ਅਤੇ ਕਿਵੇਂ ਵਖਰਾ ਹੈ? ਇਸ ਬਾਰੇ ਵੀ ਜ਼ਰੂਰ ਸਮਝਾਉ?

ਇਕਬਾਲ ਜੀ, ਗੁਰੂ ਨਾਨਕ ਸਾਹਿਬ ਨੇ ਨਾ ਤਾਂ ਜ਼ਬਰੀ ਜੰਞੂ ਪਾਉਣ ਦਿੱਤਾ ਅਤੇ ਨਾ ਹੀ ਗੁਰੂ ਤੇਗ ਬਹਾਦਰ ਨੇ ਜ਼ਬਰੀ ਲਾਹੁਣ ਦਿੱਤਾ ਪਰ ਹੁਣ ਜੰਞੂਧਾਰੀਆਂ ਨੇ ਗੁਰਸਿੱਖ ਦੀ ਕ੍ਰਿਪਾਨ ਨੂੰ ਹੀ ਲਾਹੁਣ ਦੀ ਠਾਣ ਲਈ ਹੈ। ਆਪਣੀ ਕ੍ਰਿਪਾਨ ਦੀ ਹਿਫਾਜ਼ਤ ਲਈ ਗੁਰਸਿੱਖ ਖਾਲਿਸਤਾਨ ਦੇ ਰਸਤੇ ਪੈ ਗਿਆ ਹੈ। ਗੁਰਸਿੱਖ ਨੂੰ ਇਸ ਰਸਤੇ ਪਾਉਣ ਵਾਲਾ ਕੋਈ ਹੋਰ ਨਹੀਂ ਬਲਕਿ ਭਗਵਾ ਹਿੰਦੂ ਅਤਿਵਾਦ ਹੈ। ਜੰਞੂ ਦੀ ਗੁਰਸਿੱਖ ਦੀ ਕ੍ਰਿਪਾਨ ਨੇ ਹੀ ਰਾਖੀ ਕੀਤੀ ਸੀ, ਗੁਰਸਿੱਖ ਦੀ ਕ੍ਰਿਪਾਨ ਨੇ ਜੰਞੂ ਦੇ ਵੈਰੀ ਨਹੀਂ ਛੱਡੇ, ਹੁਣ ਗੁਰਸਿੱਖ ਦੀ ਕ੍ਰਿਪਾਨ ਨੇ ਕ੍ਰਿਪਾਨ ਦੇ ਵੈਰੀਆਂ ਨੂੰ ਵੀ ਨਹੀਂ ਬਖਸ਼ਣਾ। ਇਕਬਾਲ ਜੀ, ਇੱਕ ਗੱਲ ਯਾਦ ਰੱਖਿਓ, ਪੰਡਿਤ ਨਹਿਰੂ ਸਿੱਖਾਂ ਵਿਰੁੱਧ ਨਫਰਤ ਆਪਣੇ ਸੀਨੇ ਵਿਚ ਲੈ ਕੇ ਹੀ ਮਰਿਆ ਪਰ ਉਸ ਦੇ ਪੈਰੋਕਾਰਾਂ ਨੂੰ ਪੰਜਾਬੀ ਸੂਬੇ ਦੀ ਮੰਗ ਮੰਨਣੀ ਹੀ ਪਈ। ਠੀਕ ਇਸੇ ਤਰ੍ਹਾਂ ਅੱਜ ਤੁਸੀਂ ਖਾਲਿਸਤਾਨ ਦੀ ਵਿਰੋਧਤਾ ਕਰਦੇ ਹੋ ਕੱਲ੍ਹ ਨੂੰ ਤੁਹਾਡੇ ਬੱਚਿਆਂ ਨੂੰ ਖਾਲਿਸਤਾਨ ਦੀ ਪ੍ਰਾਪਤੀ ਮਨਜ਼ੂਰ ਕਰਨੀ ਹੀ ਪੈਣੀ ਹੈ। ਦਲ ਖਾਲਸਾ ਅਲਾਇੰਸ ਵੱਲੋਂ ਖਾਲਿਸਤਾਨ ਦੀ ਪ੍ਰਾਪਤੀ ਦੀ ਸੇਵਾ ਸਿੱਖ ਕੌਮ ਦੀਆਂ ਆਉਣ ਵਾਲੀਆਂ ਨਸਲਾਂ ਦੇ ਭਵਿੱਖ ਦੀ ਸੇਵਾ ਹੈ। ਬ੍ਰਾਹਮਣ ਹਿੰਦੂ ਕਿਸੇ ਦਾ ਯਾਰ ਨਹੀਂ ਹੈ, ਸਿਰਫ ਆਪਣੇ ਮਤਲਬ ਦਾ ਯਾਰ ਹੈ। ਗੁਰੂ ਕੇ ਖਾਲਸੇ ਨੂੰ ਕਿਸੇ ਦਾ ਦਾਸ ਬਣ ਕੇ ਰਹਿਣ ਦੀ ਆਦਤ ਨਹੀਂ ਹੈ। ਅਜ਼ਾਦੀ ਦੀ ਮੁਹਬਤ ਵਾਲੀ ਧੜਕਨ ਐਸੀ ਹੁੰਦੀ ਹੈ ਜੋ ਅਸਾਨੀ ਨਾਲ ਤੁਹਾਡੇ ਵਰਗਿਆਂ ਨੂੰ ਨਹੀਂ ਸਮਝਾਈ ਜਾ ਸਕਦੀ।

**ਸਵਾਲ ਇਕਬਾਲ,** ਦਾਖਾ ਵੀਰ ਜੀ ਪੰਜਾਬ ਦੇ ਸੂਝਵਾਨ ਲੋਕ ਖਾਲਿਸਤਾਨ ਨਹੀਂ ਚਾਹੁੰਦੇ, ਨਾ ਹੀ ਪੰਜਾਬ ਤੋਂ ਬਾਹਰ ਸਾਰੇ ਭਾਰਤ ਵਿਚ ਚੰਗੀ ਰੋਟੀ ਖਾਂਦੇ ਸਿੱਖ ਉੱਜੜ ਕੇ ਪੰਜਾਬ ਆਉਣਾ ਚਾਹੁੰਦੇ ਨੇ।

**ਜਵਾਬ ਦਾਖਾ,** ਖਾਲਿਸਤਾਨ ਬਣਾਉਣ ਲਈ-ਸੋਚ ਕਾਇਮ ਹੈ-ਕੋਸ਼ਿਸ਼ ਜਾਰੀ ਹੈ ਪਰ ਅਜੇ ਬਾਦਲ ਅਕਾਲੀ ਦਲ ਅਤੇ ਡਾ. ਸੋਹਣ ਸਿੰਘ ਪੰਥਕ ਕਮੇਟੀ ਵਰਗਿਆਂ ਦੀ ਗੱਦਾਰੀ ਭਾਰੂ ਹੈ। ਇਕਬਾਲ ਜੀ, ਜੇ ਸਿੱਖ ਨੂੰ ਸਿੱਖ ਨਾ ਮਾਰੇ ਤਾਂ ਸਿੱਖ ਕੌਮ ਹਿੰਦੂਸਤਾਨੀਆਂ ਤੋਂ ਕਦੇ ਨਾ ਹਾਰੇ। ਇਨ੍ਹਾਂ ਵਰਗੇ ਸੂਝਵਾਨ ਲੋਕ 1947 'ਚ ਵੀ ਅੰਗਰੇਜਾਂ ਤੋਂ ਅਜ਼ਾਦੀ ਹਾਸਲ ਕਰਨ ਲਈ ਅੱਗੇ ਨਹੀਂ ਸੀ ਆਏ। ਇਸੇ ਲਈ ਤਾਂ ਅੰਗਰੇਜਾਂ ਨਾਲ ਸੌ ਸਾਲ ਲੜਨਾ ਪਿਆ ਸੀ। ਗੁਰਸਿੱਖ ਇਤਿਹਾਸ ਦੀ ਰੌਸ਼ਨੀ 'ਚ ਅਗੇ ਵੱਧਣ ਵਾਲਿਆਂ ਮੂਹਰੇ ਅਸੀਂ ਸੀਸ ਝੁਕਾਉਂਦੇ ਹਾਂ ਪਰ ਬਾਦਲ, ਡਾ. ਸੋਹਣ ਸਿੰਘ, ਖੁਸ਼ਵੰਤ ਸਿੰਘ, ਬਲਦੇਵ ਸਿੰਘ, ਮਾਸਟਰ ਤਾਰਾ ਸਿੰਘ, ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ, ਗਿਆਨੀ ਜੈਲ ਸਿੰਘ, ਬੂਟਾ ਸਿੰਘ, ਦਰਬਾਰਾ ਸਿੰਘ, ਪ੍ਰਤਾਪ ਸਿੰਘ ਕੈਰੋਂ ਵਰਗੇ ਪੰਥ ਵਿਰੋਧੀ ਸੂਝਵਾਨਾਂ ਨੂੰ ਦੂਰੋਂ ਹੀ ਸਲਾਮ ਚੰਗੀ ਹੈ। ਇਨ੍ਹਾਂ ਦੀਆਂ ਫੋਟੋਆਂ ਦੇਖ ਲਵੋ:

http://www.flickr.com/photos/28100615@N07/

**ਸਵਾਲ ਇਕਬਾਲ,** ਇਕ ਗੱਲ ਹੋਰ ਕਿ ਜਿਹੜੇ ਵੀਰ ਭਾਰਤ ਤੋਂ ਬਾਹਰ ਰਹਿ ਕੇ ਖਾਲਿਸਤਾਨ ਦਾ ਪ੍ਰਚਾਰ ਕਰ ਰਹੇ ਹਨ, ਉਸ ਦਾ ਕੋਈ ਖਾਸ ਫਾਇਦਾ ਨਹੀਂ।

**ਜਵਾਬ ਦਾਖਾ,** ਮੱਸੇ ਰੰਘੜ ਦਾ ਸਿਰ ਪੰਜਾਬ ਵਿਚੋਂ ਆ ਕੇ ਨਹੀਂ ਬਲਕਿ ਬਾਹਰੋਂ ਜਾ ਕੇ ਵੱਢਿਆ ਸੀ। ਇੰਦਰਾ ਗਾਂਧੀ, ਜਰਨਲ ਵੈਦਿਆ, ਲਲਿਤ ਮਾਕਨ ਨੂੰ ਉਨ੍ਹਾਂ ਦੇ ਸਹਿਰਾਂ ਵਿਚੋਂ ਨਹੀਂ ਬਲਕਿ ਪੰਜਾਬ ਤੋਂ ਜਾ ਕੇ ਹੀ ਸੋਧੇ ਲੱਗੇ ਹਨ। ਹਿੰਦੂਸਤਾਨ ਨੂੰ ਅਜ਼ਾਦ ਕਰਾਉਣ ਲਈ ਗਦਰ ਲਹਿਰ ਬਾਹਰੋਂ ਹੀ ਚੱਲੀ ਸੀ। ਖਾਲਿਸਤਾਨ ਨੂੰ ਅਜ਼ਾਦ ਕਰਾਉਣ ਲਈ ਵੀ ਬਾਹਰੋਂ ਹੀ ਲਹਿਰ ਚੱਲਣੀ ਹੈ ਅਤੇ ਪ੍ਰਚਾਰ ਵੀ ਬਾਹਰੋਂ ਹੀ ਹੋਣਾ ਹੈ। ਬੀਤੇ ਇਤਿਹਾਸ ਦੀ ਰੌਸ਼ਨੀ 'ਚ ਹੀ ਦਲ ਖਾਲਸਾ ਅਲਾਇੰਸ ਨੇ ਅੱਗੇ ਵੱਧਣ ਦੀ ਕੋਸ਼ਿਸ਼ ਜਾਰੀ ਰੱਖੀ ਹੋਈ ਹੈ। ਸਿੱਖ ਕੌਮ ਇੱਕ ਦਿਨ ਜਰੂਰ ਸਫਲ ਹੋਵੇਗੀ ਅਤੇ ਦੁਨੀਆਂ ਦੇ ਨਕਸ਼ੇ ਤੇ ਖਾਲਿਸਤਾਨ ਰੂਪਮਾਨ ਹੋਵੇਗਾ।

**ਸਵਾਲ ਇਕਬਾਲ,** ਤੁਹਾਨੂੰ ਆਪਣਾ ਮਿਸ਼ਨ ਪੂਰਾ ਕਰਨ ਲਈ ਨੈਲਸਨ ਮੰਡੇਲੇ ਚਾਹੀਦੇ ਹਨ ਜਿਹੜੇ ਨਾ ਉਮਰ ਭਰ ਜੇਲ੍ਹਾਂ 'ਚ ਰਹਿਣ ਤੋਂ ਡਰਦੇ ਹੋਣ ਤੇ ਨਾ ਹੀ ਗੋਲੀਆਂ ਤੋਂ।

**ਜਵਾਬ ਦਾਖਾ,** ਨੈਲਸਨ ਮੰਡੇਲੇ ਦੀ ਦਲ ਖਾਲਸਾ ਅਲਾਇੰਸ ਕਦਰ ਕਰਦਾ ਹੈ ਪਰ ਉਸ ਦੀ ਗੱਲ ਅਸੀਂ ਤਾਂ ਕਰੀਏ ਜੇ ਸਿੱਖ ਕੌਮ ਕੋਲ ਆਪਣਾ ਉਚਾ ਸੁੱਚਾ ਇਤਿਹਾਸ ਨਾ ਹੋਵੇ। ਨੈਲਸਨ ਮੰਡੇਲੇ ਦੀ ਗੱਲ ਕਰਨ ਤੋਂ ਪਹਿਲਾਂ ਕੀ ਤੁਹਾਨੂੰ ਗੁਰਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਨਜ਼ਰ ਨਹੀਂ ਆਈਆਂ। ਇਕਬਾਲ ਜੀ, ਇਹ ਵੀ ਯਾਦ ਰੱਖੋ ਕਿ ਖਾਲਿਸਤਾਨ ਦੀ ਪ੍ਰਾਪਤੀ ਦਾ ਮੌਜੂਦਾ ਇਤਿਹਾਸ ਆਪਣੇ ਸ਼ਾਨਾਂਮੱਤੇ ਪੁਰਾਤਨ ਗੁਰਸਿੱਖ ਇਤਿਹਾਸ ਨੂੰ ਹੀ ਦੁਹਰਾ ਰਿਹਾ ਹੈ। ਪੁਰਾਤਨ ਸਮਿਆਂ 'ਚ ਵੀ ਸਿੰਘਾਂ ਨੂੰ ਸੱਪ ਅਤੇ ਕੁੱਤੇ ਲਿੱਖਣ ਵਾਲੇ ਸਨ ਅਤੇ ਅੱਜ ਵੀ ਸਿੱਖਾਂ ਨੂੰ ਅਤਿਵਾਦੀ, ਵਖਵਾਦੀ, ਆਤੰਕਵਾਦੀ, ਦੇਸ਼ ਦੇ ਗੱਦਾਰ, ਪਾਕਿਸਤਾਨ ਦੇ ਏਜੰਟ ਕਹਿਣ ਅਤੇ ਲਿੱਖਣ ਵਾਲੇ ਮੌਜੂਦ ਹਨ। ਇਹ ਵੀ ਯਾਦ ਰੱਖੋ ਕਿ ਦਲ ਖਾਲਸਾ ਅਲਾਇੰਸ ਪ੍ਰਦੇਸਾਂ ਵਿਚ ਸੁੱਖਾਂ ਭਰੀ ਜ਼ਿੰਦਗੀ ਨਹੀਂ ਬਲਕਿ ਖਾਲਿਸਤਾਨ ਦੀ ਪ੍ਰਾਪਤੀ ਲਈ ਜਲਾਵਤਨੀ ਦੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਐਸੀ ਜਲਾਵਤਨੀ ਦੀ ਜ਼ਿੰਦਗੀ ਵਿਚੋਂ ਸਾਨੂੰ ਦੁੱਖ ਨਹੀਂ ਬਲਕਿ ਸਿੱਖ ਕੌਮ ਦੀ ਅਜ਼ਾਦੀ ਦੀ ਪ੍ਰਾਪਤੀ ਦੀ ਕਿਰਨ ਨਜ਼ਰ ਆ ਰਹੀ ਹੈ। ਜਿੰਨਾ ਚਿਰ ਅਸੀਂ ਸਿੱਖ ਕੌਮ ਦੀ ਅਜ਼ਾਦੀ ਪ੍ਰਾਪਤ ਨਹੀਂ ਕਰ ਲੈਂਦੇ ਉਨ੍ਹਾਂ ਚਿਰ ਪ੍ਰਦੇਸਾਂ ਦੀ ਜ਼ਿੰਦਗੀ ਸਾਡੇ ਲਈ ਮਿੱਠੀ ਜੇਲ੍ਹ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੈ। ਦਲ ਖਾਲਸਾ ਅਲਾਇੰਸ ਸਮੂਹ ਬਦੇਸ਼ੀ ਸਰਕਾਰਾਂ ਦਾ ਧੰਨਵਾਦੀ ਹੈ ਜਿਨ੍ਹਾਂ ਨੇ ਸਾਡੇ ਵਰਗੇ ਅਜ਼ਾਦੀਪਸੰਦਾਂ ਨੂੰ ਆਪਣੀ ਬੁੱਕਲ 'ਚ ਬੈਠਾ ਕੇ ਆਪਣੇ ਹੱਕਾਂ ਦੀ ਰਾਖੀ ਲਈ ਸਾਂਤਮਈ ਢੰਗ ਨਾਲ ਕੁਝ ਬੋਲਣ ਅਤੇ ਲਿੱਖਣ ਦਾ ਅਧਿਕਾਰ ਦਿੱਤਾ ਹੋਇਆ ਹੈ।

**ਸਵਾਲ ਇਕਬਾਲ,** ਮੇਰੇ ਸਤਿਕਾਰਯੋਗ ਵੀਰ ਦਾਖਾ ਸਾਹਿਬ ਵਰਗੇ ਸੂਰਮੇ ਸਿੱਖ ਜੇ ਆਪਣੇ ਪਰਿਵਾਰ ਨੂੰ ਲੈ ਕੇ ਪੰਜਾਬ ਤੇ ਭਾਰਤ ਦੇ ਬਾਕੀ ਸੂਬਿਆਂ 'ਚ ਜਾ ਕੇ ਖਾਲਿਸਤਾਨ ਦਾ ਪ੍ਰਚਾਰ ਕਰਨ ਤਾਂ ਬਿਹਤਰ ਹੋਵੇਗਾ।

**ਜਵਾਬ ਦਾਖਾ,** ਮੇਰੇ ਵਰਗੇ ਬਹੁਤ ਸੂਰਮੇ ਜਾਂ ਮੈਥੋਂ ਵੀ ਵੱਧ ਸੂਰਮੇ ਪਰਿਵਾਰਾਂ ਸਮੇਤ ਪੰਜਾਬ-ਖਾਲਿਸਤਾਨ ਵਿਚ ਵਿਚਰ ਕੇ ਖਾਲਿਸਤਾਨ ਦੀ ਪ੍ਰਾਪਤੀ ਦਾ ਪ੍ਰਚਾਰ ਕਰ ਰਹੇ ਹਨ। ਜਿਸ ਦਿਨ ਮੇਰੀ ਉਥੇ ਕਮੀ ਮਹਿਸੂਸ ਹੋਵੇਗੀ ਮੈਂ ਪਹੁੰਚ ਜਾਵਾਂਗਾ। ਮੈਥੋਂ ਪਹਿਲਾਂ ਜਿਹੜੇ ਉਥੇ ਖਾਲਿਸਤਾਨ ਦਾ ਪ੍ਰਚਾਰ ਕਰ ਰਹੇ ਹਨ ਉਨ੍ਹਾਂ ਦੇ ਹੱਕ ਜਾਂ ਪੱਖ ਵਿਚ ਖੜੋ ਕੇ ਹੁਣ ਤੱਕ ਤੁਸੀਂ ਕੀ ਯੋਗਦਾਨ ਪਾ ਰਹੇ ਹੋ? ਦਸ ਸਕਦੇ ਹੋ ਤਾਂ ਦਸੋ? ਤੁਸੀਂ ਸਿੱਖ ਕੌਮ ਦੀ ਅਜ਼ਾਦੀ ਦੇ ਸਮਰਥਕ ਹੋ ਜਾਂ ਟਾਊਟਾਂ, ਗੱਦਾਰਾਂ, ਮੁਖਬਰਾਂ ਦੀ ਕਤਾਰ 'ਚ, ਜਾਂ ਸਿਰਫ ਵਿਰੋਧੀਆਂ ਦੀ ਕਤਾਰ 'ਚ ਖੜੇ ਹੋ? ਤੁਸੀਂ ਕੌਣ ਹੋ? ਕਿਥੋਂ ਹੋ? ਤੇ ਕੀ ਹੋ?

*(ਬਾਕੀ ਅਗਲੇ ਸਫੇ 'ਤੇ)*

Advt.

# ਓਨਰ ਅਪਰੇਟਰ ਅਤੇ ਡਰਾਈਵਰ

# ਚਾਹੀਦੇ ਹਨ

## ਰੀਫਰ ਅਤੇ ਡਰਾਈ ਲੋਡ

*Fuel advance
*We pay every 15 days (after complete paper work). Every 1st & 15 of month.
*We pay for toll and help for repair on road
*No forced dispatch

ਸਾਡੇ ਕੋਲ ਮਿਡਵੈਸਟ ਤੋਂ ਕੈਲੀਫੋਰਨੀਆ, ਮਿਡਵੈਸਟ ਤੋਂ ਟੈਕਸਸ, ਮਿਡਵੈਸਟ ਤੋਂ ਨਾਰਥ-ਈਸਟ, ਨਾਰਥ-ਈਸਟ ਤੋਂ ਕੈਲੀਫੋਰਨੀਆ ਰੂਟ ਹਨ

ਸੰਪਰਕ ਕਰੋ-ਫੋਨ:317-702-6452

**Somal Trucking Company**
Novelsville, IN, Ph:317-702-6452



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers



Gurbans Singh Gill
Realtor
12 Years Experiance in Real Estate
e-mail: gurbans@gotracy.com

REALTY WORLD Millennium

Fax: 209-836-0706
www.gotracy.com

**Gurbans Gill 209-815-1869**


# ਦਲ ਖਾਲਸਾ ਅਲਾਇੰਸ ਨੂੰ ਰਾਮੂਵਾਲੀਏ ਦੇ ਸਵਾਲ, ਖਾਲਿਸਤਾਨੀ ਦਾਖੇ ਵੱਲੋਂ ਜਵਾਬ

ਇਹ ਵੀ ਜ਼ਰੂਰ ਦਸੋ ਤਾਂ ਕਿ ਤੁਹਾਨੂੰ ਤੁਹਾਡੀ ਯੋਗਤਾ ਮੁਤਾਬਿਕ ਬਣਦਾ ਇਜ਼ਤ ਮਾਣ ਦਿੱਤਾ ਜਾ ਸਕੇ।

ਮੈਂ ਕੌਣ ਹਾਂ? ਕਿਥੋਂ ਹਾਂ? ਅਤੇ ਕੀ ਹਾਂ? ਇਹ ਤਾਂ ਦਸਣ ਦੀ ਲੋੜ ਨਹੀਂ ਕਿਉਂਕਿ ਮੈਂ ਪਹਿਲਾਂ ਉਪਰ ਦਸ ਆਇਆ ਹਾਂ। ਜੇ ਤੁਸੀਂ ਫਿਰ ਵੀ ਮੇਰੇ ਬਾਰੇ ਕੁਝ ਜਾਨਣਾ ਚਾਹੁੰਦੇ ਹੋ ਤਾਂ ਜਗਰਾਉਂ, ਦਾਖੇ ਤੇ ਸਾਹਨੇਵਾਲ ਦੇ ਠਾਣਿਆਂ ਅਤੇ ਲੁਧਿਆਣੇ ਸੀ ਆਈ ਸਟਾਫ 'ਚ 'ਮੋਸਟ ਵਾਂਟਡ' ਬੰਦਿਆਂ 'ਚ ਮੇਰੀਆਂ ਫੋਟੋਆਂ ਦੇਖ ਸਕਦੇ ਹੋ, ਜੋ ਜ਼ਬਾਨੀ ਬੋਲਦੀਆਂ ਹਨ ਕਿ ਮੈਂ ਕੌਣ ਹਾਂ ਤੇ ਕੀ ਹਾਂ ਅਤੇ ਕਿਥੋਂ ਹਾਂ। ਨਾ ਮੈਂ ਲਾਹੀਆਂ ਵਾਲੀਆਂ, ਨਾ ਮੈਂ ਲੁੱਟੇ ਠੇਕੇ। ਸਹੁਰੀਂ ਉਹ ਵਸਾਈਆਂ, ਜੋ ਸਹੁਰਿਆਂ ਬੈਠਾਈਆਂ ਪੇਕੇ।

**ਸਵਾਲ ਇਕਬਾਲ,** ਮੈਂ ਵਾਰ ਵਾਰ ਜ਼ੋਰ ਦੇਣਾ ਚਾਹਾਂਗਾ ਕਿ ਆਪਾਂ 1984 ਤੋਂ ਸਬਕ ਜ਼ਰੂਰ ਸਿੱਖੀਏ।

**ਜਵਾਬ ਦਾਖਾ,** ਦਲ ਖਾਲਸਾ ਅਲਾਇੰਸ ਨੇ 1947 ਤੋਂ ਲੈ ਕੇ 1984 ਤੋਂ ਅੱਜ ਤੱਕ ਸਬਕ ਸਿੱਖਿਆ ਹੈ ਕਿ ਸਾਨੂੰ ਹਿੰਦੂਸਤਾਨ ਤੋਂ ਵੱਖ ਹੋ ਕੇ ਜਲਦੀ ਤੋਂ ਜਲਦੀ ਖਾਲਿਸਤਾਨ ਪ੍ਰਾਪਤ ਕਰਨਾ ਚਾਹੀਦਾ ਹੈ ਤਾਂ ਕਿ ਇਹ ਹਿੰਦੂਸਤਾਨੀ ਹਿੰਦੂ ਅਤਿਵਾਦੀ ਲੋਕ ਦੁਬਾਰਾ ਸਿੱਖ ਕੌਮ ਤੇ ਹਮਲਾਵਰ ਬਣ ਕੇ ਨਾ ਆ ਸਕਣ।

*ਤੁਹਾਡੇ ਕੋਲ ਕੀ ਗਾਰੰਟੀ ਹੈ ਕਿ ਹਿੰਦੂਸਤਾਨ 'ਚ ਰਹਿੰਦਿਆਂ ਸਿੱਖਾਂ ਨਾਲ ਸੰਨ 47 ਕਾਂਡ ਦੁਬਾਰਾ ਨਹੀਂ ਵਾਪਰੇਗਾ? *1978 ਵਰਗਾ ਨਿਰੰਕਾਰੀ ਕਾਂਡ ਦੁਬਾਰਾ ਨਹੀਂ ਵਾਪਰੇਗਾ? *ਜੂਨ 1984 ਵਰਗਾ ਭਿਆਨਕ ਕਾਂਡ ਦੁਬਾਰਾ ਨਹੀਂ ਹੋਵੇਗਾ? *ਨਵੰਬਰ 1984 ਵਰਗੀ ਸਿੱਖ ਕਤਲੇਆਮ ਦੁਬਾਰਾ ਨਹੀਂ ਹੋਵੇਗੀ? *ਸਿੱਖਾਂ ਦੇ ਕਾਤਲਾਂ ਜਗਦੀਸ਼ ਟਾਈਟਲਰ, ਕੇ ਪੀ ਐਸ ਗਿਲ, ਸੁਮੇਧ ਸੈਣੀ ਵਰਗਿਆਂ ਨੂੰ ਕਾਨੂੰਨ ਸਜ਼ਾਵਾਂ ਦੇਵੇਗਾ? *ਹਿੰਦੂਸਤਾਨ 'ਚ ਰਹਿੰਦਿਆਂ ਸਿੱਖਾਂ ਨੂੰ ਬਰਾਬਰ ਦੇ ਸ਼ਹਿਰੀ ਵਾਲੇ ਸਾਰੇ ਹੱਕ ਮਿਲ ਸਕਣਗੇ? *ਹਿੰਦੂਆਂ ਵੱਲੋਂ ਸਿੱਖ ਕੌਮ ਨੂੰ ਇੱਕ ਵੱਖਰਾ ਧਰਮ ਸਵੀਕਾਰ ਕਰ ਲਿਆ ਜਾਵੇਗਾ? *ਸਿੱਖ ਕੌਮ ਨੂੰ ਮਿਲੇ ਜ਼ਰਾਇਮ ਪੇਸ਼ਾਂ ਦੇ ਖਿਤਾਬ ਧੋਤੇ ਜਾਣਗੇ? *ਸਿੱਖਾਂ ਨੂੰ ਅਤਿਵਾਦੀ, ਵੱਖਵਾਦੀ, ਆਤੰਕਵਾਦੀ ਨਹੀਂ ਕਿਹਾ ਜਾਵੇਗਾ ਅਤੇ ਨਾ ਹੀ ਪਾਕਿਸਤਾਨ ਦੇ ਏਜੰਟ ਹੋਣ ਦੀ ਸ਼ੱਕ ਕੀਤੀ ਜਾਏਗੀ? *ਗੁਰਦੁਆਰੇ ਨਹੀਂ ਸਾੜੇ ਜਾਣਗੇ ਅਤੇ ਸਿੱਖ ਨਹੀਂ ਲਿਤਾੜੇ ਜਾਣਗੇ?

ਜੇ ਤੁਹਾਡੇ ਕੋਲ ਇਨ੍ਹਾਂ ਗੱਲਾਂ ਦਾ ਜਵਾਬ ਵੀ ਕੋਈ ਨਹੀਂ ਅਤੇ ਗਾਰੰਟੀ ਵੀ ਕੋਈ ਨਹੀਂ ਤਾਂ ਇਕਬਾਲ ਜੀ ਤੁਸੀਂ ਸਾਨੂੰ 1984 ਤੋਂ ਕਿਹੜੇ ਸਬਕ ਸਿੱਖਣ ਦੀ ਪ੍ਰੇਰਨਾ ਦੇਣਾ ਚਾਹੁੰਦੇ ਹੋ? ਸਾਨੂੰ ਸਬਕ ਸਿਖਾਉਣ ਤੋਂ ਪਹਿਲਾਂ, ਹਿੰਦੀ, ਹਿੰਦੂ, ਹਿੰਦੂਸਤਾਨੀਆਂ ਨੂੰ ਗੁਰਸਿੱਖ ਇਤਿਹਾਸ ਯਾਦ ਰੱਖਣਾ ਚਾਹੀਦਾ ਹੈ ਕਿ ਜੇ ਸਿੱਖ ਕੌਮ ਰਾਜ ਭਾਗ ਕੁਰਬਾਨੀਆਂ ਕਰਕੇ ਦੁਆ ਸਕਦੀ ਹੈ ਤਾਂ ਆਪਣਾ ਬਣਦਾ ਰਾਜ ਭਾਗ ਵਾਪਸ ਵੀ ਲੈ ਸਕਦੀ ਹੈ। ਜੇ ਸਿੱਖ ਕੌਮ ਪਹਿਲਾਂ ਰਾਜ ਭਾਗ ਕਾਇਮ ਕਰ ਸਕਦੀ ਸੀ ਤਾਂ ਹੁਣ ਵੀ ਮੁੜ ਆਪਣਾ ਰਾਜ ਭਾਗ ਕਾਇਮ ਕਰ ਸਕਦੀ ਹੈ। ਇਸ ਲਈ ਸਮਾਂ ਘੱਟ ਵੱਧ ਜਰੂਰ ਲੱਗ ਸਕਦਾ ਹੈ।

**ਸਵਾਲ ਇਕਬਾਲ,** ਵੀਰ ਜੀ ਉਹ ਨਾ ਹੋਵੇ ਕਿ 84 ਵਰਗਾ ਇੱਕ ਹੋਰ ਘਲੂਘਾਰਾ ਕਰਵਾ ਬੈਠੀਏ।

**ਜਵਾਬ ਦਾਖਾ,** ਕੀ ਮੁਸਲਿਮ ਰਾਜ 'ਚ ਹਿੰਦੂਆਂ ਦੀ ਖਾਤਰ 84 ਵਰਗੇ ਘਲੂਘਾਰੇ ਪਹਿਲਾਂ ਸਿੱਖ ਕੌਮ ਨਾਲ ਨਹੀਂ ਵਾਪਰੇ, ਕੀ ਉਸ ਵਕਤ ਵੀ ਸਿੱਖ ਸ਼ਹੀਦ ਕਰਵਾ ਕੇ, ਸਿੱਖ ਕੌਮ ਸ਼ਾਂਤੀ ਨਾਲ ਬੈਠ ਗਈ ਸੀ? *ਮੁਗਲ ਹਕੂਮਤ ਦੇ ਘਲੂਘਾਰੇ ਸਿੱਖ ਕੌਮ ਨੂੰ ਖਤਮ ਨਹੀਂ ਕਰ ਸਕੇ, ਹਿੰਦੂ ਹਕੂਮਤ ਦੇ ਘਲੂਘਾਰੇ ਵੀ ਸਿੱਖ ਕੌਮ ਨੂੰ ਖਤਮ ਨਹੀਂ ਕਰ ਸਕਣਗੇ। *ਕੱਲ ਮੁਸਲਿਮ ਹਕੂਮਤ ਨੇ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਹਮਲਾ ਕੀਤਾ ਸੀ, ਅੱਜ ਹਿੰਦੂ ਹਕੂਮਤ ਨੇ ਹਮਲਾ ਕੀਤਾ ਹੈ। *ਕੱਲ ਮੁਸਲਿਮ ਹਕੂਮਤ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਸਨ, ਅੱਜ ਹਿੰਦੂ ਹਕੂਮਤ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਹਨ। *ਕੱਲ ਮੁਸਲਿਮ ਹਕੂਮਤ ਨੇ ਸਿੱਖਾਂ ਨੂੰ ਸੱਪ ਦੇ ਬੱਚੇ ਕਿਹਾ ਸੀ, ਅੱਜ ਹਿੰਦੂ ਹਕੂਮਤ ਨੇ ਸਿੱਖਾਂ ਨੂੰ ਟੈਰੋਰਿਸ਼ਟ, ਆਤੰਕਵਾਦੀ ਕਿਹਾ ਹੈ। *ਕੱਲ ਮੁਸਲਿਮ ਹਕੂਮਤ ਨੇ ਹਿੰਦੂਆਂ ਨੂੰ ਘੋੜੇ ਰੱਖਣ ਦੀ ਮਨਾਹੀ ਕੀਤੀ ਸੀ, ਅੱਜ ਹਿੰਦੂ ਹਕੂਮਤ ਨੇ ਸਿਰਦਾਰ ਕਪੂਰ ਸਿੰਘ ਨੂੰ ਅੰਬੈਸਡਰ ਕਾਰ ਖਰੀਦਣ ਅਤੇ ਰੱਖਣ ਦੀ ਮਨਾਹੀ ਕੀਤੀ।(ਪੜ੍ਹੋ ਸਾਚੀ ਸਾਖੀ), *ਕੱਲ ਮੁਸਲਿਮ ਹਕੂਮਤ ਨੇ ਸਿੱਖਾਂ ਦੇ ਕਾਤਲਾਂ ਨੂੰ ਜਾਗੀਰਾਂ ਦਿੱਤੀਆਂ ਸਨ, ਅੱਜ ਹਿੰਦੂ ਹਕੂਮਤ ਨੇ ਸਿੱਖਾਂ ਦੇ ਕਾਤਲਾਂ ਨੂੰ ਵਜ਼ੀਰੀਆਂ ਅਤੇ ਤਗਮੇ ਦਿੱਤੇ ਹਨ। *ਕੱਲ ਮੁਸਲਿਮ ਹਕੂਮਤ ਨੇ ਸਿੱਖਾਂ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਸੀ, ਅੱਜ ਹਿੰਦੂ ਹਕੂਮਤ ਨੇ ਸਿੱਖ ਨੂੰ ਦੋ ਜੀਪਾਂ ਮਗਰ ਬੰਨ ਕੇ ਵਿਚਾਲਿਉਂ ਪਾੜ ਕੇ ਸ਼ਹੀਦ ਕੀਤਾ ਹੈ। *ਕੱਲ ਮੁਸਲਿਮ ਹਕੂਮਤ ਨੇ ਸੱਤ ਸੱਤ ਮਹੀਨਿਆਂ ਦੇ ਬੱਚਿਆਂ ਨੂੰ ਨੇਜਿਆਂ ਤੇ ਟੰਗਿਆ ਸੀ, ਅੱਜ ਹਿੰਦੂ ਹਕੂਮਤ ਨੇ ਸੱਤ ਮਹੀਨੇ ਦੀ ਬੱਚੀ ਦੇ ਸਰੀਰ ਤੋਂ ਕਪੜੇ ਉਤਾਰ ਕੇ, ਸਰੀਰ ਤੇ ਮਿਠਾ ਮੱਲ ਕੇ, ਕੀੜੀਆਂ ਦੇ ਭੌਣ 'ਤੇ ਬਿਠਾਇਆ ਹੈ। ਇਹ ਮੇਰੀ ਆਪਣੀ ਬੱਚੀ ਦੀ ਵਾਰਤਾ ਹੈ ਜੋ ਅਮਰੀਕਨ ਕਾਂਗਰਸ ਦੇ ਰਿਕਾਰਡ ਵਿਚ ਕਾਂਗਰਸਮੈਨ ਡੈਨ ਬਰਟਨ ਵੱਲੋਂ ਦਰਜ ਹੈ। *ਕੱਲ ਮੁਸਲਿਮ ਹਕੂਮਤ ਨੇ ਸਿੱਖਾਂ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਸੀ, ਅੱਜ ਹਿੰਦੂ ਹਕੂਮਤ ਨੇ ਜਿਉਂਦੇ ਸਿੱਖਾਂ ਦੀਆਂ ਅੱਖਾਂ ਕੱਢੀਆਂ, ਜਮੂਰਾਂ ਨਾਲ ਨਹੁੰ ਖਿੱਚ ਖਿੱਚ ਤੋੜੇ, ਤੱਤੇ ਸਰੀਏ ਸਰੀਰਾਂ ਵਿਚ ਦੀ ਲੰਘਾਏ। *ਕੱਲ ਮੁਸਲਿਮ ਹਕੂਮਤ ਨੇ ਸਿੱਖਾਂ ਨੂੰ ਉਬਲਦੀਆਂ ਦੇਗਾਂ 'ਚ ਉਬਾਲਿਆ ਸੀ, ਅੱਜ ਹਿੰਦੂ ਹਕੂਮਤ ਨੇ ਸਿੱਖਾਂ ਨੂੰ ਉਬਲਦੇ ਪਾਣੀ ਦੇ ਕੜਾਹਿਆਂ 'ਚ ਉਬਾਲ ਕੇ ਸ਼ਹੀਦ ਕੀਤਾ ਹੈ। *ਕੱਲ ਮੁਸਲਿਮ ਹਕੂਮਤ ਵੇਲੇ ਚੰਦੂ ਤੇ ਗੰਗੂ ਵਰਗੇ ਸਿੱਖਾਂ ਦੇ ਖਿਲਾਫ ਭੁਗਤੇ ਸਨ, ਅੱਜ ਹਿੰਦੂ ਰਾਜ ਵੇਲੇ, ਤੁਹਾਡੇ ਵਰਗੇ ਵੀ ਸਿੱਖ ਕੌਮ ਦੀ ਚੜ੍ਹਦੀ ਕਲ੍ਹਾ ਦੇ ਖਿਲਾਫ ਭੁਗਤ ਰਹੇ ਹਨ। *ਕੱਲ ਮੁਸਲਿਮ ਹਕੂਮਤ ਨੇ ਜੋ ਜ਼ਬਰ ਜ਼ੁਲਮ ਹਿੰਦੂਆਂ ਤੇ ਕੀਤੇ ਸਨ, ਅੱਜ ਹਿੰਦੂ ਹਕੂਮਤ ਨੇ ਉਸ ਤੋਂ ਵੀ ਵੱਧ ਸਿੱਖ ਕੌਮ 'ਤੇ ਕੀਤੇ ਹਨ ਅਤੇ ਕਰ ਰਹੀ ਹੈ। *ਕੱਲ ਅੰਗਰੇਜ਼ ਹਕੂਮਤ ਨੇ ਜਲਿਆਂਵਾਲੇ ਬਾਗ ਰਾਹੀਂ ਸਿੱਖ ਕਤਲੇਆਮ ਕੀਤੀ ਸੀ, ਅੱਜ ਹਿੰਦੂ ਹਕੂਮਤ ਨੇ ਨਵੰਬਰ 1984 'ਚ ਸਿੱਖ ਕਤਲੇਆਮ ਕੀਤੀ ਹੈ। *ਮੁਸਲਿਮ ਅਤੇ ਹਿੰਦੂ ਹਕੂਮਤ ਨਾਲ ਸਬੰਧਿਤ ਸਿੱਖਾਂ ਦੇ ਘਲੂਘਾਰੇ ਇਹ ਨਾਂ ਮਾਤਰ ਇਸ਼ਾਰੇ ਹੀ ਕਾਫੀ ਹਨ ਪਰ ਇਤਿਹਾਸ ਬਹੁਤ ਲੰਮਾ ਹੈ। ਇਕਬਾਲ ਜੀ, ਜੇ ਸਿੱਖ ਕੌਮ ਪਹਿਲਾਂ ਨਹੀਂ ਡੋਲੀ ਤਾਂ ਘਬਰਾਹਟ ਅੱਜ ਕਿਸ ਗੱਲ ਦੀ ਹੈ? ਡੂੰਘੀਆਂ ਜੜ੍ਹਾਂ ਵਾਲੇ ਰੁੱਖ ਜਲਦੀ ਨਹੀਂ ਮੁਰਝਾਉਂਦੇ, ਡੂੰਘੀਆਂ ਸੋਚਾਂ ਵਾਲੇ ਵਿਅਕਤੀ ਜਲਦੀ ਨਹੀਂ ਘਬਰਾਉਂਦੇ। ਅਸੀਂ ਅਜੇ ਜਿਉਂਦੇ, ਅਸੀਂ ਅਜੇ ਜਾਗਦੇ, ਅਸੀਂ ਪੰਜਾਬ-ਖਾਲਿਸਤਾਨ ਵਿਚੋਂ ਹਿੰਦੂਸਤਾਨੀ ਰਾਜ ਭਜਾਵਾਂਗੇ, ਖਾਲਿਸਤਾਨ ਅਜਾਦ ਕਰਾਵਾਂਗੇ।

**ਸਵਾਲ ਇਕਬਾਲ,** ਮੇਰੇ 'ਤੇ ਜਵਾਬੀ ਹਮਲਾ ਕਰਨ ਦੀ ਥਾਂ ਮੇਰੀਆਂ ਬਿਆਨ ਕੀਤੀਆਂ ਹਕੀਕਤਾਂ ਵਿਚਾਰਨ ਦੀ ਕੋਸ਼ਿਸ਼ ਕਰੋ। **ਆਪਦਾ ਵੀਰ, ਇਕਬਾਲ**, iqbalramoowalia@rogers.com

**ਜਵਾਬ ਦਾਖਾ,** ਹਕੀਕਤਾਂ ਸਿਰਫ ਉਹੀ ਹੀ ਨਹੀਂ ਹੁੰਦੀਆਂ ਜੋ ਤੁਸੀਂ ਲਿੱਖ ਕੇ ਭੇਜ ਦਿੱਤੀਆਂ, ਹਕੀਕਤਾਂ ਉਹ ਵੀ ਹੁੰਦੀਆਂ ਹਨ ਜੋ ਤੁਹਾਨੂੰ ਜਵਾਬ 'ਚ ਪੜ੍ਹਨੀਆਂ ਪੈਣਗੀਆਂ। ਇਕਬਾਲ ਜੀ, ਤੁਹਾਡੇ ਸਵਾਲਾਂ ਦੇ ਜਵਾਬ 'ਚ ਲਿੱਖਿਆ ਗਿਆ ਮੇਰਾ ਖੱਤ ਤੁਹਾਡੇ ਉਪਰ ਜਵਾਬੀ ਹਮਲਾ ਨਹੀਂ ਬਲਕਿ ਤੁਹਾਡੀ ਹਕੀਕਤ ਉਤੇ ਮੇਰੀ ਨਸੀਹਤ ਹੈ। ਇਸ 'ਤੇ ਗੌਰ ਫਰਮਾਉਣਾ ਅਤੇ ਸਿੱਖ ਕੌਮ ਦੀ ਅਜ਼ਾਦੀ (ਖਾਲਿਸਤਾਨ) ਦੀ ਪ੍ਰਾਪਤੀ ਲਈ ਅੱਗੇ ਆਉਣਾ। ਇਕਬਾਲ ਜੀ, ਗੱਲ ਪਈਆਂ ਗੁਲਾਮੀ ਦੀਆਂ ਜੰਜੀਰਾਂ ਨੂੰ ਗਹਿਣੇ ਸਮਝਣਾ ਛੱਡ ਕੇ ਅਜ਼ਾਦੀ ਦਾ ਅਨੁਭਵ ਕਰੋ। ਗੁਰੂ ਭਲੀ ਕਰਨ, ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

**ਖਾਲਿਸਤਾਨ ਦੀ ਪ੍ਰਾਪਤੀ ਲਈ ਹੰਭਲਾ ਸਾਡਾ-ਸਾਥ ਤੁਹਾਡਾ।**
**ਤੁਹਾਡੇ ਮਿਲਵਰਤਣ ਅਤੇ ਵਿਚਾਰਾਂ ਦੀ ਉਡੀਕ ਰਹੇਗੀ।**
**ਗੁਰੂ ਗ੍ਰੰਥ 'ਤੇ ਪੰਥ ਦੀ ਸੇਵਾ ਵਿਚ**
**ਨਾ ਮੈਂ ਹਿੰਦੂਸਤਾਨੀ, ਨਾ ਮੈਂ ਪਾਕਿਸਤਾਨੀ, ਮੈਂ ਹਾਂ ਖਾਲਿਸਤਾਨੀ।**


**ਪਰਮਜੀਤ ਸਿੰਘ ਦਾਖਾ, ਪ੍ਰਧਾਨ, ਦਲ ਖਾਲਸਾ ਅਲਾਇੰਸ**
1700 Shattuck Ave, #303, Berkeley, CA 94709, USA
president@dalkhalsaalliance.org, Ph: 510-774-5909

ਜਾਰੀ ਕਰਤਾ
**ਗਗਨਜੀਤ ਸਿੰਘ, ਇੰਟਰਨੈਸ਼ਨਲ ਅੰਬੈਸਡਰ, ਦਲ ਖਾਲਸਾ ਅਲਾਇੰਸ**

# ਜ਼ਹਿਰੀਲੀ ਸ਼ਰਾਬ ਪੀਣ ਨਾਲ ਹੁਸ਼ਿਆਰਪੁਰ ਜ਼ਿਲ੍ਹੇ 'ਚ 16 ਮੌਤਾਂ

## ਦੋ ਦਰਜਨ ਤੋਂ ਵੱਧ ਪੀੜਤ ਹਸਪਤਾਲ 'ਚ ਦਾਖਲ

**ਹੁਸ਼ਿਆਰਪੁਰ:** ਜ਼ਹਿਰੀਲੀ ਸ਼ਰਾਬ ਪੀਣ ਨਾਲ ਦਸੂਹਾ ਸਬ ਡਿਵੀਜ਼ਨ ਵਿਚ ਪੈਂਦੇ ਕੁਝ ਪਿੰਡਾਂ ਵਿਚ 16 ਵਿਅਕਤੀਆਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿਚ ਪਿੰਡ ਕਾਹਲਵਾਂ ਦੇ ਪੰਜ, ਗਿਲਜੀਆਂ ਦੇ ਪੰਜ, ਕੋਟਲਾ ਅਤੇ ਖੋਖਰ ਦੇ ਇਕ-ਇਕ, ਬੱਲੜੋਂ ਦੇ ਦੋ ਅਤੇ ਦੋ ਹੋਰ ਵਿਅਕਤੀ ਸ਼ਾਮਲ ਹਨ।

ਜ਼ਹਿਰੀਲੀ ਸ਼ਰਾਬ ਪੀਣ ਨਾਲ ਮੌਤਾਂ ਦਾ ਇਹ ਸਿਲਸਿਲਾ ਪਿਛਲੇ ਮੰਗਲਵਾਰ ਤੋਂ ਸ਼ੁਰੂ ਹੋ ਗਿਆ ਸੀ ਪਰ ਨਾ ਤਾਂ ਮ੍ਰਿਤਕਾਂ ਦੇ ਘਰਦਿਆਂ ਨੂੰ ਸ਼ੰਕਾ ਹੋਈ ਕਿ ਮੌਤ ਦਾ ਕਾਰਨ ਸ਼ਰਾਬ ਸੀ ਅਤੇ ਨਾ ਹੀ ਪ੍ਰਸ਼ਾਸਨ ਨੂੰ ਖ਼ਬਰ ਹੋਈ। ਸ਼ੁੱਕਰਵਾਰ ਮੌਤਾਂ ਦੀ ਗਿਣਤੀ ਜਦੋਂ ਵਧ ਗਈ ਤਾਂ ਪ੍ਰਸ਼ਾਸਨ ਹਰਕਤ 'ਚ ਆਇਆ ਅਤੇ ਪੂਰੇ ਇਲਾਕੇ ਵਿਚ ਮੁਨਿਆਦੀ ਕਰਵਾ ਦਿੱਤੀ ਗਈ ਕਿ ਜਿਸ ਕਿਸੇ ਵਿਅਕਤੀ ਨੇ ਦੇਸੀ ਸ਼ਰਾਬ ਪੀਤੀ ਹੈ, ਉਹ ਹਸਪਤਾਲ ਪਹੁੰਚ ਕੇ ਜਾਂਚ ਕਰਵਾਏ। ਸਿਹਤ ਵਿਭਾਗ ਦੀਆਂ ਟੀਮਾਂ ਵੀ ਪਿੰਡ-ਪਿੰਡ ਜਾ ਕੇ ਪ੍ਰਭਾਵਿਤ ਲੋਕਾਂ ਨੂੰ ਐਂਬੂਲੈਂਸਾਂ ਵਿਚ ਪਾ ਕੇ ਹਸਪਤਾਲ ਲਿਜਾਣ ਲੱਗੀਆਂ। ਦੁਪਹਿਰ ਤੱਕ 22 ਮਰੀਜ਼ ਸਿਵਲ ਹਸਪਤਾਲ ਦਸੂਹਾ ਵਿਚ ਦਾਖਲ ਹੋ ਚੁੱਕੇ ਸਨ। ਇਨ੍ਹਾਂ ਸਾਰਿਆਂ ਨੇ ਪਿੰਡ ਕਾਹਲਵਾਂ ਦੇ ਇੱਕੋ ਹੀ ਵਿਅਕਤੀ ਜਸਵੰਤ ਸਿੰਘ ਤੋਂ ਦੇਸੀ ਸ਼ਰਾਬ ਲੈ ਕੇ ਪੀਤੀ ਸੀ, ਜਿਨ੍ਹਾਂ ਨੇ ਇਕ-ਇਕ ਗਲਾਸੀ ਪੀਤੀ ਸੀ, ਉਨ੍ਹਾਂ ਦਾ ਬਚਾਅ ਹੋ ਗਿਆ ਪਰ ਜ਼ਿਆਦਾ ਪੀਣ ਵਾਲੇ ਮੌਤ ਦੇ ਮੂੰਹ ਜਾ ਪਏ।

ਮਰਨ ਵਾਲਿਆਂ ਦੀ ਸ਼ਨਾਖਤ ਨੀਲਮ ਮਸੀਹ, ਜਮਾਲ, ਰਿਆਜ਼, ਸਾਦਿਕ, ਰਾਮੂ ਵਾਸੀ ਕਾਹਲਵਾਂ, ਮਹਿੰਦਰ ਸਿੰਘ ਵਾਸੀ ਖੋਖਰ, ਹਰੀ ਰਾਮ ਵਾਸੀ ਕੋਟਲਾ, ਗੁਰਬਚਨ ਸਿੰਘ ਅਤੇ ਸਵਰਨ ਸਿੰਘ ਵਾਸੀ ਬੱਲੜੋਂ, ਸੁਖਦੇਵ ਸਿੰਘ, ਤ੍ਰਿਭਵਨ ਅਤੇ ਚਰਨ ਸਿੰਘ, ਜਰਨੈਲ ਸਿੰਘ ਜੋਗਿੰਦਰ ਵਾਸੀ ਗਿਲਜੀਆਂ ਵਜੋਂ ਹੋਈ ਹੈ। ਹਸਪਤਾਲ ਵਿਚ ਦਾਖਲ ਬੀਮਾਰਾਂ ਵਿਚ ਮਨਜੀਤ ਸਿੰਘ, ਰੋਸ਼ੀ, ਸੋਢੀ, ਲਾਡੀ, ਜ਼ੂਨਮ, ਮਨਜੋਤ, ਗਰੀਬ ਦਾਸ, ਰਣਕਾ ਰਾਮ, ਮਦੀਮ, ਸਵਰਨ ਸਿੰਘ, ਅਭੀ, ਯੂਨਸ, ਜਸਵਿੰਦਰ, ਮੁਖਤਿਆਰ ਵਾਸੀ ਕਾਹਲਵਾਂ, ਬਲਵਿੰਦਰ, ਸੁਖਵਿੰਦਰ, ਅਮਰੀਕ ਸਿੰਘ ਵਾਸੀ ਵਧਾਇਆ, ਸੂਰਤ ਸਿੰਘ ਵਾਸੀ ਮੱਧਾ, ਸੁਰਜੀਤ ਸਿੰਘ, ਮਹਿੰਦਰ ਸਿੰਘ, ਬਲਰਾਜ ਸਿੰਘ ਵਾਸੀ ਬੱਲੜਾਂ ਸ਼ਾਮਲ ਹਨ। ਜਰਨੈਲ ਸਿੰਘ ਦੀ ਹਾਲਤ ਗੰਭੀਰ ਹੋਣ ਕਰਕੇ ਉਸ ਨੂੰ ਜਲੰਧਰ ਦੇ ਹਸਪਤਾਲ ਵਿਚ ਤਬਦੀਲ ਕਰ ਦਿੱਤਾ ਗਿਆ ਹੈ।

ਸਿਵਲ ਹਸਪਤਾਲ ਵਿਚ ਦਾਖਲ 35 ਸਾਲਾ ਸੋਢੀ ਨੇ ਦੱਸਿਆ ਕਿ ਉਸ ਦੇ ਪਿਤਾ ਰਿਆਜ਼ ਦੀ ਬੁੱਧਵਾਰ ਨੂੰ ਮੌਤ ਹੋ ਗਈ ਪਰ ਉਨ੍ਹਾਂ ਨੂੰ ਸਮਝ ਨਹੀਂ ਆਈ ਕਿ ਉਸ ਦੀ ਮੌਤ ਸ਼ਰਾਬ ਕਾਰਨ ਹੋਈ ਹੈ। ਬਾਅਦ ਦੁਪਹਿਰ ਉਸ ਦਾ ਸਸਕਾਰ ਕਰਨ ਮਗਰੋਂ ਰਾਤ ਉਸ ਨੇ ਵੀ ਸ਼ਰਾਬ ਪੀ ਲਈ। ਸਵੇਰੇ ਜਦੋਂ ਉਸ ਦਾ ਦਮ ਘੁਟਣ ਲੱਗਿਆ ਤਾਂ ਉਹ ਹਸਪਤਾਲ ਦਾਖਲ ਹੋ ਗਿਆ। ਉਸ ਨੇ ਦੱਸਿਆ ਕਿ ਪਿਓ-ਪੁੱਤ ਦੋਹਾਂ ਨੇ ਜਸਵੰਤ ਸਿੰਘ ਤੋਂ ਹੀ ਸ਼ਰਾਬ ਲੈ ਕੇ ਪੀਤੀ ਸੀ। ਸ਼ਰਾਬ ਪੀ ਕੇ ਮਰਨ ਵਾਲੇ ਜਮਾਲ ਅਤੇ ਸਾਦਿਕ ਭਰਾ ਸਨ।

ਇਹ ਲੋਕ ਸਸਤੀ ਅਤੇ ਅਸਾਨੀ ਨਾਲ ਮਿਲਣ ਕਰਕੇ ਲਗਭਗ ਰੋਜ਼ ਹੀ ਜਸਵੰਤ ਸਿੰਘ ਤੋਂ ਦੇਸੀ ਸ਼ਰਾਬ ਲੈ ਕੇ ਪੀਂਦੇ ਸਨ। ਇਕ ਗਲਾਸ ਉਨ੍ਹਾਂ ਨੂੰ 10 ਰੁਪਏ ਵਿਚ ਮਿਲਦਾ ਸੀ। ਜਸਵੰਤ ਸਿੰਘ ਨੇ ਆਪਣੀ ਹਵੇਲੀ ਵਿਚ ਹੀ ਅੱਡਾ ਬਣਾਇਆ ਹੋਇਆ ਸੀ ਜਿਸ ਬਾਰੇ ਪੁਲਿਸ ਨੂੰ ਵੀ ਪਤਾ ਸੀ। ਜਸਵੰਤ ਸਿੰਘ ਪਿੰਡ ਦੇ ਸਰਪੰਚ ਦਾ ਨਜ਼ਦੀਕੀ ਰਿਸ਼ਤੇਦਾਰ ਹੈ।

ਡਿਪਟੀ ਕਮਿਸ਼ਨਰ ਨੇ ਮੁੱਖ ਮੰਤਰੀ ਦੀਆਂ ਹਦਾਇਤਾਂ 'ਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਫੌਰੀ ਤੌਰ 'ਤੇ 50-50 ਹਜ਼ਾਰ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਅਤੇ ਦੱਸਿਆ ਕਿ ਵਿਅਕਤੀਆਂ ਦਾ ਮੁਫ਼ਤ ਇਲਾਜ ਕਰਵਾਇਆ ਜਾਵੇਗਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਪਰਹੇਜ਼ ਕਰਨ। ਜ਼ਿਕਰਯੋਗ ਹੈ ਕਿ ਸ਼ਰਾਬ ਪੀ ਕੇ ਮਰਨ ਵਾਲੇ ਲੋਕ ਗਰੀਬ ਪਰਿਵਾਰਾਂ ਦੇ ਦਿਹਾੜੀਦਾਰ ਸਨ।

ਇਸੇ ਦੌਰਾਨ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਦੀ ਮੈਜਿਸਟਰੇਟੀ ਜਾਂਚ ਦੇ ਹੁਕਮ ਦਿੱਤੇ ਹਨ। ਉਨ੍ਹਾਂ ਡੀ.ਜੀ.ਪੀ. ਨੂੰ ਕਿਹਾ ਕਿ ਉਹ ਇਸ ਮਾਮਲੇ ਦੀ ਜ਼ੋਨਲ ਆਈ.ਜੀ ਤੋਂ ਇਕ ਵੱਖਰੀ ਜਾਂਚ ਕਰਵਾ ਕੇ ਸੱਤ ਦਿਨਾਂ ਦੇ ਅੰਦਰ-ਅੰਦਰ ਰਿਪੋਰਟ ਪੇਸ਼ ਕਰਵਾਉਣ। ਉਪ ਮੁੱਖ ਮੰਤਰੀ ਨੇ ਨਾਜਾਇਜ਼ ਸ਼ਰਾਬ ਕੱਢਣ ਅਤੇ ਵੇਚਣ ਵਾਲਿਆਂ ਵਿਰੁਧ ਤੁਰੰਤ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਜਿਸ ਤਹਿਤ ਦਸੂਹਾ ਪੁਲਿਸ ਸਟੇਸ਼ਨ ਵੱਲੋਂ ਜ਼ਹਿਰੀਲੀ ਸ਼ਰਾਬ ਤੋਂ ਪੀੜਤ ਵਿਅਕਤੀਆਂ ਦੀ ਨਿਸ਼ਾਨਦੇਹੀ 'ਤੇ ਦੋ ਮੁਲਜ਼ਮਾਂ ਜਸਵੰਤ ਸਿੰਘ ਅਤੇ ਕਾਲਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਵਿਚ ਦਸੂਹਾ ਪੁਲਿਸ ਸਟੇਸ਼ਨ ਵਿਖੇ ਆਈ.ਪੀ.ਸੀ. ਦੀ ਧਾਰਾ 304 ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਵੱਖ-ਵੱਖ ਪੁਲਿਸ ਟੁਕੜੀਆਂ ਨੂੰ ਗੁਰਦਾਸਪੁਰ ਜ਼ਿਲ੍ਹੇ ਦੇ ਉਨ੍ਹਾਂ ਖੇਤਰਾਂ ਲਈ ਰਵਾਨਾ ਕਰ ਦਿੱਤਾ ਗਿਆ ਹੈ ਜਿਥੋਂ ਜਸਵੰਤ ਸਿੰਘ ਅਤੇ ਕਾਲੇ ਨੇ ਇਹ ਨਾਜ਼ਾਇਜ਼ ਸ਼ਰਾਬ ਖਰੀਦੀ ਸੀ।

ਇਸ ਤੋਂ ਇਲਾਵਾ ਨਾਜ਼ਾਇਜ਼ ਸ਼ਰਾਬ ਕੱਢਣ ਦੇ ਸ਼ੱਕੀ ਸਥਾਨਾਂ ਦੀ ਜਾਂਚ ਲਈ ਵੀ ਵਿਸ਼ੇਸ਼ ਟੀਮਾਂ ਰਵਾਨਾ ਕਰ ਦਿੱਤੀਆਂ ਗਈਆਂ ਹਨ। ਉਪ ਮੁੱਖ ਮੰਤਰੀ ਨੇ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਹਸਪਤਾਲ ਵਿਚ ਦਾਖਲ ਬਾਕੀ ਪੀੜਤਾਂ ਦਾ ਤੁਰੰਤ ਇਲਾਜ ਯਕੀਨੀ ਬਣਾਉਣ।

ਘਟਨਾ ਦਾ ਪਤਾ ਲੱਗਦਿਆਂ ਹੀ ਹਲਕਾ ਵਿਧਾਇਕ ਅਮਰਜੀਤ ਸਿੰਘ ਸ਼ਾਹੀ, ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ ਮਿਆਣੀ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਧਰਮ ਦੱਤ ਤਰਨਾਚ ਅਤੇ ਐਸ.ਐਸ.ਪੀ.. ਰਾਕੇਸ਼ ਅਗਰਵਾਲ ਸਮੇਤ ਸਾਰੇ ਹੀ ਪ੍ਰਸ਼ਾਸਨਿਕ ਅਧਿਕਾਰੀ ਪਿੰਡ ਕਾਹਲਵਾਂ ਪਹੁੰਚੇ ਅਤੇ ਹਾਲਾਤ ਦਾ ਜਾਇਜ਼ਾ ਲਿਆ। ਪ੍ਰਸਾਸ਼ਨ ਨੇ ਇੱਕੋ ਵਾਰ ਇੰਨੀਆਂ ਮੌਤਾਂ ਹੋ ਜਾਣ ਕਰਕੇ ਮਾਹੌਲ ਵਿਗੜ ਜਾਣ ਦੇ ਡਰ ਤੋਂ ਸੁਰੱਖਿਆ ਪੱਖੋਂ ਟਾਂਡਾ, ਦਸੂਹਾ, ਗੜਦੀਵਾਲਾ ਤੇ ਹਰਿਆਣਾ ਸਮੇਤ ਕੁਝ ਹੋਰ ਥਾਣਿਆਂ ਦੀ ਪੁਲਿਸ ਵੀ ਬੁਲਾਈ ਹੋਈ ਸੀ।

ਐਸ.ਐਚ.ਓ. ਦਸੂਹਾ ਬਲਬੀਰ ਸਿੰਘ ਨੇ ਦੱਸਿਆ ਕਿ ਇਹ ਸ਼ਰਾਬ ਕੁਝ ਦੂਰੀ 'ਤੇ ਪੈਂਦੇ ਪਿੰਡ ਮੋਜੋਵਾਲ ਵਿਖੇ ਕੱਢੀ ਜਾਂਦੀ ਹੈ ਅਤੇ ਇੱਥੇ ਲਿਆ ਕੇ ਵੇਚੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਹ ਪਿੰਡ ਦਰਿਆ ਦੇ ਬਿਲਕੁਲ ਨਜ਼ਦੀਕ ਹੋਣ ਕਰਕੇ ਮੰਡ ਵਿਚ ਸ਼ਰਾਬ ਕੱਢਣ ਵਾਲੇ ਲੋਕ ਦਰਿਆ ਰਸਤੇ ਜ਼ਿਲ੍ਹਾ ਗੁਰਦਾਸਪੁਰ ਵੱਲ ਚਲੇ ਜਾਂਦੇ ਹਨ, ਜਿਸ ਕਰਕੇ ਉਕਤ ਸ਼ਰਾਬ ਵੇਚਣ ਵਾਲੇ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਨੂੰ ਕਾਬੂ ਕਰਨ ਲਈ ਦੋਹਾਂ ਜ਼ਿਲ੍ਹਿਆਂ ਦੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੂੰ ਰਲ ਕੇ ਮੁਹਿੰਮ ਅਰੰਭਣੀ ਪਵੇਗੀ। ਮੁਢਲੀ ਤਫਤੀਸ਼ ਵਿਚ ਇਹ ਸਾਹਮਣੇ ਆਇਆ ਹੈ ਕਿ ਇਹ ਸ਼ਰਾਬ ਪਿੰਡ ਮੋਜੋਵਾਲ ਦੇ ਪਾਲੇ ਕੋਲੋਂ ਲਿਆ ਕੇ ਜਸਵੰਤ ਸਿੰਘ ਪੁੱਤਰ ਅਮਰ ਸਿੰਘ ਤੇ ਸਦੀਕ ਪੁੱਤਰ ਖੁਸ਼ੀਆ ਰਾਮ ਨੇ ਅੱਗੇ ਇਨ੍ਹਾਂ ਵਿਅਕਤੀਆਂ ਨੂੰ ਵੇਚੀ।

ਪਿਛਲੇ ਲੰਬੇ ਸਮੇਂ ਤੋਂ ਪਿੰਡ ਕਾਹਲਵਾਂ ਵਿਚ ਅਕਾਲੀ ਆਗੂ ਅਤੇ ਪਿੰਡ ਦੇ ਸਰਪੰਚ ਰਣਜੀਤ ਸਿੰਘ ਦੇ ਭਰਾ ਜਸਵੰਤ ਸਿੰਘ ਵਲੋਂ ਕਥਿਤ ਤੌਰ 'ਤੇ ਦੇਸੀ ਸ਼ਰਾਬ ਸ਼ਰੇਆਮ ਵੇਚੀ ਜਾ ਰਹੀ ਸੀ। ਜਿਸ ਨੂੰ ਸੱਤਾਧਾਰੀ ਪਾਰਟੀ ਦੇ ਕੁਝ ਉਘੇ ਆਗੂਆਂ ਦੀ ਕਥਿਤ ਸ਼ਹਿ ਵੀ ਮਿਲੀ ਹੋਈ ਸੀ ਅਤੇ ਆਏ ਦਿਨ ਇਸ ਅਕਾਲੀ ਆਗੂ ਦੇ ਘਰ ਅਕਾਲੀ ਮੰਤਰੀਆਂ ਤੇ ਸਾਬਕਾ ਮੰਤਰੀਆਂ ਦਾ ਆਉਣ ਜਾਣ ਰਹਿੰਦਾ ਸੀ, ਜਿਸ ਕਰਕੇ ਪ੍ਰਸ਼ਾਸਨ ਵੀ ਉਸ ਨੂੰ ਹੱਥ ਪਾਉਣ ਤੋਂ ਕੰਨੀਂ ਕਤਰਾਉਂਦਾ ਸੀ। ਪਿੰਡ ਕਾਹਲਵਾਂ ਦੇ ਲੋਕਾਂ ਨੇ ਦੱਸਿਆ ਕਿ ਪਿੰਡ ਵਿਚ ਦੇਸੀ ਸ਼ਰਾਬ ਵਿਕਣ ਦਾ ਸਿਲਸਿਲਾ ਪਿਛਲੇ ਕਰੀਬ 40 ਤੋਂ ਵੀ ਵੱਧ ਸਾਲਾਂ ਤੋਂ ਚਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਸ਼ਰਾਬ ਪਿੰਡ ਵਿਚ ਇੱਕ ਹਵੇਲੀ ਵਿਚ ਸ਼ਰੇਆਮ 10 ਰੁਪਏ ਗਲਾਸੀ ਅਤੇ 50 ਤੋਂ 60 ਰੁਪਏ ਬੋਤਲ ਦੇ ਹਿਸਾਬ ਨਾਲ ਵੇਚੀ ਜਾਂਦੀ ਸੀ ਅਤੇ ਇਸ ਸ਼ਰਾਬ ਕਾਰਨ ਪਿੰਡ ਵਿਚ ਇਸ ਤੋਂ ਪਹਿਲਾਂ ਵੀ ਇੱਕ ਦੁੱਕਾ ਮੌਤਾਂ ਹੋਈਆਂ ਹਨ ਜਿਨ੍ਹਾਂ ਵੱਲ ਕਦੇ ਕਿਸੇ ਦਾ ਧਿਆਨ ਨਹੀਂ ਗਿਆ। ਉਨ੍ਹਾਂ ਦੱਸਿਆ ਕਿ ਸ਼ੋਭਾ ਪਤਨੀ ਹਰਜਿੰਦਰ ਦੀ ਮੌਤ ਵੀ ਸ਼ਰਾਬ ਪੀਣ ਕਾਰਨ ਹੀ ਹੋਈ ਸੀ ਕਿਉਂਕਿ ਉਹ ਦੇਸੀ ਸ਼ਰਾਬ ਹੀ ਪੀਂਦੀ ਸੀ। ਨਜ਼ਦੀਕੀ ਠੇਕੇ ਦੇ ਕਾਰਿੰਦੇ ਨੇ ਦੱਸਿਆ ਕਿ ਇੱਥੇ ਦੇਸੀ ਸ਼ਰਾਬ ਵਿਕਣ ਕਰਕੇ ਉਨ੍ਹਾਂ ਦਾ ਧੰਦਾ ਵੀ ਚੌਪਟ ਹੋਇਆ ਪਿਆ ਸੀ ਅਤੇ ਦੇਸੀ ਸ਼ਰਾਬ ਕਾਰਨ ਹੋਈਆਂ ਮੌਤਾਂ ਕਾਰਨ ਉਨ੍ਹਾਂ ਦੀ ਸੇਲ 5 ਹਜ਼ਾਰ ਰੋਜ਼ਾਨਾ ਤੋਂ ਵਧ ਕੇ 10,000 ਰੁਪਏ ਹੋ ਗਈ ਹੈ।

ਇਲਾਕੇ ਦੇ 12 ਪਿੰਡਾਂ ਜਿਨ੍ਹਾਂ ਵਿਚ ਕਾਹਲਵਾਂ, ਬੱਲੜਾ, ਲਾਮ, ਲੀਸ਼ਾ, ਖੋਖਰਾਂ, ਗਿਲਜੀਆਂ, ਬਹਿਰਾਮਪੁਰਾ, ਤੱਲਾ, ਮੱਧਾ, ਕੋਟਲਾ ਆਦਿ ਸ਼ਾਮਲ ਹਨ, ਵਿਚ ਇਹ ਸ਼ਰਾਬ ਬਿਨਾਂ ਕਿਸੇ ਰੋਕ ਦੇ ਵੇਚੀ ਜਾਂਦੀ ਹੈ।

**ਲੋਕਾਂ ਨੇ ਖਰੀਆਂ ਸੁਣਾਈਆਂ:** ਰੋਹ ਵਿਚ ਆਏ ਇਲਾਕਾ ਵਾਸੀਆਂ ਨੇ ਮੌਕਾ ਦੇਖਣ ਗਏ ਹਲਕਾ ਦਸੂਹਾ ਦੇ ਵਿਧਾਇਕ ਅਮਰਜੀਤ ਸਿੰਘ ਸ਼ਾਹੀ, ਹਲਕਾ ਟਾਂਡਾ ਦੇ ਸਾਬਕਾ ਵਿਧਾਇਕ ਬਲਵੀਰ ਸਿੰਘ ਮਿਆਣੀ, ਡਿਪਟੀ ਕਮਿਸ਼ਨਰ ਧਰਮ ਦੱਤ ਤਰਨਾਚ ਅਤੇ ਐਸ.ਐਸ.ਪੀ ਰਾਕੇਸ਼ ਅਗਰਵਾਲ ਨੂੰ ਖਰੀਆਂ-ਖਰੀਆਂ ਸੁਣਾਈਆਂ ਅਤੇ ਕਿਹਾ ਕਿ ਸ਼ਰਾਬ ਦੇ ਨਾਜਾਇਜ਼ ਧੰਦੇ ਨੂੰ ਨੱਥ ਪਾਉਣ ਲਈ ਪ੍ਰਸ਼ਾਸਨ ਨੇ ਕਦੀ ਕੋਈ ਕਦਮ ਨਹੀਂ ਚੁੱਕਿਆ ਬਲਕਿ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਹਮੇਸ਼ਾ ਅਣਗੌਲਿਆ ਕੀਤਾ ਜਾਂਦਾ ਰਿਹਾ।


Global Eagle Transportation Inc.

ਡਰਾਈਵਰਾਂ ਅਤੇ ਓਨਰ ਓਪਰੇਟਰਾਂ ਦੀ ਤੁਰੰਤ ਲੋੜ ਹੈ

Oakland, Lathrop, Stockton, Yuba City, Sacramento ਏਰੀਏ ਤੋਂ ਲੋਡ ਉਪਲਬਧ

ਕੰਪਨੀ ਦੇ ਟਰੇਲਰ ਵੀ ਵਰਤ ਸਕਦੇ ਹੋ
ਕਾਗਜ਼ ਪੂਰੇ ਹੋਣ 'ਤੇ ਪੈਸਿਆਂ ਦਾ ਭੁਗਤਾਨ ਸਮੇਂ ਸਿਰ
24 ਘੰਟੇ ਡਿਸਪੈਚ ਉਪਲਬਧ
ਬੇ-ਏਰੀਏ ਅਤੇ ਵੈਲੀ ਏਰੀਏ ਤੋਂ ਲਾਸ ਏਂਜਲਸ ਤੇ ਟੈਕਸਸ ਨੂੰ round trip ਲੋਡ ਉਪਲਬਧ
ਵੈਲੀ ਅਤੇ ਬੇ-ਏਰੀਏ 'ਚ ਲੋਕਲ ਲੋਡ ਹਰ ਸਮੇਂ ਉਪਲਬਧ

*Dedicated run to Portland and Seattle*



FUEL ਵਾਸਤੇ ਕਾਮ ਚੈਕ ਦੀ ਵਿਸ਼ੇਸ਼ ਸਹੂਲਤ

*Contact :Bobby Thiara, Jas Gill*

Toll Free Phone # 1-800-788-2993

Phone: 510-832-4444, Fax : 510-832-4445

*web site : www.globaleagletrans.com*

ਪੰਜਾਬ ਟਾਈਮਜ਼

ਸਨਿਚਰਵਾਰ, 6 ਨਵੰਬਰ 2010

# ਸਰਕਾਰਾਂ, ਸਬਸਿਡੀਆਂ ਤੇ ਸਿਆਸਤ

ਸਬਸਿਡੀਆਂ ਦੇ ਮੁੱਦੇ 'ਤੇ ਬਾਦਲ ਪਰਿਵਾਰ ਵਿਚ ਪਿਆ ਕਲੇਸ਼ ਅਤੇ ਇਸ ਕਲੇਸ਼ ਕਰਕੇ ਮੀਡੀਆ ਵਿਚ ਲੱਗਿਆ ਮੇਲਾ ਉਪਰੋਂ ਉਪਰੋਂ ਫ਼ਿਲਹਾਲ ਠੰਢਾ ਹੋ ਰਿਹਾ ਹੈ। ਇੰਨੀ ਤਿੱਖੀ ਚਰਚਾ, ਸਿਆਸੀ ਸਰਗਰਮੀ ਅਤੇ ਉਥਲ-ਪੁਥਲ ਦੇ ਬਾਵਜੂਦ ਸਬਸਿਡੀਆਂ ਦਾ ਮਾਮਲਾ ਜਿਉਂ ਦਾ ਤਿਉਂ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਉਪ ਮੁੱਖ ਮੰਤਰੀ ਫ਼ਰਜ਼ੰਦ ਸੁਖਬੀਰ ਸਿੰਘ ਬਾਦਲ ਨੇ ਕਿਸਾਨ ਪੱਖੀ ਹੋਣ ਦਾ ਦਾਅਵਾ ਕਰਦਿਆਂ ਸਬਸਿਡੀਆਂ ਜਾਰੀ ਰੱਖਣ ਦੇ ਐਲਾਨ ਕੀਤੇ ਹਨ। ਇਸੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂ ਵਾਪਸੀ ਨੇ ਸਿਆਸੀ ਮਾਹੌਲ ਹੋਰ ਭਖ਼ਾ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਵਾਲੇ ਵੀ ਹੁਣ ਸਿਰ ਜੋੜ ਕੇ ਨਵੀਂ ਰਣਨੀਤੀ ਲਈ ਅਹੁਲ ਰਹੇ ਹਨ। ਇਹ ਵੀ ਖ਼ਬਰ ਹੈ ਕਿ ਪਾਰਟੀ ਵਿਚੋਂ ਹਾਲ ਹੀ ਵਿਚ ਕੱਢੇ ਮਨਪ੍ਰੀਤ ਸਿੰਘ ਬਾਦਲ ਨੂੰ ਪਤਿਆਉਣ ਲਈ ਅੰਦਰਖਾਤੇ ਕਾਰਵਾਈ ਸ਼ੁਰੂ ਹੋ ਚੁੱਕੀ ਹੈ ਅਤੇ ਇਸੇ ਤਹਿਤ ਹਰਿਆਣਾ ਦੇ ਇਕ ਸੀਨੀਅਰ ਆਗੂ ਦੀ ਬਾਕਾਇਦਾ ਡਿਊਟੀ ਲਾਈ ਗਈ ਹੈ। ਪੰਜਾਬ ਕਾਂਗਰਸ ਦੇ ਲੀਡਰਾਂ ਦੀ ਆਪਸੀ ਖਹਿਬਾਜ਼ੀ ਦਾ ਸਿੱਧਾ ਸਿਆਸੀ ਫਾਇਦਾ ਬਿਨਾ ਸ਼ੱਕ, ਸੱਤਾਧਾਰੀ ਅਕਾਲੀ ਦਲ ਨੂੰ ਹੀ ਹੋ ਰਿਹਾ ਸੀ। ਕੈਪਟਨ ਨੇ ਆਉਂਦੇ ਸਾਰ ਬਿਆਨ ਦਾਗ਼ ਦਿੱਤੇ ਕਿ ਚੋਣਾਂ ਦੀ ਤਿਆਰੀ ਲਈ ਬੱਸ ਸਾਲ ਕੁ ਬਚਦਾ ਹੈ, ਕਿ ਹੁਣ ਬਦਲੇ ਲੈਣ ਲਈ ਉਨ੍ਹਾਂ ਕੋਲ ਸਮਾਂ ਨਹੀਂ ਹੈ, ਕਿ ਉਹ ਹੁਣ ਪੰਜਾਬ ਦੇ ਵਿਕਾਸ ਵੱਲ ਵੱਧ ਧਿਆਨ ਦੇਣਗੇ। ਉਂਜ ਸਬਸਿਡੀਆਂ ਬਾਰੇ ਉਨ੍ਹਾਂ ਦਾ ਪੈਂਤੜਾ ਵੀ ਸੱਤਾਧਾਰੀ ਅਕਾਲੀ ਦਲ ਤੋਂ ਬਹੁਤਾ ਵੱਖਰਾ ਨਹੀਂ। ਚੋਣਾਂ ਸਿਰ 'ਤੇ ਜੁ ਹਨ। ਨਤੀਜਾ, ਸਬਸਿਡੀਆਂ ਨੂੰ ਤਰਕਸੰਗਤ ਬਣਾਉਣ ਦਾ ਆਰਥਿਕ ਮਾਹਿਰਾਂ ਦਾ ਹੋਕਾ ਵੀ ਵਿਚ-ਵਿਚਾਲੇ ਰੁਲ ਗਿਆ ਹੈ। ਗੰਭੀਰ ਚਰਚਾ ਇਕ ਵਾਰ ਫਿਰ ਸਿਆਸਤ ਦੇ ਵੇਗ ਵਿਚ ਰੁੜ੍ਹ ਗਈ ਹੈ।

ਸਬਸਿਡੀਆਂ ਨੂੰ ਤਰਕਸੰਗਤ ਬਣਾਉਣ ਬਾਰੇ ਕਿਸੇ ਵੀ ਸਿਆਸੀ ਧਿਰ ਨੇ ਕਦੀ ਦਿਆਨਤਦਾਰੀ ਨਹੀਂ ਦਿਖਾਈ। ਇਹ ਖੋਟ ਦਰਅਸਲ ਉਨ੍ਹਾਂ ਨੀਤੀਆਂ ਵਿਚ ਰਲਿਆ ਹੋਇਆ ਹੈ ਜੋ ਆਏ ਦਿਨ ਆਮ ਲੋਕਾਈ ਦਾ ਕਚੂੰਮਰ ਕੱਢ ਰਹੀਆਂ ਹਨ। ਕੇਂਦਰ ਸਰਕਾਰ ਨੇ ਪੰਜਾਬ ਦਾ ਕਰਜ਼ਾ ਲਾਹੁਣ ਲਈ ਸੰਸਾਰ ਬੈਂਕ ਵਾਲੀ ਸ਼ਰਤ 'ਪਹਿਲਾਂ ਸਬਸਿਡੀਆਂ ਬੰਦ ਕਰੋ' ਰੱਖੀ ਹੋਈ ਹੈ। ਇਸ ਤੋਂ ਪਹਿਲਾਂ ਬਿਜਲੀ ਨਾਲ ਸਬੰਧਤ ਮਿਲਦੇ ਫੰਡਾਂ ਨੂੰ ਬਿਜਲੀ ਬੋਰਡਾਂ ਦੇ ਨਿਗਮੀਕਰਨ ਨਾਲ ਜੋੜ ਕੇ ਕੇਂਦਰ ਸਰਕਾਰ ਵਲੋਂ ਸੂਬਿਆਂ ਦੇ ਗਲ 'ਗੂਠਾ ਦਿੱਤਾ ਗਿਆ। ਅਸਲ ਵਿਚ, ਕਰਜ਼ੇ ਦੀ ਬੀਮਾਰੀ ਦੀ ਜੜ੍ਹ ਕੇਂਦਰ ਅਤੇ ਸੂਬਾ ਸਰਕਾਰਾਂ ਵਿਚਕਾਰ ਮਾਲੀ ਸਰੋਤਾਂ ਦੀ ਵੰਡ ਹੈ। ਇਹ ਵੰਡ ਵੀ ਤਰਕਸੰਗਤ ਨਹੀਂ ਅਤੇ ਇਸ ਦਾ ਖਾਮਿਆਜ਼ਾ ਸੂਬਿਆਂ ਨੂੰ ਭੁਗਤਣਾ ਪੈ ਰਿਹਾ ਹੈ। ਦੂਜੇ, ਸੂਬਾ ਸਰਕਾਰ ਵੱਲੋਂ ਵੀ ਲੋਕਾਂ ਦਾ ਇਕੱਠਾ ਹੋਇਆ ਪੈਸਾ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਦੀ ਥਾਂ ਹੋਰ ਥਾਂਈਂ ਖਰਚਿਆ ਜਾ ਰਿਹਾ ਹੈ। ਇਹ ਉਹ ਗ਼ੈਰਯੋਜਨਾ ਖਰਚੇ ਹਨ ਜਿੱਥੋਂ ਆਮਦਨ ਕੋਈ ਨਹੀਂ ਹੁੰਦੀ। ਤੀਜੇ, ਕਰ ਨੀਤੀ ਇੰਨੀ ਨੁਕਸਦਾਰ ਹੈ ਕਿ ਬਹੁਤ ਸਾਰੇ ਸਰਮਾਏਦਾਰ ਵੱਖ ਵੱਖ ਢੰਗ-ਤਰੀਕਿਆਂ ਰਾਹੀਂ ਵੱਡੇ ਪੱਧਰ 'ਤੇ ਕਰ ਚੋਰੀ ਕਰ ਰਹੇ ਹਨ ਅਤੇ ਪੁੱਛਣ-ਦੱਸਣ ਵਾਲਾ ਕੋਈ ਨਹੀਂ ਹੈ। ਜੇ ਸਿਰਫ਼ ਟਰਾਂਸਪੋਰਟ ਦੇ ਖੇਤਰ ਵਿਚ ਹੀ ਪੂਰਾ ਟੈਕਸ ਉਗਰਾਹ ਲਿਆ ਜਾਵੇ ਤਾਂ ਸੂਬੇ ਦੀ ਆਮਦਨ 3000 ਕਰੋੜ ਰੁਪਏ ਵਧ ਸਕਦੀ ਹੈ। ਜਦੋਂ ਤੱਕ ਬੀਮਾਰੀ ਦੀ ਇਸ ਜੜ੍ਹ ਦਾ ਫਸਤਾ ਨਹੀਂ ਵੱਢਿਆ ਜਾਂਦਾ, ਕਰਜ਼ੇ ਤੋਂ ਖਹਿੜਾ ਛੁਡਾਉਣਾ ਔਖਾ ਹੈ। ਇਸ ਪਾਸੇ ਨਾ ਕੇਂਦਰ ਸਰਕਾਰ ਅਤੇ ਨਾ ਹੀ ਕਿਸੇ ਸੂਬਾ ਸਰਕਾਰ ਨੇ ਕਦੀ ਹੰਭਲਾ ਮਾਰਿਆ ਹੈ। ਸਿੱਟੇ ਵਜੋਂ ਕਰਜ਼ਾ ਅਮਰ ਵੇਲ ਵਾਂਗ ਵਧ ਰਿਹਾ ਹੈ। ਇੱਥੇ ਕੁਝ ਹੋਰ ਮਸਲੇ ਵੀ ਪਹਿਲ ਦੇ ਆਧਾਰ 'ਤੇ ਵਿਚਾਰਨ ਵਾਲੇ ਹਨ। ਜਿਨ੍ਹਾਂ ਸਬਸਿਡੀਆਂ ਬਾਰੇ ਵੱਧ ਰੌਲਾ ਪਿਆ ਹੈ, ਉਹ ਕਿਸਾਨਾਂ ਨਾਲ ਸਬੰਧਤ ਹਨ। ਇਹ ਮਸਲਾ ਵੱਖਰਾ ਹੈ ਕਿ ਇਨ੍ਹਾਂ ਸਬਸਿਡੀਆਂ ਦਾ ਵਧੇਰੇ ਫਾਇਦਾ ਧਨਾਢ ਕਿਸਾਨਾਂ ਨੂੰ ਹੁੰਦਾ ਹੈ। ਸੂਬੇ ਦੇ ਖੇਤੀ ਵਿਭਾਗ ਦੇ ਅੰਕੜੇ ਬੋਲਦੇ ਹਨ ਕਿ ਸੂਬੇ ਦੀ 40 ਲੱਖ ਹੈਕਟੇਅਰ ਭੂਮੀ ਵਿਚੋਂ 25 ਫੀਸਦੀ ਭਾਵ 10 ਲੱਖ ਹੈਕਟੇਅਰ ਜ਼ਮੀਨ ਸਿਰਫ਼ 71000 ਪਰਿਵਾਰਾਂ ਕੋਲ ਹੈ। ਤਕਰੀਬਨ 11 ਲੱਖ ਹੈਕਟੇਅਰ (25 ਫੀਸਦੀ) ਜ਼ਮੀਨ ਦਰਮਿਆਨੇ ਕਿਸਾਨਾਂ ਦੇ 2.96 ਲੱਖ ਪਰਿਵਾਰਾਂ ਕੋਲ ਹੈ। ਛੋਟੇ ਕਿਸਾਨਾਂ ਦੇ ਤਕਰੀਬਨ 6.36 ਲੱਖ ਪਰਿਵਾਰਾਂ ਕੋਲ 19 ਲੱਖ ਹੈਕਟੇਅਰ ਜ਼ਮੀਨ ਹੈ। ਸੂਬੇ ਦੇ ਕੁੱਲ 10.92 ਲੱਖ ਟਿਊਬਵੈਲ ਕੁਨੈਕਸ਼ਨਾਂ ਵਿਚੋਂ 70 ਫੀਸਦੀ ਕੁਨੈਕਸ਼ਨ ਧਨਾਢ ਅਤੇ ਦਰਮਿਆਨੇ ਕਿਸਾਨਾਂ ਕੋਲ ਹਨ। ਇਨ੍ਹਾਂ ਧਨਾਢ ਕਿਸਾਨਾਂ ਨੂੰ ਕਰੋੜਾਂ ਦਾ ਫਾਇਦਾ ਪੁੱਜਿਆ ਹੈ ਅਤੇ ਬਿਜਲੀ ਬੋਰਡ ਦਾ ਦਿਵਾਲਾ ਨਿਕਲ ਗਿਆ ਹੈ। ਇਕ ਸਰਵੇਖਣ ਮੁਤਾਬਕ ਧਨਾਢ ਕਿਸਾਨਾਂ ਵਿਚੋਂ ਆਏ ਆੜ੍ਹਤੀਆਂ ਦੀ ਗਿਣਤੀ ਹੁਣ ਦੂਜੇ ਆੜ੍ਹਤੀਆਂ ਤੋਂ ਵੀ ਵਧ ਗਈ ਹੈ। ਆੜ੍ਹਤੀਏ ਬਣੇ ਇਹ ਧਨਾਢ ਕਿਸਾਨ ਹੋਟਲਾਂ, ਟਰਾਂਸਪੋਰਟ ਤੇ ਠੇਕਿਆਂ ਵਿਚ ਵੱਡੇ ਭਾਈਵਾਲ ਹਨ। ਕਿਸਾਨਾਂ ਦੇ ਓਹਲੇ ਵਿਚ ਇਹ ਲੋਕ ਹੋਰ ਕਾਰੋਬਾਰਾਂ ਤੋਂ ਹੋਈ ਕਮਾਈ ਤੋਂ ਕਰ ਚੋਰੀ ਕਰਦੇ ਹਨ। ਸੋ, ਜ਼ਾਹਿਰ ਹੈ ਕਿ ਜਿਨ੍ਹਾਂ ਕਿਸਾਨਾਂ ਦੇ ਨਾਂ 'ਤੇ ਇਹ ਸਬਸਿਡੀ ਦਿੱਤੀ ਗਈ, ਉਨ੍ਹਾਂ ਨੂੰ ਫ਼ਾਇਦਾ ਆਟੇ ਵਿਚ ਲੂਣ ਬਰਾਬਰ ਹੀ ਹੋਇਆ ਹੈ। ਬਠਿੰਡਾ ਜ਼ਿਲ੍ਹੇ ਦੇ ਸਿਰਫ਼ 3.7% ਛੋਟੇ ਕਿਸਾਨਾਂ ਕੋਲ ਇਹ ਕੁਨੈਕਸ਼ਨ ਹਨ। ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਇਨ੍ਹਾਂ ਨੁਕਸਦਾਰ ਨੀਤੀਆਂ ਨਾਲ ਅਮੀਰਾਂ ਅਤੇ ਗ਼ਰੀਬਾਂ ਵਿਚਕਾਰ ਪਾੜਾ ਪਿਛਲੇ ਸਾਲਾਂ ਦੌਰਾਨ ਤੇਜੀ ਨਾਲ ਵਧਿਆ ਹੈ।

ਸਿਆਸਤ ਦੇ ਇਸ ਰਾਮ-ਰੌਲੇ ਵਿਚ ਵਪਾਰੀ ਵਰਗ ਨੂੰ ਮਿਲ ਰਹੀਆਂ ਸਬਸਿਡੀਆਂ ਦੀ ਗੱਲ ਕਿਸੇ ਨੇ ਵੀ ਨਹੀਂ ਗੌਲੀ। ਪੂੰਜੀਨਿਵੇਸ਼ਕਾਂ ਨੂੰ ਆਪਣੇ ਆਪਣੇ ਸੂਬੇ ਵੱਲ ਖਿੱਚਣ ਲਈ ਵਿਸ਼ੇਸ਼ ਪੈਕੇਜ ਦਿੱਤੇ ਜਾ ਰਹੇ ਹਨ। ਨੈਨੋ ਪ੍ਰਾਜੈਕਟ ਲਈ ਗੁਜਰਾਤ ਸਰਕਾਰ ਨੇ ਤਕਰੀਬਨ 10,000 ਕਰੋੜ ਰੁਪਏ ਦਾ ਕਰਜ਼ਾ ਸਿਰਫ਼ 0.1 ਫੀਸਦੀ ਵਿਆਜ 'ਤੇ ਦਿੱਤਾ ਹੈ। ਇਹੀ ਨਹੀਂ, ਜ਼ਮੀਨ ਸਸਤੀ, ਵੈਟ ਅਤੇ ਸਟੈਂਪ ਡਿਊਟੀ ਤੋਂ ਵੀ ਛੋਟ ਦਿੱਤੀ ਗਈ ਹੈ। ਛੋਟੀਆਂ ਸਨਅਤਾਂ ਦਾ ਹੁਣ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਹੈ। ਇਹ ਠੀਕ ਹੈ ਕਿ ਵਿਕਾਸ ਨਾਲ ਬਹੁਤ ਕੁਝ ਬਦਲਦਾ ਹੈ ਪਰ ਸਰਕਾਰ ਦੀ ਇੰਨੀ ਜ਼ਿੰਮੇਵਾਰੀ ਤਾਂ ਬਣਦੀ ਹੀ ਹੈ ਕਿ ਵਿਕਾਸ ਦਾ ਵੰਡਵਾਂ ਹਿੱਸਾ ਸਭ ਤੱਕ ਪੁੱਜਦਾ ਕੀਤਾ ਜਾਵੇ। ਇਸ ਦਾ ਇਕੋ-ਇਕ ਹੱਲ ਸਬਸਿਡੀਆਂ-ਸਹੂਲਤਾਂ ਨੂੰ ਤਰਕਸੰਗਤ ਬਣਾਉਣਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### ਕਵੀ-ਓ-ਵਾਚ!

ਨੇਕੀ-ਬਦੀ ਦੀ ਚਲਦੀ ਜੰਗ ਮੁੱਢੋਂ, ਜਿੱਤ ਸੱਚ ਦੀ ਹੁੰਦੀ ਦਿਖਾਈ ਜਾਨਾਂ!
ਨੀਂਦ ਅੱਖਾਂ 'ਚੋਂ ਮੁੱਕੇ ਅਗਿਆਨ ਦੀ, ਵਾਹ ਲੱਗਦੀ ਦੇਈ ਦੁਹਾਈ ਜਾਨਾਂ!
ਬੇਈਮਾਨ ਮਲਾਹਾਂ ਤੋਂ ਫੜੋ ਚੱਪੂ, ਤਾਣ ਲਾਇਕੇ ਰੌਲਾ ਇਹ ਪਾਈ ਜਾਨਾਂ!
ਕਰਦੀ ਕੰਮ ਕਿਰਪਾਨ ਦਾ ਕਲਮ ਕਹਿੰਦੇ, ਏਹੀ ਸੋਚ ਕੇ ਲਿਖੀ-ਲਿਖਾਈ ਜਾਨਾਂ!

# ਜਮਹੂਰੀਅਤ, ਸਮਾਜਿਕ ਖੜੋਤ ਤੇ ਖਾਪ ਪੰਚਾਇਤਾਂ

ਕੁਲਦੀਪ ਕੌਰ

ਇਤਿਹਾਸਕਾਰਾਂ ਅਨੁਸਾਰ ਡਾਰਵਿਨ ਦੇ 'ਜੀਵ ਉਤਪਤੀ' ਦੇ ਸਿਧਾਂਤ ਦਾ ਧਾਰਮਿਕ ਅਤੇ ਸਮਾਜਿਕ ਹਲਕਿਆਂ ਵੱਲੋਂ ਤਿੱਖਾ ਤੇ ਮਾਰੂ ਵਿਰੋਧ ਇਸ ਲਈ ਨਹੀਂ ਸੀ ਹੋਇਆ ਕਿਉਂਕਿ ਇਹ ਸਮੇਂ ਦੀ ਸਰਮਾਏਦਾਰੀ ਦੇ ਹੱਕ ਵਿਚ ਅਤੇ ਨਿਮਾਣੇ-ਨਿਤਾਣੇ ਲੋਕਾਂ ਦੇ ਵਿਰੋਧ ਵਿਚ ਭੁਗਤਦਾ ਸੀ। ਇਸ ਦਾ ਦੂਸਰਾ ਅਰਥ ਇਹ ਵੀ ਨਿਕਲਦਾ ਹੈ ਕਿ ਸਰਮਾਏਦਾਰੀ, ਧਰਮ ਅਤੇ ਸਮਾਜਿਕ ਜੜ੍ਹਤਾ ਦੇ ਵਿਚ ਇਕ ਗਹਿਰਾ ਤੇ ਲੋਕ-ਮਾਰੂ ਰਿਸ਼ਤਾ ਹੈ। ਇਤਿਹਾਸ ਦੇ ਹਰੇਕ ਦੌਰ ਵਿਚ ਵਿਗਿਆਨ, ਤਰਕ, ਆਧੁਨਿਕਤਾ ਅਤੇ ਅਗਾਂਹਵਧੂ ਵਰਤਾਰਿਆਂ ਨੇ ਜਿੱਥੇ ਮਨੁੱਖੀ ਸੰਭਾਵਨਾਵਾਂ ਅਤੇ ਸਮਰੱਥਾਵਾਂ ਨੂੰ ਨਵੀਆਂ ਦਿਸ਼ਾਵਾਂ ਅਤੇ ਹਿੰਮਤਾਂ ਦਿੱਤੀਆਂ ਹਨ, ਉਥੇ ਬਹੁਤੀ ਵਾਰ ਇਨ੍ਹਾਂ ਦਾ ਸਮਾਜਿਕ, ਧਾਰਮਿਕ, ਆਰਥਿਕ ਤੇ ਸਭਿਆਚਾਰਕ ਵਰਤਾਰਿਆਂ ਦੀ ਜੜ੍ਹਤਾ, ਦਿਸ਼ਾਹੀਣਤਾ, ਗੈਰ-ਜਮਹੂਰੀ ਖਾਸੇ ਅਤੇ ਸਰਮਾਇਆ ਆਧਾਰਿਤ ਵਿਹਾਰਾਂ ਨਾਲ ਸਿੱਧਾ ਟਕਰਾਉ ਵੀ ਸਾਹਮਣੇ ਆਉਂਦਾ ਰਿਹਾ ਹੈ।




ਇਸ ਟਕਰਾਉ ਵਿਚ ਜਿੱਥੇ ਵਿਗਿਆਨ, ਤਰਕ ਤੇ ਆਧੁਨਿਕਤਾ ਨੇ ਵਿਚਾਰ-ਸੰਵਾਦ-ਸ਼ੱਕ ਦੇ ਆਧਾਰ 'ਤੇ ਇਹ ਲੜਾਈ ਲੜੀ ਹੈ, ਉਥੇ ਦੂਜੇ ਪੱਖਾਂ ਨੇ ਇਹ ਲੜਾਈ ਸਰੀਰਾਂ 'ਤੇ ਆਧਾਰਿਤ ਰੱਖੀ ਹੈ। ਮਸਲਨ ਔਰਤ ਦਾ ਸਰੀਰ, ਅਫਰੀਕੀ ਸਰੀਰ, ਜਰਮਨ ਸਰੀਰ, ਦਲਿਤ ਸਰੀਰ, ਗੋਰਾ ਸਰੀਰ, ਕਾਲਾ ਸਰੀਰ ਆਦਿ। ਰਾਜਨੀਤੀ ਦਾ ਮੂਲ ਖਾਸਾ ਵੀ ਵੱਧ ਤੋਂ ਵੱਧ ਸਰੀਰਾਂ ਨੂੰ ਆਪਣੇ ਹੱਕ ਵਿਚ ਭੁਗਤਾਉਣਾ ਰਿਹਾ ਹੈ। ਜੇਕਰ ਖਾਪ-ਪੰਚਾਇਤਾਂ ਅਤੇ ਇੱਜ਼ਤ-ਆਬਰੂ ਨਾਲ ਜੁੜੀਆਂ ਧਾਰਨਾਵਾਂ ਅਤੇ ਭਾਵਨਾਵਾਂ ਨੂੰ ਸਮਝਣ ਤੁਰੀਏ ਤਾਂ ਕਈ ਦਿਲਚਸਪ ਤੱਥ ਸਾਹਮਣੇ ਆਉਂਦੇ ਹਨ। ਪਹਿਲਾ ਆਪਣੀ ਜਾਤ ਵਿਚ ਜਨਮੇ ਸਰੀਰਾਂ ਨੂੰ ਜਾਤ ਦੀ ਨਿੱਜੀ ਮਲਕੀਅਤ ਸਮਝਣਾ। ਦੂਜਾ ਔਰਤ ਸਰੀਰ 'ਤੇ ਕੰਟਰੋਲ ਨੂੰ ਸਮਾਜਿਕ ਨੈਤਿਕਤਾ, ਚਰਿੱਤਰ ਅਤੇ ਪਰਿਵਾਰ-ਸੰਸਥਾ ਦਾ ਮੂਲ ਧੁਰਾ ਮੰਨਣਾ। ਤੀਜਾ ਜਵਾਨ ਮੁੰਡਿਆਂ ਨੂੰ ਬੁਢਾਪੇ ਦੀ ਪੂੰਜੀ ਮੰਨਦਿਆਂ ਭਵਿੱਖੀ ਨਿਵੇਸ਼ ਲਈ ਜੜ੍ਹ ਵਰਤਾਰਿਆਂ ਵਿਚ ਬਲਦ ਦੀ ਤਰ੍ਹਾਂ ਜੋਤਣ ਦੀ ਪਰੰਪਰਾ। ਚੌਥਾ ਪੂੰਜੀਵਾਦ ਦੇ ਨਵੇਂ ਸੂਖਮ ਰੂਪਾਂ ਨੂੰ ਸਮਝਣ ਦੀ ਅਸਮਰੱਥਾ ਕਾਰਨ ਸਥਾਨਕ ਸੱਭਿਆਚਾਰਾਂ, ਰਸਮਾਂ-ਰਿਵਾਜਾਂ, ਪਰੰਪਰਾਵਾਂ ਸਬੰਧੀ ਉਪਜੀ ਹੇਰਵੇ ਦੀ ਭਾਵਨਾ। ਪੰਜਵਾਂ ਵਿਕਾਸ ਢਾਂਚੇ ਦੀਆਂ ਦੋ ਪ੍ਰਮੁੱਖ ਮੱਦਾਂ-ਰੁਜ਼ਗਾਰ ਅਤੇ ਸਿੱਖਿਆ ਨੂੰ ਸਮਾਜਿਕ-ਉਪਯੋਗਤਾ ਦੀ ਬਜਾਏ ਨਿੱਜੀ-ਉਪਭੋਗਤਾ ਆਧਾਰਿਤ ਬਣਾਇਆ ਜਾਣਾ। ਛੇਵਾਂ ਆਲਮੀ ਪੱਧਰ 'ਤੇ ਉਪਰੋਥਲੀ ਆਰਥਿਕ ਉਤਰਾਵਾਂ-ਚੜ੍ਹਾਵਾਂ ਦੇ ਚਲਦਿਆਂ ਨਵ-ਉਦਾਰਵਾਦ ਅਤੇ ਨਵ-ਸਾਮਰਾਜਵਾਦ ਦੇ ਵਿਰੋਧ ਵਿਚ ਉਠਦੀ ਅਤੇ ਢੁਕਵੇਂ ਟਾਕਰੇ ਲਈ ਭਾਰਤੀ ਧਰਮਾਂ, ਫਲਸਫ਼ੇ, ਸਮਾਜਿਕ ਪ੍ਰਬੰਧ ਅਤੇ ਰਾਜਨੀਤਕ ਸ਼ਾਸਤਰ ਦੁਆਰਾ ਢੁਕਵਾਂ ਬਦਲ ਨਾ ਦੇ ਸਕਣਾ। ਭਾਵੇਂ ਇਨ੍ਹਾਂ ਸਾਰੇ ਕਾਰਨਾਂ ਨੂੰ ਅੰਤਿਮ ਸੱਚ ਨਹੀਂ ਮੰਨਿਆ ਜਾ ਸਕਦਾ ਪਰ ਇਨ੍ਹਾਂ ਦੀ ਲੋੜੀਂਦੀ ਚੀਰਫਾੜ ਉਸ ਧੁੰਦ ਨੂੰ ਘਟਾ ਜ਼ਰੂਰ ਸਕਦੀ ਹੈ ਜਿਸ ਨੇ ਸਮਾਜ ਦੇ ਇਕ ਤਬਕੇ ਨੂੰ ਇੱਜ਼ਤ-ਆਬਰੂ ਦੇ ਨਾਂ 'ਤੇ ਅੰਨ੍ਹਿਆਂ ਤੇ ਬੋਲਿਆਂ ਕਰ ਦਿੱਤਾ ਹੈ।

ਪਿਛਲੇ ਮਹੀਨਿਆਂ ਦੌਰਾਨ ਜਦੋਂ ਭਾਰਤ ਦੇ ਜ਼ਿਆਦਾਤਰ ਅਖ਼ਬਾਰੀ ਪੰਨੇ ਅਤੇ ਟੀ.ਵੀ. ਦੇ ਸਕਰੀਨ ਨੌਜਵਾਨ ਮੁੰਡਿਆਂ-ਕੁੜੀਆਂ ਦੀਆਂ ਵੱਢੀਆਂ-ਟੁੱਕੀਆਂ ਲਾਸ਼ਾਂ ਨਾਲ ਲਹੂ-ਲੁਹਾਨ ਸਨ, ਡਾਕਟਰ ਵੇਂਟਰ ਨਾਮੀ ਜੀਵ-ਵਿਗਿਆਨੀ ਪੂਰੀ ਤਰ੍ਹਾਂ ਬਨਾਵਟੀ ਜੀਨੋਮ ਦੇ ਆਸਰੇ ਦੁਨੀਆਂ ਦੇ ਪਹਿਲੇ ਜੀਵ ਜਿਹਾ ਜੀਵ ਪੈਦਾ ਕਰਨ ਵਿਚ ਕਾਮਯਾਬ ਹੋ ਗਿਆ (ਜੀਨੋਮ ਦਾ ਸਰਲ ਸ਼ਬਦਾਂ ਵਿਚ ਅਰਥ ਹੈ ਆਦਮੀ। ਔਰਤ ਦੇ ਸਰੀਰ ਦੀ ਹਰੇਕ ਕੋਸ਼ਿਕਾ ਦੇ ਅੰਦਰ ਦੀ ਜੈਨੇਟਿਕ ਸਮੱਗਰੀ ਦਾ ਕੁੱਲ ਜਮ੍ਹਾਂ-ਫਲ) ਜਦੋਂ ਡਾਕਟਰ ਵੇਂਟਰ ਦੀ ਟੀਮ ਨੇ ਪਹਿਲੀ ਵਾਰ ਮਨੁੱਖੀ ਜੀਨੋਮ ਦੇ ਤਿੰਨ ਅਰਬ ਅੱਖਰਾਂ ਨੂੰ ਜੋੜ ਕੇ ਨਕਸ਼ਾ ਤਿਆਰ ਕੀਤਾ ਤਾਂ ਕਈ ਹੈਰਾਨੀਜਨਕ ਖੁਲਾਸੇ ਹੋਏ। ਇਹ ਖੁਲਾਸੇ ਉਸ ਬਰਾਬਰੀ ਦੀ ਧਾਰਨਾ, ਇਨਸਾਫ਼ ਦੀ ਲੋਚ, ਜਮਹੂਰੀ ਅਮਲਾਂ ਅਤੇ ਮਨੁੱਖੀ ਮਹਾਨਤਾ ਨੂੰ ਪੱਕੇ ਪੈਰੀਂ ਕਰਦੇ ਹਨ ਜਿਸ ਲਈ ਹਰੇਕ ਦੌਰ ਦੇ ਕਈ ਸੁਕਰਾਤਾਂ ਨੇ ਜ਼ਹਿਰ ਪਿਆਲੇ ਪੀਤੇ ਹਨ। ਉਦਾਹਰਣ ਵਜੋਂ ਇਸ ਨਕਸ਼ੇ ਤੋਂ ਇਹ ਸਾਬਤ ਹੋ ਚੁੱਕਿਆ ਹੈ ਕਿ ਪੂਰੀ ਮਨੁੱਖੀ ਜਾਤੀ ਮਸਲਨ ਕਾਲੇ, ਗੋਰੇ, ਦਲਿਤ, ਆਦਮੀ-ਔਰਤਾਂ ਭਾਵੇਂ ਕਿਸੇ ਵੀ ਧਰਮ, ਨਸਲ, ਜਾਤ, ਇਲਾਕੇ, ਵਰਗ ਤੇ ਲਿੰਗ ਨਾਲ ਸਬੰਧ ਰੱਖਦੇ ਹੋਣ, ਜੀਵ-ਵਿਗਿਆਨ ਦੇ ਨੁਕਤੇ ਤੋਂ ਉਨ੍ਹਾਂ ਦਾ ਮੂਲ ਤੱਤ ਇਕ ਹੈ, ਅਰਥਾਤ ਉਹ ਸੌ ਫੀਸਦੀ ਬਰਾਬਰ ਹਨ। ਦੂਜਾ ਮਨੁੱਖਾਂ ਦੀ ਜੈਨੇਟਿਕ ਸੰਰਚਨਾ ਦਾ ਮਨੁੱਖ ਦੀ ਸੋਚ, ਵਰਤਾਉ ਅਤੇ ਕ੍ਰਿਆਵਾਂ ਨਾਲ ਕੋਈ ਸਬੰਧ ਨਹੀਂ ਬਣਦਾ। ਤੀਸਰਾ ਮਹੱਤਵਪੂਰਨ ਤੱਥ ਇਹ ਸਾਹਮਣੇ ਆਇਆ ਹੈ ਕਿ ਮਨੁੱਖ ਜੀਵ-ਵਿਗਿਆਨ ਵਿਚ ਇਕ ਫੀਸਦੀ ਵੀ ਕਿਸੇ ਕਲਪਿਤ, ਦਾਰਸ਼ਨਿਕ, ਦੈਵੀ ਜਾਂ ਰੱਬੀ ਸ਼ਕਤੀ ਦਾ ਕੋਈ ਦਖ਼ਲ ਨਹੀਂ।

ਜੇਕਰ ਉਪਰੋਕਤ ਤਿੰਨੇ ਤੱਥਾਂ ਨੂੰ ਭਾਰਤ ਦੇ ਸਮਾਜਿਕ ਢਾਂਚੇ 'ਤੇ ਲਾਗੂ ਕਰਕੇ ਦੇਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਜਾਤ-ਪਾਤ, ਫਿਰਕਾਪ੍ਰਸਤੀ, ਧਾਰਮਿਕ ਮੂਲਵਾਦ, ਰੰਗ-ਲਿੰਗ-ਵਰਗ ਦੇ ਆਧਾਰ 'ਤੇ ਵੰਡਣ ਵਾਲੀਆਂ ਸੰਸਥਾਵਾਂ ਹੀ ਕਲਪਿਤ ਮਿੱਥਾਂ, ਵਿਤਕਰੇ ਭਰੀ ਸੋਚ, ਪੂੰਜੀ ਦੀ ਧੌਂਸ ਅਤੇ ਗੈਰ-ਵਿਗਿਆਨਕ ਤੱਥਾਂ 'ਤੇ ਆਧਾਰਿਤ ਹਨ। ਖਾਪ-ਪੰਚਾਇਤ ਵੀ ਅਜਿਹੀ ਹੀ ਜੜ੍ਹ ਸੰਸਥਾ ਹੈ ਜਿਸ ਨੂੰ ਅਮਨ-ਕਾਨੂੰਨ ਦਾ ਮਸਲਾ ਮੰਨ ਕੇ ਡੰਡੇ ਨਾਲ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਦੀ ਹੋਂਦ ਅੱਖਾਂ ਵਿਚ ਰੜਕਦੀ ਹੋ ਸਕਦੀ ਹੈ ਪਰ ਧਿਆਨ ਨਾਲ ਦੇਖਿਆਂ ਰਾਜਨੀਤੀ, ਧਰਮ, ਸਿੱਖਿਆ, ਅਰਥਚਾਰੇ, ਸਮਾਜਿਕ ਢਾਂਚੇ ਵਿਚ ਅਨੇਕਾਂ ਖਾਪ-ਪੰਚਾਇਤਾਂ ਹਨ ਜੋ ਇੰਨੀਆਂ ਹੀ ਹਿੰਸਕ, ਬੇਕਿਰਕ ਅਤੇ ਗੈਰ-ਜਮਹੂਰੀ ਹਨ। ਖਾਪ-ਪੰਚਾਇਤਾਂ ਨੂੰ ਮਹਿਜ਼ ਕੁਝ ਮਧਯੁੱਗੀ ਸੋਚ ਵਾਲੇ ਵਿਅਕਤੀਆਂ ਦਾ ਸਮੂਹ ਮੰਨ ਕੇ ਇੱਜ਼ਤ-ਕਤਲਾਂ ਵਿਚੋਂ ਸਮਾਜ, ਰਾਜ ਤੇ ਸਭਿਆਚਾਰਕ ਕਾਰਕਾਂ ਦੀ ਭੂਮਿਕਾ ਨੂੰ ਮਨਫ਼ੀ ਨਹੀਂ ਕੀਤਾ ਜਾ ਸਕਦਾ। ਜੇਕਰ ਸਮਾਜ ਵਿਚਲਾ ਇਕ ਸਮੂਹ ਇੱਜ਼ਤ ਦੇ ਨਾਮ 'ਤੇ ਨੌਜਵਾਨਾਂ ਨੂੰ ਕੋਹ-ਕੋਹ ਕੇ ਮਾਰ ਰਿਹਾ ਹੈ, ਉਥੇ ਸਮਾਜ ਦੇ ਦੂਜੇ ਵਰਗ-ਸਮੂਹ ਕੀ ਕਰ ਰਹੇ ਹਨ? ਜਦੋਂ ਪਿੰਡਾਂ ਵਿਚ ਕੰਮ ਕਰਦੀਆਂ ਖਾਪ-ਪੰਚਾਇਤਾਂ ਦੇ ਕੰਮਾਂ ਨੂੰ ਪੁਰਾਣੇ ਰੀਤੀ-ਰਿਵਾਜਾਂ ਜਾਂ ਪਿਛਾਂਹ-ਖਿੱਚੂ ਸੋਚ ਸਮਝ ਕੇ ਜ਼ਿੰਮੇਵਾਰੀ ਪੂਰੀ ਹੋਈ ਸਮਝ ਲਈ ਜਾਂਦੀ ਹੈ ਤਾਂ ਆਧੁਨਿਕ ਸਮਿਆਂ ਦੀ ਪ੍ਰਿਭਾਸ਼ਾ ਵਿਚ ਮੋਹਰੀ ਗਿਣੇ ਜਾਂਦੇ ਚੰਡੀਗੜ੍ਹ ਵਰਗੇ ਸ਼ਹਿਰਾਂ ਦੇ ਇਨ੍ਹਾਂ ਤੱਥਾਂ ਤੋਂ ਕਿਉਂ ਮੂੰਹ ਫੇਰ ਲਿਆ ਜਾਂਦਾ ਹੈ ਕਿ ਹੁਣ ਉਥੇ ਇਕ ਹਜ਼ਾਰ ਮੁੰਡਿਆਂ ਪਿੱਛੇ ਕੁੜੀਆਂ ਦੀ ਗਿਣਤੀ ਸਿਰਫ਼ ਸੱਤ ਸੌ ਇੱਕੀ ਰਹਿ ਗਈ ਹੈ? ਉਸ ਦੇਸ਼ ਨੂੰ ਨੈਤਿਕਤਾ ਰੱਖਣ ਦਾ ਕੀ ਹੱਕ ਹੈ ਜਿਸ ਵਿਚ ਹਰ ਮਹੀਨੇ ਲੋਕ ਭੁੱਖ ਨਾਲ, ਠੰਢ ਨਾਲ, ਦੰਗਿਆਂ ਵਿਚ ਜਾਂ ਜਿਉਣ ਦੀ ਜ਼ਲਾਲਤ ਤੋਂ ਬਾਗੀ ਹੁੰਦੇ ਮਰ ਜਾਣ? ਕੀ ਇਸ ਅਹਿੰਸਕ, ਸ਼ਾਂਤੀ ਪ੍ਰੇਮੀ ਅਤੇ ਅਧਿਆਤਮਕ ਸਮਝ ਵਾਲੇ ਰਾਸ਼ਟਰ ਤੋਂ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਕਦੇ ਇਸ ਦਾ ਕੋਈ ਨਾਗਰਿਕ ਨਮੋਸ਼ੀ ਮੰਨਦਿਆਂ ਬਲਾਤਕਾਰਾਂ, ਭ੍ਰਿਸ਼ਟਾਚਾਰਾਂ ਜਾਂ ਦੰਗਿਆਂ ਵਿਚ ਸ਼ਾਮਲ ਆਪਣੇ ਬੱਚੇ ਦਾ ਸਿਰ ਉਸੇ ਹਉਮੈ, ਧੱਕੜਸ਼ਾਹੀ ਤੇ ਬੇਕਿਰਕੀ ਨਾਲ ਕੱਟ ਲਿਆਵੇਗਾ ਜਿਵੇਂ ਅੱਜ ਵਿਆਹ ਕਰਾਉਣ ਦੀ ਸਜ਼ਾ ਵਜੋਂ ਕੱਟ ਦਿੰਦਾ ਹੈ। ਸ਼ਾਇਦ ਕਦੇ ਨਹੀਂ, ਕਿਉਂਕਿ ਉਸ ਲਈ ਸੱਚਮੁੱਚ ਵਿਚ ਹੀ ਇੱਜ਼ਤ, ਨੈਤਿਕਤਾ ਤੇ ਚਰਿੱਤਰ ਦੀ ਜ਼ਰੂਰਤ ਪੈਂਦੀ ਹੈ। ਇਨ੍ਹਾਂ ਧਾਰਨਾਵਾਂ ਨੂੰ ਪਲੋਸਣ, ਫੈਲਾਉਣ ਤੇ ਸਾਂਭਣ ਦਾ ਜ਼ਿੰਮਾ ਘਰਾਂ ਤੋਂ ਬਿਨਾਂ ਸਿੱਖਿਆ ਸੰਸਥਾਵਾਂ, ਧਾਰਮਿਕ-ਫ਼ਿਲਾਸਫ਼ੀ ਦੇ ਅਦਾਰਿਆਂ, ਰਾਜਨੀਤਕ ਜਥੇਬੰਦੀਆਂ ਅਤੇ ਬੰਦੇ ਦੀ ਜੀਵਨ ਜਾਚ ਨੇ ਚੁੱਕਣਾ ਹੁੰਦਾ ਹੈ। ਇਥੇ ਇਹ ਵਿਚਾਰਨਾ ਹੀ ਮਹੱਤਵਪੂਰਨ ਹੈ ਕਿ ਜਿੰਦਾਂ ਆਪਣੀ ਮਰਜ਼ੀ ਦੇ ਵਿਆਹ ਤੋਂ ਬਾਅਦ ਮੌਤ ਜਾਂ ਜ਼ਲਾਲਤ ਤੈਅ ਹੈ, ਕੀ ਉਦਾਂ ਦਾ ਵਰਤਾਰਾ ਹੀ ਬਾਕੀ ਸੰਸਥਾਵਾਂ ਦੀ ਜੜ੍ਹਤਾ, ਦਿਸ਼ਾਹੀਣਤਾ, ਗੈਰ-ਜਮਹੂਰੀਅਤ ਅਤੇ ਦੋਗਲੇ ਮੁੱਲਾਂ 'ਤੇ ਵਾਰ ਕਰਨ ਤੋਂ ਬਾਅਦ ਨਹੀਂ ਭੁਗਤਣਾ ਪੈਂਦਾ? ਇਸ ਦਾ ਇਕ ਸਬੂਤ 'ਸੂਚਨਾ ਦਾ ਅਧਿਕਾਰ' ਦੇ ਅਧੀਨ ਸੂਚਨਾ ਮੰਗਣ ਦੀ ਅਰਜ਼ੀ ਦੇਣ ਵਾਲੇ ਉਨ੍ਹਾਂ ਚੇਤੰਨ ਮਨੁੱਖਾਂ ਦੀਆਂ ਲਾਸ਼ਾਂ ਹਨ ਜਿਨ੍ਹਾਂ ਨੂੰ ਰਾਜ ਦੀ ਇੱਜ਼ਤ ਦੇ ਨਾਮ 'ਤੇ ਕੋਹ-ਕੋਹ ਕੇ ਮਾਰਿਆ ਗਿਆ। ਇਸ ਦਾ ਦੂਜਾ ਸਬੂਤ ਇੰਜੀਨੀਅਰ ਮੰਜੂਨਾਥ ਹੈ ਜਿਸ ਨੂੰ ਭ੍ਰਿਸ਼ਟਾਚਾਰੀਆਂ ਨੇ ਪੈਟਰੋਲ ਵਿਚ ਮਿਲਾਵਟ ਦੀ ਜਾਂਚ ਕਰਨ 'ਤੇ ਸਿਰ ਵਿਚ ਗੋਲੀ ਮਾਰ ਦਿੱਤੀ। ਇਸ ਦਾ ਇਕ ਸਿੱਟਾ ਇਹ ਵੀ ਨਿਕਲਦਾ ਹੈ ਕਿ ਦੇਸ਼ ਵਿਚ ਜਮਹੂਰੀਅਤ ਸਿਰਫ਼ ਸੰਵਿਧਾਨ ਵਿਚ ਦਰਜ ਇਕ ਸ਼ਬਦ ਤਕ ਸੀਮਤ ਹੋ ਗਈ ਹੈ ਜਿਸ ਦਾ ਰਿਸ਼ਤਿਆਂ ਤੇ ਘਰ-ਪਰਿਵਾਰਾਂ ਤਕ ਪਹੁੰਚਣਾ ਅਸੰਭਵ ਬਣਾ ਦਿੱਤਾ ਗਿਆ ਹੈ। ਸਮਾਜ ਦੇ ਬਹੁਤੇ ਵਰਗ ਹਾਲੇ ਚੁੱਪ ਹਨ ਕਿਉਂਕਿ ਹਾਲੇ ਅੱਗ ਸਿਰਫ਼ ਗੁਆਂਢੀਆਂ ਦੇ ਘਰੀਂ ਦਿਖਾਈ ਦੇ ਰਹੀ ਹੈ। ਨੌਜਵਾਨ ਵਰਗ ਸੂਚਨਾ ਤੇ ਤਕਨੀਕੀ ਕ੍ਰਾਂਤੀ ਤੋਂ ਡੋਰ-ਭੋਰ ਕੰਧ 'ਤੇ ਲਿਖਿਆ ਪੜ੍ਹਨ ਤੋਂ ਅਸਮਰੱਥ ਹੈ। ਨਤੀਜੇ ਵਜੋਂ ਜੇ ਉਹ ਪ੍ਰੇਮੀ ਦੇ ਰੂਪ ਵਿਚ ਮਰਨ ਲਈ ਮਜਬੂਰ ਹੈ, ਉਹੀ ਭਰਾ ਦੇ ਰੂਪ ਵਿਚ ਆਉਂਦਿਆਂ ਮਾਰਨ ਵਾਲਾ ਬਣ ਜਾਂਦਾ ਹੈ। ਭਵਿੱਖ ਤੇ ਪਿਆਰ ਦੋਵੇਂ ਦਾਅ 'ਤੇ ਲੱਗੇ ਹੋਏ ਹਨ।


# ਪੰਜਾਬ 'ਚ ਸਿੱਖ ਨੌਜਵਾਨਾਂ ਦੀ ਫੜੋਫੜੀ ਜਾਰੀ

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਸਿੱਖ ਨੌਜਵਾਨਾਂ ਦੀ ਫੜੋਫੜੀ ਜਾਰੀ ਹੈ। ਇਸੇ ਲੜੀ ਤਹਿਤ 31 ਅਕਤੂਬਰ ਦੀ ਰਾਤ ਨੂੰ ਅਮਲੋਹ ਪੁਲਿਸ ਨੇ ਨਾਕੇ ਦੌਰਾਨ ਬੱਬਰ ਖਾਲਸਾ ਇੰਟਰਨੈਸ਼ਨਲ ਤੇ ਭਿੰਡਰਾਂਵਾਲਾ ਟਾਈਗਰ ਫੋਰਸ ਨਾਲ ਸਬੰਧਤ ਤਿੰਨ ਸ਼ਖ਼ਸਾਂ ਨੂੰ ਤਿੰਨ ਪਿਸਤੌਲਾਂ ਤੇ ਡੇਢ ਦਰਜਨ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਫ਼ਤਹਿਗੜ੍ਹ ਦੇ ਐਸ.ਐਸ.ਪੀ. ਰਣਵੀਰ ਸਿੰਘ ਖੱਟੜਾ ਨੇ ਦਾਅਵਾ ਕੀਤਾ ਗਿਆ ਰਾਤ ਵੇਲੇ ਬੁੱਗਾ ਕੈਂਚੀਆਂ ਅਮਲੋਹ ਵਿਖੇ ਤਿਉਹਾਰਾਂ ਦੇ ਸੀਜ਼ਨ ਕਰਕੇ ਨਾਕਾ ਲਗਾਇਆ ਗਿਆ ਸੀ ਤੇ ਇਸ ਨਾਕੇ 'ਤੇ ਰਾਤ ਸਾਢੇ 10 ਵਜੇ ਦਿੱਲੀ ਦੇ ਨੰਬਰ ਵਾਲੀ ਫੋਰਡ ਆਈਕਾਨ ਕਾਰ ਰੋਕ ਕੇ ਜਦੋਂ ਤਲਾਸ਼ੀ ਲਈ ਤਾਂ ਤਿੰਨ ਵਿਅਕਤੀਆਂ ਕੋਲੋਂ 9 ਐਮ.ਐਮ. ਦੇ ਤਿੰਨ ਪਿਸਤੌਲ ਤੇ 18 ਕਾਰਤੂਸ ਬਰਾਮਦ ਹੋਏ।

ਪੁਲਿਸ ਅਧਿਕਾਰੀ ਅਨੁਸਾਰ ਫੜੇ ਗਏ ਵਿਅਕਤੀਆਂ ਦੀ ਸ਼ਨਾਖਤ ਸਾਹਿਬ ਸਿੰਘ ਉਰਫ ਜਸਮੇਲ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਰੁਪਾਲਹੇੜੀ ਬੱਸੀ ਪਠਾਣਾਂ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ, ਕੁਲਵਿੰਦਰ ਸਿੰਘ ਉਰਫ ਕਾਲਾ ਪੁੱਤਰ ਦੁਨੀ ਚੰਦ ਪਿੰਡ ਸ਼ਿਆਮਪੁਰ ਜ਼ਿਲ੍ਹਾ ਮੋਹਾਲੀ ਤੇ ਅਰਸ਼ਪਾਲ ਸਿੰਘ ਉਰਫ ਰਛਪਾਲ ਸਿੰਘ ਪੁੱਤਰ ਚੰਨਣ ਸਿੰਘ ਪਿੰਡ ਬਗੋਰਾ ਜ਼ਿਲ੍ਹਾ ਨਵਾਂਸ਼ਹਿਰ ਵਜੋਂ ਹੋਈ। ਪੁਲਿਸ ਦਾ ਦਾਅਵਾ ਹੈ ਕਿ ਇਨ੍ਹਾਂ 'ਚੋਂ ਰਛਪਾਲ ਸਿੰਘ ਦਾ ਸਬੰਧ ਭਿੰਡਰਾਂਵਾਲਾ ਟਾਈਗਰ ਫੋਰਸ ਨਾਲ ਰਿਹਾ ਹੈ ਤੇ ਉਸ ਖਿਲਾਫ਼ ਪਹਿਲਾਂ ਵੀ ਅਤਿਵਾਦੀ ਸਰਗਰਮੀਆਂ ਦੇ ਕਈ ਮਾਮਲੇ ਦਰਜ ਹਨ। ਇਸੇ ਤਰ੍ਹਾਂ ਕੁਲਵਿੰਦਰ ਸਿੰਘ ਕਾਲਾ ਖਿਲਾਫ਼ ਵੀ ਵੱਖ-ਵੱਖ ਜ਼ਿਲ੍ਹਿਆਂ 'ਚ ਸੰਗੀਨ ਜੁਰਮਾਂ ਦੇ ਮੁਕੱਦਮੇ ਦਰਜ ਹਨ। ਸਾਹਿਬ ਸਿੰਘ ਦੇ ਖਿਲਾਫ਼ 27 ਅਕਤੂਬਰ ਨੂੰ ਬੱਸੀ ਪਠਾਣਾਂ ਥਾਣੇ 'ਚ ਮੁਕੱਦਮਾ ਦਰਜ ਹੋਇਆ ਹੈ ਤੇ ਇਸ ਦੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਆਗੂਆਂ ਨਾਲ ਸਬੰਧ ਦੱਸੇ ਜਾ ਰਹੇ ਹਨ।

# ਪਾਕਿ-ਅਮਰੀਕਾ ਵਾਰਤਾ ਦੀ ਅਹਿਮੀਅਤ ਤੇ ਅਸਲੀਅਤ

**ਪ੍ਰੋ. ਕੁਲਵੰਤ ਸਿੰਘ ਰੁਮਾਣਾ**



ਪ੍ਰੋ. ਰੁਮਾਣਾ

ਪਾਕਿਸਤਾਨ ਤੇ ਅਮਰੀਕਾ ਵਿਚਾਲੇ ਤਿੰਨ ਰੋਜ਼ਾ ਗੱਲਬਾਤ 22 ਅਕਤੂਬਰ ਨੂੰ ਖ਼ਤਮ ਹੋਈ ਹੈ। ਇਹ ਦੋਵਾਂ ਮੁਲਕਾਂ ਵਿਚਾਲੇ ਇੱਕ ਸਾਲ 'ਚ ਇਸ ਤਰ੍ਹਾਂ ਦੀ ਤੀਜੀ ਵਾਰਤਾ ਸੀ। ਪਹਿਲੇ ਦੋ ਵਾਰ ਵਾਂਗ ਇਸ ਵਾਰ ਵੀ ਇਹ ਐਲਾਨ ਕੀਤਾ ਗਿਆ ਕਿ ਬੜੀ ਹਾਂ-ਪੱਖੀ ਗੱਲਬਾਤ ਹੋਈ ਹੈ ਜਿਸਦੇ ਬੜੇ ਚੰਗੇ ਸਿੱਟੇ ਨਿਕਲਣ ਦੀ ਉਮੀਦ ਹੈ। ਇਸ ਤਰ੍ਹਾਂ ਦੀ ਵਾਰਤਾ ਦੋ ਸਾਥੀ ਦੇਸ਼ਾਂ 'ਚ ਪੈਦਾ ਹੋਈ ਬੇਵਿਸ਼ਵਾਸੀ ਨੂੰ ਖ਼ਤਮ ਕਰਨ ਤੇ ਭਵਿੱਖ 'ਚ ਆਪਸੀ ਸਹਿਯੋਗ, ਤਾਲਮੇਲ ਤੇ ਵਿਸ਼ਵਾਸ ਵਧਾਉਣ ਲਈ ਕੀਤੀ ਜਾਂਦੀ ਹੈ। ਪਹਿਲਾਂ ਦੋ ਵਾਰੀ ਹੋਈ ਵਾਰਤਾ ਨੇ ਇਨ੍ਹਾਂ ਦੋ ਮੁਲਕਾਂ 'ਚ ਬੇਵਿਸ਼ਵਾਸੀ ਨੂੰ ਤਾਂ ਨਹੀਂ ਘਟਾਇਆ ਪਰ ਥੋੜ੍ਹਾ-ਬਹੁਤ ਸਹਿਯੋਗ ਦੇ ਮਾਮਲੇ 'ਚ ਭਾਵੇਂ ਫਰਕ ਪਿਆ ਹੋਵੇ।

ਕਹਿਣ ਨੂੰ ਤਾਂ ਇਸ ਪਾਕਿਸਤਾਨੀ ਵਫ਼ਦ ਦੀ ਅਗਵਾਈ ਉਥੋਂ ਦਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਕਰ ਰਿਹਾ ਸੀ ਪਰ ਅਮਰੀਕਾ ਵਲੋਂ ਸਭ ਤੋਂ ਵੱਧ ਅਹਿਮੀਅਤ ਜਨਰਲ ਕਿਆਨੀ ਨੂੰ ਹੀ ਦਿੱਤੀ ਗਈ। ਅਮਰੀਕੀ ਮੀਡੀਏ 'ਚ ਵੀ ਜੇਕਰ ਕੋਈ ਜ਼ਿਕਰ ਹੋਇਆ ਹੈ ਤਾਂ ਜਨਰਲ ਕਿਆਨੀ ਦਾ ਹੀ। ਕਾਰਨ ਇਹ ਹੈ ਕਿ ਅਮਰੀਕਾ ਲਈ ਵਾਰਤਾ ਦੌਰਾਨ ਇਸ ਖਿੱਤੇ 'ਚ ਅਤਿਵਾਦੀਆਂ ਖ਼ਿਲਾਫ਼ ਫ਼ੌਜੀ ਕਾਰਵਾਈ ਹੀ ਅਹਿਮ ਮੁੱਦਾ ਸੀ। ਉਂਜ ਇਹ ਵਫ਼ਦ ਕਾਫ਼ੀ ਵੱਡਾ ਸੀ ਜਿਸ 'ਚ ਚਾਰ-ਪੰਜ ਕੈਬਨਿਟ ਮੰਤਰੀ ਤੇ ਉਨ੍ਹਾਂ ਦੇ ਸਕੱਤਰ ਵੀ ਸ਼ਾਮਲ ਸਨ ਪਰ ਇਨ੍ਹਾਂ ਲੋਕਾਂ ਨੇ ਗੱਲਬਾਤ ਨਾਲੋਂ ਜ਼ਿਆਦਾ ਸਮਾਂ ਖਰੀਦੋ-ਫਰੋਖਤ 'ਚ ਗੁਜ਼ਾਰਿਆ ਤੇ ਇਨ੍ਹਾਂ ਨੂੰ ਅਮਰੀਕੀ ਹਕੂਮਤ ਵਲੋਂ ਕੋਈ ਖਾਸ ਅਹਿਮੀਅਤ ਵੀ ਨਹੀਂ ਦਿੱਤੀ ਗਈ। ਅਮਰੀਕਾ ਨੇ ਜਨਰਲ ਕਿਆਨੀ ਨੂੰ ਅਤਿਵਾਦੀਆਂ ਖ਼ਿਲਾਫ਼ ਲੜਾਈ ਨੂੰ ਹੋਰ ਤੇਜ਼ ਕਰਨ ਤੇ ਅੰਜ਼ਾਮ ਤੱਕ ਪਹੁੰਚਾਉਣ ਲਈ ਕਿਹਾ ਹੈ ਤੇ ਬਦਲੇ 'ਚ ਦੋ ਅਰਬ ਡਾਲਰ ਫ਼ੌਜੀ ਮਦਦ ਦੇਣ ਦਾ ਐਲਾਨ ਕੀਤਾ ਹੈ ਜੋ ਜੇਕਰ ਕਾਂਗਰਸ ਨੇ ਮਨਜ਼ੂਰੀ ਦਿੱਤੀ ਤਾਂ 2012 ਤੋਂ 2016 ਤੱਕ ਮੁਹੱਈਆ ਕਰਵਾਈ ਜਾਵੇਗੀ। ਅਮਰੀਕਾ ਹੜ੍ਹਾਂ, ਸਿਹਤ, ਬਿਜਲੀ, ਪਾਣੀ, ਖੇਤੀ ਤੇ ਵਿਦਿਆ ਦੇ ਖੇਤਰਾਂ 'ਚ ਵੀ ਪਾਕਿਸਾਨ ਦੀ ਮਦਦ ਕਰੇਗਾ ਪਰ ਇਸ ਲਈ ਕੋਈ ਵੱਖਰੀ ਰਕਮ ਮਨਜ਼ੂਰ ਨਹੀਂ ਕੀਤੀ ਗਈ ਸਗੋਂ ਇਨ੍ਹਾਂ ਖੇਤਰਾਂ 'ਚ ਖਰਚਾ ਪਹਿਲਾਂ ਮਨਜ਼ੂਰ ਹੋਈ ਕੈਰੀ-ਲੂਗਰ ਬਿਲ ਵਾਲੀ ਰਾਸ਼ੀ 'ਚੋਂ ਹੀ ਕੀਤਾ ਜਾਵੇਗਾ। ਬੱਸ ਸੂਬਾ ਖ਼ੈਬਰ ਪਖ਼ਤੂਨ ਖਵਾ ਲਈ ਇੱਕ ਕਰੋੜ ਦਸ ਲੱਖ ਡਾਲਰ ਦੀ ਨਵੀਂ ਸਹਾਇਤਾ ਮਨਜ਼ੂਰ ਕੀਤੀ ਗਈ ਹੈ ਤੇ ਪਾਕਿ ਮੀਡੀਆ ਲਈ 125 ਸਕਾਲਰਸ਼ਿਪ ਦਿੱਤੇ ਗਏ ਹਨ।

ਇੱਕ ਗੱਲ ਬੜੀ ਸਾਫ਼ ਹੈ ਕਿ ਤਿੰਨ ਵਾਰ ਵਾਰਤਾ ਹੋਣ ਦੇ ਬਾਵਜੂਦ ਅਮਰੀਕਾ ਤੇ ਪਾਕਿਸਤਾਨ 'ਚ ਬੇਵਿਸ਼ਵਾਸੀ ਤੇ ਸ਼ੱਕ ਘਟਣ ਦੀ ਬਜਾਏ ਵਧੇ ਹਨ। ਈ.ਆਈ.ਏ. ਦੀ ਰਿਪੋਰਟ ਸਾਫ਼ ਕਹਿੰਦੀ ਹੈ ਕਿ ਪਾਕਿਸਤਾਨ ਦੀ ਏਜੰਸੀ ਆਈ.ਐਸ.ਆਈ. ਕੁਝ ਅਤਿਵਾਦੀ ਧੜਿਆਂ ਦੀ ਸਿਰਫ਼ ਪੁਸ਼ਤ-ਪਨਾਹੀ ਹੀ ਨਹੀਂ ਕਰ ਰਹੀ ਸਗੋਂ ਉਨ੍ਹਾਂ ਦੇ ਨਵੇਂ ਕਾਡਰ ਨੂੰ ਸਿਖਲਾਈ ਵੀ ਦੇ ਰਹੀ ਹੈ। ਉਤਰੀ ਵਜ਼ੀਰਸਤਾਨ 'ਚ ਪਾਕਿ ਫ਼ੌਜ ਓਨੀ ਤਨਦੇਹੀ ਤੇ ਇਮਾਨਦਾਰੀ ਨਾਲ ਜੰਗ ਨਹੀਂ ਲੜ ਰਹੀ ਜਿੰਨੀ ਦੀ ਲੋੜ ਹੈ। ਅਮਰੀਕਾ ਇਹ ਵੀ ਕਹਿੰਦਾ ਹੈ ਕਿ ਉਸਾਮਾ, ਅਲ ਜ਼ਵਾਹਰੀ ਤੇ ਕਈ ਹੋਰ ਵੱਡੇ ਅਤਿਵਾਦੀ ਆਰਾਮ ਨਾਲ ਪਕਿ-ਅਫ਼ਗਾਨ ਸਰਹੱਦ 'ਤੇ ਰਹਿ ਰਹੇ ਹਨ ਤੇ ਆਈ.ਐਸ.ਆਈ. ਦੇ ਕੁਝ ਲੋਕਾਂ ਨੂੰ ਇਸਦੀ ਪੂਰੀ ਜਾਣਕਾਰੀ ਹੈ। ਸ਼ਾਇਦ ਇਸੇ ਲਈ ਅਮਰੀਕਾ ਨੇ ਹੁਣ ਪਾਕਿ ਸਰਹੱਦ ਦੇ ਅੰਦਰ ਜਾ ਕੇ ਡਰੋਨ ਹਮਲੇ ਤੇਜ਼ ਕਰ ਦਿੱਤੇ ਹਨ ਜਿਸਦਾ ਪਕਿਸਤਾਨ ਵਿਰੋਧ ਵੀ ਕਰਦਾ ਹੈ ਤੇ ਇਸ ਨੂੰ ਆਪਣੀ ਖ਼ੁਦਮੁਖ਼ਤਾਰੀ 'ਤੇ ਹਮਲਾ ਵੀ ਸਮਝਦਾ ਹੈ। ਪਿਛਲੇ ਦਿਨਾਂ 'ਚ ਨਾਟੋ ਦੇ ਹੈਲੀਕਾਪਟਰ ਹਮਲੇ 'ਚ ਤਿੰਨ ਪਾਕਿ ਸੁਰੱਖਿਆ ਮੁਲਾਜ਼ਮ ਮਾਰੇ ਗਏ ਸਨ ਤੇ ਬਦਲੇ 'ਚ ਪਾਕਿਸਤਾਨ ਨੇ ਤੋਰਖ਼ਮ ਦੇ ਸਥਾਨ 'ਤੇ ਨਾਟੋ ਲਈ ਸਪਲਾਈ ਰੋਕ ਦਿੱਤੀ ਸੀ ਜੋ ਨਾਟੋ ਵਲੋਂ ਮੁਆਫ਼ੀ ਮੰਗਣ 'ਤੇ ਹੀ ਬਹਾਲ ਕੀਤੀ ਗਈ। ਅਮਰੀਕਾ ਇਹ ਵੀ ਸਮਝਦਾ ਹੈ ਕਿ ਪਾਕਿ ਸੁਰੱਖਿਆ ਬਲਾਂ 'ਚ ਇੱਕ ਵਰਗ ਐਸਾ ਵੀ ਹੈ ਜੋ ਅਮਰੀਕਾ ਦੇ ਵਿਰੁਧ ਤੇ ਤਾਲਿਬਾਨ ਦੇ ਹੱਕ 'ਚ ਕੁਝ ਨਾ ਕੁਝ ਕਰਦਾ ਰਹਿੰਦਾ ਹੈ ਪਰ ਪਾਕਿ ਹਕੂਮਤ ਜਾਂ ਫ਼ੌਜ ਉਸ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰਦੀ। ਇਸੇ ਕਰਕੇ ਪਿੱਛੇ ਜਿਹੇ ਸਦਰ ਓਬਾਮਾ ਨੇ ਐਲਾਨ ਕੀਤਾ ਸੀ ਕਿ ਜੇ ਨਿਊ ਯਾਰਕ ਟਾਈਮਜ਼ ਸੁਕੇਅਰ ਵਰਗੀ ਕਿਸੇ ਘਟਨਾ ਨੂੰ ਅੰਜਾਮ ਦਿੱਤਾ ਗਿਆ ਹੈ ਤੇ ਉਸ 'ਚ ਕੋਈ ਪਾਕਿ ਗਰੁਪ ਜਾਂ ਵਿਅਕਤੀ ਸ਼ਾਮਲ ਹੋਇਆ ਹੈ ਤਾਂ ਪਾਕਿਸਤਾਨ ਉਸ ਦੇ ਨਤੀਜੇ ਭੁਗਤਣ ਲਈ ਤਿਆਰ ਰਹੇ।

ਅਮਰੀਕਾ ਨੂੰ ਇਹ ਵੀ ਯਕੀਨ ਹੈ ਕਿ ਜਿਹੜੀ ਵੀ ਸਹਾਇਤਾ ਉਹ ਪਕਿਸਤਾਨ ਦੇ ਲੋਕ ਭਲਾਈ ਕੰਮਾਂ ਲਈ ਦਿੰਦਾ ਹੈ ਉਸ ਦਾ ਵੱਡਾ ਹਿੱਸਾ ਹਕੂਮਤੀ ਭ੍ਰਿਸ਼ਟਾਚਾਰ ਦੀ ਭੇਟ ਚੜ੍ਹ ਜਾਂਦਾ ਹੈ ਜਿਸ ਦਾ ਅਸਰ ਇਹ ਹੋ ਰਿਹਾ ਹੈ ਕਿ ਪਾਕਿਸਤਾਨ ਦੇ ਆਵਾਮ 'ਚ ਅਮਰੀਕਾ ਵਿਰੋਧੀ ਸੋਚ ਲਗਾਤਾਰ ਵਧਦੀ ਜਾ ਰਹੀ ਹੈ। ਅਮਰੀਕਾ ਇਹ ਵੀ ਸਮਝਦਾ ਹੈ ਕਿ ਪਾਕਿਸਤਾਨ ਅਤਿਵਾਦ ਖ਼ਿਲਾਫ਼ ਲੜਾਈ ਦੇ ਇਵਜ਼ਾਨੇ 'ਚ ਅਮਰੀਕਾ ਤੋਂ ਕੁਝ ਜ਼ਿਆਦਾ ਹੀ ਆਰਥਿਕ ਝਾਕ ਰੱਖਣ ਲੱਗਾ ਹੈ। ਇਸੇ ਕਰਕੇ ਪਿਛਲੇ ਮਹੀਨੇ ਹਿਲੇਰੀ ਕਲਿੰਟਨ ਨੇ ਪਾਕਿਸਤਾਨ ਨੂੰ ਕਿਹਾ ਸੀ ਕਿ ਅਮਰੀਕਾ ਜੋ ਮਦਦ ਪਾਕਿਸਤਾਨ ਨੂੰ ਦੇ ਰਿਹਾ ਹੈ ਉਹ ਅਮਰੀਕੀ ਜਨਤਾ ਦਾ ਟੈਕਸ ਹੈ ਤੇ ਪਾਕਿਸਤਾਨ ਆਪ ਵੀ ਟੈਕਸ ਦੀ ਉਗਰਾਹੀ ਕਰੇ। ਜਿਹੜਾ 9 ਅਰਬ ਡਾਲਰ ਹਰ ਵਰ੍ਹੇ ਟੈਕਸ ਚੋਰੀ ਹੁੰਦੀ ਹੈ ਉਸ ਨੂੰ ਰੋਕੇ ਤੇ ਜਨਤਕ ਕੰਮਾਂ 'ਤੇ ਲਾਵੇ। ਉਸਨੇ ਇਹ ਵੀ ਚਿਤਾਵਨੀ ਦਿੱਤੀ ਹੈ ਕਿ ਭ੍ਰਿਸ਼ਟਾਚਾਰ ਜਿਹੜਾ ਦੇਸ਼ 'ਚ ਸਿਰ ਤੋਂ ਲੈ ਕੇ ਪੈਰਾਂ ਤੱਕ ਕੋਹੜ ਵਾਂਗ ਫੈਲਿਆ ਹੋਇਆ ਹੈ, ਉਸ ਦਾ ਖ਼ਾਤਮਾ ਕਰੇ ਨਹੀਂ ਤਾਂ ਪਾਕਿਸਤਾਨ ਨੂੰ ਕੋਈ ਨਹੀਂ ਬਚਾ ਸਕਦਾ। ਅਮਰੀਕਾ ਵਲੋਂ ਪਾਕਿਸਤਾਨ ਨੂੰ ਪਤਿਆਉਣ ਦੇ ਨਾਲ-ਨਾਲ ਜਿਹੜੀਆਂ ਇਹ ਧਮਕੀਆਂ ਦਿੱਤੀਆਂ ਜਾਂਦੀਆਂ ਹਨ, ਉਹ ਵੀ ਪਾਕਿਸਾਨ 'ਚ ਕੁੜੱਤਣ ਦਾ ਕਾਰਨ ਬਣਦੀਆਂ ਹਨ। ਪਾਕਿਸਤਾਨ ਦੇ ਬੁੱਧੀਜੀਵੀ ਤੇ ਪੱਤਰਕਾਰ ਤਾਂ ਆਮ ਹੀ ਕਹਿੰਦੇ ਹਨ ਕਿ ਅਮਰੀਕਾ ਨੇ ਪਾਕਿਸਤਾਨ ਪ੍ਰਤੀ ਸਟਿੱਕ ਐਂਡ ਕੈਰਟ (ਲਾਲਚ ਤੇ ਛਾਂਟਾ) ਵਾਲੀ ਨੀਤੀ ਅਪਨਾ ਰੱਖੀ ਹੈ ਪਰ ਉਹ ਛਟੀ ਦੀ ਵਰਤੋਂ ਕੁਝ ਜ਼ਿਆਦਾ ਹੀ ਕਰਨ ਲੱਗ ਪਿਆ ਹੈ।

ਦੂਜੇ ਪਾਸੇ ਪਾਕਿਸਤਾਨ ਵੀ ਅਮਰੀਕਾ ਨੂੰ ਕਈ ਕਾਰਨਾਂ ਕਰਕੇ ਉਹ ਦੋਸਤ ਨਹੀਂ ਸਮਝਦਾ ਜੋ ਵੇਲੇ ਸਿਰ ਕੰਮ ਆ ਸਕਦਾ ਹੋਵੇ। ਉਸ ਨੂੰ ਸ਼ੱਕ ਹੀ ਨਹੀਂ ਸਗੋਂ ਯਕੀਨ ਹੈ ਕਿ ਹੁਣ ਅਮਰੀਕਾ ਦਾ ਪਾਕਿਸਤਾਨ ਨੂੰ ਅਤਿਵਾਦ ਖ਼ਿਲਾਫ਼ ਲੜਾਈ ਲਈ ਵਰਤਣ ਤੋਂ ਬਿਨਾਂ ਕੋਈ ਸਰੋਕਾਰ ਨਹੀਂ। ਇਸਦਾ ਮੁੱਖ ਕਾਰਨ ਇਹ ਹੈ ਕਿ ਅਮਰੀਕਾ ਨੂੰ ਇਸ ਖਿੱਤੇ 'ਚ ਆਪਣੇ ਹਿੱਤਾਂ ਦੀ ਰਾਖੀ ਲਈ ਤੇ ਸੰਸਾਰ ਵਿਚ ਸਰਦਾਰੀ ਕਾਇਮ ਰੱਖਣ ਲਈ ਭਾਰਤ ਜ਼ਿਆਦਾ ਫਾਇਦੇਮੰਦ ਮਿੱਤਰ ਲੱਗਦਾ ਹੈ। ਇਸੇ ਕਰਕੇ ਪਾਕਿਸਤਾਨ ਆਪਣੇ ਆਪ ਨੂੰ ਅਮਰੀਕਾ ਵਲੋਂ ਅਣਗੌਲਿਆ ਕੀਤੇ ਜਾਣ ਦਾ ਉਲਾਂਭਾ ਵੀ ਦਿੰਦਾ ਰਹਿੰਦਾ ਹੈ। ਉਹ ਕਹਿੰਦਾ ਹੈ ਕਿ ਉਸ ਨੇ ਸਵਾਤ ਮੁਲਕੰਦ ਤੇ ਵਜ਼ੀਰਸਤਾਨ 'ਚ ਫ਼ੌਜੀ ਕਾਰਵਾਈ ਕਰਕੇ ਤਾਲਿਬਾਨ ਦੀ ਰੀੜ੍ਹ ਦੀ ਹੱਡੀ ਤੋੜ ਦਿੱਤੀ ਹੈ। ਇਸ ਲੜਾਈ 'ਚ ਉਸਦੇ 2000 ਸੁਰੱਖਿਆ ਕਰਮੀ ਮਾਰੇ ਗਏ ਤੇ ਅਰਬਾਂ ਰੁਪਏ ਦਾ ਖਰਚਾ ਹੋਇਆ ਹੈ ਤੇ ਤਾਲਿਬਾਨ ਨਾਲ ਜੋ ਦੁਸ਼ਮਣੀ ਸਹੇੜੀ ਉਹ ਵੱਖਰੀ। ਹੁਣ ਤਾਲਿਬਾਨ ਪਾਕਿਸਤਾਨੀ ਫ਼ੌਜ ਵਲੋਂ ਕੀਤੇ ਨੁਕਸਾਨ ਦਾ ਬਦਲਾ ਲੈਣ ਲਈ ਪਾਕਿ ਸ਼ਹਿਰਾਂ 'ਤੇ ਆਤਮਘਾਤੀ ਹਮਲੇ ਕਰ ਰਹੇ ਹਨ ਜਿਸ 'ਚ ਹਜ਼ਾਰਾਂ ਬੇਗੁਨਾਹ ਨਾਗਰਿਕ ਮਾਰੇ ਜਾ ਚੁੱਕੇ ਹਨ। ਇਹ ਸਭ ਨੁਕਸਾਨ ਉਸ ਨੂੰ ਅਮਰੀਕਾ ਦੀ ਲੜਾਈ ਅੱਗੇ ਹੋ ਕੇ ਲੜਨ ਕਰਕੇ ਉਠਾਉਣਾ ਪਿਆ ਹੈ। ਉਸ ਦੀ ਇਹ ਵੀ ਸਮਝ ਹੈ ਕਿ ਏਨਾ ਕੁਝ ਕਰਨ ਦੇ ਬਾਵਜੂਦ ਅਮਰੀਕਾ ਜੀਅ ਕਰੇ ਤਾਂ ਉਸਦੀ ਗੱਲ ਸੁਣਦਾ ਹੈ ਤੇ ਜੀਅ ਕਰੇ ਤਾਂ ਉਸ ਨੂੰ ਅੱਖਾਂ ਵੀ ਵਿਖਾ ਦਿੰਦਾ ਹੈ।

ਜੁਲਾਈ 2010 'ਚ ਹੋਈ ਦੂਜੀ ਵਾਰਤਾ ਵੇਲੇ ਪਾਕਿਸਤਾਨ ਨੇ ਆਪਣੀਆਂ ਲੋੜਾਂ ਦੇ ਹਵਾਲੇ ਨਾਲ ਇੱਕ 98 ਸਫ਼ਿਆਂ ਦਾ ਦਸਤਾਵੇਜ਼ ਅਮਰੀਕਾ ਦੇ ਹਵਾਲੇ ਕੀਤਾ ਸੀ ਜਿਸ 'ਤੇ ਅਮਰੀਕਾ ਨੇ ਗੌਰ ਕਰਨ ਦਾ ਯਕੀਨ ਦਵਾਇਆ ਸੀ ਪਰ ਇਸ ਤੀਜੀ ਵਾਰਤਾ 'ਚ ਉਸ ਮੰਗ ਪੱਤਰ ਦਾ ਜ਼ਿਕਰ ਤੱਕ ਨਹੀਂ ਕੀਤਾ। ਪਾਕਿਸਤਾਨ ਨੇ ਤਿੰਨਾਂ ਵਾਰਤਾਵਾਂ 'ਚ ਇਹ ਜ਼ੋਰ ਦੇ ਕੇ ਕਿਹਾ ਕਿ ਅਮਰੀਕਾ ਪਾਕਿਸਤਾਨ ਨੂੰ ਆਪਣੀ ਮੰਡੀ 'ਚ ਖੁੱਲ੍ਹੀ ਪਹੁੰਚ ਦਾ ਹੱਕ ਦੇਵੇ, ਡਰੋਨ ਤਕਨਾਲੋਜੀ ਮੁਹੱਈਆ ਕਰੇ, ਭਾਰਤ ਵਰਗਾ ਪ੍ਰਮਾਣੂ ਸਮਝੌਤਾ ਕਰੇ, ਕਸ਼ਮੀਰ ਮਾਮਲੇ ਦੇ ਹੱਲ ਲਈ ਅਮਲੀ ਦਖ਼ਲ ਦੇਵੇ, ਹਕਾਨੀ ਵਰਗੇ ਤਾਲਿਬਾਨ ਧੜਿਆਂ ਨਾਲ ਹੋ ਰਹੀ ਗੁਪਤ ਗੱਲਬਾਤ 'ਚ ਪਾਕਿਸਤਾਨ ਨੂੰ ਸ਼ਾਮਲ ਕਰੇ ਪਰ ਅਮਰੀਕਾ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਦੇ ਰਿਹਾ। ਹੁਣ ਜਦੋਂ ਓਬਾਮਾ ਨੇ ਭਾਰਤ ਦਾ ਦੌਰਾ ਕਰਨਾ ਹੈ ਤਾਂ ਪਾਕਿਸਤਾਨ ਦੇ ਵਫ਼ਦ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਪਾਕਿਸਤਾਨ ਵੀ ਜ਼ਰੂਰ ਆਉਣ ਕਿਉਂਕਿ ਪਹਿਲਾਂ ਜਦੋਂ ਅਮਰੀਕੀ ਰਾਸ਼ਟਰਪਤੀ ਬੁਸ਼ ਤੇ ਕਲਿੰਟਨ ਭਾਰਤ ਆਏ ਸਨ ਤਾਂ ਉਨ੍ਹਾਂ ਪਾਕਿਸਤਾਨ ਦਾ ਵੀ ਦੌਰਾ ਕੀਤਾ ਸੀ। ਪਰ ਅਮਰੀਕਾ ਨੇ ਪਾਕਿ ਦੀ ਮੰਗ ਇਹ ਕਹਿ ਕਿ ਠੁਕਰਾ ਦਿੱਤੀ ਹੈ ਕਿ ਇਸ ਵਾਰ ਨਹੀਂ ਪਰ 2011 'ਚ ਓਬਾਮਾ ਜ਼ਰੂਰ ਪਾਕਿ ਦੌਰੇ 'ਤੇ ਆਉਣਗੇ। ਸੋ ਇਨ੍ਹਾਂ ਤਿੰਨਾਂ ਵਾਰਤਾਵਾਂ ਦੇ ਬਾਵਜੂਦ ਪਾਕਿਸਤਾਨ 'ਚ ਅਮਰੀਕਾ ਪ੍ਰਤੀ ਨਿਰਾਸ਼ਾ ਹੀ ਵਧੀ ਹੈ।

ਅਸੀਂ ਵੇਖਿਆ ਹੈ ਕਿ ਜਦੋਂ 3 ਜੂਨ 2010 ਨੂੰ ਅਮਰੀਕਾ ਤੇ ਭਾਰਤ ਵਿਚਾਲੇ ਕੂਟਨੀਤਕ ਵਾਰਤਾ ਹੋਈ ਸੀ ਤਾਂ ਅਮਰੀਕਾ ਤੇ ਭਾਰਤ 'ਚ ਚਾਅ ਤੇ ਜੋਸ਼ ਵਾਲਾ ਮਾਹੌਲ ਸੀ। ਅਮਰੀਕਾ ਨੇ ਭਾਰਤ ਨਾਲ ਬਿਜਲੀ, ਵਿੱਦਿਆ, ਖੇਤੀਬਾੜੀ ਤੇ ਫ਼ੌਜ ਦੇ ਨਵੀਨੀਕਰਨ ਦੇ ਖੇਤਰ 'ਚ ਪੂਰੇ ਸਹਿਯੋਗ ਦਾ ਵਾਅਦਾ ਕੀਤਾ ਸੀ ਤੇ ਪਾਕਿਸਤਾਨ ਵਾਂਗ ਕੋਈ ਸ਼ਰਤ ਨਹੀਂ ਸੀ ਰੱਖੀ। ਸੋ, ਪਾਕਿਸਤਾਨ ਤੇ ਅਮਰੀਕਾ 'ਚ ਤਿੰਨ ਵਾਰਤਾਵਾਂ ਨੇ ਇਨ੍ਹਾਂ ਦੇ ਆਪਸੀ ਸ਼ੱਕ ਤੇ ਗਿਲੇ ਦੂਰ ਨਹੀਂ ਕੀਤੇ ਜਿਹੜਾ ਕਿ ਇਸ ਵਾਰਤਾ ਦਾ ਮੁੱਖ ਮਕਸਦ ਸੀ।

ਵਫ਼ਦ ਵਾਪਸ ਹੋ ਗਿਆ ਹੈ ਤੇ ਪਾਕਿਸਤਾਨ ਦੇ ਮੀਡੀਏ 'ਚ ਇਸ ਹਵਾਲੇ ਨਾਲ ਤਬਸਰਿਆਂ ਤੇ ਖ਼ਬਰਾਂ ਦਾ ਹੜ੍ਹ ਆਇਆ ਹੋਇਆ ਹੈ। ਆਲੋਚਕ ਕਹਿ ਰਹੇ ਹਨ ਕਿ ਦੋ ਅਰਬ ਡਾਲਰ ਦੀ ਸਹਾਇਤਾ 'ਚ ਬੜੀਆਂ ਰੁਕਾਵਟਾਂ ਤੇ ਸ਼ਰਤਾਂ ਹਨ ਤੇ ਵੱਡੀ ਸ਼ਰਤ ਇਹ ਹੈ ਕਿ ਇਸ ਰਾਸ਼ੀ ਦਾ ਮਿਲਣਾ ਪਾਕਿਸਤਾਨ ਵਲੋਂ ਤਾਲਿਬਾਨ ਤੇ ਹੋਰ ਅਤਿਵਾਦੀ ਧੜਿਆਂ ਖ਼ਿਲਾਫ਼ ਕਾਰਵਾਈ 'ਤੇ ਨਿਰਭਰ ਹੋਵੇਗਾ। ਇਸ ਵਾਰਤਾ ਬਾਰੇ ਆਈ.ਐਸ.ਆਈ. ਦੇ ਸਾਬਕਾ ਮੁਖੀ ਤੇ ਸੇਵਾਮੁਕਤ ਜਨਰਲ ਹਮੀਦ ਗੁਲ ਦਾ ਕਹਿਣਾ ਹੈ ਕਿ ਜਦੋਂ ਕੋਈ ਖ਼ਿਦਮਤਗਾਰਾਂ ਦਾ ਟੋਲਾ ਆਪਣੇ ਮਾਲਕ ਕੋਲ ਜਾਂਦਾ ਹੈ ਤਾਂ ਉਸ ਨੇ ਉਨ੍ਹਾਂ ਨੂੰ ਕੰਮ ਦੀ ਸਮਾਂ ਸਾਰਣੀ ਹੀ ਦੇਣੀ ਹੁੰਦੀ ਹੈ ਤੇ ਜੇ ਲੋੜ ਹੋਵੇ ਤਾਂ ਉਸ ਕੰਮ ਲਈ ਖਰਚਾ-ਪਾਣੀ ਵੀ ਦੇ ਦਿੱਤਾ ਜਾਂਦਾ ਹੈ ਤੇ ਇਹੋ ਪ੍ਰਾਪਤੀ ਹੈ ਇਸ ਵਾਰਤਾ ਦੀ। ਇਹ ਲੋਕ ਆਪਣੇ ਕਰਨ ਗੋਚਰੇ ਕੰਮ ਦੀ ਤਫ਼ਸੀਲ ਲੈ ਆਏ ਹਨ। ਸਾਬਕਾ ਆਈ.ਐਸ. ਆਈ. ਮੁਖੀ ਤੇ ਸਾਬਕਾ ਪਾਕਿ ਰਾਜਦੂਤ ਜਨਰਲ ਅਸਦ ਦੁਰਾਨੀ ਦਾ ਕਹਿਣਾ ਹੈ ਕਿ ਅਮਰੀਕਾ ਦੀ ਮੁੱਖ ਲੋੜ ਇਸ ਖਿੱਤੇ 'ਚ ਅਤਿਵਾਦ ਦਾ ਖ਼ਾਤਮਾ ਹੈ। ਉਸ ਨੇ ਇਸ ਮੁੱਦੇ 'ਤੇ ਗੱਲਬਾਤ ਕੀਤੀ ਹੈ ਤੇ ਕਿਹਾ ਹੈ ਕਿ ਜੇ ਇਸ ਨਿਸ਼ਾਨੇ ਪ੍ਰਤੀ ਸੁਹਿਰਦਤਾ ਤੇ ਲਗਨ ਵਿਖਾਉਂਦੇ ਰਹੇ ਤਾਂ ਪੈਸੇ ਮਿਲਦੇ ਰਹਿਣਗੇ। ਡੈਮਾਂ, ਵਿਦਿਆ ਤੇ ਹਸਪਤਾਲਾਂ ਦੇ ਹਵਾਲੇ ਨਾਲ ਮਦਦ ਪਹਿਲਾਂ ਹੀ ਮਨਜ਼ੂਰ ਹੋਈ ਕੈਰੀ-ਲੁਗਰ ਵਾਲੀ ਰਾਸ਼ੀ 'ਚੋਂ ਹੋਣੀ ਹੈ। ਬਾਕੀ ਕਸ਼ਮੀਰ, ਪ੍ਰਮਾਣੂ ਸਮਝੌਤੇ ਵਰਗੀਆਂ ਮੰਗਾਂ ਤਾਂ ਉਸ ਨੇ ਅਣਸੁਣੀਆਂ ਹੀ ਕਰ ਦਿੱਤੀਆਂ ਹਨ। ਇਸ ਤਰ੍ਹਾਂ ਇਹ ਵਫ਼ਦ ਰੋਜ਼ੇ ਗਲ ਪਵਾ ਆਇਆ ਹੈ ਤੇ ਪਾਕਿਸਤਾਨ ਆਵਾਮ ਲਈ ਕੁਝ ਵੀ ਨਵਾਂ ਨਹੀਂ ਲੈ ਕੇ ਆਇਆ ਹੈ। ਪਾਕਿਸਤਾਨ ਦੇ ਸੁਹਿਰਦ ਆਲੋਚਕਾਂ-ਪੱਤਰਕਾਰ ਅਨਸਾਰ ਅੱਬਾਸੀ, ਡਾ. ਸ਼ਾਹਿਦ ਮਹਿਮੂਦ, ਡਾ. ਮੋਇਨ ਪੀਰਜ਼ਾਦਾ, ਔਰੀਆ ਮਕਬੂਲ ਜਾਨ, ਹਮੀਦ ਮੀ ਤੇ ਸਲੀਮ ਬੁਖ਼ਾਰੀ ਸੋਚਦੇ ਹਨ ਕਿ ਪਾਕਿਸਤਾਨੀ ਹਕੂਮਤ ਜਿੰਨਾ ਚਿਰ ਆਪਣਾ ਘਰ ਠੀਕ ਨਹੀਂ ਕਰਦੀ ਉਨਾ ਚਿਰ ਆਲਮੀ ਪੱਧਰ 'ਤੇ ਇਸ ਨਾਲ ਅਜਿਹਾ ਹੀ ਸਲੂਕ ਹੋਣਾ ਹੈ। ਭ੍ਰਿਸ਼ਟਾਚਾਰ, ਲਾ-ਕਾਨੂੰਨੀ, ਗਰੀਬੀ ਤੇ ਬੇਰੁਜ਼ਗਾਰੀ ਸਾਰੇ ਹੱਦ ਬੰਨ੍ਹੇ ਟੱਪ ਗਈ ਹੈ। ਹਕੂਮਤ 'ਚ 90 ਫ਼ੀਸਦੀ ਵਿਧਾਇਕ ਤੇ ਸੰਸਦ ਮੈਂਬਰ ਤੇ ਮੰਤਰੀ ਜਗੀਰਦਾਰ ਤੇ ਵਾਪਰੀ ਹਨ। ਪਿਛਲੇ ਢਾਈ ਸਾਲਾਂ 'ਚ ਇਨ੍ਹਾਂ ਦੇ ਅਸਾਸੇ ਤਿੰਨ ਗੁਣਾ ਹੋ ਗਏ ਹਨ ਤੇ ਇਹ ਲੋਕ ਟੈਕਸ ਸਿਰਫ਼ ਆਪਣੀਆਂ ਤਨਖ਼ਾਹਾਂ 'ਤੇ ਹੀ ਦਿੰਦੇ ਹਨ। ਸਾਲ 2004 ਤੋਂ 2007 ਤੱਕ ਦੀਆਂ ਟੈਕਸ ਰਿਟਰਨਾਂ ਨੂੰ ਵੇਖੀਏ ਤਾਂ ਅੱਜ ਤੱਕ ਪ੍ਰਧਾਨ ਮੰਤਰੀ ਗਿਲਾਨੀ ਨੇ ਇੱਕ ਪੈਸਾ ਵੀ ਟੈਕਸ ਨਹੀਂ ਦਿੱਤਾ ਤੇ ਜ਼ਰਦਾਰੀ ਨੇ ਤਿੰਨ ਸਾਲ 'ਚ ਸਿਰਫ਼ 60 ਹਜ਼ਾਰ ਰੁਪਏ ਟੈਕਸ ਦਿੱਤਾ ਹੈ ਤੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੇ 194 ਰੁਪਏ ਜਦੋਂਕਿ ਇਨ੍ਹਾਂ ਦੀਆਂ ਜਾਇਦਾਦਾਂ ਅਰਬਾਂ 'ਚ ਹਨ। ਪਾਕਿਸਤਾਨ ਦੀ 18 ਕਰੋੜ ਦੀ ਅਬਾਦੀ 'ਚੋਂ ਸਿਰਫ਼ 3 ਕਰੋੜ ਲੋਕ ਟੈਕਸ ਦਿੰਦੇ ਹਨ ਜੋ ਤਨਖ਼ਾਹਦਾਰ ਹਨ ਤੇ ਤਕਰੀਬਨ 9 ਅਰਬ ਦੀ ਟੈਕਸ ਚੋਰੀ ਹੁੰਦੀ ਹੈ। 'ਇੰਟਰਨੈਸ਼ਨਲ ਟਰਾਂਸਪੇਰੈਂਸੀ' ਅਨੁਸਾਰ ਭ੍ਰਿਸ਼ਟਾਚਾਰ ਪੱਖੋਂ ਪਾਕਿਸਤਾਨ 2009 'ਚ 178 ਦੇਸ਼ਾਂ 'ਚੋਂ 42ਵੇਂ ਸਥਾਨ 'ਤੇ ਸੀ ਤੇ 2010 'ਚ ਇਹ 34ਵੇਂ ਸਥਾਨ 'ਤੇ ਆ ਗਿਆ ਹੈ। ਇਸ ਸੰਸਥਾ ਅਨੁਸਾਰ ਇੱਕ ਸਾਲ 'ਚ 300 ਅਰਬ ਦਾ ਭ੍ਰਿਸ਼ਟਾਚਾਰ ਸਿਰਫ਼ ਕੇਂਦਰੀ ਮਹਿਕਮਿਆਂ 'ਚ ਹੋਇਆ ਹੈ ਜਦੋਂਕਿ ਸੂਬਿਆਂ ਦੇ ਮਾਲ ਤੇ ਪੁਲਿਸ ਮਹਿਕਮੇ ਇਸ ਗਿਣਤੀ ਤੋਂ ਬਾਹਰ ਹਨ। ਮਾਹਿਰਾਂ ਦਾ ਖ਼ਿਆਲ ਹੈ ਕਿ ਇਸ ਦੌੜ 'ਚ ਪਾਕਿਸਤਾਨ ਜਲਦ ਹੀ ਸੋਮਾਲੀਆ ਨੂੰ ਪਿੱਛੇ ਛੱਡ ਜਾਵੇਗਾ। ਲਾ-ਕਾਨੂੰਨੀ ਦੀ ਇਹ ਹਾਲਤ ਹੈ ਕਿ ਇਸ ਸਾਲ ਜੂਨ ਤੋਂ ਅਕਤੂਬਰ ਤੱਕ ਇਕੱਲੇ ਕਰਾਚੀ 'ਚ 300 ਕਤਲ ਹੋਏ। ਆਮ ਨਾਗਰਿਕਾਂ ਕੋਲ ਦੋ ਕਰੋੜ 20 ਲੱਖ ਹਥਿਆਰ ਹਨ ਜਿਨ੍ਹਾਂ 'ਚੋਂ ਦੋ ਕਰੋੜ ਨਾਜਾਇਜ਼ ਜਾਂ ਬਗੈਰ ਲਾਇਸੈਂਸ ਦੇ ਹਨ। ਇੱਕ ਕਰੋੜ 20 ਲੱਖ ਨਾਜਾਇਜ਼ ਹਥਿਆਰ ਇਕੱਲੇ ਕਰਾਚੀ 'ਚ ਹੀ ਹਨ ਜਿਥੋਂ ਦੀ ਅਬਾਦੀ ਇੱਕ ਕਰੋੜ 80 ਲੱਖ ਹੈ ਜਿੱਥੇ ਹਰ ਰੋਜ਼ ਮਿੱਥ ਕੇ ਕਤਲ ਹੋ ਰਹੇ ਹਨ। ਸਿੰਧ ਦੇ ਗ੍ਰਹਿ ਮੰਤਰੀ ਜ਼ੁਲਫ਼ਕਾਰ ਮਿਰਜ਼ਾ ਇਕੱਲੇ ਕੋਲ 350 ਲਾਇਸੈਂਸੀ ਹਥਿਆਰ ਹਨ। ਬੈਂਕ ਆਫ ਪਾਕਿਸਤਾਨ ਦੇ 57 ਅਰਬ ਰੁਪਏ ਸਿਰਫ਼ 50 ਵਿਅਕਤੀ ਤੇ ਕਾਰਪੋਰੇਸ਼ਨਾਂ ਡਕਾਰ ਗਏ ਤੇ ਆਪਣੇ ਆਪ ਨੂੰ ਬੈਂਕ ਕੋਲੋਂ ਡਿਫਾਲਟਰ ਕਰਾਰ ਦਵਾ ਕੇ ਆਰਾਮ ਨਾਲ ਜਾਂ ਆਪਣੇ ਕਾਰੋਬਾਰ ਕਰ ਰਹੇ ਹਨ ਜਾਂ ਵਿਧਾਨ ਸਭਾ ਤੇ ਲੋਕ ਸਭਾ 'ਚ ਬੈਠੇ ਹਨ। ਦੂਜੇ ਪਾਸੇ ਡੈਮ ਜਾਂ ਹਸਪਤਾਲ ਬਣਾਉਣ ਲਈ ਪੈਸਾ ਨਹੀਂ ਹੈ। ਯੂਨੀਵਰਸਿਟੀਆਂ ਦੀਆਂ ਤਨਖ਼ਾਹਾਂ ਤੇ ਹੋਰ ਖਰਚਿਆਂ ਲਈ ਪੈਸੇ ਨਹੀਂ ਹਨ ਤੇ ਉਹ ਬੰਦ ਹੋ ਰਹੀਆਂ ਹਨ। ਸਕੂਲਾਂ ਦੀਆਂ ਇਮਾਰਤਾਂ ਦੀ ਮੁਰੰਮਤ ਨਹੀਂ ਹੋ ਰਹੀ। ਖੰਡ ਤੇ ਦਾਲਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ। ਪਾਕਿਸਤਾਨ ਏਅਰ ਲਾਈਨ, ਤੇਲ ਤੇ ਗੈਸ ਕਾਰਪੋਰੇਸ਼ਨ, ਸਟੀਲ ਮਿੱਲ ਆਦਿ ਵਰਗੇ ਸੱਤ ਵੱਡੇ ਅਦਾਰੇ ਜੋ ਮੁਸ਼ੱਰਫ਼ ਕਾਲ ਤੱਕ ਅਰਬਾਂ ਰੁਪਏ ਦੇ ਮੁਨਾਫ਼ੇ 'ਚ ਸਨ, ਹੁਣ ਅਰਬਾਂ ਰੁਪਏ ਦੇ ਘਾਟੇ 'ਚ ਜਾ ਰਹੇ ਹਨ ਕਿਉਂਕਿ ਇਨ੍ਹਾਂ ਦੇ ਮੁਖੀ ਉਹ ਹਨ ਜਿਨ੍ਹਾਂ ਦੀ ਇੱਕੋ ਯੋਗਤਾ ਹੈ ਕਿ ਉਹ ਕਿਸੇ ਵੇਲੇ ਗਿਲਾਨੀ ਜਾਂ ਜ਼ਰਦਾਰੀ ਨਾਲ ਜੇਲ੍ਹ 'ਚ ਹੁੰਦੇ ਸਨ ਤੇ ਉਹ ਵੀ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ। ਪਿਛਲੇ ਦਿਨੀਂ ਜੋ ਆਦਮੀ ਅਰਬਾਂ ਦੇ ਬਜਟ ਵਾਲੇ ਤੇਲ ਗੈਸ ਬੋਰਡ ਦਾ ਚੇਅਰਮੈਨ ਬਣਾਇਆ ਸੀ ਉਹ 12ਵੀਂ ਫੇਲ੍ਹ ਸੀ ਤੇ ਕਈ ਮਾਮਲਿਆਂ 'ਚ ਸ਼ਾਮਲ ਸੀ। ਆਪਣੇ ਇੱਕ ਕੇਸ ਸਬੰਧੀ ਜਦੋਂ ਉਹ ਸੁਪਰੀਮ ਕੋਰਟ ਵਿਚ ਪੇਸ਼ ਹੋਇਆ ਤਾਂ ਉਥੋਂ ਹੀ ਉਸ ਨੂੰ ਹੱਥਕੜੀ ਲਾ ਕੇ ਜੇਲ੍ਹ ਭੇਜ ਦਿੱਤਾ ਗਿਆ। ਉਸ ਦੀ ਯੋਗਤਾ ਇਹ ਸੀ ਕਿ ਉਹ ਪ੍ਰਧਾਨ ਮੰਤਰੀ ਗਿਲਾਨੀ ਨਾਲ ਜੇਲ੍ਹ 'ਚ ਰਿਹਾ ਸੀ। ਇਸ ਤਰ੍ਹਾਂ ਦੀਆਂ ਅਲਾਮਤਾਂ ਤੇ ਬੁਰੇ ਨਾਲ ਭਰਪੂਰ ਦੇਸ਼ ਕਿਸੇ ਵੀ ਹੋਰ ਦੇਸ਼ ਨਾਲ ਸਮਾਨਤਾ ਦੇ ਪੱਧਰ 'ਤੇ ਵਾਰਤਾ ਨਹੀਂ ਕਰ ਸਕਦਾ ਤੇ ਅਮਰੀਕਾ ਨਾਲ ਤਾਂ ਬਿਲਕੁਲ ਹੀ ਨਹੀਂ। ਸੋ ਦੁਨੀਆਂ ਨਾਲ ਮੱਥਾ ਲਾਉਣ ਤੋਂ ਪਹਿਲਾਂ ਪਾਕਿਸਤਾਨ ਨੂੰ ਚੀਨ ਵਾਂਗ ਆਪਣਾ ਅੰਦਰ ਸਾਫ਼ ਸੁਥਰਾ ਕਰਨਾ ਚਾਹੀਦਾ ਹੈ। ਸਵੈਨਿਰਭਰ ਹੋਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਸ ਦੀ ਫਿਲਹਾਲ ਕੋਈ ਉਮੀਦ ਨਜ਼ਰ ਨਹੀਂ ਆਉਂਦੀ।



*ਪਾਕਿਸਤਾਨੀ ਵਿਦੇਸ਼ ਮੰਤਰੀ ਕੁਰੈਸ਼ੀ ਅਮਰੀਕੀ ਵਿਦੇਸ਼ ਮੰਤਰੀ ਹਿਲਰੀ ਕਲਿੰਟਨ ਨਾਲ*

# ਵਜ਼ੀਰਿਸਤਾਨ ਖੇਤਰ ਬਣਿਆ ਦਹਿਸ਼ਤਗਰਦੀ ਦਾ ਵੱਡਾ ਅੱਡਾ

**ਪਿਸ਼ਾਵਰ:** ਪਾਕਿਸਤਾਨ ਦਾ ਸਰਹੱਦੀ ਖੇਤਰ ਵਜ਼ੀਰਿਸਤਾਨ ਖ਼ੌਫ਼ਨਾਕ ਪਹਾੜਾਂ ਦੀ ਧਰਤੀ ਹੈ, ਜਿੱਥੇ ਕੱਚੀਆਂ ਡੰਡੀਆਂ ਉਨ੍ਹਾਂ ਕੱਚੇ ਘਰਾਂ ਤੱਕ ਪੁੱਜਦੀਆਂ ਹਨ, ਜਿੱਥੇ ਪਰਿਵਾਰਾਂ ਦੇ ਪਰਿਵਾਰ 10 ਫੁੱਟ ਉਚੀਆਂ ਕੰਧਾਂ ਪਿੱਛੇ ਖੁੱਲ੍ਹੀ ਅੱਗ 'ਤੇ ਖਾਂਦੇ-ਪਕਾਉਂਦੇ ਹਨ ਤੇ ਅੰਬਰ ਦੀ ਛੱਤ ਹੇਠ ਸੌਂਦੇ ਹਨ। ਬਾਹਰੀ ਸੰਸਾਰ ਨਾਲ ਉਨ੍ਹਾਂ ਦਾ ਰਾਬਤਾ ਕੇਵਲ ਰੇਡੀਓ ਰਾਹੀਂ ਹੈ।


ਉਤਰੀ ਵਜ਼ੀਰਿਸਤਾਨ ਦਾ ਇਹ ਰੋਹੀ-ਬੀਆਬਾਨ ਖੇਤਰ ਪਾਕਿ ਦੀ ਅਫ਼ਗਾਨਿਸਤਾਨ ਨਾਲ ਲੱਗਦੀ ਸੀਮਾ 'ਤੇ ਪੈਂਦਾ ਹੈ ਤੇ ਅਤਿਵਾਦ ਦਾ ਅੱਡਾ ਕਿਹਾ ਜਾਂਦਾ ਹੈ। ਅਮਰੀਕਾ ਵੱਲੋਂ ਇਸ ਸਾਲ ਦੇ ਮੁੱਕਣ ਤੋਂ ਪਹਿਲਾਂ-ਪਹਿਲਾਂ ਪਾਕਿਸਤਾਨ ਨੂੰ ਇੱਥੇ ਸਖ਼ਤ ਕਾਰਵਾਈ ਕਰਨ ਲਈ ਕਿਹਾ ਜਾ ਰਿਹਾ ਹੈ, ਜਦਕਿ ਇਸਲਾਮਾਬਾਦ ਦਾ ਕਹਿਣਾ ਹੈ ਕਿ ਇਹ ਕਾਹਲ ਨਹੀਂ ਕਰੇਗਾ। ਸਾਂਝੀਆਂ ਅਮਰੀਕੀ ਫ਼ੌਜਾਂ ਦੇ ਮੁਖੀ ਐਡਮਿਰਲ ਮਾਈਕ ਮੂਲੇਨ ਅਨੁਸਾਰ ਉਤਰੀ ਵਜ਼ੀਰਿਸਤਾਨ 'ਦਹਿਸ਼ਤਗਰਦੀ ਦਾ ਕੇਂਦਰ' ਹੈ, ਜਦਕਿ ਬਰਾਕ ਓਬਾਮਾ ਲਈ ਅਫ਼ਗਾਨ ਜੰਗ ਜਿੱਤਣ ਵਾਸਤੇ ਇਸ ਥਾਂ 'ਤੇ ਕਾਬੂ ਪਾਉਣਾ ਜ਼ਰੂਰੀ ਹੈ।

ਮਸਜਿਦਾਂ 'ਚ ਮੁੱਲ੍ਹੇ, ਸ਼ਰਧਾਲੂਆਂ ਨੂੰ ਦੱਸਦੇ ਹਨ ਕਿ ਅਫ਼ਗਾਨਿਸਤਾਨ 'ਚ ਪਹਾੜਾਂ 'ਤੇ ਅਮਰੀਕਾ ਦੀ ਅਗਵਾਈ ਵਾਲੀਆਂ ਇਤਿਹਾਦੀ ਫ਼ੌਜਾਂ ਨਾਲ ਲੜਨਾ ਉਨ੍ਹਾਂ ਦਾ ਧਾਰਮਿਕ ਕਰਮ ਹੈ। ਭਵਿੱਖ ਦੇ ਆਤਮਘਾਤੀ, ਜਿਨ੍ਹਾਂ ਨੇ ਕੁਲੀਸ਼ਨ ਫ਼ੌਜਾਂ ਨਾਲ ਲੜਨਾ ਹੈ ਜਾਂ ਜਿਨ੍ਹਾਂ ਨੇ ਪਾਕਿਸਤਾਨ 'ਚ ਵੱਖ-ਵੱਖ ਥਾਈਂ ਹਮਲੇ ਕਰਨੇ ਹਨ, ਬੇਖ਼ੌਫ਼ ਹੋ ਕੇ ਪਿੰਡਾਂ 'ਚ ਲੋਕਾਂ ਦੇ ਘਰੀਂ ਆਉਂਦੇ ਹਨ। ਇਸ ਖੇਤਰ ਤੋਂ ਦੂਰ-ਦੁਰਾਡੇ ਮੁਲਕਾਂ ਲਈ ਵੀ ਖ਼ਤਰਾ ਹੈ। ਇਸ ਖੇਤਰ 'ਚ ਜੁੜੇ ਹਜ਼ਾਰਾਂ ਅਤਿਵਾਦੀਆਂ 'ਚੋਂ ਬਹੁਤਿਆਂ ਕੋਲ ਯੂਰਪੀ ਮੁਲਕਾਂ ਜਾਂ ਅਮਰੀਕਾ ਦੇ ਪਾਸਪੋਰਟ ਹਨ। ਸਮਝਿਆ ਜਾਂਦਾ ਹੈ ਕਿ ਇਹ ਯੂਰਪ ਤੇ ਉਤਰੀ ਅਮਰੀਕਾ 'ਤੇ ਹਮਲਿਆਂ ਦੀਆਂ ਯੋਜਨਾਵਾਂ ਬਣਾਈ ਬੈਠੇ ਹਨ। ਇਸ ਸਾਲ ਅਫ਼ਗਾਨਿਸਤਾਨ 'ਚੋਂ ਫੜੇ ਜਰਮਨ ਨਾਗਰਿਕ ਤੋਂ ਇਹੀ ਖ਼ੁਲਾਸਾ ਹੋਇਆ ਕਿ ਯੂਰਪ 'ਚ ਖ਼ਤਰਨਾਕ ਬੰਬ ਧਮਾਕਿਆਂ ਦੀ ਸਾਜ਼ਿਸ਼ ਉਤਰੀ ਵਜ਼ੀਰਿਸਤਾਨ 'ਚ ਹੀ ਘੜੀ ਗਈ ਸੀ।

ਅਮਰੀਕਾ ਵਾਸੀ ਫ਼ੈਸਲ ਸ਼ਹਿਜ਼ਾਦ ਵੀ ਨਿਊ ਯਾਰਕ ਦੇ ਟਾਈਮਜ਼ ਸਕੁਏਰ 'ਚ ਧਮਾਕੇ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਇੱਥੋਂ ਸਿਖਲਾਈ ਲੈ ਕੇ ਗਿਆ ਸੀ। 2004 ਤੱਕ ਤਾਂ ਪਾਕਿਸਤਾਨੀ ਫ਼ੌਜ ਉਤਰੀ ਵਜ਼ੀਰਿਸਤਾਨ 'ਚ ਕਦੇ ਵੜੀ ਹੀ ਨਹੀਂ ਸੀ। ਹੁਣ ਵੀ ਇਸ ਖੇਤਰ 'ਚ ਫ਼ੌਜ ਦੀ ਗਿਣਤੀ ਨਾਂਮਾਤਰ ਹੈ। ਇਸੇ ਇਲਾਕੇ ਵਿਚ ਅਮਰੀਕੀ ਫ਼ੌਜਾਂ ਵਲੋਂ ਡਰੋਨ ਹਮਲੇ ਕੀਤੇ ਗਏ ਹਨ।

# ਓਏ ਹਰਿ ਕੇ ਸੰਤ ਨਾ ਆਖੀਐ ਬਨਾਰਸ ਕੇ ਠੱਗ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਦੇਖਣ ਪਾਖਣ ਨੂੰ ਹੰਸ ਅਤੇ ਬਗਲਾ ਦੋਵੇਂ ਇੱਕੋ ਜਿਹੇ ਹਨ। ਦੁੱਧ ਚਿੱਟੀ ਸੂਰਤ ਵਾਲੇ ਇਹ ਦੋਵੇਂ ਰੱਬ ਦੇ ਭਗਤ ਜਾਪਦੇ ਨੇ। ਸਗੋਂ ਪਾਣੀ ਵਿਚ ਇਕ ਲੱਤ ਚੁੱਕੀ ਖੜ੍ਹਾ ਬਗਲਾ ਬੰਦਗੀ ਵਿਚ ਲੀਨ ਹੋਇਆ ਜਾਪਦਾ ਹੈ। ਪਰ ਪਤਾ ਉਦੋਂ ਹੀ ਲੱਗਦਾ ਹੈ ਜਦ ਉਹ ਡੱਡ ਜਾਂ ਮੱਛੀ ਨੂੰ ਝਪਟ ਕੇ ਪੈਂਦਾ ਹੈ। ਪਹਿਲੀ ਨਜ਼ਰੇ ਦੋਹਾਂ ਦਾ ਨਿਖੇੜਾ ਕਰਨਾ ਬੜਾ ਔਖਾ ਹੈ। ਬੜੇ-ਬੜੇ ਸਿਆਣੇ ਭੁਲੇਖਾ ਖਾ ਜਾਂਦੇ ਹਨ। ਬਾਬੇ ਦੀ ਬਾਣੀ ਵਿਚ ਵੀ ਇਸ ਭੁਲੇਖੇ ਦਾ ਕਈ ਥਾਂ ਜ਼ਿਕਰ ਹੈ, 'ਮੈਂ ਜਾਣਿਆ ਵਡਹੰਸ ਹੈ...॥' ਭੀੜ-ਭੜੱਕੇ ਵਿਚ ਜੇਬਾਂ ਕੱਟਣ ਜਾਂ ਚੋਰੀ ਕਰਨ ਲਈ ਘੁਸੇ ਹੋਏ ਲੁਟੇਰੇ, ਬਦਮਾਸ਼ਾਂ ਜਿਹਾ ਪਹਿਰਾਵਾ ਨਹੀਂ ਪਹਿਨਦੇ ਸਗੋਂ ਬੀਬੇ ਰਾਣੇ ਬਣ ਕੇ ਆਮ ਸਾਊਆਂ ਵਾਲਾ ਲਿਬਾਸ ਹੀ ਪਹਿਨਦੇ ਹੁੰਦੇ ਨੇ ਉਹ। ਕੱਛ ਵਿਚ ਛੁਰੀ ਲਈ ਫਿਰਦੇ ਕਿਸੇ ਕਸਾਈ ਕੋਲੋਂ ਭਲਾ ਕੋਈ ਕੀ ਧੋਖਾ ਖਾ ਲਵੇਗਾ? ਹਾਂ, ਦੁਨੀਆਂ ਲੁੱਟਣ ਲਈ ਮਹੀਨ ਕਿਸਮ ਦੇ ਖ਼ੂਬਸੂਰਤ ਧੋਖਿਆਂ ਦੀ ਲੋੜ ਹੁੰਦੀ ਹੈ।

ਜਿਸ ਯੁੱਗ ਵਿਚ ਅਸੀਂ ਦਿਨ-ਕਟੀ ਕਰ ਰਹੇ ਹਾਂ ਜੇ ਇਸਨੂੰ 'ਹੁਸੀਨ ਅਤੇ ਖ਼ੂਬਸੂਰਤ' ਧੋਖਿਆਂ ਦਾ ਯੁੱਗ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਦੇਖੋ ਨਾ, ਸਿਰਲੇਖ ਹੁੰਦਾ ਹੈ 'ਧੋਖੇ ਤੋਂ ਬਚੋ!'... ਪਰ ਥੱਲੇ ਇਬਾਰਤ ਵਿਚ ਨੰਗੀ ਚਿੱਟੀ ਲੁੱਟ। 'ਸੌ ਤਾਲਿਆਂ ਦੀ ਇੱਕੋ ਚਾਬੀ' ਦਾ ਦਿਲ ਖਿੱਚਵਾਂ ਨਾਹਰਾ ਲਾਉਣ ਵਾਲਾ ਅਸਲ ਵਿਚ ਲੋਕਾਂ ਦੀ ਅਕਲ ਦੇ ਤਾਲਿਆਂ ਦੀਆਂ ਚਾਬੀਆਂ ਨਕਾਰਾ ਕਰ ਰਿਹਾ ਹੁੰਦਾ ਹੈ। ਕੁੰਡੀ ਵਿਚ ਫਸਾਈ ਗਈ ਮਾਸ ਦੀ ਬੋਟੀ ਨੂੰ ਵਿਚਾਰੀ ਮੱਛੀ ਆਪਣੀ ਭੁੱਖ ਦਾ 'ਸਾਮਾਨ' ਸਮਝ ਲੈਂਦੀ ਹੈ। ਧੋਖੇ ਦਾ ਸ਼ਿਕਾਰ ਹੋ ਕੇ ਜਾਨ ਗਵਾ ਬਹਿੰਦੀ ਹੈ। ਮੱਛੀਆਂ ਦੀ ਧੋਖੇ ਖਾਣ ਵਾਲੀ ਫਿਤਰਤ ਤੋਂ ਹੀ ਇਹ ਕਹਾਵਤ ਘੜੀ ਗਈ ਹੋਵੇਗੀ ਕਿ ਉਹ ਪੱਥਰ ਚੱਟ ਕੇ ਹੀ ਮੁੜਦੀਆਂ ਹਨ।

ਰਾਹੀ-ਮੁਸਾਫਰਾਂ ਨੂੰ ਲੁੱਟਣ ਵਾਲੇ ਸੱਜਣ ਠੱਗ ਨੇ ਵੀ ਲੋਕਾਂ ਨੂੰ ਧੋਖਾ ਦੇਣ ਲਈ 'ਧਰਮਸ਼ਾਲਾ' ਬਣਾਈ ਹੋਈ ਸੀ। ਇੰਨਾ ਹੀ ਨਹੀਂ ਉਹ 'ਸੱਜਣ' ਨਾਂ ਰੱਖ ਕੇ ਪਹਿਰਾਵਾ ਵੀ ਸਾਧੂਆਂ-ਸੰਤਾਂ ਵਾਲਾ ਹੀ ਪਹਿਨਦਾ ਸੀ। ਬਾਬੇ ਨਾਨਕ ਨਾਲ ਮੇਲ-ਮੁਲਾਕਾਤ ਹੋਣ ਤੋਂ ਪਹਿਲਾਂ ਪਤਾ ਨਹੀਂ ਉਹ ਕਿੰਨਿਆਂ ਕੁ ਨੂੰ 'ਸੰਤਪੁਣੇ' ਦੀ ਓਟ ਵਿਚ ਲੁੱਟ ਚੁੱਕਾ ਹੋਵੇਗਾ। ਰਮਾਇਣ ਮੁਤਾਬਕ ਮਾਤਾ ਸੀਤਾ ਦਾ ਅਪਹਰਣ ਕਰਨ ਵਾਸਤੇ ਮਹਾਵਿਦਵਾਨ ਰਾਵਣ ਨੇ ਸਾਧੂਆਂ ਵਾਲਾ ਭੇਸ ਹੀ ਧਾਰਿਆ ਸੀ। ਕਮਾਲ ਦੀ ਗੱਲ ਹੈ ਕਿ ਨੀਚ ਕਰਮ ਕਰਨ ਲਈ ਵੀ ਸਾਧੂ ਦੇ ਭੇਸ ਦਾ ਓਹਲਾ? ਦੇਖਿਆ ਜਾਏ ਤਾਂ ਭਗਵੇਂ ਜਾਂ ਚਿੱਟੇ ਚੋਲੇ ਪਹਿਨ ਕੇ ਲੁੱਟਣ ਵਾਲਿਆਂ 'ਤੇ ਕਾਹਦਾ ਗਿਲਾ? ਜਦ ਲੁੱਟ ਹੋਣ ਵਾਲੇ 'ਚਾਈਂ-ਚਾਈਂ ਆਪਣਾ ਆਪ ਲੁਟਾਉਣ ਲਈ ਕਾਹਲੇ ਪੈਂਦੇ ਹੋਣ। 'ਸੰਤ-ਲਿਬਾਸ' ਵਲ ਖਿੱਚੇ ਤੁਰੇ ਜਾਂਦਿਆਂ ਦੇ ਕੰਨਾਂ ਵਿਚ ਜਿੰਨੀ ਮਰਜ਼ੀ ਉਚੀ ਆਵਾਜ਼ ਵਿਚ 'ਓਏ ਹਰਿ ਕੇ ਸੰਤ ਨਾ ਆਖੀਐ ਬਨਾਰਸ ਕੇ ਠੱਗ॥' ਵਾਲੀ ਬਾਣੀ ਗਾਈ ਜਾਵੇ, ਉਨ੍ਹਾਂ 'ਤੇ ਕੋਈ ਅਸਰ ਨਹੀਂ ਹੁੰਦਾ ਸਗੋਂ ਉਲਟਾ ਉਹ ਬਾਣੀ ਸੁਣਾਉਣ ਵਾਲਿਆਂ ਨੂੰ ਹੀ ਝਈਆਂ ਲੈ- ਲੈ ਪੈਂਦੇ ਹਨ। ਪਰ ਜਦ ਭੇਖੀਆਂ ਦੀ ਹਕੀਕਤ ਨਸ਼ਰ ਹੋ ਜਾਂਦੀ ਹੈ, ਫਿਰ ਲੁੱਟ ਦਾ ਸ਼ਿਕਾਰ ਹੋਏ 'ਸ਼ਰਧਾਲੂ' ਮੱਛੀ ਵਾਂਗ ਪੱਥਰ ਚੱਟ ਕੇ ਮੁੜਦੇ ਹਨ। ਇਧਰ-ਉਧਰ ਭਟਕਦੇ ਉਹ 'ਕਿਸੇ ਹੋਰ' ਦੇ ਅੜਿੱਕੇ ਚੜ੍ਹ ਜਾਂਦੇ ਹਨ।

ਅਜਿਹੇ 'ਕੱਚੜਿਆਂ' ਦੀ ਇਕ ਮਨੋਰੰਜਨਕ ਗਾਥਾ, ਮੇਰੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਹੋਣ ਵੇਲਿਆਂ ਦੀਆਂ ਹੱਡਬੀਤੀਆਂ ਵਿਚ ਸ਼ਾਮਲ ਹੈ।

ਬੰਗਾ-ਗੜ੍ਹਸ਼ੰਕਰ ਰੋਡ 'ਤੇ ਪਿੰਡ ਚੌਹੜਾ ਲਾਗੇ ਧਨਵੰਤ ਸਿਹੁੰ ਨਾਂ ਦੇ ਬਾਬੇ ਨੇ ਆਪਣਾ ਅੱਡਾ-ਗੱਡਾ ਕਾਇਮ ਕਰ ਲਿਆ। ਉਹ ਸੰਤ ਹੀ ਕਾਹਦਾ ਜਿਹਦੇ ਨਾਂ ਪਿੱਛੇ 'ਵਾਲੇ' ਸ਼ਬਦ ਨਾ ਹੋਵੇ? ਇਸ ਲਈ ਉਕਤ ਬਾਬਾ ਜੀ ਨੇ ਆਪਣੀ ਵਿਸ਼ੇਸ਼ਤਾ ਪ੍ਰਗਟਾਉਣ ਲਈ ਆਪਣੇ ਪਿਛੋਕੜ ਅਨੁਸਾਰ, ਨਾਂ ਵਿਚ 'ਗੁਰਦਾਸਪੁਰਵਾਲੇ' ਵਿਸ਼ੇਸ਼ਣ ਜੋੜ ਲਿਆ। ਸੁੰਦਰ ਸੁਡੌਲ ਚਿਹਰਾ-ਮੋਹਰਾ, ਚਿੱਟਾ ਚੋਲਾ, ਗੋਲ ਦਸਤਾਰ, ਮਿੱਠੀ ਬੋਲ-ਬਾਣੀ ਸਦਕਾ ਚੰਗਾ ਠਕ-ਠਕਾ ਚੱਲ ਪਿਆ। ਸਿੱਖ ਸ਼ਰਧਾਲੂਆਂ ਦੀਆਂ ਧਾਰਮਿਕ ਬਿਰਤੀਆਂ ਨੂੰ ਧੂਹ ਪਾਉਣ ਲਈ ਉਨ੍ਹਾਂ ਇਥੇ ਕਾਇਮ ਕੀਤੇ ਟਰਸਟ ਦਾ ਨਾਂ ਰੱਖਿਆ, 'ਨੂਰ ਵਿਸ਼ਵ ਰੂਹਾਨੀ ਚੈਰੀਟੇਬਲ ਟਰੱਸਟ!'... ਪਾਠ ਕੀਰਤਨ ਫਰੀ ਸਿਖਾਉਣ, ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ ਦੇਣ ਅਤੇ ਗਰੀਬ ਕੁੜੀਆਂ ਦੀਆਂ ਸ਼ਾਦੀਆਂ ਕਰਵਾਉਣ ਦੇ 'ਫੱਟੇ' ਡੇਰੇ ਵਿਚ ਵੀ ਗੱਡ ਦਿੱਤੇ ਗਏ ਅਤੇ ਦਿਲ-ਖਿੱਚਵੇਂ ਪੈਂਫਲਿਟ-ਇਸ਼ਤਿਹਾਰਾਂ ਨਾਲ ਇਲਾਕੇ ਵਿਚ ਧੂੰਆਂ-ਧਾਰ ਪ੍ਰਚਾਰ ਕੀਤਾ ਗਿਆ।

ਚੋਟੀ ਦੇ ਰਾਗੀ-ਢਾਡੀ, ਪ੍ਰਚਾਰਕ ਅਤੇ ਸੰਤ-ਬਾਬੇ ਸੱਦ ਕੇ ਹਰੇਕ ਸਾਲ ਤਿੰਨ ਦਿਨਾ ਸਮਾਗਮ ਕਰਾਉਣਾ ਅਰੰਭ ਕਰ ਦਿੱਤਾ। ਅਜਿਹੇ ਹੀ ਇਕ ਸਮਾਗਮ ਦਾ ਸੱਦਾ-ਪੱਤਰ ਮਿਲਣ 'ਤੇ ਮੈਂ ਉਸ ਵਿਚ ਸ਼ਾਮਲ ਹੋਇਆ। ਆਪਣੇ ਕੁਝ ਸਾਥੀਆਂ ਨਾਲ ਸਜੇ ਹੋਏ ਪੰਡਾਲ ਵਿਚ ਕਥਾ-ਕੀਰਤਨ ਸਰਵਣ ਕੀਤਾ। ਇਕ ਦੋਸਤ ਦੇ ਕਹਿਣ 'ਤੇ ਕਿ ਚਲੋ ਸੰਤਾਂ ਦੇ ਦਰਸ਼ਨ ਵੀ ਕਰ ਚੱਲੀਏ, ਅਸੀਂ ਸੇਵਾਦਾਰਾਂ ਨੂੰ 'ਸੰਤਾਂ ਦੇ ਨਿਵਾਸ' ਬਾਰੇ ਪੁੱਛ ਕੇ ਡੇਰੇ ਦੇ ਅੰਦਰ ਪਹੁੰਚੇ। ਪੰਡਾਲ ਤਾਂ ਬਾਹਰ ਸਜਿਆ ਹੋਇਆ ਸੀ, ਪਰ ਅੰਦਰ ਇਕ 'ਵਿਸ਼ੇਸ਼ ਦਰਬਾਰ' ਸਜਿਆ ਹੋਇਆ ਸੀ, ਜਿਸ ਵਿਚ ਸ਼ਰਧਾਲੂ ਬੀਬੀਆਂ ਦੀ ਗਿਣਤੀ ਵਧੇਰੇ ਸੀ। ਇਹ 'ਨਜ਼ਾਰਾ' ਦੇਖ ਕੇ ਖਿਝੇ ਹੋਏ ਅਸੀਂ ਬਾਬੇ ਦਾ 'ਦੂਰ ਦਰਸ਼ਨ' ਕਰਕੇ ਹੀ ਵਾਪਸ ਮੁੜ ਆਏ।

ਪਿੰਡ ਆ ਕੇ ਮੈਂ ਉਥੇ ਪੰਥ-ਪ੍ਰਵਾਣਿਤ ਰਹਿਤ ਮਰਯਾਦਾ ਤੋਂ ਉਲਟ ਜੋ-ਜੋ ਮਨਮਤਿ ਅਤੇ ਕਾਰ-ਵਿਹਾਰ ਹੁੰਦਾ ਦੇਖਿਆ, ਉਸ ਬਾਰੇ ਇਕ ਪੱਤਰ ਲਿਖ ਕੇ ਬਾਬੇ ਨੂੰ ਭੇਜਿਆ। ਮੋੜਵੇਂ ਜਵਾਬ ਵਿਚ ਸ਼੍ਰੋਮਣੀ ਕਮੇਟੀ ਦੀਆਂ ਦਰਜਨ ਕੁ ਖਾਮੀਆਂ ਗਿਣਾ ਕੇ ਉਸ ਨੇ ਮੈਨੂੰ ਸਾਧੂ-ਸੰਤਾਂ ਦਾ ਵਿਰੋਧੀ ਗਰਦਾਨਿਆ। ਉਹ ਆਪ ਤਾਂ ਇੰਨੇ ਕੁ ਨਾਲ ਹੀ ਸ਼ਾਂਤ ਹੋ ਗਿਆ ਪਰ ਉਸ ਦੇ ਸੱਤ-ਅੱਠ ਸ਼ਰਧਾਲੂਆਂ ਦਾ ਇਕ 'ਨੂਰਾਨੀ ਜਥਾ' ਮੇਰੇ ਘਰ ਸੁਵਖਤੇ ਆ ਧਮਕਿਆ। ਡੇਰੇ ਪਹੁੰਚਿਆ ਮੇਰਾ ਖ਼ਤ ਉਨ੍ਹਾਂ ਹੱਥਾਂ ਵਿਚ ਫੜਿਆ ਹੋਇਆ ਸੀ। ਖੂਬ ਬਹਿਸ-ਮੁਬਹਿਸਾ ਹੋਇਆ।

ਆਪਣੇ ਧਰਮ-ਈਮਾਨ ਨੂੰ ਹਿਰਦੇ ਵਿਚ ਚਿਤਵ ਕੇ ਮੈਂ ਇਹ ਗੱਲ ਲਿਖ ਰਿਹਾਂ। ਮੈਂ ਭਵਿੱਖਬਾਣੀਆਂ ਕਰਨ ਵਾਲਾ ਜੋਤਸ਼ੀ ਤਾਂ ਹਾਂ ਨਹੀਂ, ਪਰ ਉਨ੍ਹਾਂ ਸਿੰਘਾਂ ਨਾਲ ਬਹਿਸ ਕਰਦਿਆਂ ਦੁਖੀ ਹੋ ਕੇ ਮੈਥੋਂ ਕਹਿ ਹੋ ਗਿਆ, "ਮੈਂ ਤੁਹਾਡੇ ਸੰਤਾਂ ਦਾ ਵਿਰੋਧੀ ਨਹੀਂ, ਸਿਰਫ ਆਪਣੀ ਤੁੱਛ ਬੁੱਧੀ ਅਨੁਸਾਰ ਗੁਰਮਤਿ ਦੀ ਗੱਲ ਕਰ ਰਿਹਾ ਹਾਂ। ਗੁਰੂ ਪਾਤਸ਼ਾਹ ਤੁਹਾਡੇ 'ਤੇ ਰਹਿਮਤ ਕਰੇ। ਇਕ ਦਿਨ ਐਸਾ ਆਏਗਾ ਕਿ ਤੁਸੀਂ ਸਾਰੇ ਮੇਰੇ ਖ਼ਤ ਨੂੰ ਸਹੀ ਅਤੇ ਸੰਤ ਨੂੰ ਗ਼ਲਤ ਠਹਿਰਾਉਗੇ।" ਮੇਰੇ ਮੂੰਹੋਂ ਇਹ ਸੁਣ ਕੇ ਉਹ ਲੋਹੇ-ਲਾਖੇ ਹੁੰਦੇ ਬੁੜ-ਬੁੜ ਕਰਦੇ ਚਲੇ ਗਏ।

ਛਲ, ਕਪਟ, ਦੰਭ ਅਤੇ ਪਖੰਡ ਆਪਣੇ-ਆਪ ਨੂੰ ਪ੍ਰਚਾਰ, ਅਖਬਾਰ ਜਾਂ ਇਸ਼ਤਿਹਾਰ ਰਾਹੀਂ ਜਿੰਨਾ ਮਰਜ਼ੀ ਲਿਸ਼ਕਾ-ਪੁਸ਼ਕਾ ਲਵੇ, ਭਾਵੇਂ ਸੱਤਵੇਂ ਅਸਮਾਨ 'ਤੇ ਚੜ੍ਹਾ ਲਵੇ ਪਰ ਤਮਾਮ ਸਿਦਕੀ ਸਿੱਖਾਂ ਵਾਂਗ ਮੇਰਾ ਵਿਸ਼ਵਾਸ ਹੈ 'ਕੂੜ ਨਿਖੁੱਟੇ ਨਾਨਕਾ ਓੜਕ ਸੱਚ ਰਹੀ।' ਬਜ਼ੁਰਗਾਂ ਤੋਂ ਸੁਣਿਆ ਹੋਇਐ ਕਿ ਗੁਰੂ ਨਾਨਕ ਦੀ ਚੱਕੀ ਚੱਲਦੀ ਜ਼ਰੂਰ ਹੌਲੀ-ਹੌਲੀ ਹੈ, ਪਰ ਇਹ ਪੀਂਹਦੀ ਬਹੁਤ ਬਰੀਕ ਹੈ। ਇਸ ਚੱਕੀ ਦੇ ਪੀਠੇ ਹੋਏ ਨੂੰ ਛਾਨਣ ਦੀ ਲੋੜ ਨਹੀਂ ਪੈਂਦੀ।

ਕਰਨੀ ਰੱਬ ਦੀ ਐਸੀ ਹੋਈ, ਉਤਲੇ ਵਾਕਿਆ ਤੋਂ ਕੁਝ ਮਹੀਨੇ ਬਾਅਦ ਹੀ ਉਸ ਬਾਬੇ ਨੇ ਆਪਣੇ ਹੀ ਇਕ ਸ਼ਰਧਾਲੂ ਦੀ ਕੁਆਰੀ ਧੀ ਨਾਲ...। (ਡਰੀਏ ਰੱਬ ਤੋਂ, ਕਿਸੇ ਗੁਰਸਿਖੀ 'ਤੇ ਇਹੋ ਜਿਹਾ ਅਭਾਗਾ ਸਮਾਂ ਨਾ ਆਵੇ) ਪਾਪ ਦਾ ਭਾਂਡਾ ਫੁੱਟ ਜਾਣ ਬਾਅਦ ਉਹੀ ਸਿੰਘ (ਜੋ ਕੁਝ ਮਹੀਨੇ ਪਹਿਲਾਂ ਮੇਰੇ ਨਾਲ ਖਹਿਬੜ ਕੇ ਗਏ ਸਨ) ਮੇਰੇ ਕੋਲ ਆਏ। ਹੁਣ ਉਹ ਮੈਨੂੰ ਸ਼੍ਰੋਮਣੀ ਕਮੇਟੀ ਦਾ ਮੈਂਬਰ ਹੋਣ ਨਾਤੇ ਅਕਾਲ ਤਖਤ ਸਾਹਿਬ 'ਤੇ ਆਪਣੇ ਨਾਲ ਜਾਣ ਵਾਸਤੇ ਕਹਿ ਰਹੇ ਸਨ। ਧਨਵੰਤ ਸਿਹੁੰ ਵਾਲਾ ਇਹ ਕੇਸ ਬੀਤੇ ਦੀ ਕਹਾਣੀ ਬਣ ਚੁੱਕਾ ਹੈ। ਤਤਕਾਲੀ 'ਸਿੰਘ ਸਾਹਿਬਾਨ' ਨੇ ਕੀ ਕੁਝ 'ਅੰਦਰ' ਕੀਤਾ ਅਤੇ ਕੀ ਕੁਝ 'ਬਾਹਰ' ਆਇਆ? ਇਹ ਦੱਬੇ ਮੁਰਦੇ ਪੱਟਣੇ ਇਸ ਲੇਖ ਦਾ ਵਿਸ਼ਾ ਨਹੀਂ ਹੈ। ਮੇਰੀ ਇਸ ਹੱਡ-ਬੀਤੀ ਵਿਚ ਜਿਨ੍ਹਾਂ ਸ਼ਰਧਾਲੂਆਂ ਦਾ ਜ਼ਿਕਰ ਆਇਆ ਹੈ, ਸੁੱਖ ਨਾਲ ਉਹ ਸਾਰੇ ਚੜ੍ਹਦੀ ਕਲਾ ਵਿਚ ਹਨ ਅਤੇ ਮੇਰੇ ਨਿਕਟਵਰਤੀ ਦੋਸਤ ਹਨ। ਜੇ ਕਿਸੇ ਨੂੰ ਕੋਈ ਠੇਸ ਲੱਗੀ ਹੋਵੇ ਤਾਂ ਮੈਂ ਹੱਥ ਜੋੜ ਕੇ ਖਿਮਾ ਵੀ ਮੰਗਦਾ ਹਾਂ। ਪਰ ਇਸ ਕਾਂਡ ਦੀ ਇਕ ਨਿੱਕੀ ਜਿਹੀ ਜਾਣਕਾਰੀ ਜ਼ਰੂਰ ਦੱਸਣਾ ਚਾਹੁੰਦਾ ਹਾਂ ਜਿਸ ਤੋਂ ਸ਼ਬਦ-ਗੁਰੂ ਤੋਂ ਬੇ-ਮੁਖ ਹੋਏ, ਸਾਧਾਂ-ਸੰਤਾਂ, ਮਹੰਤਾਂ ਦੇ ਸ਼ਰਧਾਲੂਆਂ ਦੀ 'ਅੰਨ੍ਹੀ-ਗੂੰਗੀ ਅਤੇ ਬੋਲੀ ਸ਼ਰਧਾ' ਦਾ ਪਤਾ ਲਗਦਾ ਹੈ।

ਅਕਾਲ ਤਖਤ ਸਾਹਿਬ 'ਤੇ ਸੁਣਵਾਈ ਦੌਰਾਨ ਇਕ ਵਾਰ ਮੈਂ ਉਨ੍ਹਾਂ ਸਿੰਘਾਂ ਨਾਲ ਗੱਡੀ ਵਿਚ ਜਾ ਰਿਹਾ ਸਾਂ। ਰਸਤੇ ਵਿਚ ਇਕ ਥਾਂ ਰੋਟੀ ਖਾਣ ਲੱਗੇ। ਉਨ੍ਹਾਂ ਸਾਰਿਆਂ ਵਿਚੋਂ ਸਭ ਤੋਂ ਵੱਧ ਪੜ੍ਹੇ-ਲਿਖੇ ਇਕ ਸੱਜਣ ਨੂੰ ਮੈਂ ਪਰਦੇ ਜਿਹੇ ਨਾਲ ਪੁੱਛਿਆ ਕਿ ਯਾਰ ਹੁਣ ਤੁਸੀਂ ਉਸ ਬੁਬਨੇ ਸਾਧ ਦੇ ਢੇਰਾਂ ਦੇ ਢੇਰ ਕੁਕਰਮ ਗਿਣਾ ਰਹੇ ਹੋ। ਤੁਹਾਨੂੰ ਕਦੇ ਪਹਿਲਾਂ ਨਹੀਂ ਸੀ ਉਸ ਦੇ ਚਰਿੱਤਰ ਬਾਰੇ ਭਿਣਕ ਪਈ? ਅੱਗਿਉਂ ਜਵਾਬ ਸੁਣ ਕੇ ਮੇਰੀ ਰੂਹ ਹੀ ਕੰਬ ਉਠੀ।

"ਭਾਈ ਸਾਹਿਬ, ਤੁਹਾਨੂੰ ਕੀ ਦੱਸਾਂ...ਉਹ ਮੈਨੂੰ ਬਹੁਤ ਜ਼ਿਆਦਾ ਪਿਆਰ ਕਰਦੇ ਸਨ...ਮੈਂ ਉਨ੍ਹਾਂ 'ਤੇ ਰੱਬ ਵਰਗਾ ਵਿਸ਼ਵਾਸ ਬਣਾ ਲਿਆ... ਉਨ੍ਹਾਂ ਮੈਨੂੰ ਹੁਕਮ ਕਰਨਾ, 'ਜਾਹ ਸਿੰਘਾ 'ਅਰਿਸਟੋਕ੍ਰੇਟ' (ਬੋਤਲ) ਲੈ ਕੇ ਆ।' ਮੈਂ ਸਤਿ-ਬਚਨ ਹਜ਼ੂਰ ਕਹਿ ਕੇ ਲੈ ਆਉਣੀ। ਕਦੇ ਉਨ੍ਹਾਂ ਮੈਨੂੰ ਫੋਨ ਕਰ ਦੇਣਾ, 'ਸਿੰਘਾ ਆਉਂਦਾ ਹੋਇਆ ਮੱਛੀ ਦੇ ਪਕੌੜੇ ਫੜ ਲਿਆਈਂ।' ਮੈਂ ਉਹ ਵੀ ਫੌਰਨ ਲਿਆ ਦੇਣੇ...।"

"ਇਹ ਕੁਝ ਕਰਦਿਆਂ ਵੀ ਤੁਸੀਂ ਉਸਨੂੰ 'ਸੰਤ' ਸਮਝੀ ਗਏ?" ਮੈਂ ਇਕ ਦਮ ਚੌਂਕ ਕੇ ਕਿਹਾ।

"ਓ ਭਾਅ ਜੀ, ਮੈਂ ਸਮਝੀ ਗਿਆ ਕਿ 'ਮਹਾਂ-ਪੁਰਸ਼' ਮੇਰਾ 'ਇਮਤਿਹਾਨ' ਲੈ ਰਹੇ ਨੇ। ਇਹ ਤਾਂ ਬ੍ਰਹਮਗਿਆਨੀਆਂ ਦੇ 'ਚੋਜ' ਹੁੰਦੇ ਨੇ। ਮੈਂ ਸੋਚਦਾ ਰਿਹਾ ਕਿ ਮੇਰੇ ਵਿਸ਼ਵਾਸ ਦੀ ਪ੍ਰੀਖਿਆ ਹੋ ਰਹੀ ਐ।"

ਗੁਰਬਾਣੀ ਦਾ ਸ਼ਬਦ 'ਗੁਰੂ' ਕਿਵੇਂ ਹੁੰਦਾ ਹੈ? ਖਾਲਸਾ-ਜੁਗਤਿ ਵਿਚ ਪੰਜ ਪਿਆਰਿਆਂ ਦਾ ਕੀ ਮਹੱਤਵ ਹੈ? ਸੁਖਸ਼ੀ-ਰਹਿਣੀ ਅਤੇ ਪੰਥਕ ਰਹਿਣੀ ਦਾ ਕੀ ਅਰਥ ਹੈ? ਇਨ੍ਹਾਂ ਸਵਾਲਾਂ ਦਾ ਭਾਵ-ਅਰਥ ਜਿਸ ਕਿਸੇ ਕਰਮਾਂ ਵਾਲੇ ਨੂੰ ਸਮਝ ਲੱਗ ਜਾਵੇ, ਉਹ ਤਾਂ ਗੜ੍ਹਸ਼ੰਕਰਵਾਲੇ ਸਿਦਕੀ ਸਿੱਖ ਭਾਈ ਤਿਲਕੂ ਵਾਂਗ ਕਦੇ ਵੀ ਨਹੀਂ ਭਟਕਦਾ। ਉਹ ਨਹੀਂ ਕਿਸੇ 'ਮਹੇਸ਼ੇ ਯੋਗੀ' ਜਾਂ ਸਾਧ-ਬਾਬੇ ਦਾ 'ਸਿੱਖ' ਬਣਦਾ। ਪਰ ਅਜਿਹੇ ਇਕ ਅਕਾਲ ਦੇ ਪੁਜਾਰੀਆਂ ਦੀ ਬਨਿਸਬਤ ਉਨ੍ਹਾਂ ਸ਼ਰਧਾਲੂਆਂ ਦੀ ਵੀ ਗਿਣਤੀ ਘੱਟ ਨਹੀਂ, ਜਿਹੜੇ ਆਪਣੇ-ਆਪਣੇ 'ਮਹਾਰਾਜਾਂ' ਨੂੰ ਗੁਰੂ ਤੋਂ ਵੀ ਉਪਰ ਮੰਨੀ ਬੈਠੇ ਨੇ। ਉਨ੍ਹਾਂ ਲਈ ਬੱਸ 'ਸਾਧ-ਬਾਣਾ' ਹੀ ਕਾਫੀ ਹੈ। ਉਹ 'ਪ੍ਰੀਖਿਆ' ਵੀ ਦੇਈ ਜਾਂਦੇ ਨੇ ਅਤੇ ਝੁੱਗਾ ਚੌੜ ਵੀ ਹੱਸ ਕੇ ਕਰਾਈ ਜਾਂਦੇ ਨੇ।

ਅੰਤਿਕਾ: ਪੰਜਾਬ ਦੇ ਮਾਲਵੇ ਇਲਾਕੇ ਵਿਚ ਇਕ ਪ੍ਰੋਫੈਸ਼ਨਲ ਡਾਕਟਰ, ਸੰਤਾਂ ਵਾਲੇ ਬਾਣੇ ਵਿਚ ਗੁਰਮਤਿ ਪ੍ਰਚਾਰ ਕਰ ਰਿਹਾ ਹੈ। ਆਪਣੀਆਂ ਘਰੇਲੂ ਜ਼ਰੂਰਤਾਂ ਉਹ ਆਪਣੇ ਕਿੱਤੇ ਨਾਲ ਪੂਰੀਆਂ ਕਰਦਾ ਹੈ। ਅਕਾਲ ਤਖਤ ਸਾਹਿਬ ਤੋਂ ਪ੍ਰਵਾਣਿਤ ਰਹਿਤ-ਮਰਯਾਦਾ ਅਨੁਸਾਰ ਡੰਕੇ ਦੀ ਚੋਟ ਨਾਲ ਪ੍ਰਚਾਰ ਕਰਦਾ ਹੈ। ਭਾਈ ਪੰਥਪ੍ਰੀਤ ਸਿੰਘ ਨਾਂ ਦਾ ਇਹ ਡਾਕਟਰ ਪ੍ਰਚਾਰਕ ਸਾਧੂਆਂ ਵਾਲਾ ਚੋਲਾ ਜ਼ਰੂਰ ਪਹਿਨਦਾ ਹੈ, ਪਰ ਉਹ ਹੋਰ ਡੰਡ-ਪਖੰਡ ਬਿਲਕੁਲ ਨਹੀਂ ਕਰਦਾ। ਨਾ ਉਹਦੇ ਗੁੱਟਾਂ 'ਤੇ ਰੰਗ-ਬਰੰਗੇ ਮਣਕਿਆਂ ਵਾਲੀ ਕੋਈ ਮਾਲਾ ਹੁੰਦੀ ਹੈ ਅਤੇ ਨਾ ਹੀ ਉਹ ਮੰਦ-ਮੰਦ ਮੁਸਕ੍ਰਾਉਂਦੀਆਂ ਫੋਟੋਆਂ ਅਖ਼ਬਾਰੀ ਇਸ਼ਤਿਹਾਰਾਂ ਵਿਚ ਛਪਵਾਉਂਦਾ ਹੈ। ਗੁਰਮਤਿ ਦੀ ਗੱਲ ਕਰਦਿਆਂ ਉਹ ਬਾਹਾਂ ਕੱਢ-ਕੱਢ ਇਹੋ ਜਿਹੇ ਦਾਅਵੇ ਨਹੀਂ ਕਰਦਾ ਕਿ ਸਾਡੇ ਡੇਰੇ 'ਚ ਆ ਕੇ ਦੇਖੋ ਕਿੰਨੀਆਂ ਮੱਝਾਂ, ਕਿੰਨੀਆਂ ਗਊਆਂ ਜਾਂ ਵੱਛੀਆਂ ਹਨ। ਗਜ਼ਬ ਦੀ ਕਥਾ ਕਰਦਿਆਂ ਉਹ 'ਚੁਟਕਲੇ' ਨਹੀਂ ਸੁਣਾਉਂਦਾ।

ਵਿਦੇਸ਼ ਦੀ ਇਕ ਗੁਰਦੁਆਰਾ ਕਮੇਟੀ ਦੇ ਕਹਿਣ 'ਤੇ ਮੈਂ ਭਾਈ ਪੰਥਪ੍ਰੀਤ ਸਿੰਘ ਨੂੰ ਕਿਹਾ ਕਿ ਇਕ ਗੇੜਾ ਅਮਰੀਕਾ ਦਾ ਮਾਰ ਜਾਓ। ਉਹਦਾ ਜਵਾਬ ਸੀ, "ਜਿਸਦਾ ਆਪਣਾ ਵਿਹੜਾ ਪੁੱਟਿਆ ਪਿਆ ਹੋਵੇ, ਉਹ ਬੀਬੀ ਗੁਆਂਢੀਆਂ ਦੇ ਵਿਹੜੇ ਲਿੱਪਣ ਜਾਂਦੀ ਸ਼ੋਭਦੀ ਨਹੀਂ।" ਰੱਬ ਕਰੇ ਇਸ ਸਿਦਕੀ ਪ੍ਰਚਾਰਕ ਦੀ ਪੰਥ-ਪ੍ਰੀਤ ਇਵੇਂ ਬਣੀ ਰਹੇ। ਕਿਤੇ ਉਹ ਵੀ ਸ਼ਰਧਾਲੂਆਂ ਦੀ ਪ੍ਰੀਖਿਆ ਨਾ ਲੈਣ ਲੱਗ ਪਵੇ। ਆਮੀਨ!

# ਕਿਰਲੀਆਂ

ਇਸ ਧਰਤੀ ਉਪਰ 2000 ਤੋਂ ਵੀ ਵਧੇਰੇ ਕਿਸਮ ਦੀਆਂ ਕਿਰਲੀਆਂ ਮੌਜੂਦ ਹਨ ਪਰ ਇਨ੍ਹਾਂ ਵਿਚੋਂ ਸਿਰਫ ਦੋ ਕਿਸਮ ਦੀਆਂ ਕਿਰਲੀਆਂ ਹੀ ਜ਼ਹਿਰੀਲੀਆਂ ਪਾਈਆਂ ਜਾਂਦੀਆਂ ਹਨ। ਅਮਰੀਕੀ ਰੇਤਲੇ ਖੇਤਰਾਂ ਵਿਚ ਪਾਈ ਜਾਂਦੀ ਗਿਲਾ ਮੌਂਸਟਰ ਅਤੇ ਮੈਕਸੀਕੋ ਵਿਚ ਮੌਜੂਦ 'ਬੀਡਿਡ ਲਿਜਰਡ' ਆਦਿ ਇਨ੍ਹਾਂ ਦੀਆਂ ਜ਼ਹਿਰੀਲੀਆਂ ਕਿਸਮਾਂ ਹਨ।

ਕਿਰਲੀਆਂ ਦੀਆਂ ਏਨੀਆਂ ਵਧੇਰੇ ਕਿਸਮਾਂ ਕਾਰਨ ਸੁਭਾਵਿਕ ਤੌਰ 'ਤੇ ਕਈ ਭਿੰਨਤਾਵਾਂ ਵੇਖੀਆਂ ਜਾ ਸਕਦੀਆਂ ਹਨ। ਉਦਾਹਰਣ ਵਜੋਂ ਕਈ ਕਿਰਲੀਆਂ ਦੀਆਂ ਲੱਤਾਂ ਨਹੀਂ ਹੁੰਦੀਆਂ ਤੇ ਉਹ ਠੀਕ ਸੱਪਾਂ ਵਾਂਗ ਹੀ ਨਜ਼ਰ ਆਉਂਦੀਆਂ ਹਨ। ਇਹ ਵਿਸ਼ੇਸ਼ ਸ਼ਕਤੀ ਦੀਆਂ ਧਾਰਨੀ ਹੁੰਦੀਆਂ ਹਨ, ਜਿਸ ਸਦਕਾ ਉਹ ਦੁਸ਼ਮਣ ਦਾ ਸਹਿਜੇ ਹੀ ਮੁਕਾਬਲਾ ਕਰ ਸਕਦੀਆਂ ਹਨ।



ਸੱਪਾਂ ਵਾਂਗ ਹੀ ਇਹ ਠੰਢੇ ਖੂਨ ਵਾਲੇ ਅਤੇ ਪੇਟ ਭਰ ਚੱਲਣ ਵਾਲੇ ਜੀਵ ਹਨ, ਜਿਨ੍ਹਾਂ ਦੀ ਚਮੜੀ ਦੀ ਤਹਿ ਉਤਰ ਜਾਂਦੀ ਹੈ ਪਰ ਇਹ ਸੱਪਾਂ ਤੋਂ ਭਿੰਨਤਾ ਵੀ ਰੱਖਦੀਆਂ ਹਨ। ਇਨ੍ਹਾਂ ਦੇ ਸਰੀਰ ਦੇ ਤਿੰਨ ਮੁੱਖ ਭਾਗ ਹੁੰਦੇ ਹਨ: ਸਿਰ, ਧੜ ਅਤੇ ਪੂਛ। ਸੱਪਾਂ ਵਿਚ ਇਹ ਤਿੰਨੋਂ ਅੰਗ ਸਰੀਰਕ ਤੌਰ 'ਤੇ ਵੱਖ-ਵੱਖ ਨਜ਼ਰ ਨਹੀਂ ਆਉਂਦੇ ਜਦ ਕਿ ਕਿਰਲੀਆਂ ਵਿਚ ਇਹ ਅੰਤਰ ਸਪਸ਼ਟ ਨਜ਼ਰ ਆਉਂਦਾ ਹੈ।

ਇਹ ਜਿਥੇ ਵੀ ਰਹਿੰਦੀਆਂ ਹਨ, ਉਥੇ ਇਹ ਆਪਣੇ ਕੁਦਰਤੀ ਚੌਗਿਰਦੇ ਨਾਲ ਬਹੁਤ ਚੰਗੀ ਤਰ੍ਹਾਂ ਘੁਲ-ਮਿਲ ਜਾਂਦੀਆਂ ਹਨ। ਉਹ ਕਿਰਲੀਆਂ ਜੋ ਘਾਹ ਵਿਚ ਜਾਂ ਦਰੱਖਤਾਂ ਉਪਰ ਰਹਿੰਦੀਆਂ ਹਨ, ਉਹ ਬਹੁਤ ਚਮਕੀਲੇ ਰੰਗ ਦੀਆਂ ਹੁੰਦੀਆਂ ਹਨ। ਰੇਤਲੇ ਇਲਾਕਿਆਂ 'ਚ ਰਹਿਣ ਵਾਲੀਆਂ ਕਿਰਲੀਆਂ ਹਲਕੇ ਭੂਰੇ ਰੰਗ ਦੀਆਂ ਹੁੰਦੀਆਂ ਹਨ ਤਾਂ ਕਿ ਉਹ ਰੇਤ ਨਾਲ ਰਲ-ਗੱਡ ਹੋ ਸਕਣ। ਗਿਰਗਟ ਵੀ ਇਕ ਕਿਸਮ ਦੀ ਕਿਰਲੀ ਹੀ ਹੈ, ਜੋ ਚੌਗਿਰਦੇ ਦੇ ਬਦਲਦੇ ਰੰਗਾਂ ਨਾਲ ਆਪਣਾ ਰੰਗ ਬਦਲਣ ਦੀ ਸਮਰੱਥਾ ਰੱਖਦੀ ਹੈ।

ਕਿਰਲੀਆਂ ਆਮ ਕਰਕੇ ਗਰਮ ਦੇਸ਼ਾਂ ਦੀਆਂ ਵਾਸੀ ਹਨ। ਇਨ੍ਹਾਂ ਦੀ ਮੌਜੂਦਗੀ ਵਿਸ਼ਵ ਭਰ ਵਿਚ ਹੈ। ਸਿਰਫ ਬਰਫੀਲੇ ਅਤੇ ਬਹੁਤ ਠੰਢੇ ਖੇਤਰਾਂ ਵਿਚ ਇਨ੍ਹਾਂ ਦੀ ਹੋਂਦ ਨਹੀਂ ਦੇਖੀ ਗਈ।

ਦੱਖਣੀ ਅਮਰੀਕਾ ਵਿਚ ਮੌਜੂਦ ਕਿਰਲੀਆਂ ਦੀ ਲੰਬਾਈ 8 ਤੋਂ 10 ਸੈਂਟੀਮੀਟਰ ਹੁੰਦੀ ਹੈ। ਪਰ ਕੁਝ ਕੁ ਕਿਰਲੀਆਂ ਦੋ ਮੀਟਰ ਤਕ ਲੰਬੀਆਂ ਵੀ ਦੇਖੀਆਂ ਗਈਆਂ ਹਨ। ਈਸਟ ਇੰਡੀਜ਼ ਵਿਚ ਪਾਈ ਜਾਂਦੀ ਡ੍ਰੈਗਨ ਕਿਸਮ ਦੀ ਕਿਰਲੀ ਤਿੰਨ ਮੀਟਰ ਤਕ ਲੰਬੀ ਹੁੰਦੀ ਹੈ। ਇਹ ਆਪਣੀ ਲੰਬੀ ਤੇ ਸਖ਼ਤ ਪੂਛ ਦੀ ਸਹਾਇਤਾ ਨਾਲ ਵੱਡੇ ਜਾਨਵਰਾਂ ਨੂੰ ਸਹਿਜੇ ਹੀ ਮਾਰ ਕੇ ਖਾ ਜਾਂਦੀ ਹੈ।

ਜ਼ਿਆਦਾਤਰ ਕਿਰਲੀਆਂ ਅੰਡਿਆਂ ਵਿਚੋਂ ਜਨਮ ਲੈਂਦੀਆਂ ਹਨ। ਪਰ ਕੁਝ ਕਿਸਮ ਦੀਆਂ ਕਿਰਲੀਆਂ ਬੱਚੇ ਵੀ ਪੈਦਾ ਕਰਦੀਆਂ ਹਨ। ਇਹ 3 ਤੋਂ 5 ਬੱਚਿਆਂ ਨੂੰ ਜਨਮ ਦਿੰਦੀਆਂ ਹਨ। ਲਗਪਗ ਸਾਰੀਆਂ ਕਿਰਲੀਆਂ ਕੀੜੇ-ਮਕੌੜੇ ਖਾ ਕੇ ਗੁਜ਼ਾਰਾ ਕਰਦੀਆਂ ਹਨ, ਪ੍ਰੰਤੂ ਕੁਝ ਵੱਡੇ ਆਕਾਰ ਦੀਆਂ ਕਿਰਲੀਆਂ ਪੰਛੀ ਅਤੇ ਛੋਟੇ-ਛੋਟੇ ਪਸ਼ੂਆਂ ਤਕ ਖਾ ਜਾਂਦੀਆਂ ਹਨ। ਇਹ ਤੇਜ਼ ਧੁੱਪ ਵਿਚ ਰਹਿਣਾ ਪਸੰਦ ਕਰਦੀਆਂ ਹਨ। ਜੋ ਕਿਰਲੀਆਂ ਠੰਢੇ ਖੇਤਰਾਂ ਵਿਚ ਰਹਿੰਦੀਆਂ ਹਨ, ਉਹ ਸਰਦੀਆਂ ਦੇ ਮੌਸਮ ਵਿਚ ਸੁੱਤੀਆਂ ਰਹਿੰਦੀਆਂ ਹਨ।

-ਸੁਖਮੰਦਰ ਸਿੰਘ ਤੂਰ

## ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥

### ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਰਾਗੁ ਗਉੜੀ ਪੂਰਬੀ ਮਹਲਾ 5
ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥ ਰਹਾਉ॥
ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ॥
ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ॥
ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ॥
ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨ ਬੁਝਾਈ॥

ਪੰਜਵੇਂ ਸਤਿਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਸ਼ਬਦ ਸਾਨੂੰ ਕਲਯੁਗ ਦੇ ਜੀਵਾਂ ਨੂੰ ਪ੍ਰੇਰਨਾ ਦਿੰਦਾ ਹੈ ਕਿ ਪ੍ਰਭੂ ਪ੍ਰਾਪਤੀ ਲਈ ਕੀ ਉਪਾਅ ਕਰਨੇ ਚਾਹੀਦੇ ਹਨ। ਗੁਰੂ ਜੀ ਫੁਰਮਾਉਂਦੇ ਹਨ, ਹੇ ਮੇਰੀ ਮਾਂ, ਤੂੰ ਮੈਨੂੰ ਦੱਸ ਕਿ ਮੈਂ ਕਿਹੜੇ ਕਿਹੜੇ ਗੁਣ ਧਾਰਨ ਕਰਾਂ ਜਿਨ੍ਹਾਂ ਕਰਕੇ ਮੈਂ ਉਸ ਪ੍ਰਭੂ ਨੂੰ ਜੋ ਮੇਰੀ ਜਿੰਦ ਜਾਨ ਦਾ ਮਾਲਿਕ ਹੈ, ਮਿਲ ਸਕਾਂ। ਮਾਂ ਮੇਰੇ ਵਿਚ ਤਾਂ ਕੋਈ ਵੀ ਗੁਣ ਨਹੀਂ ਹੈ।

ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ॥
ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ॥

ਹੇ ਮੇਰੇ ਪ੍ਰਭ ਜੀਓ, ਮੇਰੇ ਕੋਲ ਤੇ ਕੋਈ ਸੁੰਦਰ ਚਿਹਰਾ ਈ ਨਹੀਂ ਹੈ, ਮੈਂ ਤੇ ਰੂਪਹੀਣ ਹਾਂ। ਮੇਰੇ ਕੋਲ ਕੋਈ ਅਕਲ ਵੀ ਨਹੀਂ, ਕੋਈ ਤਾਕਤ ਵੀ ਨਹੀਂ ਅਤੇ ਫਿਰ ਮੈਂ ਤੇ ਪਰਦੇਸਣ ਵੀ ਹਾਂ। ਚੌਰਾਸੀ ਲੱਖ ਜੂਨਾਂ ਵਿਚੋਂ ਲੰਘ ਕੇ ਬੜੀ ਦੂਰ ਤੋਂ ਮੈਂ ਇਸ ਮਾਨਸ ਜਨਮ ਵਿਚ ਆਈ ਹਾਂ। ਸੋ, ਹੇ ਮੇਰੇ ਪ੍ਰਾਣਾਂ ਦੇ ਆਧਾਰ ਪ੍ਰਭੂ ਜੀਓ, ਮੇਰੇ ਕੋਲ ਤੇਰਾ ਨਾਮ ਰੂਪੀ ਧਨ ਭੀ ਨਹੀਂ ਹੈ। ਮੇਰੇ ਕੋਲ ਆਤਮਿਕ ਸੁੰਦਰਤਾ ਵਾਲਾ ਜੋਬਨ ਭੀ ਨਹੀਂ ਹੈ। ਮੈਂ ਅਨਾਥ ਹਾਂ ਤੇ ਮੈਨੂੰ ਅਨਾਥ ਨੂੰ ਚਰਨਾਂ ਵਿਚ ਹੀ ਰੱਖ ਲਵੋ, ਇਹ ਮੇਰੀ ਬੇਨਤੀ ਹੈ।

ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ॥
ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨ ਬੁਝਾਈ॥

ਹੇ ਮਾਂ, ਮੈਨੂੰ ਉਸ ਸੋਹਣੇ ਪ੍ਰਭੂ ਪ੍ਰੀਤਮ ਦੇ ਦਰਸ਼ਨਾਂ ਦੀ ਪਿਆਸ ਲੱਗੀ ਹੋਈ ਹੈ ਅਤੇ ਮੈਂ ਉਸ ਪ੍ਰਭੂ ਨੂੰ ਲੱਭਦੀ ਬੈਰਾਗਣ ਭਾਵ ਕਮਲੀ ਹੋਈ ਫਿਰਦੀ ਹਾਂ। ਹੁਣ ਸਤਿਗੁਰ ਆਖਦੇ ਹਨ, ਹੇ ਨਾਨਕ, ਉਸ ਦੀਨ-ਦੁਖੀਆਂ ਤੇ ਦਇਆ ਕਰਨ ਵਾਲੇ ਅਤੇ ਕ੍ਰਿਪਾਲਤਾ ਦੇ ਸਮੁੰਦਰ ਪ੍ਰਭੂ ਦੀ ਮਿਹਰ ਨਾਲ ਮੈਨੂੰ ਸਤਿਸੰਗ ਦੀ ਪ੍ਰਾਪਤੀ ਹੋਈ ਹੈ ਅਤੇ ਸਾਧ ਸੰਗਤ ਵਿਚ ਜਾ ਕੇ ਮੇਰੀ ਇਹ ਵਿਛੋੜੇ ਦੀ ਅੱਗ ਭਾਵ ਜਲਨ ਬੁਝ ਗਈ ਹੈ ਅਤੇ ਮੇਰੇ ਸੋਹਣੇ ਪ੍ਰਭੂ ਦਾ ਮਿਲਾਪ ਭੀ ਮੈਨੂੰ ਸਾਧ ਸੰਗਤ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੋਇਆ ਹੈ।

*-ਸੁਰਜੀਤ ਕੌਰ ਸੈਕਰਾਮੈਂਟੋ, ਫੋਨ:916-687-3536*

# ਮੱਧਕਾਲੀ ਅਮਰੀਕੀ ਚੋਣਾਂ 'ਚ ਰਿਪਬਲਿਕਨਾਂ ਦੀ ਚੜ੍ਹਤ

ਵਿਚ ਆਪਣੀ ਮਰਜ਼ੀ ਵੱਧ ਚਲਾ ਸਕਣਗੇ।

ਇਹ ਖਬਰ ਲਿਖੇ ਜਾਣ ਦੇ ਸਮੇਂ ਤੱਕ ਪ੍ਰਾਪਤ ਨਤੀਜਿਆਂ ਅਨੁਸਾਰ ਰਿਪਬਲਿਕਨਾਂ ਨੇ ਹਾਊਸ ਦੀਆਂ 57 ਸੀਟਾਂ ਉਤੇ ਜਿੱਤ ਹਾਸਲ ਕਰ ਲਈ ਸੀ। ਪਿਛਲੇ ਸੱਤਰ ਸਾਲਾਂ ਦੇ ਅਰਸੇ ਵਿਚ ਇਸ ਸਭ ਤੋਂ ਵੱਡਾ ਪਾਰਟੀ ਪਲਟਾ ਗਿਣਿਆ ਜਾਂਦਾ ਹੈ। ਉਹ ਅੱਠ ਹੋਰ ਸੀਟਾਂ ਉਤੇ ਅੱਗੇ ਚੱਲ ਰਹੇ ਸਨ ਜਦੋਂਕਿ ਉਨ੍ਹਾਂ ਨੂੰ ਬਹੁਗਿਣਤੀ ਲਈ ਸਿਰਫ 40 ਸੀਟਾਂ ਹੀ ਚਾਹੀਦੀਆਂ ਸਨ।

ਇਨ੍ਹਾਂ ਚੋਣਾਂ ਵਿਚ ਰਿਪਬਲਿਕਨਾਂ ਨੇ ਸੈਨੇਟ ਦੀਆਂ ਘੱਟੋ ਘੱਟ ਛੇ ਸੀਟਾਂ ਉਤੇ ਵੀ ਜਿੱਤ ਹਾਸਲ ਕੀਤੀ। ਰੈਂਡ ਪੌਲ ਕੈਨਟਕੀ ਤੋਂ, ਮਾਈਕ ਲੀ ਯੂਟਾ ਤੋਂ ਅਤੇ ਮਾਰਕੋ ਰੂਬੀਨੋ ਫਲੋਰੀਡਾ ਤੋਂ ਜੇਤੂਆਂ ਵਿਚ ਸ਼ਾਮਲ ਸਨ ਪ੍ਰੰਤੂ ਕ੍ਰਿਸਟੀਨ ਓਡੋਨਿਲ ਡੈਲਵੇਅਰ ਵਿਚ ਬੁਰੀ ਤਰ੍ਹਾਂ ਹਾਰ ਗਈ। ਡੈਮੋਕਰੈਟਾਂ ਵਲੋਂ ਕਾਂਗਰਸਮੈਨ ਟਾਮ ਪਰੀਲੋ ਵੀ ਹਾਰਨ ਵਾਲਿਆਂ ਵਿਚ ਸ਼ਾਮਲ ਸਨ ਜਿਨ੍ਹਾਂ ਲਈ ਕਿ ਰਾਸ਼ਟਰਪਤੀ ਓਬਾਮਾ ਨੇ ਆਪ ਚੋਣ ਮੁਹਿੰਮ ਚਲਾਈ ਸੀ।

ਓਹਾਇਓ, ਜੋ ਕਿ 2012 ਦੀਆਂ ਰਾਸ਼ਟਰਪਤੀ ਚੋਣਾਂ ਲਈ ਦੋਹਾਂ ਹੀ ਪਾਰਟੀਆਂ ਵਲੋਂ ਬਹੁਤ ਅਹਿਮ ਗਿਣਿਆ ਜਾਂਦਾ ਹੈ, ਵਿਚ ਰਿਪਬਲਿਕਨ ਜੌਹਨ ਕੈਸ਼ ਨੇ ਗਵਰਨਰ ਟਰੈਡ ਸਟ੍ਰਿਕਲੈਂਡ ਨੂੰ ਹਰਾ ਕੇ ਓਹਾਇਓ ਦੇ ਗਵਰਨਰ ਦੇ ਅਹੁਦੇ ਉਤੇ ਕਬਜ਼ਾ ਕਰ ਲਿਆ ਹੈ। ਨਿਊ ਮੈਕਸਿਕੋ ਵਿਚ ਰਿਪਬਲਿਕਨ ਸੁਸਾਨਾ ਮਾਰਟੀਨੇਜ਼ ਗਵਰਨਰ ਚੁਣੀ ਗਈ ਹੈ ਅਤੇ ਉਹ ਡੈਮੋਕਰੈਟ ਗਵਰਨਰ ਬਿਲ ਰਿਚਰਡਸਨ ਨੂੰ ਹਰਾ ਕੇ ਰਾਜ ਦੀ ਪਹਿਲੀ ਲਾਤੀਨੀ ਅਮਰੀਕਨ ਗਵਰਨਰ ਬਣੀ ਹੈ ਪਰ ਕੈਲੀਫੋਰਨੀਆ ਵਿਚ ਡੈਮੋਕਰੈਟ ਜੈਰੀ ਬਰਾਊਨ ਰਿਪਬਲਿਕਨ ਗਵਰਨਰ ਅਰਨਲਡ ਸ਼ੈਵਰਨਾਦਜ਼ੇ ਨੂੰ ਹਰਾ ਕੇ ਗਵਰਨਰ ਬਣ ਗਏ ਹਨ। ਨਿਊ ਯਾਰਕ, ਮੈਸਾਚੂਸਟਸ, ਮੈਰੀਲੈਂਡ, ਨਿਊ ਹੈਂਪਸ਼ਾਇਰ, ਅਰਕਨਸਾਸ ਅਤੇ ਕਾਲੋਰਾਡੋ ਵਿਚ ਡੈਮੋਕਰੈਟ ਗਵਰਨਰ ਆਪਣੇ ਅਹੁਦੇ ਕਾਇਮ ਰੱਖਣ ਵਿਚ ਕਾਮਯਾਬ ਰਹੇ। ਇਸ ਸਾਲ ਗਵਰਨਰ ਦੇ ਅਹੁਦੇ ਦੀਆਂ ਚੋਣਾਂ 2012 ਦੀਆਂ ਰਾਸ਼ਟਰਪਤੀ ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਬਹੁਤ ਅਹਿਮ ਗਿਣੀਆਂ ਜਾਂਦੀਆਂ ਸਨ।



*ਹਾਊਸ ਦੇ ਰਿਪਬਲਿਕਨ ਲੀਡਰ ਜੌਹਨ ਬੌਸ਼ਨਰ ਮੰਗਲਵਾਰ ਦੀਆਂ ਚੋਣਾਂ ਵਿਚ ਰਿਪਬਲਿਕਨ ਜਿੱਤ 'ਤੇ ਬਾਗੋ ਬਾਗ*

ਮਿਸ਼ੀਗਨ ਵਿਚ ਰਿਪਬਲਿਕਨ ਬਿਜਨਸਮੈਨ ਰਿਕ ਸਨਾਈਡਰ ਸਟੇਟ ਦੀ ਵਿਗੜੀ ਆਰਥਿਕ ਹਾਲਤ ਦੇ ਜ਼ਰੀਏ ਡੈਮੋਕਰੈਟ ਉਮੀਦਵਾਰ ਲੈਨਸਿੰਗ ਦੇ ਮੇਅਰ ਵਰਗ ਬਰਨੇਰੋ ਨੂੰ ਹਰਾ ਕੇ ਚੋਣ ਜਿੱਤ ਗਏ ਹਨ। ਆਮ ਕਰਕੇ ਡੈਮੋਕਰੈਟ ਗਿਣੀ ਜਾਂਦੀ ਵਿਸਕਾਨਸਿਨ ਸਟੇਟ ਵਿਚ ਰਿਪਬਲਿਕਨ ਉਮੀਦਵਾਰ ਸਕਾਟ ਵਾਕਰ ਟੈਕਸ ਛੋਟਾਂ ਦੇ ਵਾਅਦੇ ਦੇ ਸਹਾਰੇ ਡੈਮੋਕਰੈਟ ਟਾਮ ਬੈਰਿਟ ਨੂੰ ਹਰਾ ਕੇ ਗਵਰਨਰ ਬਣ ਗਏ ਹਨ। ਓਕਲਹੋਮਾ ਵਿਚ ਰਿਪਬਲਿਕਨ ਮੈਰੀ ਫੈਲਿਨ ਚੋਣ ਜਿੱਤ ਕੇ ਰਾਜ ਦੀ ਪਹਿਲੀ ਮਹਿਲਾ ਗਵਰਨਰ ਬਣ ਗਈ ਹੈ। ਆਇਓਵਾ ਵਿਚ ਪਹਿਲਾਂ ਚਾਰ ਵਾਰ ਗਵਰਨਰ ਰਹਿ ਚੁਕੇ ਰਿਪਬਲਿਕਨ ਟੈਰੀ ਬਰੈਨਸਟਡ 12 ਸਾਲ ਦੇ ਵਕਫੇ ਬਾਅਦ ਮੁੜ ਗਵਰਨਰ ਚੁਣੇ ਗਏ ਹਨ। ਟੈਨਿਸੀ ਵਿਚ ਨੌਕਸਵਿਲ ਸ਼ਹਿਰ ਦੇ ਮੇਅਰ ਰਿਪਬਲਿਕਨ ਚੈਟ ਕਲਵਰ ਡੈਮੋਕਰੈਟ ਗਵਰਨਰ ਫਿਲ ਬਰੈਡਸਨ ਨੂੰ ਹਰਾ ਕੇ ਗਵਰਨਰ ਬਣ ਗਏ ਹਨ। ਕੈਨਸਸ ਵਿਚ ਰਿਪਬਲਿਕਨ ਸੈਨੇਟਰ ਸੈਮ ਬਰਾਊਨਜ਼ਵਿਕ ਗਵਰਨਰ ਚੁਣੇ ਗਏ ਹਨ। ਵਿਓਮਿੰਗ ਵਿਚ ਸਾਬਕਾ ਯੂ ਐਸ ਅਟਾਰਨੀ ਮੈਟ ਮੀਡ ਰਿਪਬਲਿਕਨ ਪਾਰਟੀ ਦੀ ਤਰਫੋਂ ਗਵਰਨਰ ਬਣੇ ਹਨ। ਟੈਕਸਸ ਵਿਚ ਰਿਪਬਲਿਕਨ ਰਿਕ ਪੈਰੀ ਡੈਮੋਕਰੈਟ ਬਿਲ ਵਾਈਟ ਨੂੰ ਹਰਾ ਕੇ ਮੁੜ ਗਵਰਨਰ ਚੁਣੇ ਗਏ ਹਨ। ਸਾਊਥ ਡਕੋਟਾ ਉਤੇ ਵੀ ਰਿਪਬਲਿਕਨਾਂ ਦਾ ਕਬਜ਼ਾ ਹੋਇਆ ਹੈ।

## ਕਸ਼ਮੀਰੀ ਵੱਖਵਾਦੀਆਂ ਵੱਲੋਂ ਅਮਨ ਵਾਰਤ ਨੂੰ ਹੁੰਗਾਰਾ!

**ਨਵੀਂ ਦਿੱਲੀ:** ਕਸ਼ਮੀਰੀ ਗਰਮ ਖਿਆਲੀਆਂ ਨੇ ਜੰਮੂ-ਕਸ਼ਮੀਰ ਲਈ ਨਾਮਜ਼ਦ ਵਾਰਤਾਕਾਰਾਂ ਕੋਲ 'ਅਮਨ ਯੋਜਨਾ' ਦੇਣ ਦੀ ਇੱਛਾ ਪ੍ਰਗਟਾਈ ਹੈ। ਵਾਰਤਾਕਾਰਾਂ ਦੀ 3 ਮੈਂਬਰੀ ਟੀਮ ਦੀ ਅਗਵਾਈ ਕਰ ਰਹੇ ਦਲੀਪ ਪਦਗਾਓਂਕਰ ਦਾ ਕਹਿਣਾ ਹੈ ਕਿ ਇਹ ਬੇਹੱਦ ਮਹੱਤਵਪੂਰਨ ਗੱਲ ਹੈ ਕਿ ਕਿਸੇ ਹਥਿਆਰਬੰਦ ਜਥੇਬੰਦੀ ਨੂੰ ਹੁੰਗਾਰਾ ਭਰਿਆ ਹੈ।

ਇਕ ਟੀ.ਵੀ. ਚੈਨਲ ਨਾਲ ਗੱਲਬਾਤ ਦੌਰਾਨ ਪਦਗਾਓਂਕਰ ਨੇ ਕਿਹਾ ਕਿ ਪਹਿਲੀ ਵਾਰ ਜਦੋਂ ਉਹ ਅੱਤਵਾਦੀ ਸੰਗਠਨ ਦੇ ਲੜਕਿਆਂ ਨੂੰ ਮਿਲੇ ਤਾਂ ਉਨ੍ਹਾਂ ਕਿਹਾ, 'ਤੁਸੀਂ ਮੁੜ ਵੀ ਆ ਸਕਦੇ ਹੋ ਤੇ ਅਸੀਂ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੇ ਹਾਂ। ਜਦੋਂ ਦੂਸਰੀ ਵਾਰ ਗਏ ਤਾਂ ਕੋਈ ਡੇਢ ਘੰਟੇ ਦੀ ਗੱਲਬਾਤ ਦੌਰਾਨ ਹੈਰਾਨਕੁਨ ਘਟਨਾ ਵਾਪਰੀ।

## Matrimonials

### ਕੰਨਿਆ ਦੀ ਲੋੜ

ਜੱਟ ਸਿੱਖ ਬਰਾੜ, 37 ਸਾਲ, ਕੱਦ 6'11", ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਚਾਹੀਦੀ ਹੈ। ਸੰਪਰਕ ਕਰੋ: 503-409-4844

Jat Sikh parents seek suitable match for their US born, handsome, clean shave, 26/6"-1" Engineer son, manager in a top 50 national corporation. Contact: happy202099@yaho.com

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com

Match for clean shaven, handsome, Saini boy 36, 5'11", US citizen, divorcee , Vetenary doctor. Girl from California will be prefer. Contact at raj@gfbontime.com

### ਵਰ ਦੀ ਲੋੜ

ਬ੍ਰਾਹਮਣ 27 ਸਾਲਾ, 5'6", ਸੁਨੱਖੀ, ਪੜ੍ਹੀ-ਲਿਖੀ ਅਤੇ ਅਸਟਰੇਲੀਆ ਰਹਿ ਰਹੀ ਨਿਰਦੋਸ਼ ਤਲਾਕਸ਼ੁਦਾ ਲੜਕੀ ਲਈ ਅਮਰੀਕੀ ਸਿਟੀਜ਼ਨ ਵਰ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ, ਕੁੰਡਲੀ ਮਿਲਣਾ ਜ਼ਰੂਰੀ। ਕਾਲ ਕਰੋ:61-430907199 ਜਾਂ e-mail: sonamlovesu21@yahoo.com

Suitable match for Khatri Sikh pretty girl 28, Canadian born UBC educated l.l.B. honors, currently pursuing at Kingston varsity London. Call 604-261-9555 & email bio data/photo to Dalipmehta @hotmail.com

US citizen vegetarian, professional match for pretty, sincere, honest, obedient and never married girl, in her 30, 5'-2". Only serious inquiries, cast no bar: Singhb1@yahoo.com

*Visit us on the web:*
***punjabtimesusa.com***


**SUPER TRAVEL**
847-676-9090, 773-465-5566
*E-mail: supertravel2003@yahoo.com*
***Lowest Fares With Excellent Service***
*AMERICAN AIR, CONTINENTAL AIR*

*JET AIRWAYS DELTA, AIR INDIA, KLM, LUFTHANSA.*
*For Emergency Call anytime at 847-673-3825*
*EARLY BIRD SALE!!!!*
India $545
London $250

**Law Office of Sim Kaur**
725 30th Street, Suite 203, Sacramento, CA 95816
*Areas of Practice:*
*Business Law
*Business Formation
*Business Transactions
*Contracts Law
*Corporate Law
Ph:(209) 251-9375
Fax: (916) 596-1092
Email: SimKaur333@gmail.com

*Sim Kaur*

**MRP TRAVEL**
*Lowest International and Domestic Fares*
ARC FLY ANY AIRLINE OF YOUR CHOICE IATA
*Providing the lowest Airfare, Cruise and Travel Packages to Asia, Africa, Europe, the Middle East and North America*
408-929-8005
E-mail:mrptravel@gmail.com
2123 Port Way, San Jose, CA 95133
*CST: 2097308-40*

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES
We Also Offer Notary Service

**Desi Cuts and Color Plus**
For Men, Women & Children
Grand Opening

Mandeep
510-200-4415
Ph:510-429-0786

Tony
(510) 825-0820
Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Hair cut
Beard Perm
Hair styler
Color
Facial, Threading and Waxing (Special Lady)
34685 Alvarado Niles Rd., Union City, CA 94587 *( Behind Tacobell )*

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਬੇਕਰਜ਼ਫੀਲਡ ਕਬੱਡੀ ਓਪਨ ਫਰਿਜ਼ਨੋ ਕਲੱਬ ਨੇ ਜਿੱਤੀ

**ਬੇਕਰਜ਼ਫੀਲਡ (ਮਨਦੀਪ ਮਾਨ):** ਇਥੇ ਲੰਘੇ ਐਤਵਾਰ ਨੂੰ ਕਰਵਾਏ ਗਏ ਵਿਸ਼ਾਲ ਕਬੱਡੀ ਕੱਪ ਟੂਰਨਾਮੈਂਟ ਵਿਚ ਓਪਨ ਕਬੱਡੀ ਦਾ ਕੱਪ ਅਤੇ 5100 ਡਾਲਰ ਦਾ ਪਹਿਲਾ ਇਨਾਮ ਫਰਿਜ਼ਨੋ ਕਲੱਬ ਨੇ ਜਿੱਤਿਆ ਜਦੋਂਕਿ 4100 ਡਾਲਰ ਦੂਜਾ ਇਨਾਮ ਲੱਫਰਾਂ ਦੀ ਟੀਮ ਸ਼ੇਰੇ ਪੰਜਾਬ ਸਪੋਰਟਸ ਕਲੱਬ, ਲਾਸ ਬੈਨੋਸ ਦੀ ਝੋਲੀ ਪਿਆ। ਪਹਿਲਾ ਇਨਾਮ ਜੱਸੀ ਗਿੱਲ, ਜੀਤਾ ਢਿੱਲੋਂ ਤੇ ਕੁਲਦੀਪ ਤੂਰ ਵੱਲੋਂ ਦਿੱਤਾ ਗਿਆ ਜਦੋਂਕਿ ਦੂਜਾ ਇਨਾਮ ਐਨ.ਆਰ.ਆਈ. ਸਭਾ ਵੱਲੋਂ ਦਿੱਤਾ ਗਿਆ।





ਅੰਡਰ-21 ਦਾ ਪਹਿਲਾ ਇਨਾਮ ਸੈਕਰਾਮੈਂਟੋ ਨੇ ਜਿੱਤ ਕੇ 2100 ਡਾਲਰ ਦਾ ਇਨਾਮ ਹਾਸਲ ਕੀਤਾ ਜਦੋਂ ਕਿ 1100 ਡਾਲਰ ਦਾ ਦੂਜਾ ਇਨਾਮ ਬੇ ਏਰੀਆ ਸਪੋਰਟਸ ਕਲੱਬ ਦੀ ਟੀਮ ਨੂੰ ਮਿਲਿਆ।

ਗੁਰਦੁਆਰਾ ਗੁਰੂ ਅੰਗਦ ਦਰਬਾਰ ਦੇ ਰੰਗ ਬਰੰਗੀਆਂ ਝੰਡੀਆਂ ਨਾਲ ਸਜਾਏ ਗਰਾਊਂਡ 'ਚ ਕਰਵਾਏ ਗਏ ਇਸ ਟੂਰਨਾਮੈਂਟ ਦਾ ਉਦਘਾਟਨ ਐਨ.ਆਰ.ਆਈ. ਸਭਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ ਨੇ ਕੀਤਾ ਅਤੇ ਖਿਡਾਰੀਆਂ ਨਾਲ ਉਨ੍ਹਾਂ ਦੀ ਜਾਣ-ਪਛਾਣ ਕਰਾਈ ਗਈ। ਇਸ ਟੂਰਨਾਮੈਂਟ 'ਚ ਕੈਲੇਫੋਰਨੀਆ ਦੀਆਂ ਨਾਮੀ ਕਬੱਡੀ ਟੀਮਾਂ ਨੇ ਹਿੱਸਾ ਲਿਆ ਤੇ ਕਈ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਨੇ ਆਪਣੀ ਖੇਡ ਦੇ ਜੌਹਰ ਵਿਖਾਏ। ਜੇ ਇਕ ਪਾਸੇ ਦੁੱਲਾ ਕਿਸੇ ਤੋਂ ਡੱਕਿਆ ਨਹੀਂ ਸੀ ਜਾ ਰਿਹਾ ਤਾਂ ਦੂਜੇ ਪਾਸੇ ਜੌਨੀ ਗਿੱਲ ਵੀ ਕਿਸੇ ਤੋਂ ਘੱਟ ਨਹੀਂ ਸੀ। ਦੁੱਲੇ ਤੇ ਜੌਨੀ ਗਿੱਲ ਦੀ ਇੱਕ-ਇੱਕ ਰੇਡ 'ਤੇ ਸੈਂਕੜੇ ਡਾਲਰਾਂ ਦੇ ਇਨਾਮ ਰੱਖੇ ਗਏ। ਖਾਸ ਤੌਰ 'ਤੇ ਐਨ.ਆਰ.ਆਈ. ਸਭਾ ਵੱਲੋਂ ਜੌਨੀ ਗਿੱਲ ਨੂੰ ਲਗਾਤਾਰ ਪੰਜ ਰੇਡਾਂ 'ਚੋਂ ਇੱਕ ਵਾਰ ਰੋਕਣ ਵਾਲੇ ਲਈ 500 ਡਾਲਰ ਦਾ ਇਨਾਮ ਰੱਖਿਆ ਗਿਆ ਪਰ ਉਹ ਕਿਸੇ ਤੋਂ ਵੀ ਨਾ ਰੁਕਿਆ ਤਾਂ ਇਹ ਇਨਾਮ ਜੌਨੀ ਗਿੱਲ ਨੂੰ ਹੀ ਦੇ ਦਿੱਤਾ ਗਿਆ। ਇਸ ਮੌਕੇ ਸੰਨੀ ਕੰਦੋਲਾ, ਅੰਕਤ ਦਿੱਲੀ ਵਾਲਾ, ਤੀਰਥ ਗਾਖਲ, ਰੂਬਲ, ਹੰਟਰ, ਡਾਂਟੇ, ਮੰਨਾ ਲੱਫਰ, ਅਰਸ਼ੀ, ਲਾਲੀ, ਬਿੱਟੂ ਬੇਕਰਜ਼ਫੀਲਡ ਤੇ ਜਾਪੀ ਬੇਕਰਜ਼ਫੀਲਡ ਨੇ ਆਪਣੇ ਜ਼ੋਰ ਦਾ ਲੋਹਾ ਮਨਵਾਇਆ। ਐਨ.ਆਰ.ਆਈ. ਸਭਾ ਵਾਲੇ ਸ਼ਾਇਦ ਨੋਟਾਂ ਦੀਆਂ ਬੋਰੀਆਂ ਭਰ ਕੇ ਨਾਲ ਲਿਆਏ ਸਨ ਅਤੇ ਉਨ੍ਹਾਂ ਦਿਲ ਖੋਲ੍ਹ ਕੇ ਖਿਡਾਰੀਆਂ ਅਤੇ ਕੁਮੈਂਟੇਟਰ ਦੀ ਹੌਸਲਾ ਅਫਜ਼ਾਈ ਕੀਤੀ। ਭੀੜ ਵਿਚੋਂ ਇਕ ਬਾਬਾ ਵਾਰੀ ਵਾਰੀ ਬੋਲ ਰਿਹਾ ਸੀ, ਰੱਬਾ ਅੱਗੇ ਤੋਂ ਐਨ ਆਰ ਆਈ ਸਭਾ ਹੀ ਬਣਾਈ, ਸ਼ਾਇਦ ਉਸ ਦੇ ਭਾਣੇ ਐਨ ਆਰ ਆਈ ਸਭਾ ਕਿਸੇ

(ਬਾਕੀ ਅਗਲੇ ਸਫੇ 'ਤੇ)



























ਤਕੜੇ ਦੌਲਤਮੰਦ ਬੰਦੇ ਦਾ ਨਾਂ ਸੀ।

ਹੁਣ ਜੇ ਇਸ ਟੂਰਨਾਮੈਂਟ ਵਿਚ ਉਭਰ ਰਹੇ




ਨਾਮੀ ਕੁਮੈਂਟੇਟਰ ਰਾਜਵਿੰਦਰ ਸਿੰਘ ਰੰਡਿਆਲੇ ਦੀ ਗੱਲ ਨਾ ਕਰੀਏ ਤਾਂ ਟੂਰਨਾਮੈਂਟ ਅਧੂਰਾ ਹੀ



ਰਹੇਗਾ। ਜਦੋਂ ਕੋਈ ਜਾਫੀ ਧਾਵੀ ਨੂੰ ਚੰਬੜ ਜਾਂਦਾ ਤਾਂ ਉਹ ਟਿੱਪਣੀ ਕਰਦਾ, ਪਤੰਦਰ ਐਂ ਚੰਬੜ ਗਿਆ ਜਿਵੇਂ ਬਟੂਏ ਨੂੰ ਅਫੀਮ ਚੰਬੜੀ ਐ। ਫਿਰ ਕੋਸੀ ਕੋਸੀ ਧੁੱਪ ਵਿਚ ਬੈਠੇ ਦਰਸ਼ਕਾਂ ਨੂੰ ਵੇਖ ਟਿਪਣੀ ਕੀਤੀ, ਵੇਖੋ ਇਉਂ ਬੈਠੇ ਐ ਜਿਵੇਂ ਰੇਲ ਲਾਈਨ ਉਤੇ ਕਿਸਾਨ ਯੂਨੀਅਨ ਵਾਲੇ ਧਰਨਾ ਦੇਈ ਬੈਠੇ ਹੁੰਦੈ ਐ। ਜਦੋਂ ਕਈ ਦੋ ਟੀਮਾਂ ਵਿਚਾਲੇ ਮੁਕਾਬਲਾ ਜ਼ਿਆਦਾ ਸਖ਼ਤ ਹੋ ਜਾਂਦਾ ਤਾਂ ਉਹ ਪੱਕੀ ਰਾਈਫਲ ਦੇ ਫਾਇਰ ਵਾਂਗੂ ਖੜਕਿਆਂ ਕਹਿੰਦਾ, ਇੰਜ ਫਸ'ਗੇ ਜਿਵੇਂ ਲਹਿਰੇਗਾਗੇ ਦੀ ਸੀਟ 'ਤੇ ਭੱਠਲ ਅਤੇ ਚੰਦੂਮਾਜਰੇ ਦੇ ਸਿੰਗ ਫਸ ਗਏ ਸੀ। ਜਦੋਂ ਕੋਈ ਜਾਫੀ ਧਾਵੀ ਨੂੰ ਅੱਗੇ ਹੋ ਕੇ ਘੇਰਦਾ ਤਾਂ ਉਹ ਛੁਰਲੀ ਛੱਡਦਾ, ਪਤੰਦਰ ਇਉਂ ਘੇਰਦੇ ਐ ਜਿਵੇਂ ਨਵੀਂ ਦਿੱਲੀ ਦੇ ਹਵਾਈ ਅੱਡੇ ਉਤੇ ਕਸਟਮ ਵਾਲੇ ਘੇਰਦੇ ਐ। ਬਿਨਾਂ ਸ਼ੱਕ ਰੰਡਿਆਲੇ ਨੇ ਆਪਣੀ ਕੁਮੈਂਟਰੀ ਦੇ ਨਿਵੇਕਲੇ ਅੰਦਾਜ਼ ਨਾਲ ਦਰਸ਼ਕਾਂ ਦਾ ਸਵਾਦ ਹੀ ਦੂਣਾ-ਤੀਣਾ ਨਹੀਂ ਕੀਤਾ ਸਗੋਂ ਆਪਣੀ ਕੁਮੈਂਟਰੀ ਦਾ ਸਿੱਕਾ ਵੀ ਜਮਾਇਆ।

ਗੁਰੂ ਘਰ ਵਿਚ ਹੋਏ ਇਸ ਟੂਰਨਾਮੈਂਟ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ। ਦਰਸ਼ਕਾਂ ਨੇ ਵੀ ਗੁਰੂ ਘਰ ਦੇ ਅਦਬ ਆਦਾਬ ਦਾ ਪੂਰਾ ਖਿਆਲ ਰੱਖਿਆ ਅਤੇ ਅਖੀਰ ਸ਼ਾਮੀ 7 ਵਜੇ ਇਹ ਮੇਲਾ ਮਿੱਠੀਆਂ ਯਾਦਾਂ ਛੱਡਦਾ ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਸਮਾਪਤ ਹੋ ਗਿਆ ਅਤੇ ਸਮੂਹ ਦਰਸ਼ਕ ਹੱਸਦੇ-ਖੇਡਦੇ ਘਰਾਂ ਨੂੰ ਪਰਤੇ।







ਇਸ ਟੂਰਨਾਮੈਂਟ ਨੂੰ ਸਫ਼ਲ ਬਣਾਉਣ ਲਈ ਜੱਸੀ ਗਿੱਲ, ਜੀਤਾ ਢਿੱਲੋਂ, ਬਲਜੀਤ ਧੂਤ, ਜੀਤਾ ਮਾਣਕ, ਹਰਜਾਪ ਜਾਪੀ, ਦੀਪਾ ਢੀਂਡਸਾ, ਗੁਰਿੰਦਰ ਬਸਰਾ, ਛਿੰਦਾ ਉਪਲ, ਲੱਕੀ, ਮਲਕੀਤ ਸਿੰਘ, ਕੁਲਦੀਪ ਤੂਰ, ਸੇਵਾ ਕੁਲਤਮ ਦਾ ਚੰਗਾ ਯੋਗਦਾਨ ਰਿਹਾ।

ਇਸ ਮੌਕੇ ਜਿਨ੍ਹਾਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਉਨ੍ਹਾਂ ਵਿਚ ਐਨ.ਆਰ.ਆਈ. ਸਭਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ ਅਤੇ ਸਭਾ ਦੇ ਸਮੂਹ ਅਹੁਦੇਦਾਰ, ਕੁਲਦੀਪ ਬਿੱਲੂ, ਨਿਰਮਲ ਗਿੱਲ, ਪੀ.ਐਮ. ਟਰੱਕਿੰਗ, ਜਗਮੀਤ ਮਾਨ, ਸੁਰਜੀਤ ਧਾਲੀਵਾਲ, ਛਿੰਦਾ ਉਪਲ, ਪਾਲ ਮੰਨਣ, ਬੌਬੀ ਸੰਘਾ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਵੀਰ ਸਿੰਘ ਸੰਧੂ ਤੇ ਕੁਲਵਿੰਦਰ ਸਿੰਘ ਖ਼ਜ਼ਾਨਚੀ ਨੂੰ ਇਸ ਮੌਕੇ ਸਨਮਾਨਤ ਕੀਤਾ ਗਿਆ। ਇਸ ਖੇਡ ਮੇਲੇ 'ਚ ਜਿਨ੍ਹਾਂ ਸੱਜਣਾਂ ਨੇ ਆਪਣੀ ਹਾਜ਼ਰੀ ਲਵਾਈ ਉਨ੍ਹਾਂ ਵਿਚ ਐਨ.ਆਰ.ਆਈ. ਸਭਾ ਦੇ ਵਾਈਸ ਚੇਅਰਮੈਨ ਜਗਦੀਸ਼ ਢਿੱਲੋਂ, ਸਕੱਤਰ ਜਨਰਲ ਤੇਜਪਾਲ ਨਿਕਸਨ, ਮਨਜੀਤ ਸਿੰਘ ਜਨਰਲ ਸਕੱਤਰ, ਰੌਣਕ ਸਿੰਘ ਮੀਤ ਪ੍ਰਧਾਨ, ਗੁਰਸੇਵਕ ਬਰਾੜ, ਇਕਬਾਲ ਸਿੰਘ ਸਮਰਾ, ਪਾਲ ਸਹੋਤਾ, ਅਮਰਜੀਤ ਸਿੰਘ ਟੁੱਟ, ਸੁਦਰਸ਼ਨ ਸ਼ਰਮਾ, ਸੁਰਿੰਦਰਪਾਲ ਨਿੱਜਰ, ਬਲਦੇਵ ਜੌਹਲ, ਗੁਰਪ੍ਰੀਤ ਚੌਹਾਨ, ਮਨਜੋਤ ਰਾਏ, ਗੁਰਪ੍ਰੀਤ ਰਾਏ, ਭਰਪੂਰ ਬਰਾੜ, ਬਲਵਿੰਦਰ ਬਰਾੜ, ਬਲਵੀਰ ਸ਼ੇਰਗਿੱਲ, ਬਲਜੀਤ ਭੁੱਟੋ, ਰਜਿੰਦਰ ਗਿੱਲ, ਸਿਕੰਦਰ ਗਰੇਵਾਲ, ਬਲਜੀਤ ਨਿਰਵਾਨ, ਦੀਪਾ ਢੇਸੀ, ਗੁਰਮੀਤ ਸਿੰਘ ਪ੍ਰਧਾਨ ਤੇ ਮਹਿੰਦਰ ਧਾਲੀਵਾਲ, ਅਕਾਲੀ ਆਗੂ ਹੈਰੀ ਗਿੱਲ, ਅਵਤਾਰ ਗਿੱਲ, ਅਰਵਿੰਦਰ ਸਿੰਘ ਲਾਖਨ, ਪਰਮਪ੍ਰੀਤ ਸਿੰਘ ਡੱਡੀ, ਪਾਲ ਧਾਲੀਵਾਲ, ਰੁਪਿੰਦਰ ਝੱਜ, ਧਰਮਾ, ਨਿੰਦੀ ਦੋਸਾਂਝ, ਸ਼ਿਆਰਾ ਸਿੰਘ ਢੀਂਡਸਾ (ਓਮਨੀ ਵੀਡੀਓ) ਸ਼ਾਮਲ ਸਨ।

## ਓਬਾਮਾ ਦੀ ਸੁਰੱਖਿਆ 'ਤੇ ਪ੍ਰਤੀ ਦਿਨ 900 ਕਰੋੜ ਰੁਪਏ ਖਰਚਾ!

**ਮੁੰਬਈ :** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਭਾਰਤ ਦੌਰੇ ਦੌਰਾਨ ਉਨ੍ਹਾਂ ਲਈ ਕੀਤੇ ਜਾਣ ਵਾਲੇ ਸਖ਼ਤ ਸੁਰੱਖਿਆ ਪ੍ਰਬੰਧਾਂ, ਠਹਿਰਨ ਤੇ ਹੋਰ ਸਹੂਲਤਾਂ ਮੁਹੱਈਆ ਕਰਵਾਉਣ 'ਤੇ ਤਕਰੀਬਨ 900 ਕਰੋੜ ਰੁਪਏ ਪ੍ਰਤੀ ਦਿਨ ਖਰਚਾ ਆਵੇਗਾ ਜਿਸ ਨੂੰ ਖੁਦ ਅਮਰੀਕਾ ਵੱਲੋਂ ਸਹਿਣ ਕੀਤਾ ਜਾਵੇਗਾ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਓਬਾਮਾ ਨਾਲ ਤਕਰੀਬਨ 3 ਹਜ਼ਾਰ ਲੋਕ ਵੀ ਆਉਣਗੇ ਜਿਨ੍ਹਾਂ 'ਚ ਖੁਫੀਆ ਏਜੰਸੀਆਂ ਦੇ ਏਜੰਟ, ਅਮਰੀਕੀ ਸਰਕਾਰ ਦੇ ਅਧਿਕਾਰੀ ਤੇ ਪੱਤਰਕਾਰ ਸ਼ਾਮਲ ਹਨ। ਇਸ ਤੋਂ ਇਲਾਵਾ ਵਾਈਟ ਹਾਊਸ ਨਾਲ ਸਬੰਧਤ ਕਈ ਅਧਿਕਾਰੀ ਤੇ ਅਮਰੀਕੀ ਸੁਰੱਖਿਆ ਏਜੰਸੀਆਂ ਦੇ ਅਧਿਕਾਰੀਆਂ ਨੇ ਪਹਿਲਾਂ ਹੀ ਭਾਰਤ 'ਚ ਡੇਰਾ ਜਮਾਇਆ ਹੋਇਆ ਹੈ ਜੋ ਆਪਣੇ ਨਾਲ ਹੈਲੀਕਾਪਟਰ, ਸਮੁੰਦਰੀ ਜਹਾਜ਼ ਤੇ ਉਚ ਤਕਨੀਤੀ ਸਾਜ਼ੋ-ਸਾਮਾਨ ਲੈ ਆਏ ਹਨ।

ਇਸੇ ਦੌਰਾਨ ਵਾਈਟ ਹਾਊਸ ਨੇ ਸਪਸ਼ਟ ਕੀਤਾ ਹੈ ਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ 'ਸਮੇਂ ਦੀ ਘਾਟ' ਕਾਰਨ ਸ੍ਰੀ ਹਰਿਮੰਦਰ ਸਾਹਿਬ ਤੇ ਆਗਰਾ ਸਥਿਤ ਤਾਜ ਮਹੱਲ ਨਹੀਂ ਜਾ ਰਹੇ। ਵਾਈਟ ਹਾਊਸ ਦੇ ਬੁਲਾਰੇ ਰਾਬਰਟ ਗਿੱਬਜ਼ ਨੇ ਕਿਹਾ ਕਿ ਕੋਈ ਵੀ ਭਾਰਤ ਜਾਂਦਾ ਹੈ ਤਾਂ ਉਹ ਇਨ੍ਹਾਂ ਦੋਵਾਂ ਥਾਵਾਂ 'ਤੇ ਵੱਧ ਤੋਂ ਵੱਧ ਸਮਾਂ ਬਿਤਾਉਣਾ ਚਾਹੇਗਾ। ਗਿੱਬਜ਼ ਨੇ ਕਿਹਾ ਕਿ ਉਹ ਮਹੱਤਵਪੂਰਨ ਦੇਸ਼ ਭਾਰਤ ਦਾ ਦੌਰਾ ਕਰਨ ਜਾ ਰਹੇ ਹਨ ਤੇ ਉਥੇ ਕਈ ਅਹਿਮ ਆਰਥਿਕ ਬੈਠਕਾਂ ਵੀ ਹੋਣਗੀਆਂ।

## ਭਾਈ ਦਿਲਬਾਗ ਸਿੰਘ ਨੂੰ ਪੈਰੋਲ 'ਤੇ ਰਿਹਾ ਕਰਨ ਤੋਂ ਨਾਂਹ

**ਚੰਡੀਗੜ੍ਹ:** ਸਾਲ 2005 'ਚ ਸਤਿਅਮ ਤੇ ਲਿਬਰਟੀ ਸਿਨੇਮਾ ਘਰਾਂ 'ਚ ਬੰਬ ਧਮਾਕੇ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਸ਼ੱਕੀ ਖਾੜਕੂ ਭਾਈ ਦਿਲਬਾਗ ਸਿੰਘ ਨੂੰ ਦਿੱਲੀ ਦੀ ਇੱਕ ਅਦਾਲਤ ਨੇ ਪੈਰੋਲ 'ਤੇ ਰਿਹਾਅ ਕਰਨ ਤੋਂ ਇਨਕਾਰ ਕਰ ਦਿੱਤਾ।

ਭਾਈ ਦਿਲਬਾਗ ਸਿੰਘ ਨੇ ਆਪਣੀ ਮਾਂ ਦੀ ਪਹਿਲੀ ਬਰਸੀ ਸਮਾਗਮ 'ਚ ਸ਼ਾਮਲ ਹੋਣ ਦੀ ਇਜਾਜ਼ਤ ਮੰਗੀ ਸੀ ਪਰ ਵਧੀਕ ਸੈਸ਼ਨ ਜੱਜ ਰਾਜ ਕੁਮਾਰ ਚੌਹਾਨ ਨੇ ਉਨ੍ਹਾਂ ਦੀ ਅਰਜ਼ੀ ਰੱਦ ਕਰ ਦਿੱਤੀ ਹੈ। ਆਪਣੀ ਅਰਜ਼ੀ 'ਚ ਉਨ੍ਹਾਂ ਕਿਹਾ ਸੀ ਕਿ ਉਹ ਆਪਣੀ ਮਾਂ ਦੇ ਬਰਸੀ ਸਮਾਗਮ 'ਚ ਸ਼ਾਮਲ ਹੋਣ ਤੇ ਜਾਇਦਾਦ ਨਾਲ ਸਬੰਧਤ ਕੁਝ ਪਰਿਵਾਰਕ ਝਗੜਿਆਂ ਦੇ ਹੱਲ ਲਈ ਅੰਮ੍ਰਿਤਸਰ ਜਾਣਾ ਚਾਹੁੰਦਾ ਹੈ।

## ਗੁਰਦੁਆਰਾ ਨਾਢਾ ਸਾਹਿਬ 'ਚ ਝੀਂਡਾ ਤੇ ਮੱਕੜ ਦੇ ਸਮਰਥਕ ਭਿੜੇ

**ਚੰਡੀਗੜ੍ਹ:** ਹਰਿਆਣਾ ਲਈ ਵੱਖਰੀ ਗੁਰਦੁਆਰਾ ਕਮੇਟੀ ਲਈ ਸੰਘਰਸ਼ ਕਰ ਰਹੇ ਜਗਦੀਸ਼ ਸਿੰਘ ਝੀਂਡਾ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਦੇ ਸਮਰਥਕਾਂ ਵਿਚਾਲੇ ਪਹਿਲੀ ਨਵੰਬਰ ਨੂੰ ਪੰਚਕੂਲਾ ਦੇ ਇਤਿਹਾਸਕ ਗੁਰਦਵਾਰਾ ਨਾਢਾ ਸਾਹਿਬ ਵਿਖੇ ਝੜਪਾਂ ਹੋਈਆਂ।

ਪੁਲਿਸ ਦੀ ਮੌਜੂਦਗੀ 'ਚ ਦੋਹਾਂ ਧਿਰਾਂ ਨੇ ਇੱਕ-ਦੂਜੇ ਨੂੰ ਵੰਗਾਰਦੇ ਹੋਏ ਤਲਵਾਰਾਂ ਲਹਿਰਾਈਆਂ ਜਿਸ ਕਰਕੇ ਪੁਲਿਸ ਨੂੰ ਹਲਕਾ ਲਾਠੀਚਾਰਜ ਵੀ ਕਰਨਾ ਪਿਆ। ਜਗਦੀਸ਼ ਸਿੰਘ ਝੀਂਡਾ ਨੇ ਦੋ ਦਿਨ ਪਹਿਲਾਂ ਹੀ ਐਲਾਨ ਕੀਤਾ ਸੀ ਕਿ ਜੇ ਪਹਿਲੀ ਨਵੰਬਰ ਨੂੰ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਵੱਖਰੀ ਕਮੇਟੀ ਦੀ ਮੰਗ ਨਾ ਮੰਨੀ ਤਾਂ ਉਹ ਹਰਿਆਣਾ ਦੇ ਗੁਰਦਵਾਰਿਆਂ 'ਤੇ ਕਬਜ਼ਾ ਕਰ ਲੈਣਗੇ। ਸਵੇਰੇ 9.30 ਵਜੇ ਜਗਦੀਸ਼ ਸਿੰਘ ਝੀਂਡਾ ਤੇ ਉਨ੍ਹਾਂ ਦੇ ਦੋ ਦਰਜਨ ਹਮਾਇਤੀ ਗੁਰਦਵਾਰਾ ਨਾਢਾ ਸਾਹਿਬ 'ਚ ਦਾਖ਼ਲ ਹੋ ਗਏ ਤੇ ਗੁਰਦਵਾਰੇ 'ਤੇ ਕਬਜ਼ੇ ਦਾ ਐਲਾਨ ਕਰ ਦਿੱਤਾ। ਪੁਲਿਸ ਦੇ ਗੁਰਦਵਾਰਾ ਸਾਹਿਬ ਪਹੁੰਚਣ 'ਤੇ ਗੁਰਦੁਆਰਾ ਪ੍ਰਬੰਧਕਾਂ ਤੇ ਅਵਤਾਰ ਸਿੰਘ ਮੱਕੜ ਦੇ ਹਮਾਇਤੀਆਂ ਨੇ ਤਲਵਾਰਾਂ ਕੱਢ ਲਈਆਂ। ਦੂਜੇ ਪਾਸੇ ਝੀਂਡਾ ਦੇ ਹਮਾਇਤੀ ਵੀ ਨੰਗੀਆਂ ਕਿਰਪਾਨਾਂ ਲੈ ਕੇ ਮੈਦਾਨ ਵਿੱਚ ਡਟ ਗਏ। ਹਾਲਤ ਨੂੰ ਵੇਖਦਿਆਂ ਪੁਲਿਸ ਨੇ ਦੋਹਾਂ ਧਿਰਾਂ ਨੂੰ ਖਦੇੜ ਦਿੱਤਾ ਦਿੱਤਾ ਤੇ ਜਗਦੀਸ਼ ਸਿੰਘ ਝੀਂਡਾ ਅਪਣੇ ਹਮਾਇਤੀਆਂ ਨਾਲ ਉਥੋਂ ਚਲੇ ਗਏ।







# ਸਿੱਖ ਕੌਮ ਦੇ ਇਤਿਹਾਸ ਬਾਰੇ ਇਨਸਾਈਕਲੋਪੀਡੀਆ ਤਿਆਰ

**ਸਿੱਖ ਕੌਮ ਦੇ ਮਹਾਨ ਵਿਦਵਾਨ ਸ. ਧਨਵੰਤ ਸਿੰਘ ਸੀਤਲ, ਜਿਨ੍ਹਾਂ ਸਿੱਖ ਧਰਮ ਅਤੇ ਵਿਰਸੇ ਬਾਰੇ 350 ਕਿਤਾਬਾਂ ਸਿੱਖ ਕੌਮ ਦੀ ਝੋਲੀ ਪਾਈਆਂ ਅਤੇ 1980 ਵਿਚ 68 ਸਾਲ ਦੀ ਉਮਰੇ ਪਰਮਾਤਮਾ ਦੇ ਚਰਨਾਂ ਵਿਚ ਜਾ ਬਿਰਾਜੇ, ਦੇ ਸਪੁੱਤਰ ਸ. ਰਜਿੰਦਰ ਸਿੰਘ ਸੀਤਲ ਨੇ ਪਿਤਾ ਦੀ ਪਾਈ ਪਿਰਤ ਨੂੰ ਜਾਰੀ ਰੱਖਦੇ ਹੋਏ ਸਿੱਖ ਕੌਮ ਦੇ 1469-2009 ਤੱਕ ਦੇ ਇਤਿਹਾਸ ਬਾਰੇ 3 ਸੈਂਚੀਆਂ ਦਾ ਸੈਟ (ਸਿੱਖ ਇਨਸਈਕਲੋਪੀਡੀਆ) ਤਿਆਰ ਕੀਤਾ ਹੈ। ਸਾਡੇ ਪੱਤਰ ਪ੍ਰੇਰਕ ਪ੍ਰੋ. ਰੇਸ਼ਮ ਸਿੰਘ ਸੈਣੀ ਨਾਲ ਹੋਈ ਇੱਕ ਇੰਟਰਵਿਉ ਦੇ ਕੁਝ ਅੰਸ਼ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।**

**ਸੈਣੀ:** ਸੀਤਲ ਜੀ ਪਤਾ ਲੱਗਾ ਹੈ ਕਿ ਤੁਸੀਂ ਸਿੱਖ ਧਰਮ ਬਾਰੇ ਇਕ ਇਨਸਾਈਕਲੋਪੀਡੀਆ ਰਿਲੀਜ਼ ਕਰਨ ਲਈ ਅਮਰੀਕਾ ਆਏ ਹੋ। ਇਸ ਬਾਰੇ ਕੁਝ ਚਾਨਣਾ ਪਾਓ।

**ਸੀਤਲ:** ਤਿੰਨ ਸੈਂਚੀਆਂ ਦੀ ਇਹ ਕਿਤਾਬ 'ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ' ਹੈ ਜਿਸ ਵਿਚ ਸਿੱਖ ਕੌਮ ਨਾਲ ਸਬੰਧਤ ਮੌਕੇ ਮੌਕੇ ਵਾਪਰੀਆਂ ਘਟਨਾਵਾਂ ਬਾਰੇ ਜਾਣਕਾਰੀ ਤਸਵੀਰਾਂ ਸਮੇਤ ਦਿੱਤੀ ਗਈ ਹੈ। ਸਿੱਖ ਕੌਮ ਨਾਲ ਸਬੰਧਤ ਬਹੁਤ ਹੀ ਸੰਖੇਪ ਰੂਪ ਵਿਚ ਨਤੀਜੇ ਪੇਸ਼ ਕੀਤੇ ਗਏ ਹਨ। ਇਸ ਵਿਚ ਤਕਰੀਬਨ 12,000 ਤਸਵੀਰਾਂ ਦਰਜ਼ ਹਨ ਜੋ 1469 ਈ. ਦੀ ਵਿਸਾਖੀ ਤੋਂ 2009 ਤੱਕ ਦੇ ਸਮੇਂ ਦਾ ਖੁਲਾਸਾ ਕਰਦੀਆਂ ਹਨ।

**ਸੈਣੀ:** ਇਸ ਨੂੰ ਤਿਆਰ ਕਰਨ ਦਾ ਖਿਆਲ ਕਿਵੇਂ ਆਇਆ?


**ਸੀਤਲ:** ਅਸਲ ਵਿਚ ਮੇਰੇ ਪਿਤਾ ਸਵਰਗੀ ਸ. ਧੰਨਵੰਤ ਸਿੰਘ ਸੀਤਲ ਬਹੁਤ ਵੱਡੇ ਸਿੱਖ ਵਿਦਵਾਨ ਸਨ, ਮੈਂ ਵੀ ਇਸੇ ਵਿਸ਼ੇ ਤੇ ਕੰਮ ਕਰਦਾ ਸੀ। ਮੈਂ 1976 'ਚ ਸ੍ਰੀ ਅੰਮ੍ਰਿਤਸਰ ਤੋਂ ਇੱਕ ਸਪਤਾਹਿਕ ਅਖਬਾਰ (ਉਭਰਦਾ ਪੰਜਾਬ) ਸ਼ੁਰੂ ਕੀਤਾ ਜਿਸ ਵਿਚ ਸਿੱਖੀ ਬਾਰੇ ਹੀ ਜਾਣਕਾਰੀ ਹੁੰਦੀ ਸੀ। 1999 ਵਿਚ ਸਿੱਖ ਪੰਥ ਵਲੋਂ ਖਾਲਸੇ ਦਾ 300 ਸਾਲਾ ਦਿਹਾੜਾ ਮਨਾਇਆ ਗਿਆ ਜਿਸ ਵਿਚ 100 ਕਰੋੜ ਰੁਪਏ ਪੰਜਾਬ ਸਰਕਾਰ ਵਲੋਂ, 100 ਕਰੋੜ ਸ਼੍ਰੋਮਣੀ ਕਮੇਟੀ ਵਲੋਂ ਅਤੇ 100 ਕਰੋੜ ਹੀ ਕੇਂਦਰ ਸਰਕਾਰ ਵਲੋਂ ਖਰਚ ਕੀਤੇ ਗਏ ਲੇਕਿਨ ਮਹਿਸੂਸ ਕੀਤਾ ਗਿਆ ਕਿ ਸਿੱਖ ਕੌਮ ਦੇ ਸਰਮਾਏ ਸਿੱਖ ਨੌਜਵਾਨਾਂ ਵਿਚ ਕੋਈ ਤਬਦੀਲੀ ਨਜ਼ਰ ਨਹੀਂ ਆਈ? ਮਨ ਉਦਾਸ ਹੋ ਗਿਆ, ਸੋਚਿਆ ਕੁਝ ਅਜਿਹਾ ਕਰਾਂ ਕਿ ਸਦੀਵੀ ਜਾਣਕਾਰੀ ਹਰ ਘਰ ਦਾ ਸ਼ਿੰਗਾਰ ਬਣੇ। ਬੱਸ ਇੱਥੋਂ ਹੀ ਅਰਦਾਸ ਕਰਕੇ ਸੰਨ 2000 ਵਿਚ ਇਹ ਪ੍ਰਾਜੈਕਟ ਸ਼ੁਰੂ ਕਰ ਦਿੱਤਾ।

**ਸੈਣੀ:** ਕੀ 'ਉਭਰਦਾ ਪੰਜਾਬ' ਅਖਬਾਰ ਅੱਜ ਵੀ ਕੱਢ ਰਹੇ ਹੋ?

**ਸੀਤਲ:** ਸੈਣੀ ਸਾਹਿਬ 1976 ਵਿਚ ਸ਼ੁਰੂ ਕਰਕੇ 1983 ਵਿਚ ਦਿੱਲੀ ਸ਼ਿਫਟ ਕਰ ਗਏ ਕਿਉਂ ਕਿ ਮੇਰੀ ਧਰਮ ਪਤਨੀ ਇੰਦਰਜੀਤ ਕੌਰ ਸੀਤਲ ਉਥੇ ਅਧਿਆਪਕ ਸਨ। ਸੰਨ 1984 ਵਿਚ ਸਿੱਖੀ ਦੀ ਨਸਲਕੁਸ਼ੀ ਵੇਲੇ ਮੇਰਾ ਦਫਤਰ ਅਤੇ ਸਾਰਾ ਸਾਮਾਨ ਵੀ ਸਾੜ ਦਿੱਤਾ ਗਿਆ। ਫਿਰ ਮੈਂ ਲੁਧਿਅਣੇ ਸ਼ਿਫਟ ਕਰ ਗਿਆ ਅਤੇ 2004 ਵਿਚ ਅਖਬਾਰ ਬੰਦ ਕਰ ਦਿੱਤਾ ਅਤੇ ਸਾਰਾ ਸਮਾਂ ਇਸ ਪ੍ਰਾਜੈਕਟ ਲਈ ਲਾਉਣ ਲੱਗਾ।

**ਸੈਣੀ:** ਇਹ ਬਹੁਤ ਵਡਾ ਪ੍ਰਾਜੈਕਟ ਸੀ, ਸਾਰੀ ਜਾਣਕਾਰੀ ਕਿੱਥੋਂ ਪ੍ਰਾਪਤ ਕੀਤੀ?

**ਸੀਤਲ:** ਕਾਫੀ ਕੁਝ ਮੇਰੇ ਪਿਤਾ ਜੀ ਦੀਆਂ




ਲਿਖਤਾਂ 'ਚੋਂ, ਫਿਰ ਦੁਨੀਆਂ ਦੀਆਂ ਮਸ਼ਹੂਰ ਪੁਸਤਕ ਭਾਵੇਂ ਉਹ ਕਿਸੇ ਵੀ ਭਾਸ਼ਾ (ਹਿੰਦੀ, ਪੰਜਾਬੀ, ਅੰਗਰੇਜ਼ੀ ਆਦਿ) ਵਿਚ ਲਿਖੀ ਗਈ ਹੈ, ਅਤੇ ਅਖਬਾਰਾਂ ਤੇ ਰਸਾਲਿਆਂ ਅਤੇ ਜਾਣਕਾਰੀ ਦੇ ਸਭ ਉਪਲਬਧ ਵਸੀਲਿਆਂ ਤੋਂ ਸਹਾਇਤਾ ਲੈ ਕੇ ਵੇਰਵੇ ਦਿੱਤੇ ਗਏ ਹਨ।

**ਸੈਣੀ:** ਕੀ ਇਹ ਜਾਣਕਾਰੀ ਕਿਸੇ ਵਿਅਕਤੀ ਵਿਸ਼ੇਸ਼ ਜਾਂ ਪਾਰਟੀ 'ਤੇ ਅਧਾਰਤ ਹੈ?

**ਸੀਤਲ:** ਨਹੀਂ ਜੀ। ਇਸ ਵਿਚ ਕਿਸੇ ਵਿਅਕਤੀ ਜਾ ਪਾਰਟੀ ਦਾ ਸਵਾਲ ਨਹੀਂ। ਹਾਂ ਸਿੱਖ ਕੌਮ ਨਾਲ ਸਬੰਧਤ ਜਾਣਕਾਰੀ ਹੈ, ਜਿਸ ਕਿਸੇ ਨੇ ਵੀ ਸਿੱਖ ਕੌਮ ਦਾ ਨੁਕਸਾਨ ਕੀਤਾ ਭਾਵੇਂ ਉਹ ਜਾਨੀ, ਮਾਲੀ ਜਾਂ ਸਿਧਾਂਤਕ ਹੈ, ਉਸ ਦਾ ਵੇਰਵਾ ਹੈ ਜਾਂ ਜਿਨ੍ਹਾਂ ਨੇ ਵੀ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਯੋਗਦਾਨ ਪਾਇਆ ਉਹ ਭਾਵੇਂ ਦੇਸ਼ ਵਿਦੇਸ਼ ਦੇ ਕਿਸੇ ਵੀ ਕੋਨੇ ਵਿਚ ਬੈਠੇ ਹਨ ਉਨ੍ਹਾਂ ਦਾ ਜ਼ਿਕਰ ਜ਼ਰੂਰ ਕੀਤਾ ਗਿਆ ਹੈ।

**ਸੈਣੀ:** ਸਿੱਖ ਸੰਸਥਾਵਾਂ ਤੋਂ ਕੋਈ ਸਹਿਯੋਗ?

**ਸੀਤਲ:** ਨਹੀਂ ਜੀ, ਬਿਲਕੁਲ ਨਹੀਂ। ਇੰਨੇ ਵੱਡੇ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨਾ ਕਿਸੇ ਇੱਕ ਵਿਅਕਤੀ ਦਾ ਕੰਮ ਨਹੀਂ। ਇਹ ਕੰਮ ਤਾਂ ਸੰਸਥਾਵਾਂ ਦੇ ਹੁੰਦੇ ਹਨ। ਮੈਂ ਪੰਜਾਬ ਸਰਕਾਰ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਲ ਵੀ ਗਿਆ ਸੀ ਪਰ ਕਿਸੇ ਤੋਂ ਕੋਈ ਸਹਿਯੋਗ ਨਹੀਂ ਮਿਲਿਆ। ਫਿਰ ਇਕੱਲਾ ਹੀ ਗੁਰੂ ਦੇ ਚਰਨਾਂ ਵਿਚ ਅਰਦਾਸ ਉਪਰੰਤ ਲੱਕ ਬੰਨ੍ਹ ਕੇ ਤੁਰ ਪਿਆ ਤੇ ਸਿੱਖੀ ਸੋਚ ਵਾਲੇ ਗੁਰੂ ਦੇ ਦਾਨੀ ਸਿੱਖਾਂ ਨੇ ਬਹੁਤ ਸਹਿਯੋਗ ਦਿੱਤਾ।

**ਸੈਣੀ:** ਫਿਰ ਸਹਿਯੋਗ ਮਿਲਿਆ ਕਿੱਥੋਂ?

**ਸੀਤਲ:** ਜਦੋਂ ਸਾਰਾ ਮਟੀਰੀਅਲ ਤਿਆਰ ਹੋਇਆ ਤਾਂ ਇਸ ਨੂੰ ਛਾਪਣ ਲਈ ਮਾਇਆ ਦੀ ਬਹੁਤ ਜ਼ਰੂਰਤ ਸੀ। ਮੈਂ 2006 ਵਿਚ ਕੈਲੀਫੋਰਨੀਆ ਗਿਆ ਜਿਥੇ ਸ. ਪਰਮਿੰਦਰ ਸਿੰਘ ਗਿੱਲ ਅਤੇ ਸ. ਜੋਹਨ ਸਿੰਘ ਗਿੱਲ ਨੂੰ ਮਿਲਿਆ। ਉਨ੍ਹਾਂ ਇਸ ਕਿਤਾਬ ਦੇ ਪਹਿਲੇ ਭਾਗ ਨੂੰ ਛਾਪਣ ਲਈ ਮਾਇਆ ਦਾ ਵਾਅਦਾ ਕੀਤਾ ਜਿਸ ਨਾਲ ਮੈਨੂੰ ਬਹੁਤ ਹੌਸਲਾ ਮਿਲਿਆ। ਫਿਰ ਮਿਸ਼ੀਗਨ ਸਟੇਟ ਤੋਂ ਸ. ਗੁਰਮੁਖ ਸਿੰਘ ਦੁਸਾਂਝ ਅਤੇ ਸ. ਸੁਰਿੰਦਰ ਸਿੰਘ ਗਰਚਾ ਵਲੋਂ ਮਿਲੇ ਹਾਂ-ਪੱਖੀ ਮਾਇਕ ਹੁੰਗਾਰੇ ਨੇ ਤਾਂ ਮੇਰਾ ਮਨ ਬਹੁਤ ਹੀ ਮਜ਼ਬੂਤ ਕਰ ਦਿੱਤਾ। ਇਸ ਤੋਂ ਇਲਾਵਾ ਸ਼ਿਕਾਗੋ ਤੋਂ ਸ. ਸੁਰਿੰਦਰ ਸਿੰਘ ਕਾਲੜਾ ਨੇ ਬਹੁਤ ਮਾਇਕ ਯੋਗਦਾਨ ਪਾਇਆ। ਇਸੇ ਤਰ੍ਹਾਂ ਨਿਊ ਯਾਰਕ ਤੋਂ ਵੀ ਅਨੇਕ ਸੱਜਣ ਹਨ ਜਿਨ੍ਹਾਂ ਦੀ ਲਿਸਟ ਬਹੁਤ ਲੰਬੀ ਹੈ।

**ਸੈਣੀ:** ਕੀ ਹੁਣ ਪੈਸੇ ਦੀ ਲੋੜ ਪੂਰੀ ਹੋ ਗਈ?

**ਸੀਤਲ:** ਨਹੀਂ ਅਜੇ ਕਾਫੀ ਘਾਟ ਹੈ। ਮੇਰਾ ਆਪਣਾ ਦਿੱਲੀ ਵਿਚ ਇੱਕ ਪਲਾਟ ਸੀ ਉਸ ਤੇ ਵੀ ਕਰਜ਼ਾ ਲਿਆ ਅਤੇ ਧਰਮ ਪਤਨੀ ਦੇ ਗਹਿਣੇ ਵੀ ਗਿਰਵੀ ਰੱਖੇ ਹੋਏ ਹਨ। ਬਾਕੀ ਹੋਰ ਵੀ ਕੁਝ ਸਿੰਘਾਂ ਨੇ ਇਸ ਕਾਰਜ ਲਈ ਮਾਇਕ ਮਦਦ ਕਰਨ ਦਾ ਭਰੋਸਾ ਦਿੱਤਾ ਹੈ।

**ਸੈਣੀ:** ਇਸ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ 'ਚ ਆਈਆਂ ਔਕੜਾ...?

**ਸੀਤਲ:** ਦੇਖੋ ਔਕੜਾਂ ਤਾਂ ਰੋਟੀ ਖਾਣ 'ਚ ਵੀ ਆਉਂਦੀਆਂ ਹਨ। ਔਕੜਾਂ ਤਾਂ ਬਹੁਤ ਆਈਆਂ ਜਿਨ੍ਹਾਂ ਨੂੰ ਇਥੇ ਬਿਆਨ ਨਹੀਂ ਕੀਤਾ ਜਾ ਸਕਦਾ। ਮੇਰੇ ਪਿਤਾ ਜੀ ਦਾ ਇੱਕੋ ਸਬਕ ਸੀ, ਰਜਿੰਦਰ ਪੁਤਰ ਆਪਣੇ ਇਸ ਰਸਤੇ ਸੀਸ ਤਲੀ 'ਤੇ ਧਰ ਕੇ ਤੁਰਨਾ ਹੈ। ਕਦੇ ਜ਼ਿੰਦਗੀ ਦਾ ਮੁਲ ਨਹੀਂ ਵੱਟਣਾ, ਵਿਕਣਾ ਨਹੀਂ। ਉਸ ਤੋਂ ਪਹਿਲਾਂ ਆਪਣੀ ਸੱਚ ਲਿਖਣ ਵਾਲੀ ਕਲਮ ਨੂੰ ਤੋੜ ਕੇ ਸੁੱਟ ਦੇਵੀਂ। ਇਹ ਸਬਕ ਯਾਦ ਕਰ ਕੇ ਮੈਂ ਮੁਸ਼ਕਿਲਾਂ ਦੀ ਥਾਂ ਸਹਿਯੋਗ ਨੂੰ ਹੀ ਯਾਦ ਕਰਕੇ ਤੁਰਿਆ ਸੀ ਜਿਸ ਬਦੌਲਤ ਅੱਜ ਇਹ ਸਾਰਾ ਕਾਰਜ਼ ਪੂਰਾ ਹੋਇਆ ਹੈ।

**ਸੈਣੀ:** ਤੁਹਾਡਾ ਆਮਦਨੀ ਦਾ ਕੋਈ ਹੋਰ ਸਾਧਨ?

**ਸੀਤਲ:** ਮੇਰੀ ਧਰਮ ਪਤਨੀ ਦੀ ਨੌਕਰੀ ਹੈ ਜਿਸ ਤੋਂ ਗੁਰੂ ਕਿਰਪਾ ਨਾਲ ਦਾਲ ਫੁਲਕਾ ਚੱਲ ਰਿਹਾ ਹੈ। ਇਸ ਪ੍ਰਾਜੈਕਟ ਪਿੱਛੇ ਉਸ ਦੀ ਬਹੁਤ ਘਾਲਣਾ ਅਤੇ ਸਿਦਕ ਹੈ।

**ਸੈਣੀ:** ਇਸ ਕਿਤਾਬ ਨੂੰ ਕਿੱਥੇ ਅਤੇ ਕਦੋਂ ਰਿਲੀਜ਼ ਕਰ ਰਹੇ ਹੋ?

**ਸੀਤਲ:** ਟੀਚਾ ਤਾਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ 'ਤੇ ਇਸੇ ਸਾਲ ਨਵੰਬਰ ਮਹੀਨੇ ਦਾ ਹੈ ਲੇਕਿਨ ਅਜੇ ਕਿਤਾਬਾਂ ਦੀ ਸ਼ਿਪਮੈਂਟ ਨਹੀਂ ਪਹੁੰਚੀ। ਉਸ ਦੀ ਹੀ ਇੰਤਜ਼ਾਰ ਕਰ ਰਹੇ ਹਾਂ। ਇਸ ਦਾ ਪਹਿਲਾ ਭਾਗ ਨਿਊ ਯਾਰਕ ਤੋਂ, ਦੂਸਰਾ ਮਿਸ਼ੀਗਨ ਅਤੇ ਤੀਸਰਾ ਕੈਲੀਫੋਰਨੀਆ ਤੋਂ ਰਿਲੀਜ਼ ਕੀਤਾ ਜਾਵੇਗਾ। ਲੇਕਿਨ ਇਸ ਦਾ ਅੰਗਰੇਜ਼ੀ ਰੂਪ ਕੈਨੇਡਾ ਤੋਂ ਰਿਲੀਜ਼ ਕੀਤਾ ਜਾਵੇਗਾ।

**ਸੈਣੀ:** ਅਮਰੀਕਾ ਤੋਂ ਹੀ ਕਿਉਂ?

**ਸੀਤਲ:** ਮੈਨੂੰ ਮਾਇਕ ਅਤੇ ਦਿਮਾਗੀ ਸਹਿਯੋਗ ਇੱਥੋਂ ਹੀ ਮਿਲਿਆ। ਸੋਚਦਾ ਹਾਂ ਕਿ ਸਿੱਖੀ ਦੇ ਅਸਲ ਹਮਦਰਦ ਵੀ ਇੱਥੇ ਅਤੇ ਇਹੀ ਹਨ, ਇਸੇ ਕਰੇ ਸੋਚਿਆ ਕਿ ਜਿਨ੍ਹਾਂ ਨੇ ਇਤਨਾ ਸਹਿਯੋਗ ਦਿੱਤਾ ਉਨ੍ਹਾਂ ਦੇ ਹੱਥੋਂ ਹੀ ਇਸ ਨੂੰ ਰਿਲੀਜ ਕਰਵਾਇਆ ਜਾਵੇ।

**ਸੈਣੀ:** ਕੌਣ ਹਨ ਉਹ?

**ਸੀਤਲ:** ਇਕ ਆਰਗੇਨਾਈਜ਼ਿੰਗ ਕਮੇਟੀ ਬਣਾਈ ਹੈ ਜਿਸ ਵਿਚ ਸ. ਭੁਪਿੰਦਰ ਸਿੰਘ ਬੋਪਾਰਾਏ, ਗੁਰਮੁਖ ਸਿੰਘ ਦੁਸਾਂਝ, ਸੁਰਿੰਦਰ ਸਿੰਘ ਗਰਚਾ, ਰਘਬੀਰ ਸਿੰਘ ਸੁਭਾਨਪੁਰ, ਜੌਹਨ ਸਿੰਘ ਗਿੱਲ, ਸੁਰਿੰਦਰ ਸਿੰਘ ਕਾਲੜਾ, ਕੁਲਦੀਪ ਸਿੰਘ ਟੋਲੀਡੋ, ਪ੍ਰੀਤਮ ਸਿੰਘ ਗਿਲਜੀਆਂ, ਪਰਮਿੰਦਰ ਸਿੰਘ ਗਰੇਵਾਲ, ਬੀਬੀ ਇੰਦਰਜੀਤ ਕੌਰ (ਸਵਰਗੀ ਸ. ਹਰਭਜਨ ਸਿੰਘ ਯੋਗੀ ਦੀ ਪਤਨੀ), ਕੁਲਬੀਰ ਸਿੰਘ ਪੁਰੀ, ਰਘਬੀਰ ਸਿੰਘ ਆਦਿ।

**ਸੈਣੀ:** ਜਿਸ ਤਰ੍ਹਾਂ ਸੁਣਿਆਂ ਜਾਂ ਤੁਸੀਂ ਦੱਸਿਆ, ਇਹ ਕਿਤਾਬ ਸਿੱਖੀ ਨੂੰ ਸਮਰਪਿਤ ਹੈ ਤੇ ਹਰ ਸਿੱਖ ਪਰਿਵਾਰ ਦੇ ਘਰ 'ਚ ਹੋਣੀ ਜ਼ਰੂਰੀ ਹੈ। ਅਰਦਾਸ ਕਰਦੇ ਹਾਂ ਕਿ ਪਰਮਾਤਮਾ ਤੁਹਾਨੂੰ ਬਲ ਬਖਸ਼ੇ। ਕੁਝ ਹੋਰ ਕਹਿਣਾ ਚਾਹੋਗੇ?

**ਸੀਤਲ:** ਇਹੀ ਕਹਿਣਾ ਚਾਹਾਂਗਾ ਕਿ ਅਸੀਂ ਦਸਮੇਸ਼ ਪਿਤਾ ਜੀ ਦੇ ਬਹੁਤ ਵੱਡੇ ਕਰਜ਼ਦਾਰ ਹਾਂ। ਦਿਨੋਂ ਦਿਨ ਸਿੱਖੀ ਤੋਂ ਬੱਚਿਆਂ ਦੇ ਪਤਿਤ ਹੋਣ ਨਾਲ ਕਰਜ਼ਾ ਵਧਦਾ ਹੀ ਜਾ ਰਿਹਾ ਹੈ। ਅਗਰ ਸਾਡੇ ਮਾਣਮੱਤੇ ਕੁਰਬਾਨੀਆਂ ਭਰੇ ਇਤਿਹਾਸ ਬਾਰੇ ਜਾਣਕਾਰੀ ਪੜ੍ਹ-ਸਮਝ ਕੇ ਕੋਈ ਵੀ ਬੱਚਾ ਅਗਰ ਸਿੱਖੀ ਵਲ ਮੁੜ ਪਰਤ ਆਵੇ ਤਾਂ ਮੈਂ ਸਮਝਾਂਗਾ ਕਿ ਸਾਡਾ ਇਹ ਪ੍ਰਾਜੈਕਟ ਸਫਲ ਹੈ।



*ਰਜਿੰਦਰ ਸਿੰਘ ਸੀਤਲ*

ਇਹ ਇਨਸਾਈਕਲੋਪੀਡੀਆ ਸਿੱਖੀ ਸ਼ਾਨ ਲਈ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਸਾਰੇ ਹੀ ਸ਼ਹੀਦਾਂ ਨੂੰ ਸਮਰਪਿਤ ਹੈ।


ਹੋਰ ਜਾਣਕਾਰੀ ਲੈਣ ਲਈ ਸ. ਸੀਤਲ ਨਾਲ ਫੋਨ 703-606-1473 ਜਾਂ ਈਮੇਲ rajindersinghsital@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।










*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:wwwpunjabtimesusa.com*


# ਆਮ ਆਦਮੀ ਵਲੋਂ ਕੀਤਾ ਗਿਆ ਖਾਸ ਉਪਰਾਲਾ



**ਸਟਾਕਟਨ (ਸ਼ਾਦ):** ਇਨ੍ਹੀਂ ਦਿਨੀਂ ਯੂ ਟਿਊਬ ਉਪਰ ਪਾਇਆ ਗਿਆ ਇਕ ਗੀਤ "ਆਪੇ ਕਰ ਕਰ ਭੁਲਾਂ ਬਖਸ਼ਾਈ ਜਾਂਦੇ ਆ" ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਗੀਤ ਵਿਚ ਨੌਜਵਾਨ ਗਾਇਕ ਬਲਜਿੰਦਰ ਸਿੰਘ ਨੇ ਜਥੇਦਾਰਾਂ ਹੱਥੋਂ ਸੰਤਾਪ ਹੰਢਾ ਰਹੀ ਸਿੱਖ ਕੌਮ ਦੀ ਕਸਕ ਨੂੰ ਅਤੇ ਪ੍ਰਭਾਵਹੀਣ ਹੁੰਦੀ ਜਾ ਰਹੀ ਸਿੱਖ ਸਿਆਸਤ ਨੂੰ ਚਿਤਰਿਆ ਹੈ। ਉਸ ਦੇ ਭਰਾ ਸੁਖਚੈਨ ਸਿੰਘ ਸੰਧੂ (ਸਿਆਟਲ) ਦੀ ਕਲਮ ਵਿਚੋਂ ਨਿਕਲਿਆ ਇਹ ਗੀਤ ਖੜੇ ਪਾਣੀਆਂ ਵਿਚ ਤਰੰਗਾਂ ਛੇੜਨ ਦੀ ਸਮਰੱਥਾ ਰਖਦਾ ਹੈ।

ਬਲਜਿੰਦਰ ਸਿੰਘ ਪੇਸ਼ੇ ਵਜੋਂ ਇਕ ਬਿਜਨਸਮੈਨ ਹੈ ਅਤੇ ਪੇਸ਼ੇਵਰ ਗਾਇਕ ਨਹੀਂ ਪਰ ਇਸ ਆਮ ਇਨਸਾਨ ਵਲੋਂ ਪੇਸ਼ ਕੀਤੇ ਗਏ ਇਸ ਗੀਤ ਦੀ ਤਾਰੀਫ ਸੁਣਨ ਵਾਲੇ ਦੇ ਮੂੰਹੋਂ ਸਹਿਜਭਾਅ ਹੀ ਨਿਕਲ ਜਾਂਦੀ ਹੈ। ਯੂ ਟਿਊਬ ਉਤੇ ਇਹ ਗੀਤ 'ਸੌਂਗ ਅਬਾਊਟ ਅਕਾਲ ਤਖਤ' ਪਾ ਕੇ ਸੁਣਿਆ ਜਾ ਸਕਦਾ ਹੈ।







# ਪਰਵਾਸੀ ਪੰਜਾਬੀ ਪੰਜਾਬ ਦੀ ਸਿਆਸਤ 'ਚ ਸਰਗਰਮ ਹੋਣ-ਜੱਸੀ ਖੰਗੂੜਾ

**ਸ਼ਿਕਾਗੋ:** "ਸਿਆਸੀ, ਸਮਾਜਕ ਅਤੇ ਆਰਥਕ ਪੱਖੋਂ ਪੰਜਾਬ ਇਸ ਸਮੇਂ ਤਬਾਹੀ ਦੇ ਜਿਸ ਮੁਕਾਮ 'ਤੇ ਪਹੁੰਚਿਆ ਹੋਇਆ ਹੈ, ਉਸ ਤੋਂ ਬਚਾਉਣ ਲਈ ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਦਾ ਦਰਦ ਮਹਿਸੂਸ ਕਰਦਿਆਂ ਪੰਜਾਬ ਵਿਚ ਜਾ ਕੇ ਸਰਗਰਮ ਹੋਣਾ ਹੀ ਪਵੇਗਾ।" ਇਹ ਸ਼ਬਦ ਕਿਲਾ ਰਾਏਪੁਰ ਹਲਕੇ ਤੋਂ ਵਿਧਾਇਕ ਸ੍ਰੀ ਜੱਸੀ ਖੰਗੂੜਾ ਨੇ ਇਥੇ ਵਾਇਸਰਾਏ ਆਫ ਇੰਡੀਆ, ਲੌਮਬਾਰਡ ਵਿਚ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਇਲੀਨਾਏ ਦੇ ਸੱਦੇ ਉਤੇ ਮਿਡਵੈਸਟ ਦੀਆਂ ਵਖ ਵਖ ਸਟੇਟਾਂ-ਇਲੀਨਾਏ, ਇੰਡੀਆਨਾ, ਮਿਸ਼ੀਗਨ, ਵਿਸਕਾਨਸਿਨ, ਆਇਓਵਾ, ਓਹਾਇਓ, ਮਿਸੀਸਿਪੀ ਆਦਿ ਤੋਂ ਜੁੜੇ ਪਤਵੰਤੇ ਸੱਜਣਾਂ ਦੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਆਖੇ। ਸ੍ਰੀ ਖੰਗੂੜਾ ਇਨ੍ਹੀਂ ਦਿਨੀਂ ਅਮਰੀਕਾ ਦੇ ਨਿਜੀ ਦੌਰੇ ਤੇ ਆਏ ਹੋਏ ਹਨ। ਉਨ੍ਹਾਂ ਦੇ ਨਾਲ ਉਨ੍ਹਾਂ ਦੀ ਧਰਮ ਪਤਨੀ ਤੇ ਬੱਚੇ ਅਤੇ ਭਰਾ ਕਮਲ ਖੰਗੂੜਾ ਵੀ ਮੌਜੂਦ ਸਨ।



















ਖੁਦ ਪ੍ਰਵਾਸੀ ਪਿਛੋਕੜ ਦੇ ਸ੍ਰੀ ਖੰਗੂੜਾ, ਜੋ ਕਿ ਕੋਈ 40 ਸਾਲ ਇੰਗਲੈਂਡ ਰਹਿਣ ਉਪਰੰਤ ਭਾਰਤ ਵਾਪਸ ਪਰਤ ਕੇ ਪੰਜਾਬ ਦੀ ਸਿਆਸਤ ਵਿਚ ਸਰਗਰਮ ਹੋਏ ਸਨ, ਨੇ ਪ੍ਰਵਾਸੀ ਪੰਜਾਬੀਆਂ ਨੂੰ ਸੱਦਾ ਦਿਤਾ ਕਿ ਉਹ ਪੰਜਾਬ ਦੀ ਸਿਆਸਤ ਵਿਚ ਸਰਗਰਮ ਹੋਣ। ਅਗਲੀ ਵਿਧਾਨ ਸਭਾ ਜਾਂ ਉਸ ਤੋਂ ਅਗਲੀ ਵਿਧਾਨ ਸਭਾ ਵਿਚ ਚੋਣਾਂ ਜਿੱਤ ਕੇ ਵਧ ਤੋਂ ਵਧ ਵਿਧਾਇਕ ਪਹੁੰਚਣ, ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹੋਣ। ਆਪਣੀ ਗੱਲ ਨੂੰ ਦਲੀਲ ਦਿੰਦਿਆਂ ਉਨ੍ਹਾਂ ਕਿਹਾ ਕਿ ਅਸੀਂ ਅਮਰੀਕਾ, ਇੰਗਲੈਂਡ, ਕੈਨੇਡਾ ਆਦਿ ਮੁਲਕਾਂ ਵਿਚ ਰਹਿ ਕੇ ਇਥੋਂ ਦੇ ਸਾਫ-ਸੁਥਰੇ ਸਿਸਟਮ ਨੂੰ ਦੇਖ ਚੁਕੇ ਹਾਂ ਅਤੇ ਪੰਜਾਬ ਨੂੰ ਇਸ ਵੇਲੇ ਇਕ ਸਾਫ-ਸੁਥਰੇ ਸਿਸਟਮ ਦੀ ਲੋੜ ਹੈ। ਇਸ ਵੇਲੇ ਭਾਵੇਂ ਉਹ ਇਕੱਲੇ ਪ੍ਰਵਾਸੀ ਮੂਲ ਦੇ ਵਿਧਾਇਕ ਹਨ ਪਰ ਉਹ ਹਮੇਸ਼ਾਂ ਪ੍ਰਵਾਸੀਆਂ ਦੇ ਮਾਮਲੇ ਗੰਭੀਰਤਾ ਨਾਲ ਉਠਾਉਂਦੇ ਰਹਿੰਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਕੇਵਲ ਪ੍ਰਵਾਸੀ ਹੀ ਪੰਜਾਬ ਦਾ ਦਰਦ ਮਹਿਸੂਸ ਕਰ ਸਕਦੇ ਹਨ ਅਤੇ ਪੰਜਾਬ ਨੂੰ ਮੁੜ ਤਰੱਕੀ ਦੇ ਰਾਹ ਪਾ ਸਕਦੇ ਹਨ।

ਠੇਠ ਮਲਵਈ ਲਹਿਜੇ ਅਤੇ ਗੜ੍ਹਕੇ ਵਾਲੇ ਸੁਰ ਵਿਚ ਪ੍ਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਦੀ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਇਸ ਸਮੇਂ ਤਿੰਨ ਸਮੱਸਿਆਵਾਂ ਅਹਿਮ ਹਨ-ਪ੍ਰਵਾਸੀਆਂ ਵਿਰੁਧ ਪੁਲਿਸ ਕੇਸ, ਮਾਲ ਮਹਿਕਮੇ ਅਤੇ ਭੂ-ਮਾਫੀਏ ਦੀ ਮਿਲੀ ਭੁਗਤ ਨਾਲ ਪ੍ਰਵਾਸੀ ਪੰਜਾਬੀਆਂ ਦੀ ਜ਼ਮੀਨ-ਜਾਇਦਾਦ ਉਤੇ ਨਜਾਇਜ਼ ਕਬਜ਼ੇ ਅਤੇ ਪ੍ਰਵਾਸੀ ਵਿਆਹ-ਸ਼ਾਦੀ ਦੇ ਮਾਮਲੇ। ਕੈਪਟਨ ਅਮਰਿੰਦਰ ਸਿੰਘ ਦੇ ਕਾਂਗਰਸ ਦਾ ਪ੍ਰਧਾਨ ਬਣਨ ਉਤੇ ਖੁਸ਼ੀ ਪ੍ਰਗਟਾਉਂਦਿਆਂ ਸ੍ਰੀ ਖੰਗੂੜਾ ਨੇ ਆਖਿਆ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਆਉਣ ਵਾਲੀ ਸਰਕਾਰ ਕਾਂਗਰਸ ਦੀ ਹੀ ਬਣੇਗੀ ਅਤੇ ਉਹ ਉਪਰੋਕਤ ਸਮੱਸਿਆਵਾਂ ਦੇ ਹੱਲ ਲਈ ਪੂਰਾ ਟਿੱਲ ਲਾਉਣਗੇ। ਕੈਪਟਨ ਅਮਰਿੰਦਰ ਸਿੰਘ ਨਾਲ ਇਸ ਬਾਰੇ ਉਹ ਪਹਿਲਾਂ ਹੀ ਵਿਚਾਰ ਕਰ ਚੁਕੇ ਹਨ। ਇਨ੍ਹਾਂ ਸਮੱਸਿਆਵਾਂ ਦੇ ਹੱਲ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਕੋਸ਼ਿਸ਼ ਕਰਨਗੇ ਕਿ ਪ੍ਰਵਾਸੀਆਂ ਬਾਰੇ ਕੋਈ ਵੀ ਕੇਸ ਘੱਟੋ-ਘੱਟ ਐਸ ਪੀ ਰੈਂਕ ਦੇ ਅਫਸਰ ਦੀ ਪ੍ਰਵਾਨਗੀ ਤੋਂ ਬਿਨਾ ਦਰਜ ਨਾ ਹੋਵੇ, ਮਾਲ ਮਹਿਕਮੇ ਅਤੇ ਭੂ-ਮਾਫੀਏ ਦੇ ਕੁਚੱਕਰ ਤੋਂ ਪ੍ਰਵਾਸੀਆਂ ਨੂੰ ਬਚਾਉਣ ਲਈ ਉਨ੍ਹਾਂ ਇਕ ਅਜਿਹੀ ਐਨ ਆਰ ਆਈ ਪ੍ਰਾਪਰਟੀ ਪਰੋਟੈਕਟਰ ਅਥਾਰਟੀ ਬਣਾਉਣ ਦੀ ਗੱਲ ਕੀਤੀ ਜਿਸ ਪਾਸ ਰਜਿਸਟਰ ਕਰਵਾਈ ਗਈ ਕਿਸੇ ਵੀ ਐਨ ਆਰ ਆਈ ਜਾਇਦਾਦ ਦੀ ਗਲਤ ਕਬਜ਼ੇ ਤੋਂ ਰਾਖੀ ਦੀ ਜਿੰਮੇਵਾਰੀ ਸਰਕਾਰ ਸਿਰ ਹੋਵੇ। ਪ੍ਰਵਾਸੀ ਵਿਆਹਾਂ ਦੇ ਮਸਲਿਆਂ ਨੂੰ ਛੂਹਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸੁਝਾਅ ਹੈ ਕਿ ਕੋਈ ਵੀ ਪ੍ਰਵਾਸੀ ਵਿਆਹ ਦੋਹਾਂ ਪਾਸਿਆਂ ਦੇ ਘਟੋ ਘਟ ਤਿੰਨ ਹਵਾਲਿਆਂ ਤੋਂ ਬਿਨਾ ਨਾ ਹੋਵੇ, ਇਸ ਨਾਲ ਜਿੰਮੇਵਾਰੀ ਆ ਜਾਣ ਕਰ ਕੇ ਨਿਸ਼ਚਿਤ ਤੌਰ 'ਤੇ ਸਮੱਸਿਆਵਾਂ ਘੱਟਣਗੀਆਂ।



ਬੜੇ ਧਿਆਨ ਨਾਲ ਗੱਲ ਸੁਣ ਰਹੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਖੰਗੂੜਾ ਨੇ ਪੰਜਾਬ ਦੀ ਸਿਆਸਤ ਦੇ ਨਿਘਾਰ ਦੀ ਗੱਲ ਕਰਦਿਆਂ ਭਰੇ ਮਨ ਨਾਲ ਆਖਿਆ ਕਿ ਇਸ ਸਮੇਂ ਹਾਲਤ ਅਜਿਹੀ ਬਣ ਗਈ ਹੈ ਕਿ ਕਈ ਵਾਰ ਇਹ ਦਸਦਿਆਂ ਵੀ ਸ਼ਰਮ ਆਉਂਦੀ ਹੈ ਕਿ ਮੈਂ ਵਿਧਾਇਕ ਹਾਂ। ਕਾਰਨ ਇਹ ਕਿ ਅਜ ਵਿਧਾਇਕ ਲੋਕਾਂ ਵਿਰੁਧ ਝੂਠੇ-ਸੱਚੇ ਕੇਸ ਕਰਾਉਣ, ਭ੍ਰਿਸ਼ਟਾਚਾਰ ਰਾਹੀਂ ਪੈਸਾ ਕਮਾਉਣ ਅਤੇ ਸਰਕਾਰ ਨੂੰ ਦੋਹੀਂ ਹੱਥੀਂ ਲੁਟਣ ਵਾਲੇ ਲੁਟੇਰੇ ਬਣ ਕੇ ਰਹਿ ਗਏ ਹਨ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਪੈਸਾ ਕਮਾਉਣ ਦੇ ਲਾਲਚ ਕਰ ਕੇ ਪੰਜਾਬ ਦੀ ਸਿਆਸਤ ਵਿਚ ਦਾਖਲ ਨਹੀਂ ਹੋਇਆ, ਸਗੋਂ ਲੋਕਾਂ ਦੀ ਸੇਵਾ ਕਰਨ ਦੇ ਜਜ਼ਬੇ ਨਾਲ ਸਿਆਸਤ ਵਿਚ ਆਇਆ ਹੈ, ਪੈਸਾ ਤਾਂ ਉਹ ਇੰਗਲੈਂਡ ਰਹਿ ਕੇ ਹੀ ਬਥੇਰਾ ਕਮਾ ਸਕਦੇ ਸਨ। ਉਨ੍ਹਾਂ ਇਸ ਮੌਕੇ ਆਪਣੇ ਵਲੋਂ ਸ਼ੁਰੂ ਕੀਤੇ ਡੇਅਰੀ ਫਾਰਮ ਪ੍ਰਾਜੈਕਟ, ਹੋਟਲ ਸਨਅਤ ਲਈ ਟਰੇਨਿੰਗ ਪ੍ਰਾਜੈਕਟ ਅਤੇ ਸਿੱਖਿਆ ਦੇ ਖੇਤਰ ਵਿਚ ਕੀਤੇ ਕੰਮਾਂ ਦਾ ਜ਼ਿਕਰ ਕੀਤਾ। ਉਨ੍ਹਾਂ ਦਸਿਆ ਕਿ ਉਨ੍ਹਾਂ ਵਲੋਂ ਸ਼ੁਰੂ ਕੀਤੇ ਗਏ ਡੇਅਰੀ ਪ੍ਰਾਜੈਕਟ ਵਿਚ ਇਸ ਸਮੇਂ ਘਟੋ ਘਟ 800 ਬੀਬੀਆਂ ਨੂੰ ਰੁਜਗਾਰ ਮਿਲਿਆ ਹੋਇਆ ਹੈ ਅਤੇ ਇਹ ਗਿਣਤੀ ਜਲਦ ਹੀ 3000 ਤੋਂ ਵੱਧ ਜਾਏਗੀ।



ਆਪਣੇ ਦਾਦੇ ਸਹੁਰੇ ਸਵਰਗੀ ਸ. ਪ੍ਰਤਾਪ ਸਿੰਘ ਕੈਰੋਂ ਦੇ ਸਮੇਂ ਨੂੰ ਚੇਤੇ ਕਰਦਿਆਂ ਸ੍ਰੀ ਖੰਗੂੜਾ ਨੇ ਆਖਿਆ ਕਿ ਜੇ ਅਜ ਪੰਜਾਬ ਬਚਿਆ ਹੋਇਆ ਹੈ ਤਾਂ ਸਰਦਾਰ ਕੈਰੋਂ ਵਲੋਂ ਰਖੀਆਂ ਗਈਆਂ ਵਿਕਾਸ ਦੀਆਂ ਪੱਕੀਆਂ ਨੀਹਾਂ ਕਰ ਕੇ ਹੈ। ਸ. ਕੈਰੋਂ ਹੀ ਇਕੋ ਇਕ ਕਾਂਗਰਸੀ ਮੁਖ ਮੰਤਰੀ ਹੋਏ ਹਨ ਜੋ ਇਕ ਤੋਂ ਵੱਧ ਵਾਰ ਮੁਖ ਮੰਤਰੀ ਬਣੇ। ਉਨ੍ਹਾਂ ਆਸ ਜਾਹਰ ਕੀਤੀ ਕਿ ਕੈਪਟਨ ਅਮਰਿੰਦਰ ਸਿੰਘ ਦੂਜੇ ਕਾਂਗਰਸੀ ਹੋਣਗੇ ਜੋ ਦੂਜੀ ਵਾਰ ਹੋਰ ਡੇਢ ਸਾਲ ਨੂੰ ਹੋਣ ਵਾਲੀਆਂ ਚੋਣਾਂ ਵਿਚ ਕਾਮਯਾਬ ਹੋ ਕੇ ਮੁਖ ਮੰਤਰੀ ਬਣਨਗੇ। ਉਨ੍ਹਾਂ ਇਹ ਵੀ ਆਸ ਪ੍ਰਗਟਾਈ ਕਿ ਅਗਲੀ ਕੈਪਟਨ ਸਰਕਾਰ ਸਮੇਂ ਪੰਜਾਬ ਦੇ ਵਿਕਾਸ ਨੂੰ ਨਵੀਂ ਦਿਸ਼ਾ ਦਿਤੀ ਜਾ ਸਕੇਗੀ, ਕਿਉਂਕਿ ਕਾਂਗਰਸ ਹੀ ਇਕੋ ਇਕ ਪਾਰਟੀ ਹੈ ਜਿਸ ਵਿਚ ਨੌਜਵਾਨਾਂ ਨੂੰ ਵੀ ਬਣਦੀ ਨੁਮਾਇੰਦਗੀ ਦਿਤੀ ਗਈ ਹੈ। ਉਨ੍ਹਾਂ ਆਖਿਆ ਕਿ ਇਕ ਵਿਧਾਇਕ ਵਜੋਂ ਉਹ ਪੰਜਾਬ ਦੇ ਵਿਗੜੇ ਸਿਸਟਮ ਨੂੰ ਸੁਧਾਰਨ ਲਈ ਆਪਣੀ ਜਦੋ-ਜਹਿਦ ਨਿਰੰਤਰ ਜਾਰੀ ਰਖਣਗੇ ਅਤੇ ਨਾਲ ਇਹ ਵੀ ਕਿਹਾ ਕਿ ਕਿਸੇ ਕ੍ਰਿਸ਼ਮੇ ਦੀ ਆਸ ਨਹੀਂ ਰਖੀ ਜਾ ਸਕਦੀ ਕਿਉਂਕਿ ਪਿਛਲੇ 50 ਸਾਲਾਂ ਵਿਚ ਉਤੋੜਿਤੀ ਆਈਆਂ ਸਰਕਾਰਾਂ ਦੀ ਨਾਲਾਇਕੀ ਕਰ ਕੇ ਪੰਜਾਬ ਦਾ ਸਮੁਚਾ ਸਿਸਟਮ ਬਹੁਤ ਜਿਆਦਾ ਨਿਘਰ ਚੁਕਾ ਹੈ। ਭ੍ਰਿਸ਼ਟਾਚਾਰ ਆਪਣੇ ਆਪ ਵਿਚ ਇਕ ਸੰਸਥਾ ਬਣ ਚੁਕਾ ਹੈ। ਉਹ ਇਹ ਤਾਂ ਨਹੀਂ ਕਹਿ ਸਕਦੇ ਕਿ ਕੈਪਟਨ ਸਰਕਾਰ ਬਣਨ 'ਤੇ ਭ੍ਰਿਸ਼ਟਾਚਾਰ ਖਤਮ ਹੋ ਜਾਏਗਾ, ਇਹ ਜਰੂਰ ਕਹਿ ਸਕਦੇ ਹਨ ਕਿ ਭ੍ਰਿਸ਼ਟ ਲੋਕ ਨਿਡਰ ਹੋ ਕੇ ਵਢੀ ਨਹੀਂ ਲੈ ਸਕਣਗੇ।



ਇਸ ਤੋਂ ਪਹਿਲਾਂ ਬੋਲਦਿਆਂ ਵਖ ਵਖ ਬੁਲਾਰਿਆਂ ਨੇ ਪੰਜਾਬ ਵਿਚ ਰਿਸ਼ਵਤਖੋਰੀ, ਭੂ-ਮਾਫੀਏ ਦੇ ਕਬਜ਼ਿਆਂ ਅਤੇ ਹੋਰ ਐਨ ਆਰ ਸਮੱਸਿਆਵਾਂ ਤੋਂ ਇਲਾਵਾ ਪੰਜਾਬ ਦੀ ਨਿਰੰਤਰ ਡਿਗ ਰਹੀ ਵਿਕਾਸ ਦਰ ਉਤੇ ਚਿੰਤਾ ਪ੍ਰਗਟਾਈ। ਡਾ. ਰਛਪਾਲ ਸਿੰਘ ਬਾਜਵਾ ਨੇ ਸ੍ਰੀ ਖੰਗੂੜਾ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਪੰਜਾਬ ਵਿਚ ਵੈਟਰਨਰੀ ਸਾਇੰਸ ਨੂੰ ਹੁਲਾਰਾ ਦੇ ਕੇ ਵੈਟਰਨਰੀ ਡਾਕਟਰਾਂ ਲਈ ਵਿਦੇਸ਼ਾਂ ਵਿਚ ਰੁਜਗਾਰ ਦਾ ਰਾਹ ਖੋਲ੍ਹਿਆ ਜਾ ਸਕਦਾ ਹੈ। ਸ੍ਰੀ ਭੁਪਿੰਦਰ ਸਿੰਘ ਹੁੰਦਲ ਨੇ ਖੰਗੂੜਾ ਪਰਿਵਾਰ ਨਾਲ ਆਪਣੇ ਪੁਰਾਣੇ ਪਰਿਵਾਰਕ ਸਬੰਧਾਂ ਦਾ ਜ਼ਿਕਰ ਕੀਤਾ। ਪੰਜਾਬ ਲਾਇਨਜ਼ ਕਲੱਬ ਸ਼ਿਕਾਗੋ ਦੇ ਪ੍ਰਧਾਨ ਸ. ਗਿਆਨ ਸਿੰਘ ਸੀਹਰਾ ਨੇ ਪੰਜਾਬ ਵਿਚ ਸਿੱਖਿਆ ਦੇ ਨਿੱਘਰ ਰਹੇ ਮਿਆਰ ਉਤੇ ਚਿੰਤਾ ਪ੍ਰਗਟਾਈ। ਵਿਸਕਾਨਸਿਨ ਤੋਂ ਆਏ ਅੰਮ੍ਰਿਤਪਾਲ ਗਿੱਲ ਨੇ ਭੂ-ਮਾਫੀਏ ਵਲੋਂ ਉਨ੍ਹਾਂ ਦੀ ਆਪਣੀ ਜ਼ਮੀਨ ਉਤੇ ਕਬਜ਼ਾ ਕੀਤੇ ਜਾਣ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਜਿਹੜੀ ਜ਼ਮੀਨ ਉਨ੍ਹਾਂ ਦੇ ਬਜੁਰਗਾਂ ਨੇ 1937 ਵਿਚ ਪੈਸੇ ਤਾਰ ਕੇ ਖਰੀਦੀ ਸੀ ਅਤੇ ਉਸ ਦੀ ਰਜਿਸਟਰੀ ਵੀ ਉਨ੍ਹਾਂ ਦੇ ਪਰਿਵਾਰ ਪਾਸ ਹੈ, ਮਾਲ ਮਹਿਕਮੇ ਅਤੇ ਭੂ-ਮਾਫੀਏ ਦੀ ਮਿਲੀ ਭੁਗਤ ਕਰ ਕੇ ਕਿਸੇ ਹੋਰ ਦੇ ਨਾਂ ਬੋਲ ਰਹੀ ਹੈ, ਜਿਸ ਨੂੰ ਦਰੁਸਤ ਕਰਾਉਣ ਲਈ ਉਨ੍ਹਾਂ ਨੂੰ ਕਈ ਸਾਲਾਂ ਤੋਂ ਜਦੋ-ਜਹਿਦ ਕਰਨੀ ਪੈ ਰਹੀ ਹੈ। ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਦੇ ਸਾਬਕਾ ਪ੍ਰਧਾਨ ਡਾ. ਗੁਰਦਿਆਲ ਸਿੰਘ ਬਸਰਾਨ, ਸ਼ੇਰੇ ਪੰਜਾਬ ਸਪੋਰਟਸ ਕਲੱਬ ਦੇ ਪ੍ਰਧਾਨ ਅਮਰਦੇਵ ਸਿੰਘ ਬਦੇਸਾ, ਇੰਡੀਅਨ ਹੈਰੀਟੇਜ਼ ਆਰਗੇਨਾਈਜੇਸ਼ਨ ਆਇਓਵਾ ਦੇ ਪ੍ਰਧਾਨ ਸ. ਕਮਲਜੀਤ ਸੰਘਾ, ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਅਜੈਬ ਸਿੰਘ ਲੱਖਣ, ਮੀਤ ਪ੍ਰਧਾਨ ਸੰਤੋਖ ਸਿੰਘ ਡੀ ਸੀ, ਜਨਰਲ ਸਕੱਤਰ ਨਰਿੰਦਰ ਸਿੰਘ ਸਰਾਂ, ਸਕੱਤਰ ਅਜਮੇਰ ਸਿੰਘ ਪੰਨੂ ਤੇ ਸਤਿੰਦਰ ਸਿੰਘ ਸੁਸਾਣਾ ਅਤੇ ਕੁਝ ਹੋਰ ਬੁਲਾਰਿਆਂ ਨੇ ਸ੍ਰੀ ਖੰਗੂੜਾ ਨੂੰ ਜੀ ਆਇਆਂ ਆਖਦਿਆਂ ਭਰੋਸਾ ਦਿਤਾ ਕਿ ਉਹ ਅਗਲੀਆਂ ਚੋਣਾਂ ਵਿਚ ਉਨ੍ਹਾਂ ਲਈ ਹਰ ਤਰ੍ਹਾਂ ਦੀ ਮਦਦ ਜੁਟਾਉਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਲਾਸ ਏਂਜਲਸ ਤੋਂ ਗੈਰੀ ਗਰੇਵਾਲ, ਐਨ ਆਰਬਰ, ਮਿਸ਼ੀਗਨ ਤੋਂ ਬਲਬੀਰ ਸਿੰਘ ਗਰੇਵਾਲ, ਫਰਿਜ਼ਨੋ, ਕੈਲੀਫੋਰਨੀਆ ਤੋਂ ਮੇਜਰ ਦਿਓਲ, ਸਿਆਟਲ ਤੋਂ ਚੰਨਾ ਆਲਮਗੀਰ ਅਤੇ ਜਸਵਿੰਦਰ ਸਿੰਘ ਸੇਖੋਂ, ਆਇਓਵਾ ਤੋਂ ਸੋਹਣ ਸਿੰਘ ਗਿੱਲ, ਇੰਡੀਅਨਐਪੋਲਿਸ ਤੋਂ ਮਨਜੀਤ ਨਾਗਰਾ ਤੇ ਉਨ੍ਹਾਂ ਦੇ ਸਾਥੀ, ਕੈਲਮਜ਼ੂ ਮਿਸ਼ੀਗਨ ਤੋਂ ਦਰਬਾਰਾ ਸਿੰਘ ਮਾਂਗਟ, ਲਾਲੀ ਧਾਲੀਵਾਲ ਤੇ ਉਨ੍ਹਾਂ ਦੇ ਸਾਥੀ, ਮਿਲਵਾਕੀ ਤੋਂ ਜਗਦੀਸ਼ਰ ਸਿੰਘ ਕਲੇਰ, ਕੁਲਵੰਤ ਢਿਲੋਂ, ਲਾਲੀ ਸਿੱਧੂ ਤੇ ਉਨ੍ਹਾਂ ਦੇ ਸਾਥੀ, ਕਰਾਊਨ ਪੁਆਇੰਟ ਇੰਡੀਆਨਾ ਤੋਂ ਮਨਦੀਪ ਸਿੰਘ ਭੂਰਾ, ਗੁਰਿੰਦਰ ਗਿੱਲ, ਸਰਵਣ ਸਿੰਘ ਟਿਵਾਣਾ, ਡਿਟਰਾਇਟ ਤੋਂ ਇੰਦਰਜੀਤ ਸਿੰਘ ਬਾਠ ਤੇ ਸਾਥੀ, ਡੇਅਟਨ ਓਹਾਇਓ ਤੋਂ ਚਮਕੌਰ ਸਿੰਘ ਤੇ ਸਾਥੀ, ਸ਼ਿਕਾਗੋ ਤੋਂ ਹਰਦਿਆਲ ਸਿੰਘ ਦਿਓਲ, ਡਾ. ਗੁਰਦਿਆਲ ਸਿੰਘ ਬਸਰਾਨ, ਬਲਕਾਰ ਸਿੰਘ ਢਿਲੋਂ, ਹਰਿੰਦਰ ਸਿੰਘ ਕੰਗ, ਗੁਲਜ਼ਾਰ ਸਿੰਘ ਮੁਲਤਾਨੀ, ਗੁਰ ਸਿੰਘ ਸਰਕਾਰੀਆ ਪਹੁੰਚੇ ਹੋਏ ਸਨ। ਇਸ ਤੋਂ ਬਿਨਾ ਸ਼ਿਕਾਗੋ ਦੀਆਂ ਵਖ ਵਖ ਸੰਸਥਾਵਾਂ ਦੇ ਅਹੁਦੇਦਾਰ ਵੀ ਮੌਜੂਦ ਸਨ। ਮੰਚ ਸੰਚਾਲਨ ਗੁਰਮੁਖ ਸਿੰਘ ਭੁਲਰ ਨੇ ਕੀਤਾ।

## ਮਾਂ ਹੁੰਦੀ ਐ ਮਾਂ, ਓ ਦੁਨੀਆਂ ਵਾਲਿਓ...

**ਨਿਊ ਯਾਰਕ:** ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦਾ ਗਾਇਆ ਅਤੇ ਪ੍ਰਸਿਧ ਗੀਤਕਾਰ ਦੇਵ ਥਰੀਕੇ ਵਾਲੇ ਦਾ ਲਿਖਿਆ ਇਹ ਗੀਤ ਜ਼ਿੰਦਗੀ ਦੀ ਸੱਚਾਈ ਨੂੰ ਬਿਆਨਦਾ ਹਰ ਪ੍ਰਾਣੀ ਨੂੰ ਧੁਰ ਤੱਕ ਹਲੂਣਦਾ ਚਲਿਆ ਜਾਂਦਾ ਹੈ। ਕੁਝ ਹਫਤੇ ਪਹਿਲਾਂ ਮੇਰੀ ਮਾਂ ਇਸ ਜੱਗ ਜਹਾਨ ਤੋਂ ਹਮੇਸ਼ਾ ਹਮੇਸ਼ਾ ਲਈ ਤੁਰ ਗਈ। ਇਸ ਭਰੇ ਜਹਾਨ ਨੂੰ ਛੱਡ ਕੇ, ਜ਼ਿੰਦਗੀ ਦਾ ਸਫਰ ਪੂਰਾ ਕਰ ਉਥੇ ਚਲੇ ਗਈ ਜਿਥੋਂ ਕੋਈ ਮੁੜ ਕੇ ਨਹੀਂ ਆਉਂਦਾ। ਮੈਂ ਉਨ੍ਹਾਂ ਯਾਰਾਂ ਦੋਸਤਾਂ ਅਤੇ ਵੀਰਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਨਾਲ ਦੁੱਖ ਸਾਂਝਾ ਕੀਤਾ। ਮੈਂ ਉਨ੍ਹਾਂ ਪੰਜਾਬੀ ਅਖਬਾਰਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਦੁੱਖ ਦੀ ਖਬਰ ਪੰਜਾਬੀ ਭਾਈਚਾਰੇ ਤੱਕ ਪਹੁੰਚਦੀ ਕੀਤੀ। ਨਿਊ ਯਾਰਕ, ਨਿਊ ਜਰਸੀ, ਮਿਸ਼ੀਗਨ, ਮਿਲਵਾਕੀ, ਇਲੀਨਾਏ, ਓਹਾਇਓ ਅਤੇ ਕੈਲੀਫੋਰਨੀਆ ਤੋਂ ਇਲਾਵਾ ਇੰਗਲੈਂਡ, ਕੈਨੇਡਾ ਅਤੇ ਹੋਰਨੀਂ ਥਾਂਈਂ ਬੈਠੇ ਯਾਰਾਂ ਬੇਲੀਆਂ ਨੇ ਟੈਲੀਫੋਨ 'ਤੇ ਮਾਤਾ ਜੀ ਦਾ ਅਫਸੋਸ ਪ੍ਰਗਟ ਕਰਕੇ ਮੇਰੇ ਦਿਲ ਨੂੰ ਢਾਰਸ ਦਿੱਤੀ। ਮੈਂ ਸਮੂਹ ਪਾਠਕਾਂ ਦਾ ਹਮੇਸ਼ਾ ਰਿਣੀ ਰਹਾਂਗਾ।

ਮਾਤਾ ਜੀ ਦੇ ਭੋਗ ਅਤੇ ਅੰਤਿਮ ਅਰਦਾਸ ਮੌਕੇ ਇਲਾਕੇ ਦੇ ਪਤਵੰਤੇ ਸੱਜਣ ਅਤੇ ਸਾਕ ਸਬੰਧੀ ਸ਼ਰੀਕ ਹੋਏ। ਇਸ ਮੌਕੇ ਕਾਲਮਨਵੀਸ ਅਤੇ ਲੇਖਕ ਅਸ਼ੋਕ ਭੌਰਾ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਸ਼ਰਧਾਜਲੀ ਭੇਟ ਕਰਦਿਆਂ ਕਿਹਾ, "ਧੰਨ ਹੈ ਉਹ ਮਾਤਾ ਜਿਸ ਨੇ ਹੈਡ ਮਾਸਟਰ ਗਿਆਨ ਸਿੰਘ ਅਤੇ ਇਕਬਾਲ ਸਿੰਘ ਵਰਗੇ ਪੁੱਤਰਾਂ ਨੂੰ ਜਨਮ ਦਿਤਾ। ਮਾਂ ਬੜੀ ਮਹਾਨ ਹੁੰਦੀ ਹੈ... ਮਾਂ ਦੀ ਜਗ੍ਹਾ ਕੋਈ ਹੋਰ ਨਹੀਂ ਲੈ ਸਕਦਾ।"

ਮੈਨੂੰ ਮਾਂ ਦੀਆਂ ਦਿਤੀਆਂ ਲੋਰੀਆਂ ਅਤੇ ਦੁੱਧ-ਮੱਖਣਾਂ ਦੇ ਪੇੜੇ ਹਮੇਸ਼ਾ ਯਾਦ ਰਹਿਣਗੇ। ਦਿੱਤੀ ਚੰਗੀ ਸਿਖਿਆ ਮੇਰਾ ਮਾਰਗ ਦਰਸ਼ਨ ਕਰਦੀ ਰਹੇਗੀ। ਮਾਂ ਦਾ ਦੇਣ ਕੋਈ ਨਹੀਂ ਦੇ ਸਕਦਾ। ਇਹ ਸਤਰਾਂ ਮੁੜ ਮੁੜ ਯਾਦ ਆ ਰਹੀਆਂ ਨੇ:

ਮਾਂ ਦੀ ਪੂਜਾ ਰੱਬ ਦੀ ਪੂਜਾ,
ਮਾਂ ਤਾਂ ਰੱਬ ਦਾ ਨਾਂ ਹੈ ਦੂਜਾ,
ਮਾਂ ਹੈ ਰੱਬ ਦਾ ਨਾਂ, ਓ ਦੁਨੀਆਂ ਵਾਲਿਓ।
ਮਾਂ ਹੁੰਦੀ ਏ ਮਾਂ, ਓ ਦੁਨੀਆਂ ਵਾਲਿਓ।

ਮਾਂ ਬਿਨਾਂ ਕੋਈ ਨਾ ਲਾਡ ਲਡਾਉਂਦਾ,
ਰੋਂਦਿਆਂ ਨੂੰ ਨਾ ਚੁੱਪ ਕਰਾਉਂਦਾ,
ਖੋਹ ਲੈਂਦੇ ਟੁੱਕ ਕਾਂ, ਓ ਦੁਨੀਆਂ ਵਾਲਿਓ...
ਮਾਂ ਹੁੰਦੀ ਏ ਮਾਂ, ਓ ਦੁਨੀਆਂ ਵਾਲਿਓ।

*-ਇਕਬਾਲ ਜੱਬੋਵਾਲੀਆ*

# ਅਕਾਲੀ ਦਲ (ਅੰਮ੍ਰਿਤਸਰ) ਵਲੋਂ ਸੈਨ ਹੋਜ਼ੇ ਵਿਚ ਸ਼ਹੀਦੀ ਸਮਾਗਮ



**ਸੈਨ ਹੋਜੇ (ਸਰਬਜੋਤ ਸਿੰਘ ਸਵੱਦੀ):** ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਵਲੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਹਮਲਾ ਕਰਵਾਉਣ ਲਈ ਕਤਲ ਕਰਨ ਵਾਲੇ ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਦਾ ਸ਼ਹੀਦੀ ਦਿਹਾੜਾ ਅਤੇ ਜਿੰਦਾ ਸ਼ਹੀਦ ਭਾਈ ਜਗਤਾਰ ਸਿੰਘ ਹਵਾਰਾ, ਬਲਵੰਤ ਸਿੰਘ ਰਾਜ਼ੋਆਣਾ ਅਤੇ ਉਨ੍ਹਾਂ ਦੇ ਸਾਥੀਆਂ ਦੀ ਚੜ੍ਹਦੀ ਕਲਾ ਲਈ ਅਰਦਾਸ ਦਿਵਸ ਇਥੇ ਗੁਰਦੁਆਰਾ ਸੈਨ ਹੋਜੇ ਵਿਖੇ ਮਨਾਇਆ ਗਿਆ।

ਇਸ ਸ਼ਹੀਦੀ ਸਮਾਗਮ ਵਿਚ ਭਾਈ ਸੁਖਵਿੰਦਰ ਸਿੰਘ ਹੰਸਰਾ (ਮੁੱਖ ਸੰਪਾਦਕ ਡੇਲੀ ਪੰਜਾਬੀ ਟੋਰਾਂਟੋ), ਬੂਟਾ ਸਿੰਘ ਖੜੌਂਦ (ਕਨਵੀਨਰ ਸ੍ਰੋਮਣੀ ਅਕਾਲੀ ਦਲ, ਅੰਮ੍ਰਿਤਸਰ ਅਮਰੀਕਾ ਇਕਾਈ), ਸੁਰਜੀਤ ਸਿੰਘ ਕੁਲਾਰ (ਚੇਅਰਮੈਨ, ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿਲ ਨਿਊ ਯਾਰਕ), ਭਾਈ ਹਰਭਜਨ ਸਿੰਘ (ਪ੍ਰਧਾਨ ਕੈਲਗਰੀ ਯੂਨਿਟ), ਡਾ ਅਵਤਾਰ ਸਿੰਘ ਸੇਖੋਂ (ਮਚਾਕੀ ਕੈਨੇਡਾ), ਭਾਈ ਮਨਦੀਪ ਸਿੰਘ ਕੈਨੇਡਾ, ਭਾਈ ਰਾਮ ਸਿੰਘ (ਪ੍ਰਧਾਨ, ਅਮੀਰਕਨ ਗੁਰਦੁਆਰਾ ਕੌਂਸਲ) ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਿੱਖੀ ਵਿਚ ਸ਼ਹੀਦੀ ਦੇ ਸੰਕਲਪ ਦੀ ਵਿਆਖਿਆ ਕੀਤੀ।

ਵਖ ਵਖ ਬੁਲਾਰਿਆਂ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਦਰਬਾਰ ਸਾਹਿਬ ਅੰਮ੍ਰਿਤਸਰ, ਅਕਾਲ ਤਖਤ ਅਤੇ ਹੋਰ ਗੁਰਧਾਮਾਂ ਤੇ ਹੋਏ ਹਮਲਿਆਂ ਦਾ ਬਦਲਾ ਲੈ ਕੇ ਇਨ੍ਹਾਂ ਸੂਰਮਿਆਂ ਨੇ ਸਿੱਖਾਂ ਦਾ ਮਨੋਬਲ ਉਚਾ ਕੀਤਾ। ਖਾਲਿਸਤਾਨ ਦੇ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਉਠਾਉਂਦਿਆਂ ਪੰਥਕ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਵਿਚ ਸਿੱਖ ਧਰਮ, ਸਿੱਖ ਕੌਮ ਅਤੇ ਸਿੱਖ ਸਭਿਆਚਾਰ ਨੂੰ ਬਚਾਉਣ ਲਈ ਖਾਲਿਸਤਾਨ ਜਰੂਰੀ ਹੈ। ਇਸ ਸਮੇਂ ਸ਼ਹੀਦ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਸ਼ਹੀਦੀ ਨਾਲ ਸਬੰਧਤ ਤਿਵਾੜੀ ਰਿਪੋਰਟ, ਜੋ ਸ. ਸਿਮਰਨਜੀਤ ਸਿੰਘ ਮਾਨ ਨੇ ਜ਼ਾਰੀ ਕੀਤੀ ਹੈ, ਚਰਚਾ ਦਾ ਵਿਸ਼ਾ ਬਣੀ ਰਹੀ ਅਤੇ ਅਕਾਲੀ ਸਰਕਾਰ ਦੀ ਇਸ ਗੱਲੋਂ ਨੁਕਤਾਚੀਨੀ ਹੋਈ ਕਿ ਬਾਦਲ ਸਰਕਾਰ ਨੇ ਹੁਣ ਤੱਕ ਇਸ ਨੂੰ ਦਬਾ ਕੇ ਇਸ ਲਈ ਰੱਖਿਆ ਕਿ ਜਿੰਮੇਵਾਰ ਪੁਲਿਸ ਅਫਸਰਾਂ ਨੂੰ ਸਜ਼ਾ ਨਾ ਮਿਲੇ। ਬੁਲਾਰਿਆਂ ਨੇ ਕਿਹਾ ਕਿ ਅਕਾਲੀ ਦਲ (ਅੰਮ੍ਰਿਤਸਰ) ਇਨ੍ਹਾਂ ਅਫਸਰਾਂ ਨੂੰ ਸਜ਼ਾਵਾਂ ਦਿਵਾਉਣ ਲਈ ਹਾਈਕੋਰਟ ਦਾ ਦਰਵਾਜ਼ਾ ਖੜਕਾਏਗਾ। ਸ਼ਹੀਦੀ ਸਮਾਗਮ ਦੀ ਸਫਲਤਾ ਤੇ ਪ੍ਰੀਤਮ ਸਿੰਘ ਜੋਗਾ ਨੰਗਲ ਨੇ ਦੂਰੋਂ-ਨੇੜਿਉਂ ਆਏ ਪੰਥਕ ਆਗੂਆਂ, ਵਰਕਰਾਂ, ਸਿੱਖ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਭਾਈ ਪ੍ਰੀਤਮ ਸਿੰਘ ਨੇ ਰੇਡੀਉ ਚੜ੍ਹਦੀ ਕਲਾ ਦਾ ਇਸ ਸ਼ਹੀਦੀ ਸਮਾਗਮ ਦਾ ਸਿੱਧਾ ਪ੍ਰਸਾਰਣ ਕਰਨ ਲਈ ਧੰਨਵਾਦ ਕੀਤਾ।









# ਭਾਈ ਬੇਅੰਤ ਸਿੰਘ ਤੇ ਹੋਰ ਸ਼ਹੀਦਾਂ ਲਈ ਰਕਾਬ ਗੰਜ ਸਾਹਿਬ 'ਚ ਅਰਦਾਸ

**ਨਵੀਂ ਦਿੱਲੀ:** ਨਿੱਤ ਦਿਹਾੜੇ ਸਿੱਖਾਂ ਨੂੰ ਅਤਿਵਾਦੀ, ਵੱਖਵਾਦੀ ਕਹਿ ਕੇ ਬਦਨਾਮ ਕਰਨ ਵਾਲੀ ਹਿੰਦੂਤਵ ਜਮਾਤ ਅਤੇ ਹਿੰਦ ਦੇ ਤਖਤ 'ਤੇ ਰਾਜ ਕਰ ਰਹੀ ਕਾਂਗਰਸ ਪਾਰਟੀ ਆਪਣੀ ਪੀੜ੍ਹੀ ਹੇਠ ਸੋਟਾ ਫੇਰੇ ਕਿ ਦਿੱਲੀ, ਕਾਨਪੁਰ, ਬੋਕਾਰੋ ਅਤੇ ਹੋਰਨਾਂ ਵੱਡੇ ਸ਼ਹਿਰਾਂ ਵਿਚ ਬੇਗੁਨਾਹ ਸਿੱਖਾਂ ਦਾ ਕਤਲ ਕਰਕੇ ਕੀਤੀ ਸਿੱਖ ਕੌਮ ਦੀ ਨਸਲਕੁਸ਼ੀ ਕਿਹੜੀ ਦੇਸ਼ ਭਗਤੀ ਦਾ ਸਬੂਤ ਹੈ।

ਇਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਇਥੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਸ਼ਹੀਦ ਭਾਈ ਬੇਅੰਤ ਸਿੰਘ ਅਤੇ 20 ਹਜ਼ਾਰ ਬੇਗੁਨਾਹ ਸਿੱਖਾਂ ਦੀ 26ਵੀਂ ਸ਼ਹੀਦੀ ਵਰੇਗੰਢ ਮੌਕੇ ਅਰਦਾਸ ਸਮਾਗਮ ਤੋਂ ਪਹਿਲਾਂ ਪਾਰਟੀ ਵਰਕਰਾਂ ਦੇ ਇੱਕ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅਖੌਤੀ ਲੋਕਤੰਤਰ ਹਿੰਦੂ ਰਾਸ਼ਟਰ ਨੇ ਕਿਸੇ ਵੀ ਘੱਟਗਿਣਤੀ ਨਾਲ ਇਨਸਾਫ਼ ਨਹੀਂ ਕੀਤਾ ਅਤੇ ਮੌਕਾ ਲੱਭ ਕੇ ਅਣਮਨੁੱਖੀ ਕਹਿਰ ਹੀ ਢਾਹਿਆ ਹੈ।

ਸ. ਮਾਨ ਨੇ ਕਿਹਾ ਕਿ ਸ੍ਰੀ ਅਕਾਲ ਤਖਤ 'ਤੇ ਫੌਜੀ ਹਮਲਾ, ਦੋ ਦਹਾਕੇ ਤੱਕ ਇੱਕ ਲੱਖ ਦੇ ਕਰੀਬ ਸਿੱਖ ਗੱਭਰੂਆਂ ਦਾ ਚਿੱਟੇ ਦਿਨ ਪੁਲਿਸ ਅਤੇ ਮਿਲਟਰੀ ਰਾਹੀਂ ਕੀਤਾ ਘਾਣ, ਬਾਬਰੀ ਮਸਜਿਦ ਨੂੰ ਸ਼ਹੀਦ ਕਰਕੇ ਗੁਜਰਾਤ ਵਿਚ ਬੀਜੇਪੀ ਦੀ ਹਕੂਮਤ ਨੇ ਮੁਸਲਮਾਨਾਂ ਦੀ ਨਸਲਕੁਸ਼ੀ, ਹਿੰਦ ਹਕੂਮਤ ਨੇ ਕਰਵਾਈ ਹੈ। ਅਰਦਾਸ ਉਪਰੰਤ ਸ. ਮਾਨ ਨੇ ਕਿਹਾ ਕਿ ਜਦੋਂ ਸਾਡੀ ਪਾਰਟੀ ਅਤੇ ਆਏ ਹੋਏ ਸਿੱਖਾਂ ਨੇ ਸ਼ਹੀਦ ਭਾਈ ਬੇਅੰਤ ਸਿੰਘ ਅਤੇ ਹਜ਼ਾਰਾਂ ਸਿੱਖ ਜੋ 31 ਅਕਤੂਬਰ ਨੂੰ ਸ਼ਹੀਦ ਹੋਏ, ਦੀ ਅਰਦਾਸ ਕਰਨ ਲਈ ਸ੍ਰੀ ਰਕਾਬ ਗੰਜ ਸਾਹਿਬ ਵਿਚ ਬੈਠੇ ਤਾਂ ਸ੍ਰੀ ਸਰਨਾ ਨੇ ਬੀਬੀਆਂ ਦਾ ਕੀਰਤਨੀ ਜਥਾ ਲਗਾਤਾਰ ਕੀਰਤਨ ਕਰਨ ਲਈ ਲਗਾ ਦਿੱਤਾ, ਜਿਸਦਾ ਮਤਲਬ ਸੀ ਕਿ ਇਨ੍ਹਾਂ ਸ਼ਹੀਦ ਸਿੰਘਾਂ ਦੀ ਅਰਦਾਸ ਕੋਈ ਵੀ ਨਾ ਕਰ ਸਕੇ ਅਤੇ ਜਦੋਂ ਬੀਬੀਆਂ ਦੇ ਕੀਰਤਨੀ ਜਥੇ ਨੇ ਇੱਕ ਸ਼ਬਦ ਸਮਾਪਤ ਕੀਤਾ ਤਾਂ ਇੱਕਦਮ ਬਾਬਾ ਅਮਰਜੀਤ ਸਿੰਘ ਕਿਲ੍ਹਾ ਹਕੀਮਾ ਵਾਲਿਆਂ ਨੇ ਉਠ ਕੇ ਅਰਦਾਸ ਆਰੰਭ ਕਰ ਦਿੱਤੀ ਤਾਂ ਵੀ ਦਿੱਲੀ ਕਮੇਟੀ ਦੇ ਪ੍ਰਬੰਧਕਾਂ ਨੇ ਸਿੱਖ ਸ਼ਹੀਦਾਂ ਦੀ ਅਰਦਾਸ ਵਿਘਨ ਪਾਏ ਬਿਨ੍ਹਾ ਨਹੀਂ ਹੋਣ ਦਿੱਤੀ। ਇਸਦੇ ਬਾਵਜੂਦ ਪੰਜਾਬ ਅਤੇ ਹੋਰ ਰਾਜਾਂ ਤੋਂ ਆਏ ਸਿੱਖਾਂ ਨੇ ਪੂਰੀ ਅਰਦਾਸ ਕੀਤੀ।

ਸਿਮਰਨਜੀਤ ਸਿੰਘ ਮਾਨ ਨੇ ਮੰਗ ਕੀਤੀ ਕਿ ਮਹਿਰੂਮ ਇੰਦਰਾ ਗਾਂਧੀ ਦੀ ਕੋਠੀ ਸਫਦਰਜੰਗ ਵਿਖੇ ਸਿੱਖ ਕੌਮ ਨੂੰ ਇੱਕ ਕਨਾਲ ਜ਼ਮੀਨ ਦਿੱਤੀ ਜਾਵੇ ਜਿੱਥੇ ਸਿੱਖ ਕੌਮ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਦੀ ਯਾਦ ਵਿਚ ਗੁਰਦੁਆਰਾ ਸ਼ਹੀਦਗੜ੍ਹ ਉਸਾਰ ਸਕੇ ਜਿਸਦੇ ਨਾਲ ਸਿੱਖ ਕੌਮ ਉਨ੍ਹਾਂ ਸ਼ਹੀਦਾਂ ਨੂੰ ਹਮੇਸ਼ਾ ਯਾਦ ਰੱਖੇ, ਜਿਨ੍ਹਾਂ ਨੇ ਡਿੱਗੀ ਪੱਗ ਦੁਬਾਰਾ ਸਿੱਖਾਂ ਦੇ ਸਿਰਾਂ ਉਤੇ ਸਜਾਈ।

ਉਨ੍ਹਾਂ ਆਖਿਆ ਕਿ ਦਰਅਸਲ ਸ੍ਰੀ ਓਬਾਮਾ ਨੂੰ ਅੰਮ੍ਰਿਤਸਰ ਦੀ ਫੇਰੀ ਤੋਂ ਰੋਕਣ ਪਿੱਛੇ ਸੁਰੱਖਿਆ ਨਾਲ ਜੁੜਿਆ ਕੋਈ ਮਾਮਲਾ ਨਜ਼ਰ ਨਹੀਂ ਆਉਂਦਾ, ਸਗੋਂ ਹਿੰਦ ਹਕੂਮਤ ਅਤੇ ਹਿੰਦੂਵਾਦੀ ਤਾਕਤਾਂ ਇਸ ਗੱਲ ਲਈ ਓਬਾਮਾ ਨੂੰ ਸ੍ਰੀ ਦਰਬਾਰ ਸਾਹਿਬ ਜਾਣ ਤੋ ਰੋਕਣਾ ਚਾਹੁੰਦੀਆਂ ਹਨ ਕਿਉਂਕਿ ਉਥੇ ਸ੍ਰੀ ਦਰਬਾਰ ਸਾਹਿਬ ਉਤੇ ਹੋਏ ਹਿੰਦ ਹਕੂਮਤ ਦੇ ਫੌਜੀ ਹਮਲੇ ਬਾਰੇ ਹਿੰਦੂ ਰਾਸ਼ਟਰ ਲਈ ਕਈ ਸਵਾਲ ਉਠ ਸਕਦੇ ਹਨ, ਜਿਸ ਨਾਲ ਹਿੰਦ ਰਾਸ਼ਟਰ ਦਾ ਲੋਕਤੰਤਰੀ ਮੌਖੋਟਾ ਲੀਰੋ-ਲੀਰ ਹੋ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਬਰਾਕ ਓਬਾਮਾ ਸ੍ਰੀ ਦਰਬਾਰ ਸਾਹਿਬ ਆਉਂਦੇ ਹਨ ਤਾਂ ਸਮੁੱਚੀ ਸਿੱਖ ਕੌਮ ਉਨ੍ਹਾਂ ਨੂੰ ਜੀ ਆਇਆਂ ਆਖੇਗਾ ਕਿਉਕਿ ਗੁਰੂ ਸਾਹਿਬਾਨਾਂ ਦੇ ਵੇਲੇ ਤੋਂ ਹੀ ਵੱਡੀਆਂ ਦੁਨਿਆਵੀਂ ਬਾਦਸ਼ਾਹੀਆਂ ਸੱਚੇ ਪਾਤਸ਼ਾਹ ਦਾ ਅਸੀਰਵਾਦ ਲੈਣ ਲਈ ਆਉਂਦੀਆਂ ਰਹੀਆਂ ਹਨ। ਸ. ਮਾਨ ਨੇ ਸ੍ਰੀ ਓਬਾਮਾ ਨੂੰ ਸੁਚੇਤ ਕੀਤਾ ਕਿ ਹਿੰਦ ਫੌਜਾਂ ਅਤੇ ਸੁਰੱਖਿਆ ਫੋਰਸਾਂ ਵਿਚ ਕਰਨਲ ਪੁਰੋਹਿਤ ਵਰਗੇ ਹਜ਼ਾਰਾਂ ਆਰ.ਐਸ.ਐਸ. ਦੇ ਕਾਰਿੰਦੇ ਹਿੰਦੂ ਦਹਿਸ਼ਤਗਰਦ ਅਫਸਰਾਂ ਵਜੋਂ ਭਰਤੀ ਹੋ ਚੁੱਕੇ ਹਨ। ਇਸ ਲਈ ਮਿਸਟਰ ਓਬਾਮਾ ਨੂੰ ਹਿੰਦ ਸੁਰੱਖਿਆ ਏਜੰਸੀਆਂ ਅਤੇ ਫੌਜ 'ਤੇ ਬਿਲਕੁਲ ਭਰੋਸਾ ਨਹੀਂ ਕਰਨਾ ਚਾਹੀਦਾ।

ਸ. ਮਾਨ ਨੇ ਇਸ ਸ਼ਹੀਦੀ ਦਿਹਾੜੇ 'ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਨਾ ਸਹਿਯੋਗੀ ਲਈ ਕਰੜੇ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਉਚੀ ਸੋਚ ਰੱਖਣ ਵਾਲੇ ਸਿੱਖਾਂ ਲਈ ਦੋ ਮਹਾਨ ਸਿੱਖ ਸੰਸਥਾਵਾਂ ਦੇ ਪ੍ਰਬੰਧ ਹੇਠਲੇ ਗੁਰਦੁਆਰਾ ਸਾਹਿਬਾਨ ਦੇ ਦਰਵਾਜ਼ੇ ਸਦਾ ਲਈ ਬੰਦ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਬੀਜੇਪੀ, ਆਰ ਐਸ ਐਸ ਦੇ ਪਿੱਠੂ ਬਾਦਲ ਦਲ ਦਾ ਕਬਜ਼ਾ ਹੈ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਂਗਰਸ ਦੇ ਹੱਥਠੋਕੇ ਸ. ਪਰਮਜੀਤ ਸਿੰਘ ਸਰਨਾ ਨੇ ਕਬਜ਼ਾ ਜਮਾਇਆ ਹੋਇਆ ਹੈ।

ਸ. ਮਾਨ ਨੇ ਕਿਹਾ ਕਿ ਜਗਰਾਓਂ ਦੀ ਪੰਜਾਬ ਬਚਾਓ ਰੈਲੀ ਵਿਚ ਲੱਖਾਂ ਦੀ ਗਿਣਤੀ ਵਿਚ ਇਕੱਤਰ ਹੋ ਕੇ ਸਿੱਖ ਸੰਗਤਾਂ ਨੇ, ਸਿੱਖਾਂ ਦੀ ਸੰਪੂਰਨ ਆਜ਼ਾਦੀ ਲਈ ਸਹਿਯੋਗ ਦਿੱਤਾ ਹੈ ਅਤੇ 28 ਨਵੰਬਰ ਨੂੰ ਤਰਨਤਾਰਨ ਵਿਖੇ ਹੋਣ ਵਾਲੀ ਪੰਜਾਬ ਬਚਾਓ ਰੈਲੀ ਕਾਂਗਰਸ, ਬੀਜੇਪੀ, ਬਾਦਲ ਦਲ ਅਤੇ ਇਨ੍ਹਾਂ ਦੇ ਹੱਥਠੋਕੇ ਦਿੱਲੀ ਦੇ ਦਲਾਲਾਂ ਦੀਆਂ ਸਫਾਂ ਲਪੇਟ ਕੇ ਰੱਖ ਦੇਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਧਿਆਨ ਸਿੰਘ ਮੰਡ, ਮੀਤ ਪ੍ਰਧਾਨ ਬਾਬਾ ਅਮਰਜੀਤ ਸਿੰਘ ਕਿਲ੍ਹਾ ਹਕੀਮਾਂ, ਸ. ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਪ੍ਰੋ. ਮਹਿੰਦਰਪਾਲ ਸਿੰਘ, ਮਾਸਟਰ ਕਰਨੈਲ ਸਿੰਘ ਨਾਰੀਕੇ, ਸ. ਗੁਰਸੇਵਕ ਸਿੰਘ ਜਵਾਹਰਕੇ (ਸਾਰੇ ਜਨਰਲ ਸਕੱਤਰ), ਦਿੱਲੀ ਸਟੇਟ ਦੇ ਪ੍ਰਧਾਨ ਸ. ਸੰਸਾਰ ਸਿੰਘ, ਸ. ਗੁਰਜੰਟ ਸਿੰਘ ਕੱਟੂ ਪੀ.ਏ. ਸ. ਸਿਮਰਨਜੀਤ ਸਿੰਘ ਮਾਨ, ਸ. ਸਰਬਜੀਤ ਸਿੰਘ ਭੁਟਾਨੀ, ਸ. ਪ੍ਰੀਤਮ ਸਿੰਘ, ਸ. ਹਰਭਜਨ ਸਿੰਘ ਕਸ਼ਮੀਰੀ, ਸ. ਅਵਤਾਰ ਸਿੰਘ ਖੱਖ, ਸ. ਹਰਪਾਲ ਸਿੰਘ ਕੁੱਸਾ, ਸ. ਬਲਕਾਰ ਸਿੰਘ ਭੱਟੀ ਆਦਿ ਪ੍ਰਮੁੱਖ ਆਗੂ ਹਾਜ਼ਰ ਸਨ।



*ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਦਿੱਲੀ ਵਿਖੇ ਸ: ਮਾਨ ਅਤੇ ਪਾਰਟੀ ਆਗੂ।*

# ਕਸ਼ਮੀਰ ਸਮੱਸਿਆ ਦੇ ਹੱਲ ਲਈ ਦਰੁਸਤ ਪਹੁੰਚ

**ਕਾਮਰੇਡ ਮੰਗਤ ਰਾਮ ਪਾਸਲਾ**

ਕੁਦਰਤੀ ਸੁੰਦਰਤਾ ਨਾਲ ਭਰਪੂਰ ਭਾਰਤ ਦਾ ਧੁਰ ਉਤਰੀ ਭਾਗ ਜੰਮੂ ਤੇ ਕਸ਼ਮੀਰ ਕੁਝ ਮਹੀਨਿਆਂ ਤੋਂ ਸਾੜ ਫੂਕ ਤੇ ਨਫਰਤ ਦੀ ਅੱਗ ਵਿਚ ਸੜ ਰਿਹਾ ਹੈ। ਸੈਨਿਕ ਤੇ ਅਰਧ-ਸੈਨਿਕ ਬਲਾਂ ਦੁਆਰਾ ਦਰਜਨਾਂ ਸਾਧਾਰਣ ਲੋਕ ਗੋਲੀ ਦਾ ਨਿਸ਼ਾਨਾ ਬਣਾਏ ਜਾ ਚੁੱਕੇ ਹਨ। ਇਸ ਤੋਂ ਵੀ ਵੱਧ ਜ਼ਖ਼ਮੀ ਹੋਏ ਹਨ ਅਤੇ ਕਰੋੜਾਂ ਦੀ ਜਾਇਦਾਦ ਅੱਗ ਦੀ ਭੇਟ ਚੜ੍ਹ ਚੁੱਕੀ ਹੈ। ਹਜ਼ਾਰਾਂ ਲੋਕ ਸੜਕਾਂ 'ਤੇ ਆ ਰਹੇ ਹਨ। ਸਰਕਾਰ ਵਿਰੁਧ ਗੁੱਸਾ ਪ੍ਰਗਟਾ ਰਹੇ ਹਨ। ਸਰਕਾਰੀ ਦਮਨ ਦੇ ਵਿਰੋਧ ਵਿਚ ਵੱਡੀ ਗਿਣਤੀ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਿਲ ਹਨ ਆਪਣੇ ਹੱਥਾਂ ਵਿਚ ਪੱਥਰ ਨੂੰ ਹੀ ਹਥਿਆਰ ਦੇ ਰੂਪ ਵਿਚ ਵਰਤ ਰਹੇ ਹਨ। ਇਸ ਕਤਲੋਗਾਰਤ ਤੇ ਸਾੜ ਫੂਕ ਰੋਕਣ ਲਈ ਰਾਜ ਤੇ ਕੇਂਦਰ ਸਰਕਾਰ ਵੱਧ ਤੋਂ ਵੱਧ ਸੈਨਿਕ ਤੇ ਅਰਧ ਸੈਨਿਕ ਬਲ ਕਸ਼ਮੀਰ ਵਿਚ ਭੇਜ ਰਹੀ ਹੈ। ਸੁਧਾਰ ਹੋਣ ਦੀ ਬਜਾਏ ਅਮਨ ਕਾਨੂੰਨ ਦੀ ਸਥਿਤੀ ਬਦ ਤੋਂ ਬਦਤਰ ਹੋ ਰਹੀ ਹੈ। ਇਤਿਹਾਸ ਦੇ ਵਰਤਮਾਨ ਮੋੜ 'ਤੇ ਸ਼ਾਇਦ ਕਸ਼ਮੀਰੀਆਂ ਵਿਚ ਬੇਗਾਨਗੀ ਦੀ ਭਾਵਨਾ ਸਭ ਤੋਂ ਵੱਧ ਖਤਰਨਾਕ ਸੀਮਾ ਤੱਕ ਪਹੁੰਚ ਚੁੱਕੀ ਹੈ। ਲੱਖਾਂ ਲੋਕਾਂ ਦਾ ਸੜਕਾਂ 'ਤੇ ਆਉਣਾ 1963-64 ਵਿਚ ਹਜ਼ਰਤ ਮੁਹੰਮਦ ਸਾਹਿਬ ਦੇ ਪਵਿੱਤਰ ਵਾਲਾਂ ਦੇ ਸ੍ਰੀਨਗਰ ਦੀ ਹਜਰਤ ਬਲ ਦਰਗਾਹ ਤੋਂ ਚੋਰੀ ਹੋਣ ਸਮੇਂ ਹੋਏ ਪ੍ਰਦਰਸ਼ਨਾਂ ਨੂੰ ਵੀ ਮਾਤ ਪਾ ਗਿਆ ਹੈ।

ਇਸ ਪ੍ਰਸਥਿਤੀ ਨੂੰ ਇੱਥੋਂ ਤੱਕ ਪਹੁੰਚਾਉਣ ਵਿਚ ਭਾਰਤ ਵਿਰੋਧੀ ਸ਼ਕਤੀਆਂ-ਪਾਕਿਸਤਾਨੀ ਸੱਤਾਧਾਰੀ ਗੁੱਟ, ਅਮਰੀਕੀ ਸਾਮਰਾਜਵਾਦ ਅਤੇ ਵੱਖਵਾਦੀ ਧਾਰਮਿਕ ਕਟੜਪੰਥੀ ਤੱਤ ਸਰਗਰਮ ਹਨ। ਪਹਿਲਾਂ ਹੀ ਧਾਰਮਿਕ ਕੱਟੜਪੰਥੀ ਤੇ ਵੱਖਵਾਦੀ ਪ੍ਰਾਂਤ ਵਿਚ ਅਨੇਕਾਂ ਬੇਕਸੂਰ ਲੋਕਾਂ ਦੀਆਂ ਜਾਨਾਂ ਲੈ ਚੁੱਕੇ ਹਨ, ਧਰਤੀ ਦਾ ਸਵਰਗ ਕਹੇ ਜਾਣ ਵਾਲੇ ਇਸ ਭਾਗ ਨੂੰ ਨਰਕ ਵਿਚ ਤਬਦੀਲ ਕਰ ਚੁੱਕੇ ਹਨ। ਇੰਨਾ ਹੀ ਖੂੰਖਾਰ ਤੱਤਾਂ ਦੀਆਂ ਕਾਰਵਾਈਆਂ ਕਰਕੇ ਹੀ ਲੱਖਾਂ ਦੀ ਗਿਣਤੀ ਵਿਚ ਕਸ਼ਮੀਰੀ ਪੰਡਤ ਆਪਣੇ ਹੀ ਦੇਸ਼ ਵਿਚ ਖਾਨਾਬਦੋਸ਼ ਬਣਾ ਦਿੱਤੇ ਗਏ ਹਨ। ਉਹ ਕਿਹੜੀਆਂ ਮੁਸ਼ਕਲਾਂ ਨਾਲ ਜੀਵਨ ਨਿਰਵਾਹ ਕਰ ਰਹੇ ਹਨ, ਇਸ ਦਾ ਅੰਦਾਜ਼ਾ ਲਾਉਣਾ ਔਖਾ ਹੈ।

ਸੱਚ ਤਾਂ ਇਹ ਵੀ ਹੈ ਕਿ ਭਾਰਤ ਦੀਆਂ ਵੱਖ ਵੱਖ ਹੁਕਮਰਾਨ ਰਾਜਸੀ ਪਾਰਟੀਆਂ ਨੇ ਆਪਣੀਆਂ ਮੌਕਾਪ੍ਰਸਤ ਧਾਰਮਿਕ ਕਟੜਪੰਥੀ ਤੇ ਲੋਕ ਵਿਰੋਧੀ ਨੀਤੀਆਂ ਨਾਲ ਜੰਮੂ-ਕਸ਼ਮੀਰ ਨੂੰ ਹਿੰਸਾ ਤੇ ਨਫਰਤ ਦੀ ਅੱਗ ਵਿਚ ਸਾੜਨ ਦੀ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਇਸ ਵਿਚ ਮੁੱਖ ਤੌਰ 'ਤੇ ਕਾਂਗਰਸ ਅਤੇ ਸੰਘ ਪਰਿਵਾਰ ਦੀ ਮੋਹਰੀ ਭਾਜਪਾ ਮੂਲ ਰੂਪ ਵਿਚ ਦੋਸ਼ੀ ਹਨ ਜਿਨ੍ਹਾਂ ਨੂੰ ਨਾ ਤਾਂ ਭਾਰਤ ਦਾ ਇਤਿਹਾਸ ਅਤੇ ਨਾ ਹੀ ਭਾਰਤੀ ਜਨਤਾ ਕਦੇ ਮੁਆਫ ਕਰੇਗੀ। ਭਾਰਤੀ ਜਨਤਾ ਪਾਰਟੀ ਦਾ ਇਕੋ ਇਕ ਮਕਸਦ ਕੇਂਦਰ ਵਿਚ ਸੱਤਾ 'ਤੇ ਕਬਜ਼ਾ ਕਰਨ ਨਾਲ ਧਰਮ ਆਧਾਰਤ ਰਾਸ਼ਟਰ ਦੇ ਨਿਸ਼ਾਨੇ ਦੀ ਪ੍ਰਾਪਤੀ ਲਈ ਇਕ ਮਾਤਰ ਸਾਧਨ ਹਿੰਦੂ ਕੱਟੜਵਾਦ ਫੈਲਾਉਣਾ ਹੈ ਜੋ ਮੁੱਖ ਤੌਰ 'ਤੇ ਧਾਰਮਿਕ ਘਟ ਗਿਣਤੀਆਂ ਮੁਸਲਿਮ ਭਾਈਚਾਰੇ ਦੇ ਵਿਰੁਧ ਸੇਧਤ ਹੈ। ਜੰਮੂ ਕਸ਼ਮੀਰ ਦੇ ਸੰਵਿਧਾਨ ਦੀ ਧਾਰਾ 370 ਖਤਮ ਕਰਨ ਦੀ ਭਾਜਪਾ ਦੀ ਮੰਗ ਇਸ ਨਿਸ਼ਾਨੇ ਦੀ ਪ੍ਰਾਪਤੀ ਵੱਲ ਇਕ ਕਦਮ ਹੈ। ਇਸੇ ਲਈ ਭਾਜਪਾ ਲਈ ਕਸ਼ਮੀਰ ਦੀ ਸਾੜ-ਫੂਕ, ਨਿਰਦੋਸ਼ ਜਾਨਾਂ ਦਾ ਜਾਣਾ ਚਿੰਤਾ ਦਾ ਵਿਸ਼ਾ ਨਹੀਂ ਹੈ। ਇਸ ਸਮੱਸਿਆ ਨੂੰ ਦੇਸ਼ ਭਰ ਵਿਚ ਮੁਸਲਿਮ ਭਾਈਚਾਰੇ ਵਿਰੁਧ ਪ੍ਰਚਾਰ ਦਾ ਵਿਸ਼ਾ ਬਣਾਇਆ ਹੋਇਆ ਹੈ। ਕਾਂਗਰਸ ਪਾਰਟੀ ਜੋ ਲੰਬਾ ਸਮਾਂ ਕੇਂਦਰ ਦੀ ਰਾਜ ਸੱਤਾ ਵਿਚ ਰਹੀ ਹੈ ਤੇ ਹੈ, ਧਰਮ ਨਿਰਪੱਖ, ਦੇਸ਼ ਭਗਤ ਤੇ ਸਮਾਜਵਾਦੀ ਪਾਰਟੀ ਹੋਣ ਦਾ ਮਖੌਟਾ ਪਾਈ ਬੈਠੀ ਹੈ ਪਰ ਜੰਮੂ ਕਸ਼ਮੀਰ ਦੀ ਭੈੜੀ ਹਾਲਤ ਲਈ ਸਭ ਤੋਂ ਵੱਧ ਜ਼ਿੰਮੇਵਾਰ ਹੈ।

ਕੇਂਦਰ ਸਰਕਾਰ ਦੇ ਹਾਕਮ ਕਦੇ ਤਾਂ ਸੀਮਾ ਪਾਰ ਤੋਂ ਹੋ ਰਹੀ ਘੁਸਪੈਠ 'ਤੇ ਕਾਬੂ ਪਾ ਲੈਣ ਦਾ ਦਾਅਵਾ ਕਰਦੇ ਹਨ, ਕਦੇ ਹਰ ਕਸ਼ਮੀਰੀ ਲੋਕ ਜਥੇਬੰਦੀ ਦੇ ਨਿਆਂ ਲਈ ਵਿਰੋਧ ਨੂੰ ਪਾਕਿਸਤਾਨੀ ਸ਼ਰਾਰਤ ਦੱਸ ਕੇ ਆਮ ਲੋਕਾਂ ਦੇ ਦਮਨ ਦਾ ਰਸਤਾ ਅਖਤਿਆਰ ਕਰ ਲੈਂਦੇ ਹਨ। ਇਹ ਸਭ ਕੁਝ ਸਿਰਫ ਗੱਦੀ ਤੇ ਬਣੇ ਰਹਿਣ ਅਤੇ ਆਮ ਲੋਕਾਂ ਦੀਆਂ ਅੱਖਾਂ ਵਿਚ ਧੂੜ ਝੋਕ ਕੇ ਆਪਣਾ ਰਾਜਨੀਤਕ ਉਲੂ ਸਿੱਧਾ ਕਰਨ ਲਈ ਕੀਤਾ ਜਾਂਦਾ ਹੈ। ਅੱਜ ਵੀ ਕੇਂਦਰ ਦੀ ਕਾਂਗਰਸ ਯੂ.ਪੀ.ਏ. ਸਰਕਾਰ ਕਸ਼ਮੀਰ ਦੀ ਗੰਭੀਰ ਅਵਸਥਾ ਬਾਰੇ ਮੁਜਰਮਾਨਾ ਦੜ ਵੱਟੀ ਬੈਠੀ ਹੈ। ਇਸ ਨੇ ਸਦਾ ਹੀ ਕਸ਼ਮੀਰ ਦੀ ਜਟਿਲ ਸਮੱਸਿਆ ਨੂੰ ਅਣਦੇਖੀ ਕਰਕੇ ਹੋਰ ਉਲਝਾਇਆ ਹੈ ਪਰ ਇਸ ਦੇ ਰਾਜਨੀਤਕ ਹੱਲ ਲਈ ਗੰਭੀਰ ਕੋਸ਼ਿਸ਼ਾਂ ਨਹੀਂ ਕੀਤੀਆਂ।

ਜੰਮੂ ਕਸ਼ਮੀਰ ਦੀ ਸਮੱਸਿਆ ਨੂੰ ਸਮਝਣ ਲਈ ਇਸ ਦੇ ਇਤਿਹਾਸਕ ਪਛੋਕੜ ਬਾਰੇ ਜਾਨਣਾ ਅਤਿ ਜ਼ਰੂਰੀ ਹੈ। ਕਿਸੇ ਵੇਲੇ ਜੰਮੂ, ਕਸ਼ਮੀਰ ਤੇ ਲੱਦਾਖ ਤਿੰਨ ਅਲੱਗ ਅਲੱਗ ਰਾਜ ਸਨ ਪਰ ਜੰਮੂ ਦੇ ਰਾਜਾ ਗੁਲਾਬ ਸਿੰਘ ਡੋਗਰਾ ਦੇ ਰਾਜ ਸਮੇਂ ਇਸ ਨੂੰ ਵੱਖਰੇ ਰਾਜ ਦਾ ਦਰਜਾ ਦਿੱਤਾ ਗਿਆ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫੌਜੀ ਤਾਕਤ ਨਾਲ ਆਪਣੇ ਰਾਜ ਵਿਚ ਸ਼ਾਮਿਲ ਕਰ ਲਿਆ ਸੀ। ਬਾਅਦ ਵਿਚ ਡੋਗਰੇ ਭਰਾਵਾਂ ਨੇ ਅੰਗਰੇਜ਼ਾਂ ਵਿਰੁਧ ਲੜਦੇ ਹੋਏ ਸਿੱਖ ਫੌਜਾਂ ਨਾਲ ਗੱਦਾਰੀ ਕਰਕੇ ਅੰਗਰੇਜ਼ ਸਾਮਰਾਜ ਦਾ ਸਾਥ ਦਿੱਤਾ। ਅੰਗਰੇਜ਼ ਜਿੱਤ ਗਏ ਤੇ ਸਿੱਖ ਫੌਜਾਂ ਦੀ ਹਾਰ ਹੋਈ। ਜੰਗੀ ਜੁਰਮਾਨੇ ਦੇ ਰੂਪ ਵਿਚ ਅੰਗਰੇਜ਼ਾਂ ਨੇ ਲਾਹੌਰ ਦਰਬਾਰ ਤੇ 10 ਲੱਖ ਪੌਂਡ ਦਾ ਜੁਰਮਾਨਾ ਠੋਕ ਦਿੱਤਾ ਜਦਕਿ ਖਜ਼ਾਨੇ ਦੀ ਹਾਲਤ ਪਹਿਲੋਂ ਹੀ ਬੜੀ ਭੈੜੀ ਸੀ। ਜੁਰਮਾਨਾ ਅਦਾ ਕਰਨ ਦੀ ਤਾਂ ਸਮਰਥਾ ਹੀ ਨਹੀਂ ਸੀ। ਇਸ ਜੁਰਮਾਨੇ ਲਈ ਕਸ਼ਮੀਰ ਨੂੰ ਅੰਗਰੇਜ਼ਾਂ ਦੀ ਸੇਵਾਦਾਰੀ ਦੇ ਬਦਲੇ ਡੋਗਰਾ ਭਰਾਵਾਂ ਦੇ ਹਵਾਲੇ ਕਰ ਦਿੱਤਾ ਗਿਆ। ਸੌ ਸਾਲ ਤੱਕ (1846 ਤੋਂ 1952) ਤੱਕ ਡੋਗਰਾ ਭਰਾਵਾਂ ਦਾ ਜਗੀਰਦਾਰੀ ਰਾਜ ਰਿਹਾ। ਆਰਥਿਕ ਤੇ ਸਮਾਜਿਕ ਪੱਖੋਂ ਨਿਘਰੇ ਹਾਲਤ ਵਿਚ ਲੋਕਾਂ ਤੋਂ ਪਸ਼ੂਆਂ ਦੀ ਤਰ੍ਹਾਂ ਕੰਮ ਲਿਆ ਜਾਂਦਾ ਤੇ ਜਬਰ ਕੀਤਾ ਜਾਂਦਾ ਸੀ। ਇਸ ਤਾਨਾਸ਼ਾਹੀ ਰਾਜ ਵਿਰੁਧ ਜਨ ਅੰਦੋਲਨ ਅਰੰਭ ਹੋਇਆ। 13 ਜੁਲਾਈ 1931 ਨੂੰ ਸ੍ਰੀਨਗਰ ਕੇਂਦਰੀ ਜੇਲ੍ਹ ਦੇ ਬਾਹਰ ਬੇਲਗਾਮ ਪੁਲਿਸ ਨੇ 21 ਕਸ਼ਮੀਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। 1932 ਵਿਚ ਸ਼ੇਖ ਅਬਦੁਲਾ ਤੇ ਪਰਵੇਜ਼ ਮੁਹੰਮਦ ਯੂਸਫ ਸ਼ਾਹ ਨੇ ਜੰਮੂ ਕਸ਼ਮੀਰ ਮੁਸਲਮਾਨ ਕਾਨਫਰੰਸ ਨਾਂ ਦੀ ਜਥੇਬੰਦੀ ਦੀ ਸਥਾਪਨਾ ਕੀਤੀ ਜਿਹੜੀ 1939 ਵਿਚ ਭੰਗ ਕਰ ਦਿੱਤੀ ਗਈ। ਉਸ ਦੀ ਥਾਂ ਸ਼ੇਖ ਅਬਦੁਲਾ ਨੇ ਜੇ ਐਂਡ ਕੇ ਨੈਸ਼ਨਲ ਕਾਨਫਰੰਸ ਦੀ ਨੀਂਹ ਰੱਖੀ। 10 ਮਾਰਚ 1946 ਨੂੰ ਸ਼ੇਖ ਅਬਦੁਲਾ ਨੂੰ ਮਹਾਰਾਜਾ ਹਰੀ ਸਿੰਘ ਦੇ ਹੁਕਮ ਨਾਲ ਗ੍ਰਿਫਤਾਰ ਕਰ ਲਿਆ ਗਿਆ ਕਿਉਂਕਿ ਨੈਸ਼ਨਲ ਕਾਨਫਰੰਸ ਗੁਲਾਬ ਸਿੰਘ ਤੇ ਅੰਗਰੇਜ਼ਾਂ ਵਿਚਕਾਰ ਹੋਈ ਅੰਮ੍ਰਿਤਸਰ ਸੰਧੀ ਨੂੰ ਸਵੀਕਾਰ ਨਹੀਂ ਕਰਦੀ ਸੀ।



ਜਦੋਂ ਭਾਰਤ ਆਜਾਦ ਹੋਇਆ, 565 ਰਜਵਾੜਿਆਂ ਨੇ ਆਪਣੀਆਂ ਰਿਆਸਤਾਂ ਦੀ ਕਿਸਮਤ ਦਾ ਫੈਸਲਾ ਕਰਨਾ ਸੀ ਕਿ ਉਹ ਪਾਕਿਸਤਾਨ ਨਾਲ ਜਾਣਗੇ ਜਾਂ ਭਾਰਤ ਨਾਲ, ਜਾਂ ਅਲੱਗ ਸਟੇਟ ਦੇ ਤੌਰ 'ਤੇ ਰਹਿਣਗੇ। ਪਾਕਿਸਤਾਨ ਨੇ ਜ਼ਬਰਦਸਤੀ ਕਸ਼ਮੀਰ ਨੂੰ ਆਪਣੇ ਵਿਚ ਸ਼ਾਮਿਲ ਕਰਨ ਲਈ ਹਮਲਾ ਕਰ ਦਿੱਤਾ। ਕਸ਼ਮੀਰੀ ਲੋਕਾਂ ਨੇ ਡਟ ਕੇ ਪਾਕਿਸਤਾਨੀ ਫੌਜ ਦਾ ਟਾਕਰਾ ਕੀਤਾ। ਸ਼ੇਖ ਅਬਦੁਲਾ ਦੀ ਅਗਵਾਈ ਵਿਚ ਕਸ਼ਮੀਰ ਨੇ ਭਾਰਤ ਵਿਚ ਸ਼ਾਮਿਲ ਹੋਣ ਦਾ ਮਹੱਤਵਪੂਰਣ ਫੈਸਲਾ ਲਿਆ ਜਦਕਿ ਹੁਣ ਵੀ ਕਸ਼ਮੀਰ ਦਾ ਤੀਜਾ ਹਿੱਸਾ ਪਾਕਿਸਤਾਨ ਦੇ ਕਬਜ਼ੇ ਵਿਚ ਹੈ। 4 ਮਾਰਚ 1948 ਨੂੰ ਸ਼ੇਖ ਅਬਦੁਲਾ ਨੂੰ ਜੰਮੂ ਕਸ਼ਮੀਰ ਦਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ। ਨਵੰਬਰ 1948 ਵਿਚ ਪ੍ਰਦੇਸ਼ ਦਾ ਅੰਤ੍ਰਿਮ ਸੰਵਿਧਾਨ ਲਾਗੂ ਕੀਤਾ ਗਿਆ। 24 ਜੁਲਾਈ 1952 ਨੂੰ ਭਾਰਤ ਨਾਲ ਹੋਏ ਸਮਝੌਤੇ ਅਨੁਸਾਰ ਜੰਮੂ ਕਸ਼ਮੀਰ ਨੂੰ ਪ੍ਰਾਂਤਕ ਖੁਦਮੁਖਤਾਰੀ ਦਾ ਸਿਧਾਂਤ ਮੰਨ ਲਿਆ ਗਿਆ। ਆਜ਼ਾਦੀ ਦੀ ਲੜਾਈ ਵਿਚ ਅਹਿਮ ਭੂਮਿਕਾ ਨਿਭਾਉਣ ਲਈ ਸ਼ੇਖ ਅਬਦੁਲਾ ਨੂੰ ਸ਼ੇਰੇ ਕਸ਼ਮੀਰ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਕਸ਼ਮੀਰ ਦਾ ਰਾਜ-ਭਾਗ ਸੰਭਾਲਦਿਆਂ ਹੀ ਸ਼ੇਖ ਅਬਦੁਲਾ ਨੇ ਜਗੀਰਦਾਰੀ ਪ੍ਰਥਾ ਖਤਮ ਕਰਦਿਆਂ ਜ਼ਮੀਨ ਦੇ ਹੱਕ ਉਸ ਤੇ ਖੇਤੀ ਕਰਦੇ ਮੁਜਾਰਿਆਂ ਨੂੰ ਬਿਨਾਂ ਮੁਆਵਜ਼ਾ ਦੇ ਦਿੱਤੇ ਜਿਸ ਨਾਲ ਸ਼ੇਖ ਅਬਦੁਲਾ ਲੋਕਾਂ ਦੇ ਹਰਮਨ ਪਿਆਰੇ ਨੇਤਾ ਬਣ ਗਏ। ਕੇਂਦਰ ਸਰਕਾਰ ਇਨ੍ਹਾਂ ਲੋਕ ਪੱਖੀ ਸੁਧਾਰਾਂ ਤੋਂ ਭੈਭੀਤ ਹੋ ਗਈ ਅਤੇ ਪ੍ਰਾਂਤਕ ਖੁਦਮੁਖਤਾਰੀ ਦੀ ਪੁਸ਼ਟੀ ਕਰਦੇ ਉਨ੍ਹਾਂ ਦੇ ਇਕ ਬਿਆਨ ਦੇ ਅਧਾਰ 'ਤੇ ਅਚਾਨਕ ਸ਼ੇਖ ਅਬਦੁਲਾ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਅਤੇ ਆਪਣੇ ਇਕ ਪਿੱਠੂ ਬਖਸ਼ੀ ਗੁਲਾਮ ਮੁਹੰਮਦ ਨੂੰ ਜੰਮੂ ਕਸ਼ਮੀਰ ਦਾ ਪ੍ਰਧਾਨ ਮੰਤਰੀ ਬਣਾ ਦਿੱਤਾ। ਇੱਥੋਂ ਹੀ ਕਸ਼ਮੀਰੀਆਂ ਵਿਚ ਕੇਂਦਰ ਪ੍ਰਤੀ ਬੇਗਾਨਗੀ ਤੇ ਬੇਭਰੋਸਗੀ ਦੀ ਭਾਵਨਾ ਪੈਦਾ ਹੋਣ ਲੱਗੀ ਜਿਹੜੀ ਹੁਣ ਤੱਕ ਕਾਇਮ ਹੈ।

1965 ਦੀ ਭਾਰਤ-ਪਾਕਿ ਜੰਗ ਤੋਂ ਬਾਅਦ 30 ਮਈ 1965 ਨੂੰ ਜੰਮੂ ਕਸ਼ਮੀਰ ਸੰਵਿਧਾਨ ਵਿਚ ਤਬਦੀਲੀ ਕਰਕੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਥਾਂ ਮੁੱਖ ਮੰਤਰੀ ਅਤੇ ਸਦਰੇ-ਰਿਆਸਤ ਦੀ ਥਾਂ ਗਵਰਨਰ ਬਣਾ ਦਿੱਤੇ ਗਏ। ਗੁਲਾਮ ਮੁਹੰਮਦ ਸਾਦਿਕ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ। 24 ਜੁਲਾਈ 1972 ਨੂੰ ਮੁੜ ਕੇਂਦਰ ਸਰਕਾਰ ਤੇ ਸ਼ੇਖ ਅਬਦੁਲਾ ਵਿਚ ਸਮਝੌਤਾ ਹੋਇਆ ਜਿਸ ਅਨੁਸਾਰ ਵਿਧਾਨ ਦੀ ਧਾਰਾ 370 ਦਾ ਜਨਮ ਹੋਇਆ। ਜੰਮੂ ਕਸ਼ਮੀਰ ਨੂੰ ਭਾਰਤ ਦਾ ਅਟੁੱਟ ਅੰਗ ਸਮਝਦਿਆਂ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਏ। ਇਸ ਸਮਝੌਤੇ ਦਾ ਵਰਨਣ ਭਾਰਤ ਦੇ ਸੰਵਿਧਾਨ ਵਿਚ ਦਰਜ ਹੈ।

ਅਫਸੋਸ ਕਿ ਕੇਂਦਰ ਵਿਚ ਬਣੀਆਂ ਵੱਖ ਵੱਖ ਰੰਗ ਦੀਆਂ ਸਰਕਾਰਾਂ ਇਸ ਸਮਝੌਤੇ ਅਨੁਸਾਰ ਦਿੱਤੇ ਗਏ ਅਧਿਕਾਰਾਂ 'ਤੇ ਕਾਇਮ ਰਹਿ ਕੇ ਅਮਲ ਕਰਨਾ ਤਾਂ ਇਕ ਪਾਸੇ ਰਿਹਾ ਸਮੇਂ ਸਮੇਂ ਇਸ ਨੂੰ ਪੈਰਾਂ ਹੇਠ ਹੀ ਲਤਾੜਦੀਆਂ ਰਹੀਆਂ।

ਇਹ ਸਹੀ ਹੈ ਕਿ ਦੇਸ਼ ਵਿਰੋਧੀ ਸ਼ਰਾਰਤੀ ਤੱਤਾਂ ਨਾਲ ਸਖਤੀ ਨਾਲ ਨਿਪਟਿਆ ਜਾਵੇ ਪਰ ਬੁਨਿਆਦੀ ਅਧਿਕਾਰਾਂ ਤੋਂ ਵਿਰਵੇ ਅਤੇ ਗਰੀਬੀ ਦੀ ਮਾਰ ਸਹਿ ਰਹੇ ਕਸ਼ਮੀਰੀ ਲੋਕਾਂ ਨਾਲ ਮਨੁੱਖੀ ਨਿਆਂ ਆਧਾਰਤ ਕਦਰਾਂ-ਕੀਮਤਾਂ ਅਨੁਸਾਰ ਵਿਹਾਰ ਕੀਤਾ ਜਾਣਾ ਜ਼ਰੂਰੀ ਹੈ। ਇਸ ਲਈ ਕੇਂਦਰ ਸਰਕਾਰ ਨੂੰ ਬੜੇ ਹੀ ਧੀਰਜ ਵਾਲੀ ਸੰਵੇਦਨਸ਼ੀਲ ਜਨਵਾਦੀ ਪਹੁੰਚ ਧਾਰਨ ਕਰਨੀ ਹੋਵੇਗੀ।

ਕੇਂਦਰ ਸਰਕਾਰ ਨੂੰ ਸਮੁੱਚੇ ਰਾਜਨੀਤਕ ਤੇ ਸਮਾਜਿਕ ਪੱਖਾਂ ਦੇ ਨਾਲ ਨਾਲ ਵਿਸ਼ੇਸ਼ ਰੂਪ ਵਿਚ ਕਸ਼ਮੀਰ ਸਮੱਸਿਆ ਨਾਲ ਸਬੰਧਤ ਰਾਜਨੀਤਕ ਸੰਗਠਨਾਂ ਨਾਲ ਦਿਲ ਖੋਲ ਕੇ ਬਿਨਾਂ ਸ਼ਰਤ ਗੱਲਬਾਤ ਕਰਨੀ ਚਾਹੀਦੀ ਹੈ ਕਿਉਂਕਿ ਕਸ਼ਮੀਰ ਸਮੱਸਿਆ ਕੇਵਲ ਅਮਨ ਕਾਨੂੰਨ ਦੀ ਸਮੱਸਿਆ ਨਾ ਹੋ ਕੇ ਇਕ ਰਾਜਨੀਤਕ ਤੇ ਸਮਾਜਿਕ ਸਮੱਸਿਆ ਵੀ ਹੈ। ਇਸ ਦਾ ਹਲ ਵੀ ਇਕਪਾਸੜ ਪਹੁੰਚ ਧਾਰਨ ਕਰਕੇ ਨਹੀਂ ਕੀਤਾ ਜਾ ਸਕਦਾ। ਕੋਈ ਵੀ ਇਨਸਾਫਪਸੰਦ ਵਿਅਕਤੀ ਕਸ਼ਮੀਰ ਨੂੰ ਭਾਰਤ ਨਾਲੋਂ ਅਲੱਗ ਵੇਖਣਾ ਪਸੰਦ ਨਹੀਂ ਕਰਦਾ ਅਤੇ ਨਾ ਹੀ ਧਰਮ ਤੇ ਵੱਖਵਾਦ ਦੇ ਨਾਂ 'ਤੇ ਕੀਤੀ ਜਾ ਰਹੀ ਹਿੰਸਾ ਨੂੰ ਨਿਆਂਸੰਗਤ ਠਹਿਰਾ ਸਕਦਾ ਹੈ। ਛੇ ਦਹਾਕਿਆਂ ਤੋਂ ਚਲੀ ਆ ਰਹੀ ਸਮੱਸਿਆ ਭਾਵੇਂ ਝੱਟ ਵਿਚ ਹਲ ਨਹੀਂ ਹੋ ਸਕਦੀ, ਫਿਰ ਵੀ ਇਸ ਗੱਲ ਨੂੰ ਅਣਡਿਠ ਨਹੀਂ ਕੀਤਾ ਜਾ ਸਕਦਾ ਕਿ ਭਾਰਤ ਦੀ ਆਜ਼ਾਦੀ ਤੋਂ ਬਾਅਦ ਧਾਰਮਕ ਵਖਰੇਵੇਂ ਅਤੇ ਕੁੜਿੱਤਣਾਂ ਦੇ ਹੁੰਦਿਆਂ ਵੀ ਕਸ਼ਮੀਰੀ ਲੋਕਾਂ ਨੇ ਧਰਮ ਨਿਰਪੱਖਤਾ ਦਾ ਲੜ ਫੜ ਕੇ ਆਪਣਾ ਭਵਿਖ ਭਾਰਤ ਨਾਲ ਜੋੜਿਆ ਸੀ। ਉਨ੍ਹਾਂ ਦੀ ਇਸ ਸਾਕਾਰਾਤਮਕ ਪਹੁੰਚ ਦਾ ਮੁੱਲ ਪਾਉਣਾ ਬਣਦਾ ਹੈ ਅਤੇ ਉਨ੍ਹਾਂ ਨਾਲ ਵਿਸ਼ੇਸ਼ ਅਧਿਕਾਰਾਂ ਅਤੇ ਖੁਦਮੁਖਤਾਰੀ ਦਾ ਵਾਅਦਾ ਹਰ ਕੀਮਤ 'ਤੇ ਪੂਰਾ ਕੀਤਾ ਜਾਣਾ ਚਾਹੀਦਾ ਹੈ।

ਇਸ ਦਿਸ਼ਾ ਵੱਲ ਕੇਂਦਰ ਦੀਆਂ ਵੱਖ ਵੱਖ ਸਰਕਾਰਾਂ ਵੱਲੋਂ ਕੀਤੀਆਂ ਗਲਤੀਆਂ ਨੂੰ ਦਰੁਸਤ ਕੀਤਾ ਜਾਣਾ ਚਾਹੀਦਾ ਹੈ ਭਾਵੇਂ ਪਹਿਲੋਂ ਹੀ ਕਾਫੀ ਦੇਰ ਹੋ ਚੁੱਕੀ ਹੈ। ਜੇ ਭਾਰਤ ਸਰਕਾਰ ਇਸ ਸਮੱਸਿਆ ਨੂੰ ਪਾਕਿਸਤਾਨ ਨਾਲ ਵੀ ਵਿਚਾਰਨ ਨੂੰ ਤਿਆਰ ਹੈ ਤੇ ਅਮਰੀਕੀ ਸਾਮਰਾਜ ਦਾ ਦਖਲ ਵੀ ਸਹਿ ਰਹੀ ਹੈ ਤਾਂ ਆਪਣੇ ਦੇਸ਼ ਦੇ ਹੀ ਇਕ ਭਾਗ ਦੇ ਲੋਕਾਂ ਨਾਲ ਗੱਲਬਾਤ ਕਰਨ ਤੋਂ ਹਿੱਚਕਚਾਹਟ ਕਿਉਂ? ਭਾਰਤ ਵਿਰੋਧੀ ਦੇਸੀ ਤੇ ਵਿਦੇਸ਼ੀ ਸ਼ਕਤੀਆਂ ਚਾਹੁੰਦੀਆਂ ਹਨ ਕਿ ਕਸ਼ਮੀਰ ਜਲਦਾ ਰਹੇ ਅਤੇ ਇਸ ਨੂੰ ਪੌੜੀ ਬਣਾ ਕੇ ਇਸ ਖੇਤਰ ਵਿਚ ਆਪਣੀ ਪ੍ਰਭੂਸੱਤਾ ਤੇ ਦਖਲਅੰਦਾਜ਼ੀ ਨੂੰ ਕਾਰਗਰ ਬਣਾਇਆ ਜਾਵੇ। ਫਿਰਕਾਪ੍ਰਸਤਾਂ ਤੇ ਵਖਵਾਦੀਆਂ ਦੇ ਮਨਸੂਬੇ ਵੀ ਇਸੇ ਵਿਚ ਲੁਕੇ ਹੋਏ ਹਨ। ਇਸ ਲਈ ਹੋਰ ਕਦਮਾਂ ਦੇ ਨਾਲ ਨਾਲ ਜ਼ਰੂਰੀ ਹੈ ਕਿ ਕਸ਼ਮੀਰੀ ਜਨ ਸਾਧਾਰਣ ਦਾ ਮਨ ਜਿੱਤਿਆ ਜਾਵੇ ਤੇ ਵਿਸ਼ਵਾਸ ਜਗਾਇਆ ਜਾਵੇ ਕਿ ਉਨ੍ਹਾਂ ਦੀ ਹਰ ਸਮੱਸਿਆ ਨੂੰ ਜਨਵਾਦੀ ਢੰਗ ਨਾਲ ਹੱਲ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਾਂ। ਕੇਂਦਰ ਸਰਕਾਰ ਨੂੰ ਵੀ ਚਿਤਾਵਨੀ ਦੇਣਾ ਚਾਹੁੰਦੇ ਹਾਂ ਕਿ ਕਸ਼ਮੀਰ ਦੀ ਵਰਤਮਾਨ ਦੁਖ ਭਰੀ ਸਥਿਤੀ ਨੂੰ ਟਾਲਣ ਦਾ ਯਤਨ ਨਾ ਕਰੇ ਸਗੋਂ ਆਪਣੀ ਨੀਤੀ ਨੂੰ ਸੁਧਾਰੇ ਕਿਉਂਕਿ ਭਾਰਤੀ ਲੋਕਾਂ ਨੇ ਸਰਕਾਰ ਤੋਂ ਇਕ ਦਿਨ ਜ਼ਰੂਰ ਪੁੱਛਣਾ ਹੈ:

ਤੂ ਇਧਰ ਉਧਰ ਕੀ ਨਾ ਬਾਤ ਕਰ
ਯੇ ਬਤਾ ਕਿ ਕਾਫਲਾ ਕਿਉ ਲੁਟਾ?
ਹਮੇਂ ਰਾਹਜ਼ਨੋਂ ਸੇ ਗਰਜ਼ ਨਹੀਂ
ਤੇਰੀ ਰਾਹਬਰੀ ਕਾ ਸਵਾਲ ਹੈ।

ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਜੇ ਸਿਆਸੀ ਆਗੂ ਕਸ਼ਮੀਰ ਸਮੱਸਿਆ ਦੇ ਰਾਜਨੀਤਕ ਹਲ ਲਈ ਗੰਭੀਰ ਯਤਨ ਕਰਨ ਤਾਂ ਕਸ਼ਮੀਰ ਭਾਰਤ ਅਤੇ ਪਾਕਿਸਤਾਨ ਵਿਚ ਨਫਰਤ ਦਾ ਮੁੱਦਾ ਨਾ ਰਹਿ ਕੇ ਸਹਿਯੋਗ, ਮਿੱਤਰਤਾ ਤੇ ਭਰਾਤਰੀ ਭਾਵ ਦਾ ਪ੍ਰਤੀਕ ਬਣ ਕੇ ਉਭਰੇਗਾ।

***ਪੰਜਾਬੀ ਰੂਪ: ਗਿਆਨ ਸਿੰਘ ਬਿਲਗਾ***

# ਅਰੁੰਧਾਤੀ ਰਾਏ ਅਤੇ ਜੀਲਾਨੀ ਖ਼ਿਲਾਫ਼ ਕਾਰਵਾਈ ਨਹੀਂ ਹੋਵੇਗੀ

**ਨਵੀਂ ਦਿੱਲੀ:** ਸਰਕਾਰ ਨੇ ਕੱਟੜਪੰਥੀ ਕਸ਼ਮੀਰੀ ਆਗੂ ਸੱਯਦ ਅਲੀ ਸ਼ਾਹ ਗਿਲਾਨੀ ਅਤੇ ਉਘੀ ਲੇਖਿਕਾ ਅਰੁੰਧਾਤੀ ਰਾਏ ਖ਼ਿਲਾਫ਼ ਕੇਸ ਨਾ ਦਰਜ ਕਰਨ ਦਾ ਫ਼ੈਸਲਾ ਕੀਤਾ ਹੈ। ਗਿਲਾਨੀ ਤੇ ਰਾਏ ਨੇ ਪਿਛਲੇ ਹਫ਼ਤੇ ਨਵੀਂ ਦਿੱਲੀ ਵਿਚ ਇਕ ਸੈਮੀਨਾਰ ਦੌਰਾਨ ਕਸ਼ਮੀਰ ਦੀ ਆਜ਼ਾਦੀ ਦੀ ਪੈਰਵੀ ਕਰਦਿਆਂ ਦਾਅਵਾ ਕੀਤਾ ਸੀ ਕਿ ਕਸ਼ਮੀਰ ਕਦੇ ਵੀ ਭਾਰਤ ਦਾ ਅਟੁੱਟ ਅੰਗ ਨਹੀਂ ਰਿਹਾ।




*ਅਰੁੰਧਾਤੀ ਰਾਏ ਅਤੇ ਸਈਦ ਅਲੀ ਸ਼ਾਹ ਜੀਲਾਨੀ*

ਪਹਿਲੀਆਂ ਖਬਰਾਂ ਅਨੁਸਾਰ ਕੇਂਦਰ ਸਰਕਾਰ ਅਰੁੰਧਾਤੀ ਰਾਏ ਅਤੇ ਸਈਦ ਅਲੀ ਸ਼ਾਹ ਜੀਲਾਨੀ ਅਤੇ ਮਾਓਵਾਦੀਆਂ ਦੇ ਸਮਰਥਕ ਆਂਧਰਾ ਪ੍ਰਦੇਸ਼ ਦੇ ਇਨਕਲਾਬੀ ਕਵੀ ਵਰ ਵਰਾ ਰਾਓ ਖ਼ਿਲਾਫ਼ ਕਾਰਵਾਈ ਦੀ ਤਿਆਰੀ ਕਰ ਰਹੀ ਸੀ। ਇਨ੍ਹਾਂ ਤਿੰਨਾਂ ਉਤੇ ਦੋਸ਼ ਹੈ ਕਿ ਇਨ੍ਹਾਂ ਨੇ ਨਵੀਂ ਦਿੱਲੀ ਵਿਚ ਕਸ਼ਮੀਰ ਬਾਰੇ ਸੈਮੀਨਾਰ "ਆਜ਼ਾਦੀ: ਇਕੋ-ਇਕ ਰਾਹ" ਦੌਰਾਨ ਕਸ਼ਮੀਰ ਦੀ ਆਜ਼ਾਦੀ ਦੀ ਗੱਲ ਕੀਤੀ।

ਯਾਦ ਰਹੇ ਕਿ ਅਰੁੰਧਾਤੀ ਰਾਏ ਨੇ ਸੈਮੀਨਾਰ ਦੌਰਾਨ ਸਪਸ਼ਟ ਕਿਹਾ ਸੀ ਕਿ ਕਸ਼ਮੀਰ ਕਦੀ ਵੀ ਭਾਰਤ ਦਾ ਅੰਗ ਨਹੀਂ ਰਿਹਾ। ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਇਸ ਬਿਆਨ ਬਦਲੇ ਉਸ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਦੂਜੇ ਬੰਨੇ ਕਾਂਗਰਸ ਦਾ ਕਹਿਣਾ ਕਿ ਇਸ ਲੇਖਕ ਦੇ ਵਿਚਾਰਾਂ ਨੂੰ ਇੰਨੀ ਅਹਿਮੀਅਤ ਦੇਣ ਦੀ ਲੋੜ ਨਹੀਂ ਹੈ। ਇਸੇ ਦੌਰਾਨ ਅਰੁੰਧਾਤੀ ਰਾਏ ਨੇ ਸ੍ਰੀਨਗਰ ਤੋਂ ਜਾਰੀ ਬਿਆਨ ਵਿਚ ਕਿਹਾ, "ਮੈਂ ਸੈਮੀਨਾਰ ਵਿਚ ਕਸ਼ਮੀਰੀਆਂ ਦੇ ਹੱਕਾਂ ਦੀ ਹੀ ਗੱਲ ਕੀਤੀ ਹੈ ਜਿੱਥੇ ਫੌਜ ਲੋਕਾਂ ਨੂੰ ਬੂਟਾਂ ਹੇਠ ਦਰੜ ਰਹੀ ਹੈ। ਉਥੋਂ ਪੰਡਿਤ ਉਜੜ ਚੁੱਕੇ ਹਨ। 24 ਅਕਤੂਬਰ ਨੂੰ ਮੈਂ ਕਸ਼ਮੀਰ ਗਈ ਤਾਂ ਲੋਕਾਂ ਦੀਆਂ ਤਕਲੀਫ਼ਾਂ ਬਾਰੇ ਪਤਾ ਲੱਗਿਆ। ਉਥੇ ਇਕ ਮੁੰਡਾ ਮਿਲਿਆ ਜਿਸ ਉਤੇ ਸੁਰੱਖਿਆ ਬਲਾਂ ਦੇ ਪੱਥਰ ਮਾਰਨ ਦਾ ਦੋਸ਼ ਸੀ। ਉਸ ਦੀਆਂ ਅੱਖਾਂ ਭੰਨ ਦਿੱਤੀਆਂ ਗਈਆਂ। ਇਕ ਮੁੰਡੇ ਦੇ ਤਿੰਨ ਦੋਸਤਾਂ ਨੂੰ ਫੜ ਕੇ ਉਨ੍ਹਾਂ ਦੇ ਨਹੁੰ ਖਿੱਚ ਲਏ ਗਏ। ਇਨ੍ਹਾਂ ਲੋਕਾਂ ਉਤੇ ਤਸ਼ੱਦਦ ਢਾਹਿਆ ਜਾ ਰਿਹਾ ਹੈ ਅਤੇ ਇਨ੍ਹਾਂ ਤੋਂ ਜ਼ਬਰਦਸਤੀ ਭਾਰਤੀ ਅਖਵਾਇਆ ਜਾ ਰਿਹਾ ਹੈ। ਲਾਹਣਤ ਹੈ ਕਿ ਲੇਖਕਾਂ ਦਾ ਮੂੰਹ ਵੀ ਬੰਦ ਕਰਵਾਇਆ ਜਾ ਰਿਹਾ ਹੈ। ਇਨਸਾਫ਼ ਮੰਗਣ ਵਾਲਿਆਂ ਨੂੰ ਜੇਲ੍ਹਾਂ ਵਿਚ ਸੁੱਟਣ ਲਈ ਕਿਹਾ ਜਾ ਰਿਹਾ ਹੈ ਅਤੇ ਕਾਤਲੀ ਟੋਲੇ, ਬਲਾਤਕਾਰੀ ਸ਼ਰ੍ਹੇਆਮ ਘੁੰਮ ਰਹੇ ਹਨ।"

ਉਨ੍ਹਾਂ ਕਿਹਾ ਕਿ ਔਖੀ ਘੜੀ ਵੇਲੇ ਜੇ ਲੇਖਕ ਹੀ ਲੋਕਾਂ ਦੇ ਹੱਕ ਵਿਚ ਨਹੀਂ ਬੋਲਣਗੇ ਤਾਂ ਹੋਰ ਫਿਰ ਕੌਣ ਬੋਲੇਗਾ। ਜਨਾਬ ਜੀਲਾਨੀ ਨੇ ਇਸ ਬਾਰੇ ਕਿਹਾ ਹੈ ਕਿ ਉਸ ਖਿਲਾਫ਼ ਪਹਿਲਾਂ ਹੀ 70 ਕੇਸ ਦਰਜ ਹਨ। 71ਵਾਂ ਕੇਸ ਦਰਜ ਹੋਣ ਨਾਲ ਕੋਈ ਫ਼ਰਕ ਨਹੀਂ ਪੈਣਾ। ਗ੍ਰਹਿ ਮੰਤਰੀ ਪੀ. ਚਿਦੰਬਰਮ ਮਤਾਬਕ ਇਸ ਕੇਸ ਬਾਰੇ ਪੂਰੀ ਜਾਣਕਾਰੀ ਲਈ ਜਾ ਰਹੀ ਹੈ। ਜੇ ਲੋੜ ਹੋਈ ਤਾਂ ਬਣਦੀ ਕਾਰਵਾਈ ਕੀਤੀ ਜਾਵੇਗੀ।

# ਬੇ-ਏਰੀਆ ਕਾਲਜ ਆਫ ਨਰਸਿੰਗ

**...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!**

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* 8 ਮਹੀਨੇ 'ਚ RN ਦਾ ਕੋਰਸ ਕਰੋ-ਦਾਖਲੇ ਅਗਲੇ ਸਾਲ ਦੇ ਸ਼ੁਰੂ ਵਿਚ

BAY AREA COLLEGE OF NURSING 2004



ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

3 Locations in Bay Area:
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ
ਸੈਨ ਹੋਜ਼ੇ ਲੋਕੇਸ਼ਨ ਤੇ ਕਮਲਪ੍ਰੀਤ ਟੁਟ ਨੂੰ ਫੋਨ ਕਰੋ ਜੀ।

**www.bayareacollege.net**

# ਲੋੜ ਹੈ SIDHU TRUCK LINE INC.

## ਕੈਸ਼ੀਅਰ ਅਤੇ ਡੀਜ਼ਲ ਮਕੈਨਿਕ

ਵੈਗਾ, ਟੈਕਸਸ ਵਿਚ ਟਰੱਕ ਸਟਾਪ ਲਈ ਕੈਸ਼ੀਅਰ ਅਤੇ ਡੀਜ਼ਲ ਮਕੈਨਿਕ ਦੀ ਲੋੜ ਹੈ।

ਪਹਿਲੀ ਤਰਜੀਹ ਕਿਸੇ ਫੈਮਿਲੀ ਨੂੰ ਹੋਵੇਗੀ। ਅਸੀਂ ਚੰਗੀ ਤਨਖਾਹ ਅਤੇ ਰਹਿਣ ਲਈ ਤਿੰਨ ਬੈਡਰੂਮ ਦਾ ਖੁੱਲ੍ਹਾ ਡੁੱਲ੍ਹਾ ਘਰ ਦਿਆਂਗੇ। ਘਰ ਕੰਮ ਤੋਂ ਸਿਰਫ ਡੇਢ-ਦੋ ਬਲਾਕ ਦੂਰ।

ਅੱਜ ਹੀ ਸੰਪਰਕ ਕਰੋ
ਕੁਲਵੰਤ ਸਿੱਧੂ
**806-678-3832**

# Realtor & Mortgage Specialist
## Bay Area & Central Valley

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

**RAJ SINGH**
**Cell:510-452-7370**

RAJ SINGH
M.A., M.Ed Retd. Principal
Realtor & Financial Adviser
Lic#01776459 & OG22467

MISSIONPEAK BROKERS, INC.
46560 Fremont Blvd., Suite #111 Fremont, CA 94538
singhrajpaul@yahoo.com

# Quik Signs
## Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ, ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ, ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰ੍ਹਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi

*661-703-8795
tanjit5020@yahoo.com
*661-900-7357
manmit5020@yahoo.com
WWW.QUIKSIGNS.US

# ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਖੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


| | | |
|---|---|---|
| ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ |
| ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ |

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

# Surajvanshi Pharmacy (R)

MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਪ੍ਰਧਾਨ ਮੰਤਰੀ ਵੱਲੋਂ ਵਿਕਸਤ ਮੁਲਕਾਂ ਦੀਆਂ ਰੱਖਿਆਵਾਦੀ ਨੀਤੀਆਂ ਦਾ ਵਿਰੋਧ

**ਹੈਨੋਈ:** ਵਿਕਸਤ ਮੁਲਕਾਂ ਵੱਲੋਂ ਰੱਖਿਆਵਾਦੀ ਨੀਤੀਆਂ ਅਪਨਾ ਕੇ ਵਪਾਰਕ ਖੁੱਲ੍ਹਾਂ ਨਾ ਦੇਣ ਦੀ ਨੀਤੀ ਦਾ ਪ੍ਰਧਾਨ ਮੰਤਰੀ ਡਾ.


## ਆਸੀਆਨ ਸਿਖ਼ਰ ਸੰਮੇਲਨ

ਮਨਮੋਹਨ ਸਿੰਘ ਨੇ ਜ਼ੋਰਦਾਰ ਵਿਰੋਧ ਕੀਤਾ ਹੈ ਅਤੇ ਕਿਹਾ ਹੈ ਕਿ ਇਹ ਨੀਤੀਆਂ ਵਿਕਾਸਸ਼ੀਲ ਮੁਲਕਾਂ ਦੀ ਤਰੱਕੀ ਦੇ ਰਾਹ ਵਿਚ ਅੜਿੱਕਾ ਬਣਦੀਆਂ ਹਨ। ਉਨ੍ਹਾਂ ਇਹ ਗੱਲ ਇਥੇ ਆਸੀਆਨ ਸਿਖ਼ਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਹੀ। ਨਾਲ ਹੀ ਪ੍ਰਧਾਨ ਮੰਤਰੀ ਨੇ ਦੱਖਣ ਏਸ਼ਿਆਈ ਮੁਲਕਾਂ ਦਰਮਿਆਨ ਸੇਵਾਵਾਂ ਅਤੇ ਨਿਵੇਸ਼ ਸਬੰਧੀ ਮੁਕਤ ਵਪਾਰ ਸਮਝੌਤੇ ਨੂੰ ਛੇਤੀ ਮੁਕੰਮਲ ਕੀਤੇ ਜਾਣ ਦੀ ਲੋੜ ਉਤੇ ਜ਼ੋਰ ਦਿੰਦਿਆਂ ਵਸਤਾਂ ਸਬੰਧੀ ਪਿਛਲੇ ਸਾਲ ਸਹੀਬੰਦ ਕੀਤੇ ਗਏ ਸਮਝੌਤੇ ਨੂੰ ਛੇਤੀ ਅਮਲ ਵਿਚ ਲਿਆਉਣ ਦਾ ਵੀ ਸੱਦਾ ਦਿੱਤਾ।

ਉਨ੍ਹਾਂ ਇਸ ਮੌਕੇ ਕੰਬੋਡੀਆ, ਵੀਅਤਨਾਮ, ਫਿਲਪੀਨਜ਼ ਅਤੇ ਲਾਓਸ ਦੇ ਵਸਨੀਕਾਂ ਨੂੰ ਭਾਰਤ ਪੁੱਜਣ ਉਤੇ ਵੀਜ਼ਾ ਦੇਣ ਦੀ ਸਹੂਲਤ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ, ਜਿਹੜੀ ਆਉਂਦੀ ਪਹਿਲੀ ਜਨਵਰੀ ਤੋਂ ਲਾਗੂ ਹੋਵੇਗੀ। ਇਸ ਸਿਖ਼ਰ ਸੰਮੇਲਨ ਦੌਰਾਨ ਇਕ ਪੰਜ ਸਾਲਾ 'ਕਾਰਜ ਯੋਜਨਾ' ਦਾ ਖਾਕਾ ਵੀ ਉਲੀਕਿਆ ਗਿਆ ਤਾਂ ਕਿ ਖਿੱਤੇ ਦੇ ਮੁਲਕਾਂ ਦਰਮਿਆਨ ਆਪਸੀ ਸਹਿਯੋਗ ਵਧਾਇਆ ਜਾ ਸਕੇ। ਇਸ ਕਾਰਜ ਯੋਜਨਾ ਵਿਚ 82 ਨੁਕਤੇ ਸ਼ਾਮਲ ਹਨ, ਜਿਨ੍ਹਾਂ ਦੀ ਵੱਖੋ-ਵੱਖ ਖੇਤਰਾਂ ਵਿਚ ਅਸੀਮ ਸੰਭਾਵਨਾਵਾਂ ਦਾ ਲਾਹਾ ਲੈਣ ਲਈ ਸ਼ਨਾਖਤ ਕੀਤੀ ਗਈ ਹੈ।

ਇਸ ਮੌਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਆਉਂਦੇ ਸਾਲਾਂ ਦੌਰਾਨ ਭਾਰਤ ਦੇ 9-10% ਦੀ ਦਰ ਨਾਲ ਟਿਕਾਊ ਵਿਕਾਸ ਕਰਨ ਦੇ ਆਸਾਰ ਹਨ ਜਿਸ ਸਦਕਾ ਮੁਲਕ ਵਿਚ ਵਪਾਰ ਅਤੇ ਨਿਵੇਸ਼ ਲਈ ਭਾਰੀ ਮੌਕੇ ਹੋਣਗੇ। ਉਨ੍ਹਾਂ ਕਿਹਾ, "ਸਾਡਾ ਤਜਰਬਾ ਦੱਸਦਾ ਹੈ ਕਿ ਜੇ ਅਸੀਂ ਕਾਰਜ ਯੋਜਨਾ ਵਿਚ ਉਲੀਕੇ ਟੀਚਿਆਂ ਨੂੰ ਪੂਰਾ ਕਰਨਾ ਹੈ ਤਾਂ ਸਾਨੂੰ ਸਾਰੇ ਪੱਧਰਾਂ ਉਤੇ ਸਖ਼ਤ ਮਿਹਨਤ ਕਰਨੀ ਪਵੇਗੀ।" ਉਨ੍ਹਾਂ ਇਸ ਕਾਰਜ ਯੋਜਨਾ ਨੂੰ 'ਬਹੁਤ ਅਹਿਮ' ਕਰਾਰ ਦਿੱਤਾ। ਉਨ੍ਹਾਂ ਕਿਹਾ, "ਭਾਰਤ ਸਮਝਦਾ ਹੈ ਕਿ ਆਸੀਆਨ ਉਹ ਧੁਰਾ ਹੈ, ਜਿਸ ਦੁਆਲੇ ਏਸ਼ੀਆ-ਪ੍ਰਸ਼ਾਂਤ ਖਿੱਤੇ ਦੀ ਮਾਲੀ ਇਕਮੁੱਠਤਾ ਉਸਾਰੀ ਜਾ ਸਕਦੀ ਹੈ।"

ਇਸ ਦੇ ਨਾਲ ਹੀ ਉਨ੍ਹਾਂ ਵਿਕਸਤ ਮੁਲਕਾਂ ਵੱਲੋਂ ਵਪਾਰ ਵਿਚ ਖੁੱਲ੍ਹਾਂ ਨਾ ਦੇਣ ਦੀ ਨੀਤੀ ਦਾ ਵਿਰੋਧ ਕਰਦਿਆਂ ਮੌਜੂਦਾ ਵਪਾਰਕ ਅੜਿੱਕਿਆਂ ਨੂੰ ਹਟਾਉਣ ਉਤੇ ਵੀ ਜ਼ੋਰ ਦਿੱਤਾ। ਉਨ੍ਹਾਂ 16 ਮੁਲਕਾਂ ਦੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕਿਹਾ, "ਇਹ ਜੀ-20 ਦੀਆਂ ਸਾਂਝੀਆਂ ਕੋਸ਼ਿਸ਼ਾਂ ਦਾ ਹੀ ਸਿੱਟਾ ਹੈ ਕਿ ਆਲਮੀ ਅਰਥਚਾਰਾ ਕਾਫੀ ਹੱਦ ਤੱਕ ਸਥਿਰ ਹੋ ਗਿਆ ਹੈ, ਹਾਲਾਂਕਿ ਇਸ ਸਬੰਧੀ ਸੁਧਾਰ ਦੀ ਰਫ਼ਤਾਰ ਹਾਲੇ ਬੜੀ ਘੱਟ ਹੈ।"



*ਹਨੋਈ, ਵੀਅਤਨਾਮ ਵਿਚ ਹੋਏ ਆਸੀਆਨ ਸਿਖਰ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਮਰੀਕੀ ਵਿਦੇਸ਼ੀ ਮੰਤਰੀ ਹਿਲੇਰੀ ਕਲਿੰਟਨ ਨਾਲ*

### ਮਨਮੋਹਨ ਤੇ ਹਿਲੇਰੀ ਵੱਲੋਂ ਵਿਸ਼ੇਸ਼ ਮੀਟਿੰਗ

**ਹੈਨੋਈ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਇਥੇ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਦੁਵੱਲੇ ਮੁੱਦਿਆਂ ਉਤੇ ਵਿਚਾਰ ਕੀਤੀ। ਇਹ ਮੀਟਿੰਗ ਕਰੀਬ 40 ਮਿੰਟ ਚੱਲੀ, ਜੋ ਦੋਵੇਂ ਆਗੂਆਂ ਨੇ ਇਥੇ ਜਾਰੀ ਆਸੀਆਨ ਸਿਖ਼ਰ ਸੰਮੇਲਨ ਦੌਰਾਨ ਵੱਖਰੇ ਤੌਰ 'ਤੇ, ਖ਼ਾਸਕਰ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਭਾਰਤ ਫੇਰੀ ਬਾਰੇ ਵਿਚਾਰ ਕਰਨ ਲਈ ਉਲੀਕੀ ਸੀ।

ਬੀਬੀ ਕਲਿੰਟਨ ਇਥੇ ਆਸੀਆਨ ਸਿਖ਼ਰ ਸੰਮੇਲਨ ਵਿਚ ਹਿੱਸਾ ਲੈਣ ਲਈ ਪੁੱਜੇ ਹੋਏ ਸਨ, ਜਿਸ ਵਿਚ ਉਨ੍ਹਾਂ ਅਤੇ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੂੰ ਵਿਸ਼ੇਸ਼ ਸੱਦਾ ਦਿੱਤਾ ਗਿਆ ਸੀ।

# ਭਾਰਤ-ਚੀਨ ਸਬੰਧਾਂ 'ਤੇ ਜੰਮੀ ਬਰਫ਼ ਪਿਘਲਣੀ ਸ਼ੁਰੂ

**ਹਨੋਈ:** ਪ੍ਰਧਾਨ ਮੰਤਰੀ ਡਾ. ਮਨਮੋਹਨ



*ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸ਼ੁੱਕਰਵਾਰ ਨੂੰ ਹੈਨੋਈ ਵਿਚ ਚੀਨ ਦੇ ਪ੍ਰਧਾਨ ਮੰਤਰੀ ਵੈਨ ਜਿਆਬਾਓ ਨੂੰ ਮਿਲਦੇ ਹੋਏ*

ਸਿੰਘ ਨੇ ਸ਼ੁੱਕਰਵਾਰ ਨੂੰ ਇਥੇ ਆਪਣੇ ਹਮਰੁਤਬਾ ਚੀਨ ਦੇ ਵੈਨ ਜਿਆਬਾਓ ਨਾਲ ਮੁਲਾਕਾਤ ਦੌਰਾਨ ਕਿਹਾ ਕਿ ਉਨ੍ਹਾਂ ਦਾ ਮੁਲਕ ਭਾਰਤ ਦੀ ਦੁਖਦੀ ਰਗ 'ਤੇ ਹੱਥ ਨਾ ਰੱਖੇ ਤੇ ਉਹ ਭਾਰਤ ਦਾ ਦਰਦ ਮਹਿਸੂਸ ਕਰੇ। ਪਿਛਲੇ ਛੇ ਸਾਲਾਂ ਦੌਰਾਨ ਦੋਵਾਂ ਨੇਤਾਵਾਂ ਵਿਚਾਲੇ ਇਹ 10ਵੀਂ ਮੁਲਾਕਾਤ ਸੀ। ਜੰਮੂ-ਕਸ਼ਮੀਰ ਦੇ ਨਾਗਰਿਕਾਂ ਨੂੰ ਸਟੈਪਲ ਵੀਜ਼ਾ ਦੇਣ ਦੀ ਚੀਨ ਦੀ ਨੀਤੀ ਤੇ ਉਸ ਵੱਲੋਂ ਅਰੁਣਾਚਲ ਪ੍ਰਦੇਸ਼ 'ਤੇ ਠੋਕੇ ਜਾ ਰਹੇ ਦਾਅਵੇ ਦੇ ਮੱਦੇਨਜ਼ਰ ਦੋਵਾਂ ਆਗੂਆਂ ਵਿਚਾਲੇ ਇਸ ਮੁਲਾਕਾਤ ਨੂੰ ਕਾਫੀ ਅਹਿਮ ਮੰਨਿਆ ਜਾ ਰਿਹਾ ਸੀ।

ਡਾ. ਮਨਮੋਹਨ ਸਿੰਘ ਤੇ ਸ੍ਰੀ ਵੈਨ ਜਿਆਬਾਓ ਵਿਚਾਲੇ ਗੱਲਬਾਤ ਬੜੇ ਨਿੱਘੇ ਮਾਹੌਲ ਵਿਚ ਹੋਈ ਤੇ ਚੀਨੀ ਪ੍ਰਧਾਨ ਮੰਤਰੀ ਦੇ ਇਸ ਸਾਲ 16 ਦਸੰਬਰ ਨੂੰ ਭਾਰਤ ਆਉਣ ਦੀ ਸੰਭਾਵਨਾ ਹੈ। ਉਦੋਂ ਦੋਵਾਂ ਮੁਲਕਾਂ ਵਿਚਾਲੇ ਦੁਵੱਲੇ ਮਾਮਲਿਆਂ ਉਪਰ ਖੁੱਲ੍ਹ ਕੇ ਚਰਚਾ ਹੋਵੇਗੀ। ਉਨ੍ਹਾਂ ਦੀ ਇਸ ਯਾਤਰਾ ਤੋਂ ਪਹਿਲਾਂ ਕੌਮੀ ਸੁਰੱਖਿਆ ਸਲਾਹਕਾਰ ਸ਼ਿਵ ਸ਼ੰਕਰ ਮੈਨਨ ਤੇ ਚੀਨ ਦੇ ਉਪ ਵਿਦੇਸ਼ ਮੰਤਰੀ ਦਾਇ ਬਿੰਗੂ ਪੇਇਚਿੰਗ ਵਿਚ ਨਵੰਬਰ ਦੌਰਾਨ ਮਿਲਣਗੇ ਤੇ ਦੁਵੱਲੇ ਵਿਵਾਦਾਂ ਬਾਰੇ ਚਰਚਾ ਕਰਨਗੇ ਪਰ ਸ੍ਰੀ ਜਿਆਬਾਓ ਦੀ ਭਾਰਤ ਫੇਰੀ ਦੌਰਾਨ ਗੱਲਬਾਤ ਦਾ ਏਜੰਡਾ ਦਸੰਬਰ ਵਿਚ ਹੀ ਤੈਅ ਹੋਵੇਗਾ। ਦੋਵਾਂ ਆਗੂਆਂ ਵਿਚਾਲੇ ਵਧੀਆ ਮਾਹੌਲ ਵਿਚ ਗੱਲਬਾਤ ਹੋਣ ਦਾ ਸੰਕੇਤ ਇਸ ਤੋਂ ਵੀ ਮਿਲਿਆ, ਜਦੋਂ ਸ੍ਰੀ ਜਿਆਬਾਓ ਨੇ ਕਿਹਾ, "ਸ੍ਰੀ ਮਨਮੋਹਨ ਸਿੰਘ ਨੇ ਕਈ ਮੌਕਿਆਂ 'ਤੇ ਵਾਰ-ਵਾਰ ਕਿਹਾ ਹੈ ਕਿ ਇਸ ਦੁਨੀਆਂ ਵਿਚ ਭਾਰਤ ਤੇ ਚੀਨ ਲਈ ਆਪੋ-ਆਪਣਾ ਘੇਰਾ ਵਧਾਉਣ ਦੇ ਅਥਾਹ ਮੌਕੇ ਹਨ ਤੇ ਇਨ੍ਹਾਂ ਦੇ ਹਿੱਤ ਨਹੀਂ ਟਕਰਾਉਂਦੇ, ਮੈਂ ਇਸ ਨੂੰ ਥੋੜ੍ਹਾ ਬਦਲ ਕੇ ਇਹ ਕਹਿੰਦਾ ਹਾਂ ਕਿ ਦੁਨੀਆਂ ਵਿਚ ਭਾਰਤ ਤੇ ਚੀਨ ਵਿਚਾਲੇ ਆਪਸੀ ਸਹਿਯੋਗ ਲਈ ਅਥਾਹ ਸੰਭਾਵਨਾਵਾਂ ਹਨ।"

ਮੀਟਿੰਗ ਮਗਰੋਂ ਸ੍ਰੀ ਮੈਨਨ ਨੇ ਦੱਸਿਆ ਕਿ ਆਸੀਅਨ ਸਿੱਖਰ ਸੰਮੇਲਨ ਵਿਚ ਸ਼ਾਮਲ ਹੋਣ ਆਏ ਇਨ੍ਹਾਂ ਆਗੂਆਂ ਨੇ ਕੌਮਾਂਤਰੀ ਮੁੱਦਿਆਂ 'ਤੇ ਚਰਚਾ ਕੀਤੀ। ਇਨ੍ਹਾਂ ਵਿਚ ਵਾਤਾਵਰਨ, ਅਤਿਵਾਦ, ਆਫਤ ਦੇ ਮੁਕਾਬਲੇ ਲਈ ਪ੍ਰਬੰਧ, ਊਰਜਾ ਸਹਿਯੋਗ ਤੇ ਖੁਰਾਕ ਸੁਰੱਖਿਆ ਸ਼ਾਮਲ ਹਨ। ਇਨ੍ਹਾਂ ਉਪਰ ਦੋਵਾਂ ਮੁਲਕਾਂ ਦੇ ਵਿਚਾਰ ਇਕ-ਦੂਜੇ ਨਾਲ ਮੇਲ ਖਾਂਦੇ ਹਨ। ਦੋਵੇਂ ਮੁਲਕਾਂ ਦੀ ਇੱਛਾ ਹੈ ਕਿ ਸਰਹੱਦੀ ਵਿਵਾਦ ਛੇਤੀ ਛੇਤੀ ਹੱਲ ਹੋਣ। ਵਪਾਰ ਵਿਚਾਲੇ ਅਸੰਤੁਲਨ 'ਤੇ ਵੀ ਚਰਚਾ ਹੋਈ ਤੇ ਆਸ ਪ੍ਰਗਟਾਈ ਗਈ ਕਿ ਦੁਵੱਲਾ ਵਪਾਰ ਇਸ ਸਾਲ 60 ਅਰਬ ਡਾਲਰ ਤਕ ਪੁੱਜ ਜਾਵੇਗਾ।

## *ਨਸਲੀ ਈ-ਮੇਲਾਂ ਭੇਜਣ ਵਾਲੇ 4 ਆਸਟਰੇਲੀਅਨ ਪੁਲਿਸ ਅਧਿਕਾਰੀਆਂ ਦੀ ਪੱਕੀ ਛੁੱਟੀ*

**ਮੈਲਬਰਨ:** ਨਸਲੀ ਈਮੇਲਾਂ ਭੇਜਣ ਦੇ ਸਬੰਧ 'ਚ ਆਸਟਰੇਲੀਆ 'ਚ ਚਾਰ ਪੁਲਿਸ ਅਫਸਰਾਂ ਨੂੰ ਨੌਕਰੀਓਂ ਕੱਢ ਦਿੱਤਾ ਗਿਆ ਹੈ ਅਤੇ 7 ਅਫਸਰਾਂ ਨੂੰ ਜੁਰਮਾਨਾ ਕੀਤਾ ਗਿਆ ਹੈ। ਇਨ੍ਹਾਂ ਵੱਲੋਂ ਇਕ-ਦੂਜੇ ਨੂੰ ਭੇਜੀਆਂ ਜਾਂਦੀਆਂ ਈਮੇਲਾਂ 'ਚ ਭਾਰਤ 'ਚ ਰੇਲ ਗੱਡੀ 'ਚ ਸਫਰ ਕਰਦਿਆਂ ਕਰੰਟ ਲੱਗ ਕੇ ਮਰਦਾ ਦਿਖਾਇਆ ਇਕ ਬੰਦਾ ਵੀ ਸ਼ਾਮਲ ਸੀ। ਆਸਟਰੇਲੀਆ ਦੇ ਭਾਰਤ 'ਚ ਸਫੀਰ ਨੇ ਇਸ ਕਾਰਵਾਈ ਦਾ ਸਵਾਗਤ ਕੀਤਾ ਹੈ।

ਵਿਕਟੋਰੀਆ ਪੁਲਿਸ ਦੇ ਚਾਰ ਅਫਸਰਾਂ ਨੂੰ ਇਨ੍ਹਾਂ ਈਮੇਲਾਂ ਸਬੰਧੀ ਹੋਈ ਸੁਣਵਾਈ ਮਗਰੋਂ ਨੌਕਰੀਓਂ ਕੱਢ ਦਿੱਤਾ ਗਿਆ। 'ਏਜ' ਅਖਬਾਰ ਦੀ ਰਿਪੋਰਟ ਅਨੁਸਾਰ ਦੋ ਸਾਰਜੈਂਟ, ਇਕ ਪ੍ਰਮੁੱਖ ਸੀਨੀਅਰ ਕਾਂਸਟੇਬਲ ਤੇ ਇਕ ਸੀਨੀਅਰ ਕਾਂਸਟੇਬਲ ਦੀ ਛੁੱਟੀ ਕਰ ਦਿੱਤੀ ਗਈ। ਇਕ ਈਮੇਲ ਦੀ ਵੀਡੀਓ ਫੁਟੇਜ 'ਚ ਇਕ ਬੰਦੇ ਦੀ ਬਿਜਲੀ ਦਾ ਕਰੰਟ ਲੱਗ ਕੇ ਮੌਤ ਹੁੰਦੀ ਦਿਖਾਈ ਗਈ ਸੀ, ਜੋ ਭਾਰਤ 'ਚ ਭੀੜ-ਭੜੱਕੇ ਵਾਲੀ ਰੇਲ ਗੱਡੀ ਦੀ ਛੱਤ 'ਤੇ ਬਹਿ ਕੇ ਸਫਰ ਕਰ ਰਿਹਾ ਸੀ ਤੇ ਜਦੋਂ ਇਕ ਸਟੇਸ਼ਨ 'ਤੇ ਗੱਡੀ ਰੁਕੀ ਤਾਂ ਉਹ ਖੜ੍ਹਾ ਹੋ ਗਿਆ ਤੇ ਉਪਰੋਂ ਲੰਘਦੀ ਬਿਜਲੀ ਦੀ ਤਾਰ ਦੀ ਜਕੜ 'ਚ ਆ ਗਿਆ। ਉਹਨੂੰ ਮਰਦਾ ਦੇਖ ਕੇ ਬਾਕੀ ਲੋਕ ਚੀਕਾਂ ਮਾਰਦੇ ਦਿਖਾਏ ਗਏ ਹਨ। ਇਹ ਵੀਡੀਓ ਵਿਕਟੋਰੀਆ ਪੁਲਿਸ ਕੰਪਿਊਟਰ ਸਿਸਟਮ 'ਚ ਸਾਰੇ ਕਿਧਰੇ ਭੇਜੀ ਗਈ ਸੀ ਤੇ ਇਸ 'ਤੇ ਫਿਰ ਨਸਲੀ ਟਿੱਪਣੀਆਂ ਕੀਤੀਆਂ ਗਈਆਂ ਕਿ ਭਾਰਤੀ ਵਿਦਿਆਰਥੀਆਂ ਦੀ ਮੁਸ਼ਕਲ ਨਾਲ ਨਜਿੱਠਣ ਦਾ ਇਹ ਵੀ ਇਕ ਢੰਗ ਹੋ ਸਕਦਾ ਹੈ।

ਪੁਲਿਸ ਦਾ ਕਹਿਣਾ ਹੈ ਕਿ ਇਨ੍ਹਾਂ ਈਮੇਲਾਂ 'ਚ ਕਾਮੁਕ, ਹਿੰਸਕ, ਮਨੁੱਖ ਵਿਰੋਧੀ ਤੇ ਨਸਲੀ ਕਿਸਮ ਦੇ ਖਤਰਨਾਕ ਭਾਵ ਸਨ।

# ਭਾਰਤੀ ਇੰਜੀਨੀਅਰ ਦੇ ਕਤਲ ਦੇ ਮਾਮਲੇ 'ਚ ਚਾਰਜਸ਼ੀਟ ਦਾਖ਼ਲ

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਾ 'ਚ 24 ਸਾਲਾ ਸਾਫਟਵੇਅਰ ਇੰਜੀਨੀਅਰ ਲੜਕੀ ਨੂੰ ਸਿਆਟਲ ਵਿਚ ਉਸ ਦੇ ਘਰ 'ਚ ਜਬਰ ਜਨਾਹ ਕਰਨ ਤੋਂ ਬਾਅਦ ਕਤਲ ਕਰਨ ਵਾਲੇ ਮੁਲਜ਼ਿਮ ਖ਼ਿਲਾਫ਼ ਦੋ ਸਾਲ ਬਾਅਦ ਅਮਰੀਕੀ ਪੁਲਿਸ ਨੇ ਦੋਸ਼ ਪੱਤਰ ਦਾਇਰ ਕੀਤਾ ਹੈ। ਭਾਰਤੀ ਇੰਜੀਨੀਅਰ ਅਰਪਨਾ ਜਿਨਾਗਾ ਨੂੰ ਪਹਿਲੀ ਨਵੰਬਰ 2008 ਨੂੰ ਉਸ ਦੇ ਘਰ 'ਚ ਭੇਤਭਰੀ ਹਾਲਤ 'ਚ ਮਰੀ ਹੋਈ ਪਾਇਆ ਗਿਆ ਸੀ। ਉਸ ਦੀ ਦੋਸਤ ਉਸ ਨੂੰ ਮਿਲਣ ਆਈ ਤਾਂ ਘਰ 'ਚ ਉਸਦੀ ਲਾਸ਼ ਪਈ ਸੀ। ਅਰਪਨਾ ਆਪਣੇ ਘਰ ਇਕੱਲੀ ਰਹਿੰਦੀ ਸੀ।

ਕਿੰਗ ਕਾਊਂਟੀ ਦੇ ਵਕੀਲ ਡਾਨ ਸਤਰਬਰਗ ਨੇ ਇਕ ਪੱਤਰਕਾਰ ਸੰਮੇਲਨ ਦੌਰਾਨ ਦੱਸਿਆ ਕਿ ਇਮੈਨੂਅਲ ਫੇਅਰ ਉਰਫ਼ ਐਂਥਨੀ ਪੀ. ਪਾਰਕਰ ਖ਼ਿਲਾਫ਼ 31 ਅਕਤੂਬਰ 2008 ਨੂੰ ਜਿਨਾਗਾ ਦੇ ਕਤਲ ਸਬੰਧੀ ਪਹਿਲੇ ਦਰਜੇ ਦੇ ਕਤਲ ਦੇ ਦੋਸ਼ ਲਾਏ ਗਏ ਹਨ। ਸਤਾਈ ਸਾਲਾ ਮੁਲਜ਼ਿਮ ਫੇਅਰ ਪਿਛਲੇ ਇਕ ਸਾਲ ਤੋਂ ਵਧ ਸਮੇਂ ਤੋਂ ਜੇਲ੍ਹ 'ਚ ਹੈ। ਜੇਕਰ ਉਸ 'ਤੇ ਪਹਿਲੇ ਦਰਜੇ ਦੇ ਕਤਲ ਦੇ ਦੋਸ਼ ਸਾਬਤ ਹੁੰਦੇ ਹਨ ਤਾਂ ਉਸ ਨੂੰ 34 ਤੋਂ 45 ਸਾਲ ਜੇਲ੍ਹ 'ਚ ਬਿਤਾਉਣੇ ਪੈਣਗੇ।

# *ਆਵਾਸੀਆਂ ਬਾਰੇ ਬਰਤਾਨਵੀ ਨੀਤੀ ਦੀ ਆਲੋਚਨਾ ਹੋਣ ਲੱਗੀ*

**ਲੰਡਨ:** ਪ੍ਰਾਈਵੇਟ ਸੁਰੱਖਿਆ ਏਜੰਸੀਆਂ 'ਤੇ ਬੰਦੀਆਂ ਨੂੰ ਜਹਾਜ਼ਾਂ ਤਕ ਧੱਕੇ ਨਾਲ ਲਿਜਾਣ 'ਤੇ ਵਿਭਾਗ ਵੱਲੋਂ ਰੋਕ ਲਾਏ ਜਾਣ ਮਗਰੋਂ ਬਰਤਾਨਵੀ ਸਰਕਾਰ ਦੀ ਗੈਰਕਾਨੂੰਨੀ ਆਵਾਸੀਆਂ ਨੂੰ ਉਨ੍ਹਾਂ ਦੇ ਦੇਸ਼ਾਂ ਨੂੰ ਵਾਪਸ ਭੇਜਣ ਦੀ ਨੀਤੀ ਦੀ ਆਲੋਚਨਾ ਹੋਣ ਲੱਗੀ ਹੈ। ਇਹ ਰੋਕ ਇਕ ਸ਼ਰਨਾਰਥੀ ਦੀ ਇਸ ਦੌਰਾਨ ਮੌਤ ਹੋ ਜਾਣ ਮਗਰੋਂ ਲਾਈ ਗਈ ਹੈ।

ਬਰਤਾਨਵੀ ਸੰਸਦ ਦੇ ਹੇਠਲੇ ਸਦਨ ਦੀ ਗ੍ਰਹਿ ਮਾਮਲਿਆਂ ਬਾਰੇ ਸਿਲੈਕਟ ਕਮੇਟੀ ਦੇ ਮੁਖੀ ਤੇ ਭਾਰਤੀ ਮੂਲ ਦੇ ਲੇਬਰ ਸੰਸਦ ਮੈਂਬਰਾਂ ਕੀਥ ਵਾਜ਼ ਨੇ ਕਿਹਾ ਕਿ ਉਨ੍ਹਾਂ ਨੂੰ ਸਰਕਾਰ ਦੀ ਫੈਸਲਾ ਨਾ ਲੈਣ ਦੀ ਨੀਤੀ ਉਤੇ ਗੰਭੀਰ ਉਜ਼ਰ ਹਨ। ਇਸ ਨੀਤੀ ਤਹਿਤ ਸਰਕਾਰ ਬਹੁਤ ਵਾਰ ਸੰਜਮ ਵਰਤਣ ਦੇ ਨਾਂ 'ਤੇ ਫੈਸਲੇ ਨਹੀਂ ਕਰਦੀ। ਵਾਜ਼ ਵਾਲਾ ਸਰੋਕਾਰ ਹੀ ਸ਼ੈਡੋ ਗ੍ਰਹਿ ਸਕੱਤਰ ਐਡ ਬਾਲਜ਼ ਨੇ ਪ੍ਰਗਟ ਕੀਤਾ ਹੈ ਜਿਸ ਨੇ ਕਿਹਾ ਕਿ ਹੁਣ ਗ੍ਰਹਿ ਵਿਭਾਗ ਲਈ ਜ਼ਰੂਰੀ ਹੋ ਗਿਆ ਕਿ ਅੰਗੋਲਾ ਦੇ ਸ਼ਰਨਾਰਥੀ ਜਿੰਮੀ ਮੁਬੇਂਗਾ ਦੀ ਮੌਤ ਨਾਲ ਸਬੰਧਤ ਹਾਲਾਤ ਦੇ ਵੇਰਵੇ ਜਾਰੀ ਕਰੇ। ਮੁਬੇਂਗਾ ਦੀ ਬ੍ਰਿਟਿਸ਼ ਏਅਰਵੇਜ਼ ਦੇ ਜਹਾਜ਼ 'ਚ ਉਦੋਂ ਮੌਤ ਹੋ ਗਈ ਸੀ, ਜਦੋਂ ਇਹ ਹੀਥਰੋ ਹਵਾਈ ਅੱਡੇ 'ਤੇ ਉਡਾਣ ਲਈ ਤਿਆਰ ਸੀ।

15 ਅਕਤੂਬਰ ਨੂੰ ਸਰਕਾਰ ਨੇ ਬੰਦੀਆਂ ਨੂੰ ਕਮਰਸ਼ੀਅਲ ਜਹਾਜ਼ਾਂ ਤਕ ਲਿਜਾਣ ਲਈ ਧੱਕਾ ਕੀਤੇ ਜਾਣ 'ਤੇ ਪਾਬੰਦੀ ਲਾ ਦਿੱਤੀ ਸੀ। ਇਸ ਮਗਰੋਂ ਐਸਕਾਰਟ ਗਾਰਡਾਂ ਨੂੰ ਲਿਖਤੀ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਕਿ ਡਿਪੋਰਟੇਸ਼ਨ ਕਿਸ ਤਰ੍ਹਾਂ ਸੁਰੱਖਿਅਤ ਤਰੀਕੇ ਨਾਲ ਕਰਨੀ ਹੈ। ਸਟਾਫ ਨੂੰ ਮੂੰਹ ਜ਼ੁਬਾਨੀ ਹਦਾਇਤਾਂ ਵੀ ਦਿੱਤੀਆਂ ਗਈਆਂ।

# ਅਮਰੀਕੀ ਖ਼ੁਫ਼ੀਆ ਤੰਤਰ ਦਾ ਖਰਚਾ 80 ਅਰਬ ਡਾਲਰ

**ਵਾਸ਼ਿੰਗਟਨ:** ਹਰ ਸਾਲ ਅਮਰੀਕੀ ਖ਼ੁਫ਼ੀਆਤੰਤਰ ਉਤੇ ਖਰਚ ਕੀਤੀ ਜਾਂਦੀ ਰਕਮ ਦੇ ਵੇਰਵੇ ਪਹਿਲੀ ਵਾਰ ਜਨਤਕ ਕੀਤੇ ਗਏ ਹਨ। ਸਰਕਾਰ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਇਸ ਸਾਲ ਇਹ ਖਰਚ 80 ਅਰਬ ਡਾਲਰ ਤੋਂ ਜ਼ਿਆਦਾ ਹੈ।

ਸੀ.ਬੀ.ਐਸ. ਨਿਊਜ਼ ਦੀ ਰਿਪੋਰਟ ਮੁਤਾਬਕ ਇਸ ਸਾਲ ਫੌਜ ਦੇ ਖ਼ੁਫ਼ੀਆ ਵਿਭਾਗ 'ਤੇ 27 ਅਰਬ ਡਾਲਰ ਅਤੇ ਸੀ.ਆਈ.ਏ. ਅਤੇ ਕੁਝ ਹੋਰ ਖ਼ੁਫ਼ੀਆ ਏਜੰਸੀਆਂ ਉਤੇ 53.1 ਅਰਬ ਡਾਲਰ ਖਰਚ ਕੀਤੇ ਗਏ। ਵਿਦੇਸ਼ ਵਿਭਾਗ ਉਤੇ ਖਰਚ ਕੀਤੇ 51 ਅਰਬ ਡਾਲਰਾਂ ਦੇ ਮੁਕਾਬਲੇ ਇਹ ਰਕਮ ਕਿਤੇ ਵੱਧ ਹੈ। ਅਮਰੀਕੀ ਖ਼ੁਫ਼ੀਆ ਸੇਵਾਵਾਂ ਦੇ ਡਾਇਰੈਕਟਰ ਜੇਮਜ਼ ਕਲੈਪਰ ਨੇ ਸੈਨੇਟ ਵਿਚ ਸੁਣਵਾਈ ਦੌਰਾਨ ਕਿਹਾ ਕਿ ਅਮਰੀਕੀ ਨਾਗਰਿਕਾਂ ਨੂੰ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਨ ਲਈ ਅਦਾ ਕੀਤੀ ਜਾਂਦੀ ਰਕਮ ਬਾਰੇ ਦੱਸਣ ਦਾ ਹੁਣ ਸਹੀ ਸਮਾਂ ਹੈ।

ਸਾਬਕਾ ਡਾਇਰੈਕਟਰ ਸੇਵਾਮੁਕਤ ਐਡਮਿਰਲ ਡੈਨਿਸ ਬਲੇਅਰ ਨੇ ਖੁਲਾਸਾ ਕੀਤਾ ਸੀ ਕਿ ਬੀਤੇ ਸਾਲ ਇਹ 75 ਅਰਬ ਡਾਲਰ ਦੇ ਕਰੀਬ ਸੀ। ਕਲੈਪਰ ਨੇ ਕਿਹਾ ਕਿ ਉਨ੍ਹਾਂ ਨੇ ਹਰ ਸਾਲ ਇਸ ਬਾਰੇ ਸਹੀ ਅੰਕੜੇ ਜਾਰੀ ਕਰਨ ਲਈ ਰੱਖਿਆ ਮੰਤਰੀ ਰੌਬਰਟ ਗੇਟਸ ਨੂੰ ਮਨਾ ਲਿਆ ਹੈ।

ਸੈਨੇਟ ਦੀ ਇੰਟੈਲੀਜੈਂਸ ਚੇਅਰਵੁਮੈਨ ਡਾਇਨਾ ਫੀਨਸਟੀਨ ਨੇ ਕਿਹਾ ਕਿ 11 ਸਤੰਬਰ 2001 ਦੇ ਅਤਿਵਾਦੀ ਹਮਲੇ ਮਗਰੋਂ ਖ਼ੁਫ਼ੀਆਤੰਤਰ ਉਤੇ ਖਰਚ ਕੀਤੀ ਜਾਣ ਵਾਲੀ ਰਕਮ ਦੁੱਗਣੀ ਹੋ ਗਈ ਹੈ।

### ਭਾਰਤ-ਦੱਖਣੀ ਕੋਰੀਆ ਪ੍ਰਮਾਣੂ ਸਹਿਯੋਗ ਨੂੰ ਅੰਤਿਮ ਰੂਪ

**ਹਨੋਈ:** ਭਾਰਤ ਤੇ ਦੱਖਣੀ ਕੋਰੀਆ ਵਿਚਾਲੇ ਪ੍ਰਮਾਣੂ ਸਹਿਯੋਗ ਸਮਝੌਤੇ ਨੂੰ 29 ਅਕਤੂਬਰ ਨੂੰ ਇਥੇ ਅੰਤਿਮ ਰੂਪ ਦੇ ਦਿੱਤਾ ਗਿਆ। ਹੁਣ ਇਸ ਉਤੇ ਰਸਮੀ ਤੌਰ 'ਤੇ ਦਸਤਖ਼ਤ ਕਰਨੇ ਹੀ ਰਹਿ ਗਏ ਹਨ। ਭਾਰਤ ਨਾਲ ਅਜਿਹਾ ਸਮਝੌਤਾ ਕਰਨ ਵਾਲਾ ਦੱਖਣੀ ਕੋਰੀਆ 9ਵਾਂ ਮੁਲਕ ਹੋਵੇਗਾ।

ਕੌਮੀ ਸੁਰੱਖਿਆ ਸਲਾਹਕਾਰ ਸ਼ਿਵ ਸ਼ੰਕਰ ਮੈਨਨ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਲੀ. ਮਯੁੰਗ ਬਾਕ ਨਾਲ ਮੁਲਾਕਾਤ ਮਗਰੋਂ ਪੱਤਰਕਾਰਾਂ ਨੂੰ ਦੱਸਿਆ, "ਦੋਵਾਂ ਮੁਲਕਾਂ ਨੇ ਪ੍ਰਮਾਣੂ ਸਹਿਯੋਗ ਸਮਝੌਤੇ ਨੂੰ ਅੰਤਿਮ ਰੂਪ ਦੇ ਦਿੱਤਾ ਤੇ ਇਸ 'ਤੇ ਛੇਤੀ ਹੀ ਸਹੀ ਪਾਈ ਜਾਵੇਗੀ।"

ਜਿਨ੍ਹਾਂ ਮੁਲਕਾਂ ਨਾਲ ਭਾਰਤ ਦਾ ਪ੍ਰਮਾਣੂ ਸਮਝੌਤਾ ਹੋਇਆ ਹੈ ਉਨ੍ਹਾਂ ਵਿਚ ਅਮਰੀਕਾ, ਫਰਾਂਸ, ਰੂਸ, ਕੈਨੇਡਾ, ਮੰਗੋਲੀਆ, ਕਜ਼ਾਖਿਸਤਾਨ, ਅਰਜਨਟੀਨਾ ਤੇ ਨਮੀਬੀਆ ਸ਼ਾਮਲ ਹਨ।

### ਮੇਲਾ ਗ਼ਦਰੀ ਬਾਬਿਆਂ ਦਾ

# 'ਯੁਗਾਂਤਰ ਆਸ਼ਰਮ' ਆਮ ਲੋਕਾਂ ਲਈ ਖੁਲ੍ਹਵਾਉਣ ਖ਼ਾਤਿਰ ਆਵਾਜ਼ ਬੁਲੰਦ

**ਜਲੰਧਰ:** ਗ਼ਦਰੀ ਬਾਬਿਆਂ ਦਾ 19ਵਾਂ ਮੇਲਾ ਇੱਥੇ ਦੇਸ਼ ਭਗਤ ਯਾਦਗਾਰ ਹਾਲ ਵਿਚ ਇਸ ਅਹਿਦ ਨਾਲ ਸਮਾਪਤ ਹੋਇਆ ਕਿ ਗ਼ਦਰ ਪਾਰਟੀ ਦਾ ਅਮਰੀਕਾ ਸਥਿਤ 'ਯੁਗਾਂਤਰ ਆਸ਼ਰਮ' ਆਮ ਲੋਕਾਂ ਲਈ ਖੁਲ੍ਹਵਾਉਣ ਖ਼ਾਤਿਰ ਹਰ ਪੱਧਰ ਉਤੇ ਆਵਾਜ਼ ਬੁਲੰਦ ਕੀਤੀ ਜਾਵੇਗੀ ਅਤੇ 2013 ਵਿਚ ਗ਼ਦਰ ਦੀ ਆ ਰਹੀ ਸ਼ਤਾਬਦੀ ਤੱਕ ਗ਼ਦਰੀਆਂ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਉਣ ਲਈ ਲਾਮਬੰਦੀ ਕੀਤੀ ਜਾਵੇਗੀ।

ਹਰ ਸਾਲ ਆਪ-ਮੁਹਾਰੇ ਭਰਦਾ ਇਹ ਮੇਲਾ ਐਤਕੀਂ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਬਣਾਈ ਨੌਜਵਾਨ ਭਾਰਤ ਸਭਾ ਨੂੰ ਸਮਰਪਿਤ ਸੀ। ਚਾਰ ਦਿਨ ਚੱਲੇ ਇਸ ਮੇਲੇ ਵਿਚ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਕਿਸੇ ਲਈ ਕੋਈ ਨਾ ਕੋਈ ਸੁਨੇਹਾ ਸੀ। ਬੱਚੇ ਕਲਾ ਮੁਕਾਬਲਿਆਂ ਰਾਹੀਂ ਧਿਆਨ ਖਿੱਚਦੇ ਰਹੇ। ਕਿਤਾਬਾਂ ਦੀ ਖ਼ਰੀਦ-ਓ-ਫ਼ਰੋਖ਼ਤ ਹਰ ਸਾਲ ਵਾਂਗ ਰਿਕਾਰਡਤੋੜ ਸੀ। ਇਸ ਵਾਰ ਕਿਤਾਬਾਂ ਦੀਆਂ ਤਕਰੀਬਨ 75 ਸਟਾਲਾਂ ਲੱਗੀਆਂ ਅਤੇ 6 ਲੱਖ ਦੀਆਂ ਕਿਤਾਬਾਂ ਵਿਕੀਆਂ। ਇਸ ਮੇਲੇ ਜੋ ਹੁਣ ਵਿਚਾਰਾਂ ਦੇ ਲੈਣ-ਦੇਣ ਦਾ ਵਿਰਾਟ ਜ਼ਰੀਆ ਬਣ ਚੁੱਕਿਆ ਹੈ, ਵਿਚ ਲੋਕ ਹੁਣ ਇਸ ਲਈ ਵੀ ਅੱਪੜਦੇ ਹਨ ਕਿ ਇੱਥੇ ਤਕਰੀਬਨ ਹਰ ਜਾਣਕਾਰ ਜਣਾ ਪੁੱਜਿਆ ਹੁੰਦਾ ਹੈ।

ਮੇਲੇ ਦੇ ਆਖ਼ਰੀ ਦਿਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਨੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗ਼ਦਰੀਆਂ ਦੇ ਵਿਰਸੇ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਸਮੇਂ ਦੀਆਂ ਸਰਕਾਰਾਂ ਨੇ ਕੋਈ ਤਰੱਦਦ ਨਹੀਂ ਕੀਤਾ। 'ਯੁਗਾਂਤਰ ਆਸ਼ਰਮ' ਅਜੇ ਤੱਕ ਵੀ ਆਮ ਲੋਕਾਂ ਲਈ ਖੋਲ੍ਹਿਆ ਨਹੀਂ ਗਿਆ। ਇਸ ਦਾ ਪ੍ਰਬੰਧ ਭਾਰਤੀ ਸਫ਼ਾਰਤਖਾਨੇ ਕੋਲ ਹੈ ਅਤੇ ਉਥੇ ਜਾਣ ਲਈ ਪਹਿਲਾਂ ਆਗਿਆ ਲੈਣੀ ਪੈਂਦੀ ਹੈ। ਇਉਂ ਇਨਕਲਾਬੀਆਂ ਦੇ ਦਸਤਾਵੇਜ਼ਾਂ ਨੂੰ ਹੀ ਤਾਲਾ ਨਹੀਂ ਮਾਰਿਆ ਗਿਆ ਬਲਕਿ ਵਿਚਾਰਾਂ ਨੂੰ ਵੀ ਡੱਕਿਆ ਗਿਆ ਹੈ। ਉਨ੍ਹਾਂ ਇਨਕਲਾਬੀ ਜਥੇਬੰਦੀਆਂ ਨੂੰ ਸੱਦਾ ਦਿੱਤਾ ਕਿ ਉਹ ਗ਼ਦਰੀਆਂ ਦਾ ਵਿਰਸਾ ਲੋਕਾਂ ਨੂੰ ਸੌਂਪਣ ਲਈ ਹੰਭਲਾ ਮਾਰਨ। ਇਉਂ ਕਰਕੇ ਹੀ ਇਨਕਲਾਬ ਵੱਲ ਕਦਮ ਵਧਾਇਆ ਜਾ ਸਕਦਾ ਹੈ।

ਝੰਡੇ ਦੀ ਰਸਮ ਤੋਂ ਬਾਅਦ ਯਾਦਗਾਰ ਕਮੇਟੀ ਦੇ ਸਕੱਤਰ ਨੌਨਿਹਾਲ ਸਿੰਘ ਨੇ ਕਿਹਾ ਕਿ ਗ਼ਦਰੀ ਸੂਰਬੀਰ ਧਰਮ, ਜਾਤ, ਨਸਲ ਦੇ ਵਿਤਕਰੇ ਤੋਂ ਉਪਰ ਉਠ ਕੇ ਭਾਰਤ ਦੇ ਕਿਰਤੀ ਲੋਕਾਂ ਲਈ ਸੀਸ ਤਲੀ 'ਤੇ ਰੱਖ ਕੇ ਲੜੇ ਅਤੇ ਇਤਿਹਾਸ ਬਣਾ ਗਏ। ਹੁਣ ਇਸੇ ਇਤਿਹਾਸ ਨੂੰ ਦੁਹਰਾਉਣ ਦਾ ਵੇਲਾ ਹੈ। ਡਾ. ਹਰੀਸ਼ ਪੁਰੀ ਨੇ ਗ਼ਦਰੀਆਂ ਦੇ ਦ੍ਰਿੜ ਇਰਾਦੇ ਅਤੇ ਜਥੇਬੰਦ ਹੋ ਕੇ ਹੱਲਾ ਬੋਲਣ ਦੀ ਰਣਨੀਤੀ ਬਾਰੇ ਗੱਲਾਂ ਕੀਤੀਆਂ। 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' (ਈ.ਪੀ.ਡਬਲਿਊ.) ਦੇ ਸੰਪਾਦਕੀ ਸਲਾਹਕਾਰ ਤੇ ਮਾਓਵਾਦੀ ਖੇਤਰਾਂ ਵਿਚ ਚੱਲ ਰਹੇ ਸੰਘਰਸ਼ ਦੀ ਡਟ ਕੇ ਹਿਮਾਇਤ ਕਰਨ ਵਾਲੇ ਗੌਤਮ ਨਵਲਖਾ ਅਤੇ ਕਬਾਇਲੀ ਖੇਤਰ ਵਿਚ ਆਸ਼ਰਮ ਚਲਾਉਣ ਵਾਲੇ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਨੇ ਕਿਹਾ ਕਿ ਦੇਸ਼ ਦੀ ਸਰਕਾਰ ਆਪਣੇ ਹੀ ਲੋਕਾਂ ਉਤੇ ਹਮਲੇ ਕਰ ਰਹੀ ਹੈ। ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਦਰੜਿਆ ਜਾ ਰਿਹਾ ਹੈ। ਹੁਣ ਫ਼ੈਸਲਾ ਲੋਕਾਂ ਦੇ ਹੱਥ ਹੈ ਕਿ ਇਉਂ ਦਰੜੇ ਜਾਣਾ ਹੈ ਜਾਂ ਲੜਨਾ ਹੈ। ਡਾ. ਸੁਰਜੀਤ ਲੀ, ਪ੍ਰੋ. ਹਰਕਿਸ਼ਨ ਸਿੰਘ ਮਹਿਤਾ, ਪ੍ਰੋ. ਪਰਮਿੰਦਰ ਸਿੰਘ ਨੇ ਵੀ ਵਿਚਾਰ ਪ੍ਰਗਟ ਕੀਤੇ।

ਇਸ ਮੌਕੇ ਸ਼ਹੀਦ ਭਗਤ ਸਿੰਘ ਦੇ ਸਾਥੀ ਪੰਡਿਤ ਕਿਸ਼ੋਰੀ ਲਾਲ ਦੇ ਪਿੰਡ ਧਰਮਪੁਰਾ ਦੀ ਪੰਚਾਇਤ, ਦੇਵ ਰਾਜ ਨਈਅਰ ਤੇ ਸੀਤਾ ਰਾਮ ਬਾਂਸਲ ਨੂੰ ਸਨਮਾਨਿਤ ਕੀਤਾ ਗਿਆ। ਗ਼ਦਰ ਰੰਗਮੰਚ ਮੱਦੋਕੇ ਨੇ ਨਾਟਕ 'ਅੰਤ ਨਹੀਂ ਸ਼ੁਰੂਆਤ ਹੈ' ਪੇਸ਼ ਕੀਤਾ। ਗੁਜਰਾਤ ਤੋਂ ਆਈ ਜੋੜੀ ਚਾਰੁਲ-ਵਿਨੈ ਨੇ ਇਨਕਲਾਬੀ ਗੀਤਾ ਨਾਲ ਸਮਾਂ ਬੰਨ੍ਹਿਆ।

**ਗ਼ਦਰੀਆਂ ਦਾ ਸੁਨੇਹਾ ਘਰ ਘਰ ਪਹੁੰਚਾਉਣ ਦਾ ਹੋਕਾ**

ਪਹਿਲੇ ਦਿਨਾਂ ਦੌਰਾਨ 'ਦ ਪੀਪਲਜ਼ ਵਾਇਸ' ਦੇ ਫ਼ਿਲਮ ਸ਼ੋਅ ਵਿਚ ਸਾਹਿਰ ਲੁਧਿਆਣਵੀ ਦੇ ਲਿਖੇ ਤੇ ਪਾਕਿਸਤਾਨੀ ਕਲਾਕਾਰ ਨਸੀਬੋ ਦੇ ਗਾਏ ਗੀਤ ਦੀ ਵੀਡੀਓ 'ਜ਼ੁਲਮ ਔਰ ਅਮਨ' ਨੇ ਕਈ ਸਵਾਲ ਖੜ੍ਹੇ ਕੀਤੇ। ਇਹ ਵੀਡੀਓ ਦਲਜੀਤ ਅਮੀ ਨੇ ਤਿਆਰ ਕੀਤੀ ਹੈ। ਬਾਬਾ ਭਗਤ ਸਿੰਘ ਬਿਲਗਾ ਦੇ ਜੀਵਨ 'ਤੇ ਆਧਾਰਿਤ ਸਿਮਰਨ ਕਲੇਰ ਵੱਲੋਂ ਬਣਾਈ ਦਸਤਾਵੇਜ਼ੀ ਫਿਲਮ 'ਗ਼ਦਰ ਲਹਿਰ ਦਾ ਚਿਰਾਗ਼' ਦਿਖਾਈ ਗਈ। ਕੌਮਾਂਤਰੀ ਮਸ਼ਹੂਰੀ ਪ੍ਰਾਪਤ ਫਿਲਮਸਾਜ਼ ਆਨੰਦ ਪਟਵਰਧਨ ਨਿਰਦੇਸ਼ਤ ਸੰਗੀਤ ਵੀਡੀਓ 'ਏ ਰਿਬਨ ਫਾਰ ਪੀਸ' ਚਾਰਲੀ ਚੈਪਲਿਨ ਦੀ ਫਿਲਮ 'ਏ ਡੌਗਜ਼ ਲਾਈਫ਼' ਅਤੇ ਨੌਜਵਾਨ ਭਾਰਤ ਸਭਾ ਨੂੰ ਸਮਰਪਿਤ ਗ਼ੌਹਰ ਰਜ਼ਾ ਦੀ ਫਿਲਮ 'ਇਨਕਲਾਬ' ਦਿਖਾਈ ਗਈ।

ਕਵੀ ਦਰਬਾਰ ਵਿਚ ਪ੍ਰਮਿੰਦਰਜੀਤ, ਲਖਵਿੰਦਰ ਜੌਹਲ, ਹਰਵਿੰਦਰ ਭੰਡਾਲ, ਕਵਿੰਦਰ ਚਾਂਦ, ਜਸਵਿੰਦਰ, ਸੁਖਵੰਤ, ਮਦਨ ਵੀਰਾ, ਸਤੀਸ਼ ਗੁਲਾਟੀ, ਜਗਵਿੰਦਰ ਜੋਧਾ, ਸ਼ਬਦੀਸ਼, ਜਗਤਾਰ ਸੇਖਾ, ਪੂਨਮ ਕੌਸਰ, ਅਨੂ ਬਾਲਾ ਨੇ ਕਵਿਤਾਵਾਂ ਸੁਣਾਈਆਂ। ਸਟੇਜ ਸੰਚਾਲਨ ਸੁਰਜੀਤ ਜੱਜ ਨੇ ਕੀਤਾ। ਪ੍ਰਧਾਨਗੀ ਮੰਡਲ ਵਿਚ ਦਰਸ਼ਨ ਖਟਕੜ, ਸੁਰਜੀਤ ਪਾਤਰ, ਹਰਭਜਨ ਹੁੰਦਲ, ਅਜਾਇਬ ਕਮਲ, ਕੁਲਵਿੰਦਰ (ਅਮਰੀਕਾ), ਅਨੂਪ ਵਿਰਕ, ਗੁਰਭਜਨ ਗਿੱਲ ਤੇ ਮੰਗਤ ਰਾਮ ਪਾਸਲਾ ਬੈਠੇ।

ਇਸੇ ਦੌਰਾਨ ਬੱਚਿਆਂ ਦੇ ਭਾਸ਼ਣ, ਗਾਇਨ, ਚਿੱਤਰਕਲਾ ਅਤੇ ਕੁਇਜ਼ ਮੁਕਾਬਲੇ ਕਰਵਾਏ ਗਏ। ਭਾਸ਼ਣ ਮੁਕਾਬਲਿਆਂ ਦਾ ਵਿਸ਼ਾ 'ਗ਼ੈਰਤ ਦੇ ਨਾਂ 'ਤੇ ਅਣਮਨੁੱਖੀ ਕਤਲਾਂ ਦੀ ਹਕੀਕਤ' ਸੀ। ਵੱਖ ਵੱਖ ਸਕੂਲਾਂ ਕਾਲਜਾਂ ਦੇ 50 ਤੋਂ ਵੱਧ ਬੱਚਿਆਂ ਨੇ ਇਸ ਰੂੜੀਵਾਦੀ ਸੋਚ ਨੂੰ ਛੰਡ ਸੁੱਟਣ ਅਤੇ ਅਜਿਹੇ ਕਤਲਾਂ ਖਿਲਾਫ਼ ਲਾਮਬੰਦੀ ਦਾ ਹੋਕਾ ਦਿੱਤਾ। ਡਾ. ਪਰੇਮ ਸਿੰਘ ਨੇ ਭਾਸ਼ਣ ਮੁਕਾਬਲੇ ਨੂੰ ਮਿਲੇ ਹੁੰਗਾਰੇ ਤੋਂ ਪ੍ਰਭਾਵਿਤ ਹੁੰਦਿਆਂ ਕਿਹਾ ਕਿ ਜੇ ਨੌਜਵਾਨ ਪੀੜ੍ਹੀ ਇੰਨੀ ਸੁਚੇਤ ਹੋ ਕੇ ਅੱਗੇ ਵਧ ਰਹੀ ਹੈ ਤਾਂ ਕੋਈ ਕਾਰਨ ਨਹੀਂ ਕਿ ਅਜਿਹੀਆਂ ਬੁਰਾਈਆਂ ਉਤੇ ਕਾਬੂ ਨਹੀਂ ਪਾਇਆ ਜਾ ਸਕਦਾ। ਚਿੱਤਰਕਲਾ ਅਤੇ ਕੁਇਜ਼ ਦੇ ਵਿਸ਼ੇ ਵੀ ਗ਼ਦਰੀਆਂ, ਨੌਜਵਾਨ ਸਭਾ ਅਤੇ ਇਨਕਲਾਬ ਨਾਲ ਹੀ ਸਬੰਧਤ ਸਨ।

ਰਾਤ ਭਰ ਖੇਡੇ ਨਾਟਕਾਂ ਦੌਰਾਨ ਪ੍ਰੋ. ਅਜਮੇਰ ਸਿੰਘ ਔਲਖ ਦਾ ਲਿਖਿਆ ਤੇ ਨਿਰਦੇਸ਼ਿਤ ਨਾਟਕ 'ਐਸੇ ਜਨ ਵਿਰਲੇ ਸੰਸਾਰ', ਕੇਵਲ ਧਾਲੀਵਾਲ ਦਾ ਲਿਖਿਆ ਤੇ ਹਰਵਿੰਦਰ ਦੀਵਾਨਾ ਵੱਲੋਂ ਨਿਰਦੇਸ਼ਿਤ 'ਰਾਜਿਆ ਰਾਜ ਕਰੇਂਦਿਆ', ਪਾਲੀ ਭੁਪਿੰਦਰ ਦਾ ਲਿਖਿਆ ਤੇ ਜਸਕਰਨ ਵੱਲੋਂ ਨਿਰਦੇਸ਼ਿਤ 'ਪਿਆਸਾ ਕਾਂ', ਸਾਹਿਬ ਸਿੰਘ ਦਾ ਲਿਖਿਆ ਤੇ ਕੇਵਲ ਧਾਲੀਵਾਲ ਵੱਲੋਂ ਨਿਰਦੇਸ਼ਿਤ 'ਜੰਗਲ ਬੋਲਦਾ ਹੈ', ਸ਼ੇਖਰ ਦਾ ਲਿਖਿਆ ਤੇ ਕੀਰਤੀ ਕਿਰਪਾਲ ਵੱਲੋਂ ਨਿਰਦੇਸ਼ਿਤ 'ਮਿੱਟੀ ਦੀ ਕਹਾਣੀ' ਅਤੇ ਉਦੈ ਪ੍ਰਕਾਸ਼ ਦੀ ਹਿੰਦੀ ਕਹਾਣੀ 'ਤੇ ਆਧਾਰਿਤ ਸ਼ਬਦੀਸ਼ ਦਾ ਲਿਖਿਆ ਤੇ ਅਨੀਤਾ ਵੱਲੋਂ ਨਿਰਦੇਸ਼ਿਤ ਨਾਟਕ ਪੇਸ਼ ਕੀਤੇ ਗਏ।

ਗਾਇਕੀ ਵਾਲਾ ਦਿਨ ਸਭ ਤੋਂ ਜੋਸ਼ ਭਰਪੂਰ ਸੀ। ਇਨਕਲਾਬੀ ਗੀਤਾਂ ਨੇ ਸਰੋਤਿਆਂ ਨੂੰ ਰੂਹ ਤੱਕ ਝੰਜੋੜ ਸੁੱਟਿਆ ਅਤੇ ਇਨਕਲਾਬ ਵੱਲ ਕਦਮ ਵਧਾਉਣ ਲਈ ਪ੍ਰੇਰਿਆ। 'ਨੌਜਵਾਨ ਭਾਰਤ ਸਭਾ ਦਾ ਪੈਗ਼ਾਮ, ਜਾਰੀ ਰੱਖਣਾ ਹੈ ਸੰਗਰਾਮ' ਦੇ ਨਾਅਰਿਆਂ ਨਾਲ ਆਕਾਸ਼ ਗੂੰਜ ਉਠਿਆ। ਆਸਾਮ ਅਤੇ ਕੇਰਲ ਤੋਂ ਆਈਆਂ ਸਭਿਆਚਾਰਕ ਟੀਮਾਂ ਨੇ ਪਾਸ਼ ਦੀ ਮਸ਼ਹੂਰ ਕਵਿਤਾ 'ਸਭ ਤੋਂ ਖ਼ਤਰਨਾਕ' ਜਦੋਂ ਗਾ ਕੇ ਸੁਣਾਈ ਤਾਂ ਸਭ ਦੰਗ ਰਹਿ ਗਏ। ਸੰਤ ਰਾਮ ਉਦਾਸੀ ਅਤੇ ਜੈਮਲ ਸਿੰਘ ਪੱਡਾ ਦੇ ਇਨਕਲਾਬੀ ਗੀਤ ਮੇਲੇ ਵਿਚ ਗੂੰਜਦੇ ਰਹੇ। ਮੇਲੇ ਦੌਰਾਨ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਅਮੋਲਕ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਗੁਰਮੀਤ ਸਿੰਘ, ਮੈਂਬਰ ਰਘਵੀਰ ਕੌਰ, ਅਜਮੇਰ ਸਿੰਘ ਸਮਰਾਵਾਂ, ਕੁਲਵੰਤ ਸਿੰਘ ਸੰਧੂ, ਰਾਮਿੰਦਰ ਸਿੰਘ ਪਟਿਆਲਾ, ਜਗਰੂਪ, ਪ੍ਰਿਥੀਪਾਮ ਮਾੜੀਮੇਘਾ, ਹਰਵਿੰਦਰ ਭੰਡਾਲ, ਗੁਰਮੀਤ ਢੱਡਾ, ਰਣਜੀਤ ਸਿਘ, ਬਲਬੀਰ ਕੌਰ ਬੰਡਾਲਾ, ਦਲਬੀਰ ਕੌਰ ਨੇ ਭਰਵੀਂ ਸ਼ਿਰਕਤ ਕੀਤੀ। ਚਾਰੇ ਦਿਨ ਲੰਗਰ ਚੱਲਿਆ।

# ਕਸ਼ਮੀਰੀ ਵੱਖਵਾਦੀਆਂ ਵੱਲੋਂ ਅਮਨ ਵਾਰਤ ਨੂੰ ਹੁੰਗਾਰਾ !

**ਨਵੀਂ ਦਿੱਲੀ:** ਕਸ਼ਮੀਰੀ ਗਰਮ ਖਿਆਲੀਆਂ ਨੇ ਜੰਮੂ-ਕਸ਼ਮੀਰ ਲਈ ਨਾਮਜ਼ਦ ਵਾਰਤਾਕਾਰਾਂ ਕੋਲ 'ਅਮਨ ਯੋਜਨਾ' ਦੇਣ ਦੀ ਇੱਛਾ ਪ੍ਰਗਟਾਈ ਹੈ। ਵਾਰਤਾਕਾਰਾਂ ਦੀ 3 ਮੈਂਬਰੀ ਟੀਮ ਦੀ ਅਗਵਾਈ ਕਰ ਰਹੇ ਦਲੀਪ ਪਦਗਾਓਂਕਰ ਦਾ ਕਹਿਣਾ ਹੈ ਕਿ ਇਹ ਬੇਹੱਦ ਮਹੱਤਵਪੂਰਨ ਗੱਲ ਹੈ ਕਿ ਕਿਸੇ ਹਥਿਆਰਬੰਦ ਜਥੇਬੰਦੀ ਨੂੰ ਹੁੰਗਾਰਾ ਭਰਿਆ ਹੈ। ਇਕ ਟੀ.ਵੀ. ਚੈਨਲ ਨਾਲ ਗੱਲਬਾਤ ਦੌਰਾਨ ਪਦਗਾਓਂਕਰ ਨੇ ਕਿਹਾ ਕਿ ਪਹਿਲੀ ਵਾਰ ਜਦੋਂ ਉਹ ਅੱਤਵਾਦੀ ਸੰਗਠਨ ਦੇ ਲੜਕਿਆਂ ਨੂੰ ਮਿਲੇ ਤਾਂ ਉਨ੍ਹਾਂ ਕਿਹਾ, 'ਤੁਸੀਂ ਮੁੜ ਵੀ ਆ ਸਕਦੇ ਹੋ ਤੇ ਅਸੀਂ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੇ ਹਾਂ। ਜਦੋਂ ਦੂਸਰੀ ਵਾਰ ਗਏ ਤਾਂ ਕੋਈ ਡੇਢ ਘੰਟੇ ਦੀ ਗੱਲਬਾਤ ਦੌਰਾਨ ਹੈਰਾਨਕੁਨ ਘਟਨਾ ਵਾਪਰੀ।

ਅੱਤਵਾਦੀ ਸੰਗਠਨਾਂ ਦੇ ਬੁਲਾਰੇ ਵਜੋਂ ਗੱਲ ਕਰਦਿਆਂ ਇੱਕ ਲੜਕੇ ਨੇ ਕਿਹਾ ਕਿ ਉਹ ਉਨ੍ਹਾਂ ਨੂੰ 'ਅਮਨ ਯੋਜਨਾ' ਦੇਣਾ ਚਾਹੁੰਦੇ ਹਨ।' ਪਦਗਾਓਂਕਰ ਨੇ ਕਿਹਾ ਕਿ ਉਹ ਸਮਝਦੇ ਹਨ ਕਿ ਉਨ੍ਹਾਂ ਕੋਲ ਅਮਨ ਕਾਇਮ ਕਰਨ ਲਈ ਕੋਈ ਰੂਪ-ਰੇਖਾ ਹੈ। ਇਸ ਦੇ ਨਾਲ ਹੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਹੈ ਕਿ ਕੇਂਦਰ ਵੱਲੋਂ ਜੰਮੂ-ਕਸ਼ਮੀਰ ਲਈ ਨਿਯੁਕਤ ਤਿੰਨ ਵਾਰਤਾਕਾਰ ਸੂਬੇ ਵਿਚ 'ਬਿਆਨਬਾਜ਼ੀ ਦੀ ਸੁਰ' ਬਦਲਣ 'ਚ ਕਾਮਯਾਬ ਰਹੇ ਹਨ। ਉਂਝ ਉਨ੍ਹਾਂ ਵਾਰਤਾਕਾਰਾਂ ਨੂੰ ਸਲਾਹ ਦਿੱਤੀ ਕਿ ਉਹ ਗੱਲਬਾਤ ਬਾਰੇ ਆਪਣੀ ਹਰੇਕ ਸਰਗਰਮੀ ਮੀਡੀਆ ਸਾਹਮਣੇ ਨਸ਼ਰ ਨਾ ਕਰਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਸੂਬੇ ਦੇ ਆਲ ਪਾਰਟੀ ਵਫ਼ਦ ਵੱਲੋਂ ਕੀਤੇ ਦੌਰੇ ਨਾਲ ਰਾਜ ਵਿਚ 'ਇਸ ਉਮੀਦ ਨੇ ਜ਼ਰੂਰ ਜ਼ੋਰ ਫੜਿਆ ਹੈ ਕਿ ਜੰਮੂ-ਕਸ਼ਮੀਰ ਦੀ ਸਿਆਸੀ ਸਮੱਸਿਆ ਦਾ ਹੱਲ ਪੂਰੀ ਸੰਜੀਦਗੀ ਨਾਲ ਕੀਤਾ ਜਾਵੇਗਾ। ਇੱਕ ਅਤਿਵਾਦੀ ਜਥੇਬੰਦੀ ਵੱਲੋਂ ਅਮਨ ਯੋਜਨਾ ਪੇਸ਼ ਕਰਨ 'ਚ ਰੁਚੀ ਵਖਾਉਣ ਬਾਰੇ ਸ੍ਰੀ ਚਿਦੰਬਰਮ ਨੇ ਕਿਹਾ ਕਿ ਨਾ ਤਾਂ ਮੀਡੀਆ ਨੂੰ ਹੀ ਵਾਰਤਾਕਾਰਾਂ ਤੋਂ ਕਦਮ-ਦਰ-ਕਦਮ ਜਾਣਕਾਰੀ ਮੰਗਣੀ ਚਾਹੀਦੀ ਹੈ ਤੇ ਨਾ ਹੀ ਉਨ੍ਹਾਂ ਨੂੰ ਦੇਣੀ ਚਾਹੀਦੀ ਹੈ।


## ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੁਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ




## ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance

High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh
Insurance Lic No. 0G73739

Financing Available For Buying Trucks

Cell:(510) 557-6988, Ph:209-982-9996

# ਯੂਨੀਵਰਸਿਟੀ ਵਿਚ ਕੰਮ ਦੀ ਕਦਰ

**ਡਾ. ਗੁਰਨਾਮ ਕੌਰ**



ਡਾ. ਗੁਰਨਾਮ ਕੌਰ

ਡਾ. ਭਗਤ ਸਿੰਘ ਨਿਜੀ ਤੌਰ 'ਤੇ ਕੋਈ ਮੇਰੇ ਵਿਰੁਧ ਨਹੀਂ ਸਨ। ਉਨ੍ਹਾਂ ਦੇ ਕਾਰਜ ਕਾਲ ਵਿਚ ਮੈਂ ਸਿਰਫ ਰੀਡਰ ਦੀ ਅਸਾਮੀ 'ਤੇ ਚੁਣੀ ਹੀ ਨਹੀਂ ਗਈ ਸਗੋਂ ਉਨ੍ਹਾਂ ਨੇ ਮੇਰੇ ਇੰਟਰਵਿਊ ਵਿਚ ਬੈਠਿਆਂ ਹੀ ਡਾ. ਵਜ਼ੀਰ ਸਿੰਘ ਨੂੰ ਕਿਹਾ ਸੀ ਕਿ ਮੇਰੀ ਲਿਆਕਤ ਦਾ ਉਹ ਟੀਚਿੰਗ ਵਿਚ ਫਾਇਦਾ ਕਿਉਂ ਨਹੀਂ ਉਠਾਉਂਦੇ। ਮੇਰੀ ਪੁਸਤਕ 'ਰੀਜ਼ਨ ਐਂਡ ਰੈਵੇਲੇਸ਼ਨ' ਨੂੰ ਜਦੋਂ 'ਅਕਾਲੀ ਫੂਲਾ ਸਿੰਘ ਸਪੈਸ਼ਲ ਅਵਾਰਡ' ਦਿੱਤਾ ਗਿਆ ਤਾਂ ਡਾ. ਭਗਤ ਸਿੰਘ ਅਵਾਰਡ ਦੇਣ ਵਾਲੀ ਕਮੇਟੀ ਦੇ ਮੈਂਬਰ ਸਨ। ਮੈਨੂੰ ਮਹਿਸੂਸ ਹੋਇਆ ਕਿ ਤਾਲਿਬ ਪਰਿਵਾਰ ਦੇ ਬਹੁਤਾ ਦਬਾਅ ਪਾਉਣ 'ਤੇ ਹੀ ਉਨ੍ਹਾਂ ਇਸ ਤਰ੍ਹਾਂ ਕੀਤਾ ਅਤੇ ਸ਼ਾਇਦ ਅਗਲੀ ਪੋਥੀ ਦੀ ਛਪਾਈ ਵੇਲੇ ਵੀ ਉਹ ਇਸ ਤਰ੍ਹਾਂ ਹੀ ਕਰਨ।

ਤੀਸਰੀ ਪੋਥੀ ਦੀ ਛਪਾਈ ਦੇ ਤੁਰੰਤ ਬਾਅਦ ਜਦੋਂ ਡਾ. ਹਜ਼ਾਰਾ ਸਿੰਘ ਨੇ ਚੌਥੀ ਪੋਥੀ ਦਾ ਖਰੜਾ ਸ਼ਬਦਾਰਥ ਦੀ ਚੌਥੀ ਪੋਥੀ ਨਾਲ ਮਿਲਾਨ ਕਰਨ ਲਈ ਭੇਜਿਆ ਤਾਂ ਮੈਂ ਉਨ੍ਹਾਂ ਨੂੰ ਸਪਸ਼ਟ ਸ਼ਬਦਾਂ ਵਿਚ ਕਹਿ ਦਿੱਤਾ, "ਡਾਕਟਰ ਸਾਹਿਬ! ਇਹ ਮਿਲਾਨ ਮੈਂ ਅਰਾਮ ਨਾਲ ਵਿਭਾਗ ਦੇ ਕੰਮ ਦੇ ਸਮੇਂ ਵਿਚ ਹੀ ਕਰਾਂਗੀ ਅਤੇ ਮੈਂ ਚੌਥੀ ਪੋਥੀ ਇਸ ਵੀ.ਸੀ. ਦੇ ਹੁੰਦਿਆਂ ਨਹੀਂ ਕਢਾਂਗੀ।" ਵੈਸੇ ਵੀ ਵੀ.ਸੀ. ਦੇ ਕਾਰਜ-ਕਾਲ ਦਾ ਥੋੜਾ ਸਮਾਂ ਹੀ ਬਾਕੀ ਰਹਿੰਦਾ ਸੀ। ਖੈਰ! ਨਵੇਂ ਵੀ.ਸੀ. ਸਾਡੀ ਆਪਣੀ ਯੂਨੀਵਰਸਿਟੀ ਦੇ ਇਕਨਾਮਿਕਸ ਵਿਭਾਗ ਦੇ ਸੀਨੀਅਰ ਪ੍ਰੋਫੈਸਰ ਡਾ. ਐਚ.ਕੇ. ਮਨਮੋਹਨ ਸਿੰਘ ਬਣ ਗਏ। ਜਦੋਂ ਆਖ਼ਰੀ ਪੰਨੇ ਛਪਣ ਲਈ ਚਲੇ ਗਏ ਤਾਂ ਮੈਨੂੰ ਡਾ. ਹਜ਼ਾਰਾ ਸਿੰਘ ਤੇ ਡਾ. ਬਲਕਾਰ ਸਿੰਘ ਦੋਹਾਂ ਨੇ ਕਿਹਾ ਕਿ ਮੈਂ ਨਵੇਂ ਵੀ.ਸੀ. ਨੂੰ ਪਹਿਲਾਂ ਹੀ ਆਪਣੀ ਸਥਿਤੀ ਸਪਸ਼ਟ ਕਰ ਦਿਆਂ, ਇਸ ਤੋਂ ਪਹਿਲਾਂ ਕਿ ਉਹ ਆਪਣਾ ਮਨ ਬਣਾ ਲੈਣ। ਕੈਂਪਸ ਵਿਚ ਰਹਿੰਦੇ ਹੋਣ ਕਰਕੇ ਵੀ.ਸੀ. ਦੇ ਮਿਸਿਜ ਨੂੰ ਵੀ ਅਕਸਰ ਮਿਲਦੇ ਰਹੀਦਾ ਸੀ ਅਤੇ ਉਹ ਵੈਸੇ ਵੀ ਬਹੁਤ ਹੀ ਪਿਆਰੀ ਸ਼ਖਸੀਅਤ ਦੇ ਮਾਲਕ ਸਨ ਅਤੇ ਬੇਹੱਦ ਮਿੱਠਾ ਸੁਭਾਅ ਸੀ। ਮੈਂ ਸਿੱਧੀ ਉਨ੍ਹਾਂ ਦੇ ਘਰ ਪਹੁੰਚੀ। ਉਹ ਘਰ ਦੇ ਪਿਛੇ ਘਾਹ ਬਗੀਚੇ ਵਿਚ ਬੈਠੇ ਸਨ। ਮੈਂ ਉਥੇ ਹੀ ਚਲੀ ਗਈ ਅਤੇ ਸਤਿ ਸ੍ਰੀ ਅਕਾਲ ਬੁਲਾਈ। ਉਹ ਬੋਲੇ, "ਆਉ ਗੁਰਨਾਮ! ਰਾਜੀ ਖੁਸ਼ੀ ਹੋ?" ਮੈਂ ਉਨ੍ਹਾਂ ਨੂੰ ਦਸਿਆ ਕਿ ਮੈਂ ਵੀ.ਸੀ. ਸਾਹਿਬ ਨੂੰ ਮਿਲਣ ਆਈ ਹਾਂ। ਉਹ ਮੈਨੂੰ ਡਰਾਇੰਗ ਰੂਮ ਵਿਚ ਲੈ ਗਏ। ਮੈਂ ਵੀ.ਸੀ. ਸਾਹਿਬ ਨੂੰ ਕਿਹਾ, "ਡਾ. ਸਾਹਿਬ! ਤੀਸਰੀ ਪੋਥੀ ਛਪਣ ਸਮੇਂ ਮੇਰੇ ਨਾਲ ਧੱਕਾ ਹੋਇਆ ਹੈ ਪਰ ਤੁਹਾਡੇ ਹੱਥੋਂ ਇਹ ਧੱਕਾ ਨਹੀਂ ਹੋਣਾ ਚਾਹੀਦਾ, ਮੈਂ ਏਨੀ ਆਸ ਜ਼ਰੂਰ ਕਰਦੀ ਹਾਂ ਅਤੇ ਇਹ ਮੇਰਾ ਹੱਕ ਵੀ ਬਣਦਾ ਹੈ। ਮੈਂ ਕਿੰਨੀ ਮਿਹਨਤ ਕੀਤੀ ਹੈ ਤੀਸਰੀ ਅਤੇ ਚੌਥੀ ਪੋਥੀ ਦੀ ਛਪਾਈ ਵਿਚ। ਕਿਸ ਤਰ੍ਹਾਂ ਇੱਕ ਇੱਕ ਤੁਕ ਦਾ ਮਿਲਾਨ ਕਰਕੇ ਰਹਿ ਗਈਆਂ ਤੁਕਾਂ ਦਾ ਅਨੁਵਾਦ ਕੀਤਾ ਹੈ? ਇਹ ਪ੍ਰੋ. ਹਰਬੰਸ ਸਿੰਘ ਨੂੰ ਪਤਾ ਹੈ ਕਿਉਂਕਿ ਇਸ ਕੰਮ ਵਿਚ ਉਨ੍ਹਾਂ ਨੇ ਮੇਰੀ ਬਹੁਤ ਸਹਾਇਤਾ ਕੀਤੀ ਹੈ।" ਵੀ.ਸੀ. ਹੋਰਾਂ ਇੱਕੋ ਉਤਰ ਦਿੱਤਾ, "ਮੈਂ ਪ੍ਰੋ. ਹਰਬੰਸ ਸਿੰਘ ਕੋਲੋਂ ਪੁੱਛਸਾਂ।" ਉਨ੍ਹਾਂ ਨੇ ਪ੍ਰੋ. ਹਰਬੰਸ ਸਿੰਘ ਕੋਲੋ ਪੁੱਛਿਆ ਅਤੇ ਚੌਥੀ ਪੋਥੀ ਦੀ ਭੂਮਿਕਾ ਵਿਚ ਮੇਰੇ ਅਤੇ ਡਾ. ਹਜ਼ਾਰਾ ਸਿੰਘ ਸਿੰਘ ਦੇ ਕੰਮ ਦੀ ਤਾਰੀਫ਼ ਕੀਤੀ। ਸੰਨ 1990 ਵਿਚ ਪੋਥੀ ਛਪ ਕੇ ਤਿਆਰ ਹੋ ਗਈ। ਉਨ੍ਹਾਂ ਨੇ ਡਾ. ਹਜ਼ਾਰਾ ਸਿੰਘ ਅਤੇ ਮੁਖੀ ਦੀ ਸਲਾਹ ਨਾਲ ਇਕੱਲੀ ਚੌਥੀ ਪੋਥੀ ਰਿਲੀਜ਼ ਕਰਨ ਦੀ ਥਾਂ ਤੇ ਵੱਡੇ ਪੱਧਰ ਤੇ ਸੰਮੇਲਨ ਕਰਕੇ ਚਾਰਾਂ ਪੋਥੀਆਂ ਦਾ ਪੂਰਾ ਸੈਟ ਸ਼ਾਨੋ-ਸ਼ੌਕਤ ਨਾਲ ਕੌਮ ਨੂੰ ਸੌਂਪਣ ਦਾ ਸੋਚਿਆ। ਜਿਹੜੀਆਂ ਪੋਥੀਆਂ ਖਤਮ ਹੋ ਚੁੱਕੀਆਂ ਸਨ ਉਨ੍ਹਾਂ ਦੀ ਦੂਸਰੀ ਐਡੀਸ਼ਨ ਛਪਵਾਈ ਗਈ। ਸੰਨ 1992 ਦੀ 3 ਜਨਵਰੀ ਨੂੰ ਯੂਨੀਵਰਸਿਟੀ ਦੇ ਗੁਰੂ ਤੇਗ਼ ਬਹਾਦਰ ਹਾਲ ਵਿਚ ਬਹੁਤ ਵੱਡਾ ਸਮਾਰੋਹ ਰੱਖਿਆ ਗਿਆ ਜਿਸ ਵਿਚ ਮੁੱਖ ਮਹਿਮਾਨ ਵਜੋਂ ਬੁੱਧ ਧਰਮ ਦੇ ਤਿਬਤੀਅਨ ਅਧਿਆਤਮਕ ਆਗੂ ਸ੍ਰੀ ਦਲਾਈ ਲਾਮਾ ਸ਼ਾਮਲ ਹੋਏ। ਉਨ੍ਹਾਂ ਦੇ ਕਰ ਕਮਲਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਵਰਗੀ ਪ੍ਰੋ. ਗੁਰਬਚਨ ਸਿੰਘ ਤਾਲਿਬ ਵੱਲੋਂ ਕੀਤਾ ਹੋਇਆ ਅੰਗਰੇਜ਼ੀ ਤਰਜ਼ਮਾ ਕੌਮ ਨੂੰ ਸੌਂਪਿਆ ਗਿਆ। ਇਸ ਸਮਾਰੋਹ ਵਿਚ ਮੇਰੀ ਸੀਟ ਵੀ ਤਾਲਿਬ ਪਰਿਵਾਰ ਦੇ ਨਾਲ ਮਖ਼ਸੂਸ ਸੀ। ਇਸ ਦਾ ਇੱਕ ਸੈਟ ਜਿਸ 'ਤੇ ਵੀ.ਸੀ. ਸਹਿਬ ਨੇ ਆਪ ਮੇਰੇ ਲਈ ਲਿਖਿਆ ਹੋਇਆ ਸੀ, ਸ੍ਰੀ ਦਲਾਈ ਲਾਮਾ ਦੇ ਹੱਥੋਂ ਮੈਨੂੰ ਵੀ ਦਿੱਤਾ ਗਿਆ। ਮੈਂ ਜਦੋਂ ਪਹਿਲੀ ਪੋਥੀ ਤੇ ਉਸ ਅਧਿਆਤਮਕ ਹਸਤੀ ਦੇ ਹਸਤਾਖ਼ਰ ਕਰਾਉਣ ਲੱਗੀ ਤਾਂ ਜਿੰਨੇ ਪਿਆਰ ਨਾਲ ਉਨ੍ਹਾਂ ਨੇ ਮੈਨੂੰ ਅਸੀਸ ਦਿੱਤੀ, ਉਹ ਮੈਨੂੰ ਅੱਜ ਵੀ ਯਾਦ ਹੈ। ਮੈਂ ਡਾ. ਐਚ.ਕੇ. ਮਨਮੋਹਨ ਸਿੰਘ ਦੀ ਵੀ ਹਮੇਸ਼ਾ ਲਈ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਨਾ ਸਿਰਫ ਮੇਰੇ ਕੀਤੇ ਕੰਮ ਤੇ ਸਹੀ ਪਾਈ ਸਗੋਂ ਮੈਨੂੰ ਸਮਾਰੋਹ ਵਿਚ ਵਾਰਸਾਂ ਦੇ ਬਰਾਬਰ ਹੀ ਮਾਣ ਦਿੱਤਾ। ਕੰਮ ਕਰਨ ਦਾ ਸੁਆਦ ਵੀ ਤਾਂ ਹੀ ਆਉਂਦਾ ਹੈ ਜੇ ਕੀਤੇ ਕੰਮ ਦੀ ਕੋਈ ਕਦਰ ਵੀ ਕਰੇ।

ਡਾ. ਐਚ.ਕੇ. ਮਨਮੋਹਨ ਸਿੰਘ ਦੇ ਕਾਰਜਕਾਲ ਦਾ ਸ਼ਾਇਦ ਸਾਲ ਕੁ ਰਹਿੰਦਾ ਸੀ ਜਦੋਂ ਡਾ. ਜੋਗਿੰਦਰ ਸਿੰਘ ਪੁਆਰ ਪਰੋ-ਵਾਈਸ ਚਾਂਸਲਰ ਬਣ ਕੇ ਪੰਜਾਬੀ ਯੂਨੀਵਰਸਿਟੀ ਵਿਚ ਆ ਗਏ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪਰਮੋਟ ਹੋ ਕੇ ਜਾਣ ਤੋਂ ਪਹਿਲਾਂ ਉਹ ਪੰਜਾਬੀ ਯੂਨੀਵਰਸਿਟੀ ਦੇ ਭਾਸ਼ਾ ਵਿਗਿਆਨ ਵਿਭਾਗ ਵਿਚ ਕਾਫੀ ਸਮਾਂ ਪੜ੍ਹਾ ਕੇ ਗਏ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਅਤੇ ਭਾਸ਼ਾ ਵਿਗਿਆਨ ਵਿਭਾਗ ਦੋਵੇਂ ਇੱਕੋ ਇਮਾਰਤ ਵਿਚ ਹੋਣ ਕਰਕੇ ਦੋਵੇਂ ਵਿਭਾਗਾਂ ਦਾ ਸਟਾਫ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਬੜੀ ਖੁਸ਼ੀ ਹੋਈ ਕਿ ਸਾਡੇ ਵਿਚੋਂ ਹੀ ਸਾਡੇ ਵਰਗਾ ਇੱਕ ਅਧਿਆਪਕ ਸਾਡੀ ਯੂਨੀਵਰਸਿਟੀ ਦਾ ਪਰੋ-ਵਾਈਸ ਚਾਂਸਲਰ ਲੱਗਿਆ ਹੈ। ਇਮਤਿਹਾਨਾਂ ਦਾ ਮਹਿਕਮਾ ਆਮ ਤੌਰ 'ਤੇ ਪੀ.ਵੀ.ਸੀ. ਕੋਲ ਹੀ ਹੁੰਦਾ ਹੈ। ਜਿਸ ਦੌਰ ਵਿਚੋਂ ਪੰਜਾਬ ਉਦੋਂ ਲੰਘ ਰਿਹਾ ਸੀ ਸਭ ਤੋਂ ਔਖਾ ਕੰਮ ਇਮਤਿਹਾਨ ਸੁਖੀਂ-ਸਾਂਦੀਂ ਸਿਰੇ ਚੜ੍ਹਾਉਣਾ ਹੁੰਦਾ ਸੀ। ਇਸ ਦੀਆਂ ਦੋ ਘਟਨਾਵਾਂ ਦੀ ਗਵਾਹ ਤਾਂ ਮੈਂ ਵੀ ਹਾਂ, ਜਿਸ ਤੋਂ ਥੋੜ੍ਹਾ ਜਿਹਾ ਅੰਦਾਜ਼ਾ ਲੱਗ ਸਕਦਾ ਹੈ ਕਿ ਇਹ ਕਿੰਨਾ ਜ਼ੋਖ਼ਮ ਭਰਿਆ ਕੰਮ ਸੀ। ਉਦੋਂ ਤਾਂ ਸਾਹ ਲੈਣਾ ਵੀ ਔਖਾ ਲਗਦਾ ਸੀ ਕਿਉਂਕਿ ਪਤਾ ਹੀ ਨਹੀਂ ਸੀ ਲਗਦਾ ਕੌਣ ਆਪਣਾ ਕੰਮ ਕੱਢਣ ਲਈ ਕਿਸ ਦੇ ਨਾਂ ਦੀ ਧਮਕੀ ਦੇ ਦੇਵੇ। ਸਾਡੇ ਨਾਲ ਇਹ ਵਾਪਰਦੀ ਰਹੀ ਹੈ, ਕਿਹੜਾ ਕਿਸੇ ਦੀ ਪਛਾਣ ਹੁੰਦੀ ਸੀ। ਡਾ. ਭਗਤ ਸਿੰਘ ਵਾਈਸ ਚਾਂਸਲਰ ਸਨ ਅਤੇ ਡਾ. ਅਵਤਾਰ ਸਿੰਘ ਡੀਨ ਅਕਾਦਮਿਕ ਮਾਮਲੇ। ਇਹ 1986-87 ਦੀ ਗੱਲ ਹੈ ਕਿ ਸ਼ਾਮ ਦੀ ਦੋ ਤੋਂ ਪੰਜ ਵਾਲੀ ਸ਼ਿਫਟ ਦਾ ਇਮਤਿਹਾਨ ਯੂਨੀਵਰਸਿਟੀ ਦੇ ਸਾਇੰਸ ਆਡੀਟੋਰੀਅਮ ਵਿਚ ਸ਼ੁਰੂ ਹੋਇਆ ਜਿਸ ਦੇ ਸੁਪਰਡੈਂਟ ਹਿੰਦੀ ਵਿਭਾਗ ਦੇ ਡਾ. ਸ਼ਰਮਾ ਨੂੰ ਲਾਇਆ ਗਿਆ। ਸਵਾ ਕੁ ਦੋ ਵਜੇ ਡਾ. ਸ਼ਰਮਾ ਦਾ ਡੀਨ ਦੇ ਦਫਤਰ ਫੋਨ ਚਲਾ ਗਿਆ, "ਡਾ. ਸਾਹਿਬ, ਲੜਕੇ ਕਾਬੂ ਮੇਂ ਨਹੀਂ ਆ ਰਹੇ। ਮੈਂ ਯਹ ਇਮਤਿਹਾਨ ਨਹੀਂ ਕਰਵਾ ਸਕਤਾ।" ਇਸ ਵੇਲੇ ਤੱਕ ਟੀਚਿੰਗ ਵਿਭਾਗ ਆਮ ਤੌਰ 'ਤੇ ਖਾਲੀ ਹੋ ਜਾਂਦੇ ਹਨ ਕਿਉਂਕਿ ਬਾਹਰ ਦੀਆਂ ਯੂਨੀਵਰਸਿਟੀਆਂ ਦੀ ਤਰ੍ਹਾਂ ਭਾਰਤੀ ਯੂਨੀਵਰਸਿਟੀਆਂ ਵਿਚ ਅਧਿਆਪਕ ਆਪਣੇ ਕਮਰਿਆਂ ਵਿਚ ਬੈਠ ਕੇ ਜਾਂ ਲਾਇਬ੍ਰੇਰੀ ਵਿਚ ਬੈਠ ਕੇ ਪੜ੍ਹਨ ਦੇ ਆਦੀ ਨਹੀਂ, ਸਿਰਫ ਖ਼ੋਜ ਵਿਭਾਗਾਂ ਦੇ ਅਧਿਆਪਕ ਹੀ ਦੇਰ ਤੱਕ ਬੈਠਦੇ ਹਨ। ਡਾ. ਅਵਤਾਰ ਸਿੰਘ ਦਾ ਵਿਭਾਗ ਵਿਚ ਫੋਨ ਆ ਗਿਆ ਜੋ ਡਾ. ਮੇਵਾ ਸਿੰਘ ਸਿੱਧੂ ਨੇ ਸੁਣਿਆ, "ਪ੍ਰੋਫੈਸਰ ਸਾਹਿਬ! ਵਿਭਾਗ ਵਿਚ ਜਿੰਨੇ ਵੀ ਟੀਚਰ ਬੈਠੇ ਹਨ ਉਨ੍ਹਾਂ ਨੂੰ ਨਾਲ ਲੈ ਕੇ ਸਾਇੰਸ ਆਡੀਟੋਰੀਅਮ ਵਿਚ ਇਮਤਿਹਾਨ ਦੀ ਡਿਊਟੀ ਦੇਣ ਲਈ ਪਹੁੰਚੋ, ਮੈਂ ਵੀ ਆ ਰਿਹਾ ਹਾਂ।" ਡਾ. ਮੇਵਾ ਸਿੰਘ ਫਟਾ-ਫਟ ਮੇਰੇ ਕਮਰੇ ਵਿਚ ਆਇਆ ਅਤੇ ਆਪਣੇ ਸੁਭਾ ਮੁਤਾਬਿਕ ਬੋਲਿਆ, "ਮੈਡਮ ਹੁਣੇ ਉਠੋ, ਡੀਨ ਸਾਹਿਬ ਦਾ ਹੁਕਮ ਹੈ, ਸਾਇੰਸ ਆਡੀਟੋਰੀਅਮ ਜਾਣਾ ਹੈ।" ਮੈਂ, ਡਾ. ਮੇਵਾ ਸਿੰਘ ਅਤੇ ਡਾ. ਬਲਕਾਰ ਸਿੰਘ ਜਦੋਂ ਹਾਲ ਵਿਚ ਪਹੁੰਚੇ ਤਾਂ ਡਾ. ਸ਼ਰਮਾ ਵਿਚਾਰੇ ਰੋਣ ਹਾਕੇ ਹੋਏ ਬੈਠੇ ਸਨ। ਅਸੀਂ ਜਾਂਦਿਆਂ ਹੀ ਹਾਲ ਵਿਚ ਜਿਸ 'ਤੇ ਵੀ ਸ਼ੱਕ ਪਿਆ, ਖੜ੍ਹਾ ਕਰਕੇ ਤਲਾਸ਼ੀ ਲੈ ਕੇ ਕਾਗਜ਼ ਕਢਾਉਣੇ ਸ਼ੁਰੂ ਕਰ ਦਿੱਤੇ। ਕਈਆਂ ਨਾਲ ਲੜਨਾ ਵੀ ਪਿਆ। ਜ਼ਿਆਦਾ ਵਿਦਿਆਰਥੀ ਕਾਨੂੰਨ ਵਿਭਾਗ ਦੇ ਸਨ ਜੋ ਸਾਇੰਸ ਦੇ ਵਿਦਿਆਰਥੀਆਂ ਨੂੰ ਵੀ ਆਪਣੇ ਸ਼ੋਰ ਨਾਲ ਵਿਚਲਿਤ ਕਰ ਰਹੇ ਸਨ। ਇੱਕ

## ਰੰਗ-ਬੇਰੰਗ

ਕਾਫੀ ਵੱਡੀ ਉਮਰ ਦਾ ਜਾਪਦਾ ਮੁੰਡਾ, ਜਦੋਂ ਮੈਂ ਅੱਗੇ-ਪਿੱਛੇ ਜਾਵਾਂ ਤਾਂ ਲਿਖਣ ਲੱਗ ਪਿਆ ਕਰੇ ਅਤੇ ਜਦੋਂ ਮੈਂ ਲਾਗੇ ਆ ਜਾਇਆ ਕਰਾਂ ਤਾਂ ਲਿਖਣਾ ਬੰਦ ਕਰ ਦਿਆ ਕਰੇ। ਕਾਗਜ਼ ਦਾ ਪਤਾ ਨਾ ਲੱਗੇ ਕਿ ਕਿਥੇ ਹੈ। ਹਾਰ ਕੇ ਮੈਂ ਉਸ ਦੇ ਸਾਹਮਣੇ ਵਾਲੀ ਲਾਈਨ ਦੇ ਬੈਂਚ 'ਤੇ ਬੈਠ ਗਈ ਅਤੇ ਆਪਣਾ ਸਾਰਾ ਧਿਆਨ ਉਸਦੇ ਪਰਚੇ 'ਤੇ ਗੱਡ ਦਿੱਤਾ। ਮੈਂ ਦੇਖਿਆ ਉਸਨੇ ਆਪਣੇ ਪ੍ਰਸ਼ਨ ਪੇਪਰ ਵਿਚ ਕਾਗਜ਼ ਰੱਖਿਆ ਹੋਇਆ ਸੀ ਜਿਸ ਤੋਂ ਦੇਖ ਕੇ ਉਹ ਲਿਖ ਰਿਹਾ ਸੀ। ਮੈਂ ਦੂਸਰੇ ਪਾਸੇ ਫਿਰ ਰਹੇ ਡਾ. ਸਿੱਧੂ ਨੂੰ ਦਸਿਆ, "ਉਸ ਮੁੰਡੇ ਕੋਲ ਕਾਗਜ਼ ਹਨ ਜਿਨ੍ਹਾਂ ਤੋਂ ਨਕਲ ਮਾਰ ਰਿਹਾ ਹੈ।" ਸਿੱਧੂ ਕੋਲ ਆ ਕੇ ਬੋਲਿਆ, "ਕਾਕਾ ਖੜ੍ਹਾ ਹੋ, ਆਪਣਾ ਪ੍ਰਸ਼ਨ ਪੇਪਰ ਦਿਖਾ।" ਮੁੰਡਾ ਆਪਣੀ ਉਤਰ ਕਾਪੀ ਸਮੇਤ ਬਾਹਰ ਵੱਲ ਨੂੰ ਹੋ ਪਿਆ। ਅਸੀਂ ਉਸ ਨੂੰ ਦਰਵਾਜ਼ੇ ਵਿਚ ਘੇਰ ਲਿਆ ਕਿ ਬਾਹਰ ਜਾਣਾ ਹੈ ਤਾਂ ਉਤਰ ਕਾਪੀ ਤੋਂ ਬਿਨਾਂ ਬਾਹਰ ਜਾਵੇ ਅਤੇ ਉਹ ਕਹੇ ਮੈਂ ਕਾਪੀ ਸਮੇਤ ਜਾਣਾ ਹੈ। ਡਾ. ਬਲਕਾਰ ਸਿੰਘ ਅਤੇ ਸਿੱਧੂ ਨੇ ਕਿਹਾ ਏਦਾਂ ਜਾਣ ਨਹੀਂ ਦੇਣਾ। ਇਸ ਤੇ ਬਾਹਰੋਂ ਦਰਵਾਜ਼ੇ ਕੋਲ ਆ ਕੇ ਇੱਕ ਮੁੰਡਾ ਬੋਲਿਆ, "ਸਰ! ਆਖਰਕਾਰ ਕੌਮ ਲਈ ਕੁਰਬਾਨੀਆਂ ਕਰ ਰਹੇ ਹਾਂ, ਤੁਸੀਂ ਨਕਲ ਕਿਉਂ ਨਹੀਂ ਮਾਰਨ ਦਿੰਦੇ?" ਮੈਨੂੰ ਇਸ ਗੱਲ 'ਤੇ ਬੜੀ ਕੋਫ਼ਤ ਆਈ। ਮੈਂ ਉਸ ਨੂੰ ਕਿਹਾ, "ਕੀ ਕਲ੍ਹ ਨੂੰ ਕੌਮ ਦੀ ਅਗਵਾਈ ਆਪ ਨਕਲਾਂ ਮਾਰ ਕੇ ਪਾਸ ਹੋਣ ਵਾਲੇ ਕਰਨਗੇ ਅਤੇ ਇਹ ਕਿਹੋ ਜਿਹੇ ਆਗੂ ਹੋਣਗੇ?"

ਦੂਸਰੀ ਘਟਨਾ ਅੰਮ੍ਰਿਤਸਰ ਦੀ ਹੈ। ਯੂਨੀਵਰਸਿਟੀ ਨੇ ਪੱਤਰ-ਵਿਹਾਰ ਰਾਹੀਂ ਬੀ.ਐਡ ਦਾ ਦਾਖਲਾ ਵੱਡੇ ਪੱਧਰ 'ਤੇ ਕੀਤਾ ਸੀ ਜਿਸ ਦੇ ਇਮਤਿਹਾਨ ਚੱਲ ਰਹੇ ਸਨ। ਇਹ ਘਟਨਾ ਵੀ ਡਾ. ਅਵਤਾਰ ਸਿੰਘ ਦੀ ਡੀਨਸ਼ਿਪ ਵੇਲੇ ਦੀ ਹੀ ਹੈ ਕਿਉਂਕਿ ਟੀਚਰ ਹੋਣ ਕਰਕੇ ਉਨ੍ਹਾਂ ਨੂੰ ਡਿਊਟੀ ਤੋਂ ਨਾਂਹ ਕਰ ਸਕਣ ਦਾ ਜੇਰਾ ਨਹੀਂ ਸੀ ਕਰੀਦਾ। ਇਥੇ ਵੀ ਕਿਸੇ ਸਕੂਲ ਵਿਚ ਕੁੜੀਆਂ ਦਾ ਕੇਂਦਰ ਸੀ ਜਿਸ ਦੀਆਂ ਬਹੁਤ ਸ਼ਿਕਾਇਤਾਂ ਆ ਰਹੀਆਂ ਸਨ। ਇਸੇ ਕਰਕੇ ਡਾ. ਸਾਹਿਬ ਨੇ ਸਿੱਧੂ ਅਤੇ ਬਲਕਾਰ ਸਿੰਘ ਦੇ ਨਾਲ ਮੇਰੀ ਅਤੇ ਡਾ. ਜਸਵੀਰ ਕੌਰ (ਮਿਊਜ਼ਿਕ) ਦੀ ਡਿਊਟੀ ਵੀ ਲਾਈ। ਅਸੀਂ ਕੁੜੀਆਂ ਤੋਂ ਕਾਗਜ਼ ਕਢਾ-ਕਢਾ ਕੇ ਬੋਰੀ ਭਰ ਲਈ। ਇਮਤਿਹਾਨ ਉਪਰਲੀ ਮੰਜ਼ਿਲ 'ਤੇ ਸੀ ਅਤੇ ਸਾਨੂੰ ਨੀਚੇ ਗਰਾਊਂਡ ਵਿਚ ਖੜ੍ਹੇ ਕੁੜੀਆਂ ਦੇ ਹਮਾਇਤੀ ਧਮਕੀਆਂ ਦੇ ਰਹੇ ਸੀ, "ਸਾਡੇ ਕੋਲ ਪਿਸਤੌਲ ਹਨ, ਤੁਸੀਂ ਅੱਜ ਬਚ ਕੇ ਨਹੀਂ ਜਾ ਸਕਦੇ।" ਜਸਵੀਰ ਕੌਰ ਅੱਗੋਂ ਬੋਲੀ, "ਫਿਕਰ ਨਾ ਕਰੋ, ਅਸੀਂ ਵੀ ਪਿਸਤੌਲ ਨਾਲ ਲੈ ਕੇ ਆਏ ਹਾਂ।" ਇਹ ਵੀ ਸ਼ਾਮ ਦਾ ਸੈਸ਼ਨ ਸੀ। ਮੈਂ ਅਤੇ ਜਸਵੀਰ ਦੋਹਾਂ ਨੇ ਹੀ ਪਾਵਰ ਕਲੋਨੀ ਵਿਚ ਮੇਰੇ ਭਤੀਜੇ ਗੁਰਮੁਖ ਸਿੰਘ ਦੇ ਘਰ ਅੰਮ੍ਰਿਤਸਰ ਠਹਿਰਨਾ ਸੀ ਅਤੇ ਉਤਰ-ਕਾਪੀਆਂ ਦੇ ਬੰਡਲ ਸਾਡੇ ਕੋਲ ਸਨ। ਸਾਨੂੰ ਅੰਦਰੋਂ ਖਦਸ਼ਾ ਸੀ ਕਿ ਸ਼ਾਇਦ ਕਾਪੀਆਂ ਖੋਹਣ ਮਗਰ ਹੀ ਨਾ ਆ ਜਾਣ ਪਰ ਇਹ ਡਰ ਨਿਰਮੂਲ ਸੀ। ਅਜਿਹੇ ਮਾਹੌਲ ਵਿਚ ਡਾ. ਪੁਆਰ ਪੀ.ਵੀ.ਸੀ. ਲੱਗੇ ਅਤੇ ਲੱਗਦਿਆਂ ਹੀ ਯੂਨੀਵਰਸਿਟੀ ਦੇ ਇਮਤਿਹਾਨ ਸ਼ੁਰੂ ਹੋ ਗਏ। ਮੈਂ ਵਿਭਾਗ ਤੋਂ ਛੁੱਟੀ ਤੇ ਸੀ ਅਤੇ ਅਚਾਨਕ ਕਿਸੇ ਕੰਮ ਯੂਨੀਵਰਸਿਟੀ ਗਈ ਤਾਂ ਸੋਚਿਆ ਪੁਰਾਣੇ ਕੁਲੀਗ ਹਨ, ਪੀ.ਵੀ.ਸੀ. ਬਣਨ 'ਤੇ ਫੋਨ ਉਤੇ ਪੁਆਰ ਸਾਹਿਬ ਨੂੰ ਵਧਾਈ ਦੇ ਦਿਆਂ। ਰਿਹਾਇਸ਼ ਦੀ ਹਾਲੇ ਸਾਫ-ਸਫਾਈ ਚੱਲ ਰਹੀ ਸੀ, ਇਸ ਲਈ ਠਹਿਰਨ ਦਾ ਇੰਤਜ਼ਾਮ ਯੂਨੀਵਰਸਿਟੀ ਗੈਸਟ ਹਾਊਸ ਵਿਚ ਕੀਤਾ ਗਿਆ ਸੀ। ਜਦੋਂ ਮੈਂ ਆਪਣੇ ਵਿਭਾਗ ਤੋਂ ਫੋਨ ਕੀਤਾ ਤਾਂ ਉਨ੍ਹਾਂ ਦੀ ਮਿਸਿਜ ਨੇ ਫੋਨ ਚੁਕਿੱਆ ਅਤੇ ਦਸਿਆ, "ਪੁਆਰ ਸਾਹਿਬ ਦਫਤਰ ਵੱਲ ਕੰਮ ਗਏ ਹਨ।" ਮੈਂ ਉਨ੍ਹਾਂ ਨੂੰ ਆਪਣਾ ਨਾਮ ਅਤੇ ਵਿਭਾਗ ਦੱਸ ਕੇ ਕਿਹਾ, "ਮੈਂ ਤਾਂ ਨਵੇਂ ਅਹੁਦੇ ਦੀ ਵਧਾਈ ਦੇਣੀ ਸੀ, ਤੁਸੀਂ ਦੱਸ ਦੇਣਾ।" ਥੋੜੀ ਦੇਰ ਬਾਅਦ ਡਾ. ਪੁਆਰ ਦਾ ਡਾ. ਬਲਕਾਰ ਸਿੰਘ ਨੂੰ ਫੋਨ ਆ ਗਿਆ ਕਿ ਜੇ ਗੁਰਨਾਮ ਡਿਪਾਰਟਮੈਂਟ ਵਿਚ ਹੈ ਤਾਂ ਤੁਸੀਂ ਦੋਵੇਂ ਗੈਸਟ ਹਾਊਸ ਆ ਜਾਵੋ ਬੈਠ ਕੇ ਚਾਹ ਪੀਂਦੇ ਹਾਂ ਅਤੇ ਗੱਲਾਂਬਾਤਾਂ ਕਰਾਂਗੇ। ਚਾਹ ਪੀਂਦਿਆਂ ਡਾ. ਪੁਆਰ ਨੇ ਦੱਸਿਆ ਕਿ ਕਿਸ ਤਰ੍ਹਾਂ ਪਹਿਲਾਂ ਵਿਦਿਆਰਥੀਆਂ ਨੇ ਕੁੱਝ ਨੇਤਾ ਕਿਸਮ ਦੇ ਮੁੰਡਿਆਂ ਦੇ ਕਹਿਣ 'ਤੇ ਇਮਤਿਹਾਨ ਦਾ ਬਾਈਕਾਟ ਕਰਨ ਦੀ ਸਕੀਮ ਬਣਾ ਲਈ ਅਤੇ ਹਾਲ ਤੋਂ ਬਾਹਰ ਨਿਕਲ ਕੇ ਖੜ੍ਹ ਗਏ। ਨਿਗਰਾਨ ਨੇ ਉਨ੍ਹਾਂ ਨੂੰ ਇਤਲਾਹ ਦਿੱਤੀ। ਉਨ੍ਹਾਂ ਨੇ ਅੱਗੋਂ ਸਖਤੀ ਨਾਲ ਕਹਿ ਦਿੱਤਾ, "ਵਿਦਿਆਰਥੀਆਂ ਨੂੰ ਦੱਸ ਦਿਉ ਕਿ ਇਮਤਿਹਾਨ ਅੱਜ ਹੀ ਹੋਵੇਗਾ। ਜੇ ਕੋਈ ਬਾਹਰ ਜਾਣਾ ਚਾਹੁੰਦਾ ਹੈ ਜਾਵੇ ਪਰ ਬਾਹਰ ਰਹਿਣ ਵਾਲਿਆਂ ਦਾ ਦੁਬਾਰਾ ਪੇਪਰ ਨਹੀਂ ਲਿਆ ਜਾਵੇਗਾ। ਮੈਂ ਆਪ ਸੈਂਟਰ ਵਿਚ ਆ ਰਿਹਾ ਹਾਂ।" ਜਦੋਂ ਪੁਆਰ ਸਾਹਿਬ ਉਥੇ ਪਹੁੰਚੇ ਤਾਂ ਇੱਕ-ਅੱਧ ਨੂੰ ਛੱਡ ਕੇ ਬਾਕੀ ਸਭ ਇਮਤਿਹਾਨ ਹਾਲ ਵਿਚ ਦਾਖਲ ਹੋ ਕੇ ਪਰਚੇ ਕਰਨ ਲੱਗ ਪਏ। ਇਸੇ ਤਰ੍ਹਾਂ ਦੂਸਰੀ ਗੱਲ ਉਨ੍ਹਾਂ ਨੇ ਸੁਣਾਈ, "ਕੱਲ੍ਹ ਰਾਤ ਇੱਕ ਮੁੰਡੇ ਦਾ ਫੋਨ ਆ ਗਿਆ ਕਿ ਮੈਂ ਫਲਾਣਾ ਬੋਲ ਰਿਹਾ ਹਾਂ ਅਤੇ ਯੂਨੀਵਰਸਿਟੀ ਦਾ ਲੀਡਰ ਹਾਂ। ਕੱਲ੍ਹ ਨੂੰ ਹੋਣ ਵਾਲੇ ਇਮਤਿਹਾਨਾਂ ਦੇ ਸਿਲਸਿਲੇ ਵਿਚ ਮੈਂ ਤੁਹਾਨੂੰ ਮਿਲਣਾ ਹੈ।" ਡਾ. ਪੁਆਰ ਦੱਸ ਰਹੇ ਸਨ, "ਮੈਂ ਨਹੀਂ ਜਾਣਦਾ ਤੂੰ ਕੌਣ ਹੈਂ ਪਰ ਇਸ ਵੇਲੇ ਤੂੰ ਮੈਨੂੰ ਮਿਲਣ ਨਹੀਂ ਆ ਸਕਦਾ। ਕੱਲ੍ਹ ਨੂੰ ਦਫਤਰ ਟਾਈਮ ਲੈ ਕੇ ਮਿਲਣ ਆਈਂ ਅਤੇ ਹੁਣ ਉਸਨੇ ਮਿਲਣ ਆਉਣਾ ਹੈ।"

ਇਸ ਤਰ੍ਹਾਂ ਪਿਛਲੇ ਕੁੱਝ ਸਮੇਂ ਤੋਂ ਇਮਤਿਹਾਨਾਂ ਦੇ ਸਿਲਸਿਲੇ ਵਿਚ ਵਿਗੜੇ ਹੋਏ ਹਾਲਾਤ ਨੂੰ ਡਾ. ਪੁਆਰ ਨੇ ਪੀ.ਵੀ.ਸੀ. ਦੀ ਹੈਸੀਅਤ ਵਿਚ ਪਹਿਲੀ ਵਾਰ ਕਾਬੂ ਵਿਚ ਲਿਆਂਦਾ। ਸਾਲ-ਡੇਢ ਸਾਲ ਬਾਅਦ ਜਦੋਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣੇ ਤਾਂ ਵੀ ਡਾ. ਐਸ.ਐਸ. ਜੌਹਲ ਦੀ ਤਰ੍ਹਾਂ ਅਧਿਆਪਕਾਂ ਵਿਚ ਵੀ ਵਰਕ-ਕਲਚਰ, ਸਮੇਂ ਸਿਰ ਪੀਰੀਅਡ ਪੜ੍ਹਾਉਣ, ਸਮੇਂ ਸਿਰ ਯੂਨੀਵਰਸਿਟੀ ਆਉਣ ਦਾ ਅਨੁਸਾਸ਼ਨ ਕਾਇਮ ਕੀਤਾ। ਡਾ. ਜੌਹਲ ਵਾਂਗ ਹੀ ਡਾ. ਪੁਆਰ ਨੂੰ ਵੀ ਸਫਾਈ ਪੱਖੋਂ ਯੂਨੀਵਰਸਿਟੀ ਦੀ ਦਿਖ ਚਮਕਾਉਣ ਦੀ ਲਗਨ ਸੀ। ਡਾ. ਜੌਹਲ ਦੇ ਯੂਨੀਵਰਸਿਟੀ ਤੋਂ ਚਲੇ ਜਾਣ ਦੇ ਕੁਝ ਦਿਨਾਂ ਬਾਅਦ ਹੀ ਕੈਂਪਸ ਦੀਆਂ ਸੜਕਾਂ ਦੇ ਕਿਨਾਰਿਆਂ 'ਤੇ ਪਏ ਕੂੜੇ ਕਰਕਟ ਦੇ ਢੇਰ ਬਦਲ ਚੁੱਕੇ ਨਿਜਾਮ ਦੀ ਕਹਾਣੀ ਕਹਿਣ ਲੱਗ ਪਏ ਸਨ। ਇਸੇ ਤਰ੍ਹਾਂ ਡਾ. ਪੁਆਰ ਦੇ ਜਾਣ ਤੋਂ ਬਾਅਦ ਕਈ ਕਈ ਦਿਨ ਤੱਕ ਰੁਕੀਆਂ ਫਾਈਲਾਂ ਅਤੇ ਦਫਤਰਾਂ-ਵਿਭਾਗਾਂ ਵਿਚ ਸੀਟਾਂ 'ਤੇ ਸਬੰਧਿਤ ਕਰਮਚਾਰੀਆਂ-ਅਧਿਆਪਕਾਂ ਦਾ ਸਮੇਂ 'ਤੇ ਨਾ ਮਿਲਣਾ ਬਦਲ ਚੁਕੇ ਮਾਹੌਲ ਦੀ ਕਹਾਣੀ ਦੀ ਹੀ ਨਿਸ਼ਾਨੀ ਸੀ।

*(ਚਲਦਾ...)*




*ਵੀ.ਸੀ. ਡਾ. ਪੁਆਰ, ਡਾ. ਜੇ.ਐਸ. ਗਰੇਵਾਲ ਨੂੰ ਸਨਮਾਨਤ ਕਰਦੇ ਹੋਏ। ਨਾਲ ਪਿੱਛੇ ਖੜ੍ਹੇ ਹਨ ਪ੍ਰੋ. ਗੁਲਵੰਤ ਸਿੰਘ*

## ਸਿਆਣਿਆਂ ਦਾ ਕਿਹਾ

(1) ਸੁਹਿਰਦ ਸਾਰਿਆਂ ਨਾਲ ਰਹੋ ਪਰ ਨੇੜਤਾ ਕਿਸੇ ਕਿਸੇ ਨਾਲ ਹੀ ਵਧਾਵੋ।

(2) ਸੱਚੀ ਦੋਸਤੀ ਹੌਲੀ ਹੌਲੀ ਵਧਣ ਵਾਲੇ ਪੌਦੇ ਵਾਂਗ ਹੈ।

(3) ਭਰੋਸਾ, ਭਰੋਸੇਮੰਦ ਬਣਨ ਦਾ ਹੀ ਨਤੀਜਾ ਹੈ।

(4) ਆਪਾਂ ਚੀਜਾਂ ਨੂੰ ਉਵੇਂ ਨਹੀਂ ਦੇਖਦੇ ਜਿਵੇਂ ਉਹ ਦੇਖੀਦੀਆਂ ਹਨ, ਸਗੋਂ ਉਵੇਂ ਦੇਖਦੇ ਹਾਂ ਜਿਵੇਂ ਅਸੀਂ ਹਾਂ।

(5) ਕੋਈ ਵੀ ਬੰਦਾ ਇਮਾਨਦਾਰੀ ਨਾਲ ਕਿਸੇ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਆਪਣੀ ਮਦਦ ਆਪਣੇ ਆਪ ਹੀ ਕਰ ਲੈਂਦਾ ਹੈ।

(6) ਰਿਸ਼ਤੇ ਨਾਤੇ ਬੈਂਕ ਦੇ ਖਾਤੇ ਵਾਂਗ ਹਨ।

(7) ਚੰਗੇ ਸਬੰਧ ਬਣਾਉਣ 'ਚ ਸਭ ਤੋਂ ਵੱਡੀ ਰੁਕਾਵਟ ਹੰਕਾਰ ਹੈ, ਹੰਕਾਰ ਆਪਣੇ ਆਪ ਵਿਚ ਇੱਕ ਨਸ਼ਾ ਹੈ।

(8) ਇੱਕ ਹੰਕਾਰੀ ਬੰਦੇ ਦੀ ਦੁਨੀਆਂ ਉਸੇ ਤੋਂ ਸ਼ੁਰੂ ਹੁੰਦੀ ਹੈ, ਉਸ ਦੇ ਆਲੇ-ਦੁਆਲੇ ਹੀ ਘੁੰਮਦੀ ਉਸੇ 'ਤੇ ਹੀ ਖਤਮ ਹੋ ਜਾਂਦੀ ਹੈ।

(9) ਜਿਹੜੇ ਲੋਕ ਈਰਖਾ ਕਰਦੇ ਹਨ ਉਨ੍ਹਾਂ ਨਾਲ ਵੀ ਇਹੋ ਕੁੱਝ ਹੁੰਦਾ ਹੈ।

(10) ਹਰ ਇੱਕ ਨੂੰ ਖੁੱਲਾ ਦਿਮਾਗ ਰੱਖਣਾ ਚਾਹੀਦਾ ਹੈ ਨਾ ਕਿ ਖਾਲੀ ਦਿਮਾਗ।

(11) ਜਿੰਮੇਵਾਰੀਆਂ ਉਸ ਬੰਦੇ ਵੱਲ ਆਕਰਸ਼ਿਤ ਹੁੰਦੀਆਂ ਹਨ ਜਿਹੜਾ ਇਨ੍ਹਾਂ ਦਾ ਭਾਰ ਆਪਣੇ ਮੋਢਿਆਂ 'ਤੇ ਚੁੱਕ ਸਕਦਾ ਹੈ।

(12) ਬੋਲੋ ਘੱਟ-ਕਹੋ ਜ਼ਿਆਦਾ।

(13) ਸਮਝਾਉਣ ਲਈ ਆਲੋਚਨਾ ਕਰੋ ਨਾ ਕਿ ਡਰਾਉਣ ਲਈ। ਆਲੋਚਨਾ ਇੱਕਲਿਆਂ ਹੋ ਕੇ ਕਰੋ ਨਾ ਕਿ ਸਾਰਿਆਂ ਦੇ ਸਾਹਮਣੇ।

(14) ਸੱਚੇ ਮਿੱਤਰ ਬਣ ਕੇ ਆਪਣੇ ਮਿੱਤਰ ਨੂੰ ਸਮਝਾਉ ਕਿ ਕਿਵੇਂ ਉਹ ਗਲਤੀਆਂ ਸੁਧਾਰ ਕੇ ਲਾਭ ਪ੍ਰਾਪਤ ਕਰ ਸਕਦਾ ਹੈ।

(15) ਕਿਸੇ ਦੇ ਕੰਮ ਦੀ ਆਲੋਚਨਾ ਕਰੋ, ਨਾ ਕਿ ਕੰਮ ਕਰਨ ਵਾਲੇ ਦੀ।

(16) ਆਲੋਚਨਾ ਨੂੰ ਇੱਕ ਸੀਮਾ ਵਿਚ ਹੀ ਰੱਖੋ ਇਸ ਨੂੰ ਲੋੜ ਤੋਂ ਵੱਧ ਨਾ ਵਰਤੋ।

(17) ਜਿਸ ਰੁੱਖ ਨੂੰ ਸਭ ਤੋਂ ਜ਼ਿਆਦਾ ਫਲ ਲਗਦੇ ਹਨ ਉਹਨੂੰ ਹੀ ਸਭ ਤੋਂ ਜਿਆਦਾ ਪੱਥਰ ਖਾਣੇ ਪੈਂਦੇ ਹਨ।

(18) ਮੁਸਕਾਨ ਦੀ ਕੋਈ ਕੀਮਤ ਨਹੀਂ ਹੁੰਦੀ ਪਰ ਇਹ ਬਹੁਤ ਕੁਝ ਕਰਦੀ ਹੈ।

(19) ਮਰਨ ਤੋਂ ਪਹਿਲਾਂ ਹੀ ਆਪਣੀ ਹਿੰਮਤ ਨੂੰ ਨਾ ਮਾਰੋ।

(20) ਪਾਣੀ ਭਾਫ 'ਚ ਤਬਦੀਲੀ ਕੇਵਲ ਤਾਪਮਾਨ 'ਚ ਇੱਕ ਡਿਗਰੀ ਦੇ ਫਰਕ ਨਾਲ ਹੀ ਹੁੰਦਾ ਹੈ ਅਤੇ ਭਾਫ ਦੁਨੀਆਂ ਵਿਚ ਸਭ ਤੋਂ ਵੱਡੇ ਇੰਜਨ ਨੂੰ ਧਕੇਲ ਸਕਦੀ ਹੈ।

(21) ਕੁਝ ਲੋਕ ਚਾਪਲੂਸੀ ਕਰਨਾ ਜ਼ਿਆਦਾ ਆਸਾਨ ਸਮਝਦੇ ਹਨ ਬਜਾਏ ਇਸ ਦੇ ਕਿ ਸੱਚੀ ਪ੍ਰਸ਼ੰਸਾ ਕੀਤੀ ਜਾਵੇ।

(22) ਗਲਤੀਆਂ ਤੋਂ ਸਿੱਖਣਾ ਚਾਹੀਦਾ ਹੈ।

(23) ਇੱਕ ਬਹਿਸ ਹੀ ਹੈ ਜਿਹੜੀ ਤੁਸੀਂ ਕਦੇ ਨਹੀਂ ਜਿੱਤ ਸਕਦੇ।

(24) ਬਹਿਸ ਹਉਮੈ ਵਿਚੋਂ ਪੈਦਾ ਹੁੰਦੀ ਹੈ। ਇਹ ਹੰਕਾਰਾਂ ਦੀ ਲੜਾਈ ਤੋਂ ਵੱਧ ਕੁਝ ਨਹੀਂ।

(25) ਜਦੋਂ ਇੱਕ ਬੰਦਾ ਇਹ ਮਹਿਸੂਸ ਕਰ ਲਵੇ ਕਿ ਉਸ ਨੇ ਗਲਤੀ ਕੀਤੀ ਹੈ ਤਾਂ ਉਸ ਨੂੰ ਵਧਾਈ ਦੇਵੋ ਅਤੇ ਸਭ ਦਾ ਸਾਹਮਣਾ ਕਰਨ ਦਾ ਰਸਤਾ ਵੀ ਦਿਖਾਉ।

(26) ਗੱਲਬਾਤ ਕਰੋ, ਬਹਿਸ ਨਾ ਕਰੋ। ਬਹਿਸ ਕਰਨ ਨਾਲ ਗਰਮਜੋਸ਼ੀ ਨਿਕਲਦੀ ਹੈ ਜਦਕਿ ਗੱਲਬਾਤ ਨਾਲ ਰੌਸ਼ਨੀ।

(27) ਇੱਕ ਬਹਿਸ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੀ ਹੈ ਕਿ ਕੌਣ ਠੀਕ ਹੈ ਜਦਕਿ ਇੱਕ ਵਾਰਤਾਲਾਪ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦੀ ਹੈ ਕਿ ਕੀ ਠੀਕ ਹੈ।

(28) ਬੱਚਿਆਂ ਨੂੰ ਗੱਲ ਕਹਿਣ ਦਾ ਹੁਨਰ ਤਾਂ ਸਿਖਾਇਆ ਜਾਵੇ ਪਰ ਪਲਟ ਕੇ ਜਵਾਬ ਦੇਣਾ ਨਾ ਸਿਖਾਇਆ ਜਾਵੇ।

(29) ਬੇਦੀਨ ਆਦਮੀ ਲਈ ਖੁਆਰੀ ਤੋਂ ਬਿਨਾਂ ਇਸ ਸੰਸਾਰ ਵਿਚ ਹੋਰ ਕੀ ਹੈ?

(30) ਆਪਾਂ 20ਵੀਂ, 21ਵੀਂ ਸਦੀ 'ਚ ਜਨਮ ਲਿਆ ਹੈ ਪਰ ਮਾੜੇ ਸਿੱਖ ਲੀਡਰਾਂ ਦੀ ਮਾੜੀ ਕਾਰਗੁਜਾਰੀ ਕਾਰਨ ਜੀਅ ਰਹੇ ਹਾਂ ਪੰਦਰਵੀਂ ਸਦੀ ਤੋਂ ਵੀ ਪੰਜ ਸੌ ਸਾਲ ਪਿੱਛੇ।

(31) ਜ਼ਾਬਰ ਦਾ ਜ਼ੁਲਮ ਅਤੇ ਮਜਲੂਮ ਦੀ ਹਾਹਾਕਾਰ ਕੋਈ ਨਵੀਂ ਗੱਲ ਨਹੀਂ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

# ਸੜਕ ਹਾਦਸੇ:ਰਾਸ਼ਟਰੀ ਚੁਣੌਤੀ

ਅਮਰਜੀਤ ਸਿੰਘ ਵੜੈਚ

ਭਾਰਤ ਵਿਚ ਹਰ ਚਾਰ ਮਿੰਟ ਪਿੱਛੋਂ ਇਕ ਵਿਅਕਤੀ ਸੜਕ ਹਾਦਸੇ ਕਾਰਨ ਮੌਤ ਦਾ ਸ਼ਿਕਾਰ ਹੋ ਰਿਹਾ ਹੈ। ਇੰਜ ਹਰ ਸਾਲ ਇਕ ਲੱਖ 35 ਹਜ਼ਾਰ ਲੋਕ ਸੜਕ ਹਾਦਸਿਆਂ ਵਿਚ ਮਾਰੇ ਜਾਂਦੇ ਹਨ। ਭਾਰਤ ਵਿਸ਼ਵ ਦਾ ਸਭ ਤੋਂ ਵੱਧ ਸੜਕ ਹਾਦਸਿਆਂ ਵਾਲਾ ਮੁਲਕ ਬਣ ਗਿਆ ਹੈ। ਇਹ ਸੱਚਮੁੱਚ ਹੀ ਭਾਰਤ ਲਈ ਇਕ ਰਾਸ਼ਟਰੀ ਚੁਣੌਤੀ ਹੈ।

ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ (ਐਨ.ਸੀ.ਆਰ.ਬੀ.) ਵੱਲੋਂ ਜਾਰੀ ਕੀਤੇ ਅੰਕੜਿਆਂ ਅਨੁਸਾਰ ਭਾਰਤ ਵਿਚ ਹਰ ਰੋਜ਼ 370 ਭਾਰਤੀ ਸੜਕ ਹਾਦਸਿਆਂ ਕਾਰਨ ਜਾਨ ਤੋਂ ਹੱਥ ਧੋ ਬਹਿੰਦੇ ਹਨ। ਇੰਜ ਇਨ੍ਹਾਂ ਅੰਕੜਿਆਂ ਮੁਤਾਬਕ ਇਕ ਘੰਟੇ ਮਗਰੋਂ ਪੰਦਰਾਂ ਭਾਰਤੀ ਕਿਸੇ ਨਾ ਕਿਸੇ ਕਾਰਨ ਹੋਏ ਸੜਕ ਹਾਦਸੇ ਕਰਕੇ ਦਮ ਤੋੜ ਜਾਂਦੇ ਹਨ।

ਭਾਰਤ ਵਿਚ ਸੜਕ ਹਾਦਸਿਆਂ ਦੀ ਗਿਣਤੀ ਵਿਕਸਿਤ ਦੇਸ਼ਾਂ ਅਮਰੀਕਾ, ਇੰਗਲੈਂਡ, ਜਰਮਨੀ, ਫਰਾਂਸ ਆਦਿ ਦੇ ਮੁਕਾਬਲੇ ਤਿੰਨ ਗੁਣਾ ਵੱਧ ਹੈ। ਸਾਡੇ ਦੇਸ਼ 'ਚ ਹਜ਼ਾਰ ਵਾਹਨਾਂ ਪਿੱਛੇ ਹਾਦਸਿਆਂ ਦੀ ਦਰ 35 ਹੈ ਜਦੋਂ ਕਿ ਵਿਕਸਿਤ ਦੇਸ਼ਾਂ 'ਚ ਇਹ ਇਕ ਹਜ਼ਾਰ ਪਿੱਛੇ 4 ਤੋਂ 10 ਤਕ ਹੈ।

ਪਿਛਲੇ ਦੋ ਦਹਾਕਿਆਂ ਦੌਰਾਨ ਜਿੱਥੇ ਭਾਰਤ ਵਿਚ ਸੜਕੀ ਤੰਤਰ ਦਾ ਵਿਕਾਸ ਬੜੀ ਤੇਜ਼ੀ ਨਾਲ ਹੋਣਾ ਸ਼ੁਰੂ ਹੋਇਆ ਉਥੇ ਨਾਲ ਦੀ ਨਾਲ ਉਦਾਰੀਕਰਨ ਮਗਰੋਂ ਭਾਰਤੀ ਸੜਕਾਂ ਉਪਰ ਵੰਨ-ਸੁਵੰਨੇ ਵਾਹਨਾਂ ਦੀ ਗਿਣਤੀ ਵੀ ਬਹੁਤ ਵਧੀ ਹੈ। ਮਾਹਿਰਾਂ ਅਨੁਸਾਰ ਭਾਰਤੀ ਸੜਕਾਂ ਦਾ ਵਿਕਾਸ ਉਸ ਰਫਤਾਰ ਨਾਲ ਨਹੀਂ ਹੋਇਆ ਜਿਸ ਨਾਲ ਵਾਹਨਾਂ ਦੀ ਗਿਣਤੀ ਵਧੀ ਹੈ। ਆਜ਼ਾਦੀ ਮਗਰੋਂ 1950 ਵਿਚ ਭਾਰਤ ਵਿਚ ਕੁੱਲ ਤਿੰਨ ਲੱਖ ਮੋਟਰ-ਗੱਡੀਆਂ ਸਨ। ਇਹ ਗਿਣਤੀ 30 ਸਾਲਾਂ ਮਗਰੋਂ 1980 ਵਿਚ 50 ਲੱਖ ਦਾ ਅੰਕੜਾ ਪਾਰ ਕਰ ਗਈ ਸੀ। 1991 ਵਿਚ ਸਾਡੇ ਦੇਸ਼ ਦੀਆਂ ਸੜਕਾਂ ਉਪਰ ਦੋ ਕਰੋੜ 30 ਲੱਖ 40 ਹਜ਼ਾਰ ਵਾਹਨ ਦੌੜ ਰਹੇ ਸਨ। 1991 ਵਿਚ ਭਾਰਤ ਨੇ ਉਦਾਰੀਕਰਨ ਅਤੇ ਵਿਸ਼ਵੀਕਰਨ ਦੀ ਨੀਤੀ ਨੂੰ ਅਮਲੀ ਰੂਪ ਦਿੱਤਾ ਸੀ, ਉਸ ਮਗਰੋਂ ਭਾਰਤ ਦੀਆਂ ਸੜਕਾਂ ਉਪਰ ਨਵੀਆਂ ਕਾਰਾਂ, ਮੋਟਰਸਾਈਕਲਾਂ, ਜੀਪਾਂ, ਬੱਸਾਂ, ਟਰੈਕਟਰ ਅਤੇ ਹੋਰ ਵਾਹਨਾਂ ਦਾ ਹੜ੍ਹ ਹੀ ਆ ਗਿਆ ਹੈ।

ਇਕੱਲੀ ਦਿੱਲੀ ਵਿਚ 1990 ਵਿਚ ਗਿਆਰਾਂ ਲੱਖ ਵਾਹਨ ਸਨ ਜੋ ਕਿ ਦਸਾਂ ਸਾਲਾਂ ਮਗਰੋਂ ਭਾਵ 2001 ਵਿਚ ਤੀਹ ਲੱਖ 60 ਹਜ਼ਾਰ ਤਕ ਪਹੁੰਚ ਗਏ ਸਨ। ਅੱਜ ਦੀ ਤਾਰੀਖ ਵਿਚ ਇਹ ਗਿਣਤੀ 50 ਲੱਖ ਦਾ ਅੰਕੜਾ ਪਾਰ ਕਰ ਚੁੱਕੀ ਹੈ। ਦੂਜੇ ਬੰਨੇ ਦਿੱਲੀ ਦੀ ਆਬਾਦੀ ਇਸ ਸਮੇਂ ਦੌਰਾਨ 43% ਵਧੀ ਪਰ ਮੋਟਰ-ਗੱਡੀਆਂ ਦੀ ਗਿਣਤੀ 87% ਦੇ ਹਿਸਾਬ ਨਾਲ ਵਧੀ ਜਦੋਂ ਕਿ ਦਿੱਲੀ ਦੀਆਂ ਸੜਕਾਂ ਦੀ ਲੰਬਾਈ, ਇਸ ਸਮੇਂ ਦੌਰਾਨ ਸਿਰਫ 14% ਭਾਵ 22000 ਤੋਂ 25000 ਕਿਲੋਮੀਟਰ ਹੀ ਵਧੀ।

ਦੇਸ਼ ਦੇ ਦੂਸਰੇ ਹਿੱਸਿਆਂ ਵਿਚ ਮੋਟਰ-ਗੱਡੀਆਂ ਦਾ ਵਾਧਾ ਵੱਡੇ ਪੱਧਰ 'ਤੇ ਹੋ ਰਿਹਾ ਹੈ। ਮੁਕਾਬਲੇ ਵਾਲੀ ਮੰਡੀ ਹੋਣ ਕਰਕੇ ਵੱਡੀਆਂ ਵੱਡੀਆਂ ਕੰਪਨੀਆਂ ਨੇ ਮਨ ਲੁਭਾਵੀਆਂ ਸਕੀਮਾਂ ਦੇ ਕੇ ਵਾਹਨਾਂ ਨਾਲ ਲੋਕਾਂ ਦੇ ਘਰ ਭਰ ਦਿੱਤੇ ਹਨ। ਅੱਜ ਤੋਂ 20 ਸਾਲ ਪਹਿਲਾਂ ਜਿਸ ਗਲੀ ਵਿਚ ਇਕ ਅੱਧੀ ਕਾਰ ਹੁੰਦੀ ਸੀ ਅੱਜ ਉਹਦੇ ਵਿਚੋਂ ਲੰਘਣ ਲਈ ਥਾਂ ਨਹੀਂ ਮਿਲਦੀ। ਕਾਰਾਂ ਹੀ ਕਾਰਾਂ ਦਿੱਸਦੀਆਂ ਹਨ। ਮੋਟਰਸਾਈਕਲ, ਮੌਪਿਡ ਅਤੇ ਸਕੂਟਰ ਤਾਂ ਹੁਣ ਸਾਈਕਲਾਂ ਵਾਂਗ ਹੋ ਗਏ ਹਨ। ਘਰ ਵਿਚ ਜਿੰਨੇ ਮੈਂਬਰ ਉਨੇ ਹੀ ਵਾਹਨ। ਕਈ ਘਰਾਂ ਵਿਚ ਤਾਂ ਮੈਂਬਰਾਂ ਨਾਲੋਂ ਵੱਧ ਵਾਹਨ ਵੀ ਖੜ੍ਹੇ ਵੇਖੇ ਜਾ ਸਕਦੇ ਸਨ।

ਜਦੋਂ ਇੰਨੀ ਵੱਡੀ ਪੱਧਰ 'ਤੇ ਸੜਕਾਂ ਉਪਰ ਮੋਟਰ-ਗੱਡੀਆਂ ਦੌੜਨਗੀਆਂ ਤਾਂ ਫਿਰ ਹਾਦਸਿਆਂ ਦੀ ਦਰ ਤਾਂ ਵਧੇਗੀ ਹੀ। ਭਾਰਤ ਵਰਗੇ ਮੁਲਕ ਵਿਚ ਜਿੱਥੇ ਲੋਕਾਂ ਵਿਚ ਸੜਕੀ ਨਿਯਮਾਂ ਬਾਰੇ ਜਾਗਰੂਕਤਾ ਬਹੁਤ ਘੱਟ ਹੈ ਉਥੇ ਤਾਂ ਸਥਿਤੀ ਹੋਰ ਵੀ ਭਿਆਨਕ ਹੋਣ ਦਾ ਡਰ ਬਣਿਆ ਰਹੇਗਾ। ਭਾਵੇਂ ਹਾਦਸਿਆਂ ਦੇ ਵੱਖ-ਵੱਖ ਕਾਰਨਾਂ ਬਾਰੇ ਕੋਈ ਤੱਥ ਉਪਲਬਧ ਨਹੀਂ ਹਨ ਪਰ ਪੁਲਿਸ ਅਧਿਕਾਰੀਆਂ ਅਨੁਸਾਰ 80% ਹਾਦਸੇ ਮਨੁੱਖੀ ਗਲਤੀਆਂ ਕਾਰਨ ਹੀ ਹੁੰਦੇ ਹਨ। ਸੜਕ ਹਾਦਸਿਆਂ ਵਿਚ ਸੱਭ ਤੋਂ ਵੱਧ 65% ਮਰਨ ਵਾਲੇ ਪੈਦਲ ਯਾਰਤੀ ਹੀ ਹੁੰਦੇ ਹਨ। ਇਨ੍ਹਾਂ 65% ਮਰਨ ਵਾਲਿਆਂ ਵਿਚ 35% ਬੱਚੇ ਹੁੰਦੇ ਹਨ।




ਵਿਸ਼ਵ ਸਿਹਤ ਸੰਸਥਾ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਜੇ ਫੌਰੀ ਤੌਰ 'ਤੇ ਸੜਕੀ ਦੁਰਘਟਨਾਵਾਂ ਰੋਕਣ ਲਈ ਕਦਮ ਨਾ ਚੁੱਕੇ ਗਏ ਤਾਂ ਆਉਂਦੇ 10 ਸਾਲਾਂ ਵਿਚ ਭਾਰਤ ਵਿਚ ਸੜਕੀ ਹਾਦਸਿਆਂ ਕਾਰਨ 60 ਲੱਖ ਲੋਕ ਮਾਰੇ ਜਾਣਗੇ, ਇਕ ਕਰੋੜ ਤੋਂ ਵੱਧ ਅਪਾਹਜ ਹੋ ਜਾਣਗੇ ਅਤੇ ਛੇ ਕਰੋੜ ਤੋਂ ਵੱਧ ਲੋਕ ਜ਼ਖਮੀ ਹੋਣਗੇ।

ਸੜਕ ਹਾਦਸੇ ਵਿਚ ਮਰਨ ਵਾਲੇ ਵਿਅਕਤੀ ਦੇ ਪਰਿਵਾਰ ਨੂੰ ਭਾਵਨਾਤਮਕ ਅਤੇ ਆਰਥਿਕ ਸੱਟ ਵੱਜਦੀ ਹੈ। ਕਈ ਵਾਰ ਪਰਿਵਾਰ ਦੀ ਕਮਾਈ ਦਾ ਸਾਧਨ ਹੀ ਖਤਮ ਹੋ ਜਾਂਦਾ ਹੈ। ਕਈ ਵਾਰ ਪੂਰਾ ਪਰਿਵਾਰ ਹੀ ਖਤਮ ਹੋ ਜਾਂਦਾ ਹੈ। ਦੂਜੇ ਬੰਨੇ ਦੇਸ਼ ਦੀ ਆਰਥਿਕਤਾ ਨੂੰ ਵੀ ਇਨ੍ਹਾਂ ਸੜਕ ਹਾਦਸਿਆਂ ਕਾਰਨ ਵੱਡਾ ਧੱਕਾ ਲੱਗਦਾ ਹੈ। ਸੜਕ ਹਾਦਸਿਆਂ ਕਾਰਨ ਆਵਾਜਾਈ ਰੁਕ ਜਾਂਦੀ ਹੈ। ਪੁਲਿਸ, ਡਾਕਟਰ ਅਤੇ ਹੋਰ ਲੋਕ ਹਰਕਤ ਵਿਚ ਆਉਂਦੇ ਹਨ। ਫਿਰ ਅਦਾਲਤਾਂ ਤਕ ਕੇਸ ਚਲਦੇ ਹਨ। ਇੰਜ ਦੇਸ਼ ਦਾ ਬਹੁਤ ਸਾਰਾ ਸਮਾਂ, ਸਰਮਾਇਆ ਅਤੇ ਸਾਧਨ ਵਿਅਰਥ ਜਾਂਦੇ ਹਨ। ਇਕ ਅੰਦਾਜ਼ੇ ਅਨੁਸਾਰ ਵਿਕਾਸਸ਼ੀਲ ਦੇਸ਼ਾਂ ਵਿਚ ਹੋਣ ਵਾਲੇ ਹਾਦਸਿਆਂ ਕਾਰਨ ਇਨ੍ਹਾਂ ਮੁਲਕਾਂ ਨੂੰ 50 ਅਰਬ ਰੁਪਏ ਸਿਰਫ ਇਨ੍ਹਾਂ ਹਾਦਸਿਆਂ ਉਪਰ ਹੋਣ ਵਾਲੇ ਖਰਚਿਆਂ/ਨੁਕਸਾਨ ਉਪਰ ਖਰਚਣੇ ਪੈਂਦੇ ਹਨ। ਇਹ ਰਾਸ਼ੀ ਇਨ੍ਹਾਂ ਮੁਲਕਾਂ ਨੂੰ ਵਿਕਸਿਤ ਦੇਸ਼ਾਂ ਵੱਲੋਂ ਵਿਕਾਸ ਲਈ ਦਿੱਤੀ ਜਾਂਦੀ ਰਾਸ਼ੀ ਤੋਂ ਦੁੱਗਣੀ ਹੈ।

ਹਾਦਸੇ ਕਈ ਤਰ੍ਹਾਂ ਦੇ ਹੁੰਦੇ ਹਨ। ਉਦਯੋਗਿਕ ਹਾਦਸੇ, ਰਸਾਇਣਕ ਪਦਾਰਥਾਂ ਦੇ ਫਟਣ ਕਾਰਨ ਹੋਣ ਵਾਲੇ ਹਾਦਸੇ, ਇਮਾਰਤਸਾਜ਼ੀ ਵਿਚਲੇ ਹਾਦਸੇ, ਅਤਿਵਾਦ ਕਾਰਨ ਹੋਣ ਵਾਲੇ ਹਾਦਸੇ, ਪੁਰਾਣੀਆਂ ਇਮਾਰਤਾਂ ਦੇ ਡਿੱਗਣ ਕਾਰਨ ਹੋਣ ਵਾਲੇ ਹਾਦਸੇ, ਗੈਸ ਸਿਲੰਡਰਾਂ ਦੇ ਹਾਦਸੇ ਅਤੇ ਸੜਕ ਹਾਦਸੇ। ਅਜਿਹੇ ਹਾਦਸਿਆਂ ਵਿਚ ਹੋਣ ਵਾਲੀਆਂ ਮੌਤਾਂ ਵਿਚੋਂ 37.1% ਮੌਤਾਂ ਸਿਰਫ ਸੜਕ ਹਾਦਸਿਆਂ ਕਾਰਨ ਹੁੰਦੀਆਂ ਹਨ। ਸੜਕ ਸੁਰੱਖਿਆ ਮਾਹਿਰਾਂ ਅਨੁਸਾਰ ਸੜਕ ਹਾਦਸਿਆਂ ਕਾਰਨ ਹੁੰਦੀਆਂ ਬਹੁਤ ਸਾਰੀਆਂ ਮੌਤਾਂ ਰਿਕਾਰਡ ਹੀ ਨਹੀਂ ਹੁੰਦੀਆਂ। ਇਸ ਕਰਕੇ ਭਾਰਤ ਵਿਚ ਸੜਕ ਦੁਰਘਟਨਾਵਾਂ ਵਿਚ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਸਰਕਾਰੀ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੋ ਸਕਦੀ ਹੈ।

ਇਨ੍ਹਾਂ ਹਾਦਸਿਆਂ ਵਿਚ 40% ਤੋਂ ਵੱਧ ਹਾਦਸੇ ਟਰੱਕ/ਬੱਸ ਅਤੇ ਦੁਪਹੀਆ ਵਾਹਨਾਂ ਦੇ ਹੁੰਦੇ ਹਨ। ਇਹ ਹਾਦਸੇ ਉਨ੍ਹਾਂ ਰਾਜਾਂ ਵਿਚ ਜ਼ਿਆਦਾ ਹੋ ਰਹੇ ਹਨ ਜਿਨ੍ਹਾਂ ਵਿਚ ਵਿਕਾਸ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ। ਆਂਧਰਾ ਪ੍ਰਦੇਸ਼ ਵਿਚ ਪੂਰੇ ਦੇਸ਼ ਵਿਚ ਹੁੰਦੀਆਂ ਸੜਕ ਹਾਦਸਿਆਂ ਵਾਲੀਆਂ ਮੌਤਾਂ ਵਿਚੋਂ 12%, ਮਹਾਰਾਸ਼ਟਰਾਂ ਵਿਚ 11% ਅਤੇ ਤਾਮਿਲਨਾਡੂ ਵਿਚ 10.8% ਮੌਤਾਂ ਹੁੰਦੀਆਂ ਹਨ। ਪੰਜਾਬ ਵਿਚ ਵੀ ਸੜਕ ਹਾਦਸਿਆਂ ਦੀ ਸਥਿਤੀ ਚਿੰਤਾਜਨਕ ਹੈ। ਭਾਵੇਂ ਰਾਸ਼ਟਰੀ ਅੰਕੜਿਆਂ ਤੋਂ ਪੰਜਾਬ ਵਿਚ ਘੱਟ ਦਰ ਹੈ ਪਰ ਤਾਂ ਵੀ ਪੰਜਾਬ ਵਿਚ ਹਰ ਸਾਲ ਸੜਕ ਹਾਦਸਿਆਂ ਵਿਚ ਹੋਣ ਵਾਲੀਆਂ ਮੌਤਾਂ ਦੀ ਗਿਣਤੀ 3000 ਤੋਂ ਵੱਧ ਹੈ। ਇਸ ਹਿਸਾਬ ਨਾਲ ਪੰਜਾਬ ਵਿਚ ਹਰ ਰੋਜ਼ ਅੱਠ ਵਿਅਕਤੀ ਸੜਕਾਂ 'ਤੇ ਹੋਣ ਵਾਲੇ ਹਾਦਸਿਆਂ ਕਾਰਨ ਜਾਨ ਗੁਆ ਬੈਠਦੇ ਹਨ। ਹਾਲਤ ਇਹ ਬਣ ਗਈ ਹੈ ਕਿ ਘਰੋਂ ਨਿਕਲਿਆ ਆਦਮੀ ਜਦੋਂ ਸੁਰਖਿਅਤ ਘਰ ਪਰਤਦਾ ਹੈ ਤਾਂ ਰੱਬ ਦਾ ਲੱਖ ਲੱਖ ਸ਼ੁਕਰ ਮਨਾਉਂਦਾ ਹੈ। ਪਤਾ ਨਹੀਂ ਕਦੋਂ ਕਿਸ ਨੇ ਕਿਸੇ ਹਾਦਸੇ ਦਾ ਸ਼ਿਕਾਰ ਹੋ ਜਾਣਾ ਹੈ।

ਇਹ ਗੱਲ ਚਿੰਤਾ ਦਾ ਵਿਸ਼ਾ ਹੈ ਕਿ ਵਿਸ਼ਵ ਵਿਚ ਹਰ ਸਾਲ ਨਵੀਂ ਤਕਨੀਕ ਨਾਲ ਭਰੋਸੇਯੋਗ ਮੋਟਰ-ਗੱਡੀਆਂ ਬਣਨ ਲੱਗ ਪਈਆਂ ਹਨ ਅਤੇ ਸੜਕਾਂ ਦੀ ਲੰਬਾਈ ਅਤੇ ਚੁੜਾਈ ਵੀ ਵਧ ਰਹੀ ਹੈ ਤਾਂ ਵੀ ਸੜਕ ਹਾਦਸਿਆਂ ਦੀ ਗਿਣਤੀ ਵੱਧ ਰਹੀ ਹੈ। ਸੰਨ 2003 ਤੋਂ 2008 ਤਕ ਸੜਕ ਹਾਦਸਿਆਂ ਵਿਚ ਮਰਨ ਵਾਲਿਆਂ ਦੀ ਗਿਣਤੀ 84430 ਤੋਂ ਵੱਧ ਕੇ ਇਕ ਲੱਖ 18 ਹਜ਼ਾਰ ਹੋ ਗਈ, ਭਾਵ 40% ਵਧ ਗਈ।

ਸੜਕ ਹਾਦਸਿਆਂ ਦੇ ਮੁੱਖ ਕਾਰਨਾਂ ਵਿਚ ਤੇਜ਼ ਸਪੀਡ, ਸ਼ਰਾਬ ਪੀ ਕੇ ਡਰਾਈਵਿੰਗ, ਬਿਨਾਂ ਲਾਈਟ ਤੋਂ ਰਾਤ ਸਮੇਂ ਗੱਡੀ ਚਲਾਉਣਾ, ਬਹੁਤ ਪੁਰਾਣੇ ਵਹੀਕਲ, ਸੜਕਾਂ ਉਪਰ ਗਲਤ ਪਾਰਕਿੰਗ, ਛੋਟੀ ਉਮਰ ਵਿਚ ਡਰਾਈਵਿੰਗ, ਟਰੈਫਿਕ ਲਾਈਟਾਂ ਦੀ ਉਲੰਘਣਾ, ਹੈਲਮਟ ਅਤੇ ਸੀਟ ਬੈਲਟ ਤੋਂ ਬਿਨਾਂ ਡਰਾਈਵਿੰਗ, ਡਰਾਈਵਿੰਗ ਸਮੇਂ ਮੋਬਾਈਲ ਫੋਨ 'ਤੇ ਗੱਲਾਂ ਕਰਨੀਆਂ ਜਾਂ ਹੈਡ ਫੋਨ ਲਾ ਕੇ ਸੰਗੀਤ ਸੁਣਨਾ, ਆਵਾਜਾਈ ਦੇ ਨਿਯਮਾਂ ਦੀ ਉਲੰਘਣਾ, ਵਾਹਨਾਂ ਦੀ ਸਮੇਂ ਸਿਰ ਸਰਵਿਸ ਨਾ ਕਰਾਉਣਾ ਆਦਿ ਸ਼ਾਮਲ ਹਨ। ਇਸ ਤੋਂ ਬਿਨਾਂ ਭਾਰਤੀ ਸੜਕਾਂ ਉਤੇ ਰਿਕਸ਼ੇ, ਤਾਂਗੇ, ਸਾਈਕਲ, ਛੋਟੀਆਂ ਵੱਡੀਆਂ ਗੱਡੀਆਂ ਦਾ ਮਿਲਿਆ ਜੁਲਿਆ ਟਰੈਫਿਕ ਵੀ ਹਾਦਸਿਆਂ ਲਈ ਜ਼ਿੰਮੇਵਾਰ ਹੈ।

ਸਾਡੇ ਮੁਲਕ ਵਿਚ ਡਰਾਈਵਿੰਗ ਲਾਇਸੰਸ ਲੈਣਾ ਕਿੰਨਾ ਸੌਖਾ ਹੈ, ਇਸ ਬਾਰੇ ਅਸੀਂ ਸਾਰੇ ਹੀ ਜਾਣਦੇ ਹਾਂ। ਡਰਾਈਵਿੰਗ ਟੈਸਟ ਦੇਣ ਤੋਂ ਬਿਨਾਂ ਹੀ ਲਾਇਸੰਸ ਤੁਹਾਡੇ ਘਰ ਬਣ ਕੇ ਆ ਜਾਂਦੇ ਹਨ। ਸਾਡੀਆਂ ਸੜਕਾਂ ਉਪਰ ਬਿਨਾਂ ਪਰਮਿਟ ਦੇ ਵੱਡੀ ਗਿਣਤੀ ਵਿਚ ਟਰੱਕ, ਕਾਰਾਂ ਅਤੇ ਬੱਸਾਂ ਚਲ ਰਹੀਆਂ ਹਨ। ਜਿਹੜੇ ਨਾਗਰਿਕ ਸੜਕ ਉਪਰ ਗਲਤੀ ਕਰਦੇ ਫੜੇ ਜਾਂਦੇ ਹਨ, ਉਨ੍ਹਾਂ ਉਪਰ ਸਖਤ ਕਾਰਵਾਈ ਨਹੀਂ ਹੁੰਦੀ। ਵੱਡਿਆਂ ਘਰਾਂ ਦੇ ਬੱਚੇ ਸੜਕਾਂ ਉਪਰ ਆਵਾਜਾਈ ਦੇ ਨਿਯਮਾਂ ਦੀ ਉਲੰਘਣਾ ਕਰਦੇ ਆਮ ਵੇਖੇ ਜਾਂਦੇ ਹਨ ਪਰ ਉਨ੍ਹਾਂ ਨੂੰ ਪੁਲਿਸ ਵਾਲੇ ਵੀ ਕੁਝ ਨਹੀਂ ਕਹਿੰਦੇ। ਪੁਲਿਸ ਵੀ ਲਾਚਾਰ ਹੁੰਦੀ ਹੈ। ਪੁਲਿਸ ਦਾ ਕਹਿਣਾ ਹੈ ਕਿ ਜਦੋਂ ਕਿਸੇ ਨੂੰ ਆਵਾਜਾਈ ਦੇ ਨਿਯਮਾਂ ਦੀ ਉਲੰਘਣਾ ਕਰਦਿਆਂ ਫੜ ਲਿਆ ਜਾਂਦਾ ਹੈ ਤਾਂ ਪਹਿਲਾਂ ਉਹ ਧਮਕੀ ਦਿੰਦਾ ਹੈ ਜੇ ਉਹਦੀ ਗੱਲ ਨਾ ਬਣੇ ਤਾਂ ਫਿਰ ਕਿਸੇ ਵੱਡੇ ਅਫਸਰ ਜਾਂ ਨੇਤਾ ਦਾ ਫੋਨ ਆ ਜਾਂਦਾ ਹੈ।

ਸਾਡੇ ਦੇਸ਼ ਦੀਆਂ ਸੜਕਾਂ ਦੀ ਸਥਿਤੀ ਇਨ੍ਹਾਂ ਤੱਥਾਂ ਤੋਂ ਪਰਖੀ ਜਾ ਸਕਦੀ ਹੈ ਕਿ ਭਾਰਤ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਰੋਪੜ ਨੇੜੇ ਇਕ ਸੜਕ ਹਾਦਸੇ ਵਿਚ ਜ਼ਖਮੀ ਹੋਣ ਮਗਰੋਂ ਦਮ ਤੋੜ ਗਏ। ਦਿੱਲੀ ਦੇ ਮੰਤਰੀ ਸਾਹਿਬ ਸਿੰਘ ਵਰਮਾ ਦੀ ਜਾਨ ਵੀ ਇਕ ਹਾਦਸੇ ਕਾਰਨ ਹੀ ਗਈ। ਪੰਜਾਬ ਦੇ ਮੰਤਰੀ ਕੈਪਟਨ ਕੰਵਲਜੀਤ ਸਿੰਘ ਸੜਕ ਹਾਦਸੇ ਕਾਰਨ ਕੁਰਾਲੀ ਨੇੜੇ ਮੌਤ ਦਾ ਸ਼ਿਕਾਰ ਹੋ ਗਏ। ਹਾਲ ਹੀ ਵਿਚ ਕੇਂਦਰੀ ਰੇਲ ਮੰਤਰੀ ਮਮਤਾ ਬੈਨਰਜੀ ਦਾ ਕਾਫਲਾ ਵੀ ਇਕ ਸੜਕ ਹਾਦਸੇ ਦਾ ਸ਼ਿਕਾਰ ਹੋਇਆ। ਇਨ੍ਹਾਂ ਲੋਕਾਂ ਨਾਲ ਪਾਇਲਟ ਗੱਡੀਆਂ ਹੂਟਰ ਵਜਾਉਂਦੀਆਂ ਫਿਰਦੀਆਂ ਹਨ ਜੇ ਇਹ ਸੜਕਾਂ ਉਪਰ ਸੁਰੱਖਿਆ ਨਹੀਂ ਤਾਂ ਫਿਰ ਆਮ ਨਾਗਰਿਕ ਦਾ ਤਾਂ ਰੱਬ ਹੀ ਰਾਖਾ ਹੈ।

ਸੜਕ ਹਾਦਸਿਆਂ ਵਿਚ ਹੁੰਦੀਆਂ ਮੌਤਾਂ ਅਤਿਵਾਦ ਦੀਆਂ ਘਟਨਾਵਾਂ 'ਚ ਹੋਣ ਵਾਲੀਆਂ ਮੌਤਾਂ ਤੋਂ ਕਿਤੇ ਵੱਧ ਹਨ। ਸ਼ਾਮ ਦਾ ਸਮਾਂ ਸੜਕਾਂ ਉਪਰ ਖਤਰਨਾਕ ਹੁੰਦਾ ਹੈ। ਬਹੁਤੇ ਡਰਾਈਵਰ ਸ਼ਾਮ ਦੇ ਸਮੇਂ ਘੁੱਟ-ਘੁੱਟ ਲਾ ਕੇ ਹੀ ਸੜਕ 'ਤੇ ਚੜ੍ਹਦੇ ਹਨ। ਹੋਰ ਕਈ ਤਰ੍ਹਾਂ ਦੇ ਨਸ਼ੇ ਵੀ ਡਰਾਈਵਰ ਕਰਦੇ ਹਨ। ਸੜਕ ਹਾਦਸਿਆਂ 'ਚ ਹੋਣ ਵਾਲੀਆਂ ਮੌਤਾਂ ਵਿਚ 40% ਮੌਤਾਂ ਟਰੱਕਾਂ ਅਤੇ ਬੱਸਾਂ ਕਾਰਨ ਹੋਣ ਵਾਲੇ ਹਾਦਸਿਆਂ ਵਿਚ ਹੁੰਦੀਆਂ ਹਨ। ਲੋਕ ਅਕਸਰ ਟਰੱਕਾਂ ਵਾਲਿਆਂ ਨੂੰ ਕੋਸਦੇ ਹਨ ਕਿ ਇਹ ਸੜਕ ਉਪਰ ਚਲਦੇ ਛੋਟੇ ਵਾਹਨਾਂ ਨੂੰ ਕੁਝ ਨਹੀਂ ਸਮਝਦੇ ਪਰ ਕਦੇ ਅਸੀਂ ਸੋਚਿਆ ਹੈ ਕਿ ਇਨ੍ਹਾਂ ਦੇ ਡਰਾਈਵਰਾਂ ਨੂੰ ਕਿਨ੍ਹਾਂ-ਕਿਨ੍ਹਾਂ ਕਠਿਨ ਸਥਿਤੀਆਂ 'ਚ ਰਹਿਣਾ ਪੈਂਦਾ ਹੈ। ਇਨ੍ਹਾਂ ਨੂੰ ਸੜਕਾਂ ਦੇ ਕਿਨਾਰੇ ਹੋਟਲਾਂ 'ਚ ਰਾਤਾਂ ਕੱਟਣੀਆਂ ਪੈਂਦੀਆਂ ਹਨ ਜਿੱਥੇ ਇਨ੍ਹਾਂ ਦੇ ਨਹਾਉਣ, ਸੌਣ ਅਤੇ ਖਾਣ ਦਾ ਕੋਈ ਵਧੀਆ ਪ੍ਰਬੰਧ ਨਹੀਂ ਹੁੰਦਾ।

ਸੜਕਾਂ ਉਪਰ ਦੌੜਦੀਆਂ ਗੱਡੀਆਂ ਡਰਾਈਵਰ ਨਹੀਂ ਚਲਾਉਂਦੇ ਸਗੋਂ ਉਨ੍ਹਾਂ ਦੇ ਦਿਮਾਗ ਦੀਆਂ ਪ੍ਰੇਸ਼ਾਨੀਆਂ ਚਲਾ ਰਹੀਆਂ ਹੁੰਦੀਆਂ ਹਨ। ਹਰ ਡਰਾਈਵਰ ਦੀ ਆਪਣੀ ਵੱਖਰੀ ਪ੍ਰੇਸ਼ਾਨੀ ਹੁੰਦੀ ਹੈ। ਸੜਕਾਂ 'ਤੇ ਗੱਡੀਆਂ ਨਹੀਂ ਪ੍ਰੇਸ਼ਾਨੀਆਂ ਦੌੜ ਰਹੀਆਂ ਹੁੰਦੀਆਂ ਹਨ।

ਜਿਸ ਹਿਸਾਬ ਨਾਲ ਆਬਾਦੀ ਵਧ ਰਹੀ ਹੈ ਅਤੇ ਸੜਕਾਂ ਉਪਰ ਮੋਟਰ-ਗੱਡੀਆਂ ਦਾ ਵਾਧਾ ਹੋ ਰਿਹਾ ਹੈ, ਉਸ ਹਿਸਾਬ ਨਾਲ ਨਾ ਤਾਂ ਭਾਰਤੀ ਨਾਗਰਿਕ ਜ਼ਿੰਮੇਵਾਰ ਬਣ ਰਿਹਾ ਹੈ ਅਤੇ ਨਾ ਹੀ ਆਵਾਜਾਈ ਨੂੰ ਕੰਟਰੋਲ ਕਰਨ ਵਾਲੀ ਪੁਲਿਸ ਸਖਤ ਹੋ ਰਹੀ ਹੈ। ਲੋੜ ਇਸ ਗੱਲ ਦੀ ਹੈ ਕਿ ਸਖਤੀ ਤਾਂ ਕੀਤੀ ਹੀ ਜਾਵੇ ਪਰ ਨਾਲ ਦੀ ਨਾਲ ਇਸ ਗੱਲ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਵੇ ਕਿ ਭਾਰਤੀ ਨਾਗਰਿਕ ਹੀ ਇੰਨੇ ਜ਼ਿੰਮੇਵਾਰ ਬਣ ਜਾਣ ਕਿ ਉਨ੍ਹਾਂ ਲਈ ਸੜਕ ਉਪਰ ਚਲਦਿਆਂ ਆਪਣੇ ਨਾਲੋਂ ਦੂਜੇ ਵਾਹਨ ਚਾਲਕਾਂ ਅਤੇ ਸਫਰ ਕਰਨ ਵਾਲਿਆਂ ਦੀ ਸੁਰੱਖਿਆ ਜ਼ਿਆਦਾ ਮਹੱਤਵਪੂਰਨ ਹੋ ਜਾਵੇ।

### *ਇੰਸਟੀਚਿਊਟ ਆਫ ਹੈਲਥ ਸਿਸਟਮ ਅਨੁਸਾਰ:*

**ੳ.** ਡਰਾਈਵਿੰਗ ਲਾਇਸੰਸ ਜਾਰੀ ਕਰਨ ਸਮੇਂ ਸਖਤੀ ਵਰਤੀ ਜਾਵੇ।

**ਅ.** ਸੜਕਾਂ ਉਪਰ ਵਾਹਨ ਘੱਟ ਕਰਨ ਬਾਰੇ ਸੋਚਿਆ ਜਾਵੇ। ਮੈਟਰੋ ਰੇਲ ਵਰਗੀ ਵਧੀਆ ਜਨਤਕ ਟਰਾਂਸਪੋਰਟ ਪ੍ਰਣਾਲੀ ਇਸ ਦਾ ਇਕ ਹੱਲ ਹੋ ਸਕਦਾ ਹੈ।

**ੲ.** ਹੈਲਮਟ/ਬੈਲਟ ਦੀ ਵਰਤੋਂ ਲਈ ਸਖਤੀ ਕੀਤੀ ਜਾਵੇ।

**ਸ.** ਭਾਰੀ ਵਾਹਨਾਂ ਲਈ ਵੱਖਰੀਆਂ ਸੜਕਾਂ ਬਣਾਈਆਂ ਜਾਣ।

**ਹ.** ਵਿਕਸਿਤ ਦੇਸ਼ 'ਚ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਵਰਤੇ ਜਾਂਦੇ ਢੰਗਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ।

### *ਵਿਸ਼ਵ ਬੈਂਕ ਦੀ ਸਲਾਹ ਹੈ:*

**ੳ.** ਆਮ ਨਾਗਰਿਕਾਂ, ਇੰਜੀਨੀਅਰਾਂ ਅਤੇ ਸਕੀਮਾਂ ਬਣਾਉਣ ਵਾਲਿਆਂ ਵਿਚ ਜਾਗਰੂਕਤਾ ਲਿਆਂਦੀ ਜਾਵੇ।

**ਅ.** ਸੜਕ ਸੁਰੱਖਿਆ ਆਡਿਟ ਲਾਗੂ ਕੀਤੇ ਜਾਣ।

**ੲ.** ਬਿਨਾਂ ਵਾਹਨ ਵਾਲੀਆਂ ਅਤੇ ਮੋਟਰਸਾਈਕਲ/ਸਕੂਟਰ ਲਈ ਵੱਖਰੀਆਂ ਸੜਕਾਂ ਬਣਾਈਆਂ ਜਾਣ।

ਇਕ ਕਹਾਵਤ ਅਕਸਰ ਵਰਤੀ ਜਾਂਦੀ ਹੈ ਕਿ ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ, ਪਰ ਮੈਂ ਇੱਥੇ ਇਹ ਕਹਿਣਾ ਚਾਹਾਂਗਾ ਕਿ ਇਹ ਕਹਾਵਤ ਪੁਰਾਣੇ ਸਮਿਆਂ ਦੀ ਹੈ। ਭਾਵੇਂ ਹਾਲੇ ਵੀ ਇਹ ਕਦੀ ਮਾਮਲਿਆਂ ਵਿਚ ਸੱਚ ਸਾਬਤ ਹੁੰਦੀ ਹੈ ਪਰ ਭਾਰਤੀ ਨਾਗਰਿਕ ਹੁਣ 21ਵੀਂ ਸਦੀ ਵਿਚ ਪ੍ਰਵੇਸ਼ ਕਰ ਚੁੱਕੇ ਹਨ। ਹਰ ਭਾਰਤੀ ਨਾਗਰਿਕ ਨੂੰ ਐਨਾ ਜ਼ਿੰਮੇਵਾਰ ਬਣਨ ਦੀ ਲੋੜ ਹੈ ਕਿ ਪੁਲਿਸ ਨੂੰ ਕਦੇ ਵੀ ਸਖਤੀ ਕਰਨ ਦੀ ਲੋੜ ਨਾ ਪਵੇ। ਉਧਰ ਪੁਲਿਸ ਨੂੰ ਵੀ ਪੁਰਾਣੀ ਸੋਚ ਵਿਚੋਂ ਕੱਢਣ ਦੀ ਲੋੜ ਹੈ। ਪੁਲਿਸ ਨੂੰ ਵੀ ਵੀਹਵੀਂ ਸਦੀ ਦੀ ਸੋਚ ਅਪਨਾਉਣ ਦੀ ਲੋੜ ਹੈ। ਪੁਲਿਸ ਨੂੰ ਹੁਣ 'ਸ਼ਿਕਾਰ' ਲੱਭਣ ਦੀ ਥਾਂ ਹਰ ਨਾਗਰਿਕ ਨੂੰ ਸਤਿਕਾਰ ਦੇਣ ਦੀ ਲੋੜ ਹੈ ਤਾਂ ਕਿ ਪੁਲਿਸ ਨੂੰ ਵੇਖ ਕੇ ਲੋਕ ਭੈਅ-ਭੀਤ ਨਾ ਹੋਣ।

ਸਾਡੀ ਦੁਆ ਹੈ ਕਿ ਹਰ ਭਾਰਤੀ ਦਾ ਸਫਰ ਸੁਰੱਖਿਅਤ ਹੋਵੇ। ਹਰ ਭਾਰਤੀ ਨਾਗਰਿਕ ਹਰ ਰੋਜ਼ ਸੁਰੱਖਿਅਤ ਆਪਣੇ ਘਰ ਪਰਤੇ।



*ਕੈਪਟਨ ਕੰਵਲਜੀਤ ਸਿੰਘ ਦੀ ਹਾਦਸਗ੍ਰਸਤ ਕਾਰ*

## ਸੜਕ ਹਾਦਸੇ: ਕੁਝ ਰਾਸ਼ਟਰ ਵਿਆਪੀ ਤੱਥ

- ਸੜਕ ਹਾਦਸਿਆਂ ਵਿਚ ਹਰ ਸਾਲ ਇਕ ਲੱਖ ਪੈਂਤੀ ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ।
- ਹਰ ਚਾਰ ਮਿੰਟ ਪਿੱਛੋਂ ਸੜਕ ਹਾਦਸੇ ਵਿਚ ਇਕ ਮੌਤ।
- ਹਰ ਰੋਜ਼ 370 ਲੋਕਾਂ ਦੀ ਸੜਕ ਹਾਦਸਿਆਂ ਵਿਚ ਮੌਤ।
- ਹਰ ਮਹੀਨੇ ਗਿਆਰਾਂ ਹਜ਼ਾਰ ਤੋਂ ਵੱਧ ਮੌਤਾਂ ਸੜਕ ਹਾਦਸਿਆਂ ਕਾਰਨ।
- ਅਤਿਵਾਦ ਦੀਆਂ ਘਟਨਾਵਾਂ ਤੋਂ ਵੱਧ ਮੌਤਾਂ ਸੜਕ ਹਾਦਸਿਆਂ ਕਾਰਨ।
- ਸੜਕਾਂ 'ਤੇ ਦੁਪਹਿਰੇ ਤਿੰਨ ਤੋਂ ਸ਼ਾਮੀ ਛੇ ਵਜੇ ਤਕ ਦਾ ਸਮਾਂ ਸਭ ਤੋਂ ਵੱਧ ਖਤਰੇ ਵਾਲਾ।
- ਟਰੱਕਾਂ/ਬੱਸਾਂ ਕਾਰਨ 40% ਮੌਤਾਂ, (ਕੁਝ ਸੜਕ ਹਾਦਸਿਆਂ ਦਾ)
- ਮਰਨ ਵਾਲੇ ਬਹੁਤੇ ਪੈਦਲ ਅਤੇ ਇਨ੍ਹਾਂ 'ਚੋਂ ਵੀ ਬਹੁਤੇ ਬੱਚੇ।
- ਬਹੁਤੇ ਹਾਦਸੇ ਮਨੁੱਖੀ ਗਲਤੀਆਂ ਦਾ ਸਿੱਟਾ।

ਵਿਚਾਰ-ਚਰਚਾ

# ਵੀਹਵੀਂ ਸਦੀ ਦੀ ਸਿੱਖ ਰਾਜਨੀਤੀ ਇਕ ਗੁਲਾਮੀ ਤੋਂ ਦੂਜੀ ਗੁਲਾਮੀ ਤਕ

*ਪੰਜਾਬ ਟਾਈਮਜ਼ ਦੇ 23 ਅਕਤੂਬਰ ਦੇ ਅੰਕ ਵਿਚ ਅਸੀਂ ਸਿੱਖ ਹਲਕਿਆਂ ਵਿਚ ਸ੍ਰੀ ਅਜਮੇਰ ਸਿੰਘ ਦੀਆਂ ਚਰਚਿਤ ਪੁਸਤਕਾਂ ਬਾਰੇ ਡਾ. ਪ੍ਰੇਮ ਸਿੰਘ ਹੋਰਾਂ ਦਾ ਇਕ ਲੇਖ ਛਾਪਿਆ ਸੀ। ਉਦੋਂ ਵੀ ਅਸੀਂ ਸਪਸ਼ਟ ਕੀਤਾ ਸੀ ਕਿ ਇਸ ਲੇਖ ਵਿਚ ਪ੍ਰਗਟਾਏ ਗਏ ਵਿਚਾਰਾਂ ਨਾਲ ਸਾਡਾ ਸਹਿਮਤ ਹੋਣਾ ਜ਼ਰੂਰੀ ਨਹੀਂ। ਅਸੀਂ ਇਹ ਲੇਖ ਵਿਚਾਰਾਂ ਦਾ ਇਕ ਸਾਰਥਕ ਮੰਚ ਮੁਹੱਈਆ ਕਰਨ ਦੇ ਮਨੋਰਥ ਨਾਲ ਛਾਪਿਆ ਸੀ। ਇਸੇ ਲੜੀ ਵਿਚ ਸਾਨੂੰ ਡਾ. ਬਲਕਾਰ ਸਿੰਘ ਹੋਰਾਂ ਦਾ ਇਹ ਲੇਖ ਪ੍ਰਾਪਤ ਹੋਇਆ ਹੈ ਜੋ ਅਸੀਂ ਪਾਠਕਾਂ ਲਈ ਛਾਪ ਰਹੇ ਹਾਂ। ਇਸ ਚਰਚਾ ਲੜੀ ਵਿਚ ਸਾਨੂੰ ਪਾਠਕਾਂ ਦੇ ਪ੍ਰਤੀਕਰਮ ਦੀ ਉਡੀਕ ਰਹੇਗੀ। -ਸੰਪਾਦਕ*

*ਅਮੋਲਕ ਪਿਆਰੇ*

*ਸ੍ਰ. ਅਜਮੇਰ ਸਿੰਘ ਦੀਆਂ '20ਵੀਂ ਸਦੀ ਦੀ ਸਿੱਖ ਰਾਜਨੀਤੀ' ਬਾਰੇ ਹੁਣ ਤੱਕ ਪ੍ਰਾਪਤ ਤਿੰਨ ਕਿਤਾਬਾਂ ਬਾਰੇ ਡਾ. ਪ੍ਰੇਮ ਸਿੰਘ ਦਾ ਪੰਜਾਬ ਟਾਈਮਜ਼ ਵਿਚ ਛਪਿਆ ਮੁਲਿਆਂਕਣੀ ਲੇਖ ਮੈਂ ਪੜ੍ਹ ਲਿਆ ਹੈ। ਡਾਕਟਰ ਸਾਹਿਬ ਨਾਲ ਨਜ਼ਰੀਏ ਦੇ ਫਰਕ ਕਾਰਨ ਕੁਝ ਨੁਕਤਿਆਂ 'ਤੇ ਮਤਭੇਦ ਦੇ ਬਾਵਜੂਦ ਮੈਨੂੰ ਇਹ ਲੇਖ ਬੜਾ ਹੀ ਸਪਸ਼ਟ ਅਤੇ ਸੰਤੁਲਿਤ ਲੱਗਿਆ ਹੈ। ਬਲਕਿ ਹੈਰਾਨੀ ਹੋਈ ਹੈ ਕਿ ਉਮਰ ਦੇ 90ਵੇਂ ਸਾਲ ਨੂੰ ਢੁਕਿਆ ਕੋਈ ਵਿਅਕਤੀ ਇਤਿਹਾਸ ਦੇ ਇਤਨੇ ਲੰਮੇ ਚੌੜੇ ਫੈਲਾਓ ਉਤੇ ਅਜਿਹੀ ਪਾਰਦਰਸ਼ੀ ਨਜ਼ਰ ਨਾਲ ਨਿਗਾਹਸਾਨੀ ਕਰਨ ਦੇ ਸਮਰੱਥ ਹੋ ਸਕਦਾ ਹੈ। ਲੇਖ ਪੜ੍ਹਨ ਪਿਛੋਂ ਡਾਕਟਰ ਸਾਹਿਬ ਨਾਲ ਫੋਨ 'ਤੇ ਮੇਰੀ ਲੰਮੀ ਗੱਲਬਾਤ ਵੀ ਹੋ ਗਈ ਸੀ। ਗੁਰਦਿਆਲ ਬੱਲ ਦੇ ਘਰ ਕਈ ਸਾਲ ਮਿਲਦਾ ਰਿਹਾ ਹੋਣ ਕਰਕੇ ਮੈਂ ਅਜਮੇਰ ਸਿੰਘ ਨੂੰ ਬਹੁਤ ਨੇੜਿਓਂ ਵਾਚ ਕੀਤਾ ਹੋਇਆ ਹੈ। ਇਸੇ ਕਰਕੇ 2003 ਵਿਚ ਉਸ ਦੀ ਪਹਿਲੀ ਪੁਸਤਕ ਆਉਣ 'ਤੇ ਮੈਂ ਉਸ ਨੂੰ ਬੜੇ ਗਹੁ ਨਾਲ ਪੜ੍ਹਿਆ ਸੀ। ਜਿਸ ਤਰੀਕੇ ਨਾਲ ਅਜਮੇਰ ਸਿੰਘ ਨੇ ਪੂਰੀ ਇਕ ਸਦੀ ਦੀ ਸਿੱਖ ਲੀਡਰਸ਼ਿਪ ਦੇ ਕਾਰਜਾਂ ਦੀ ਬੇਰਹਿਮੀ ਨਾਲ ਚੀਰਫਾੜ ਕੀਤੀ ਸੀ, ਮੈਨੂੰ ਬੁਰੀ ਲੱਗੀ ਸੀ। ਮੈਂ ਉਸ ਬਾਰੇ ਲੰਮਾ ਲੇਖ ਲਿਖਿਆ ਸੀ ਅਤੇ ਲੇਖ ਦੇ ਅਖੀਰ ਵਿਚ ਪੁਸਤਕ ਦੇ ਥੀਸਿਸ ਬਾਰੇ ਡੀਬੇਟ ਬਣਨਯੋਗ 10-12 ਨੁਕਤੇ ਵੀ ਸੁਝਾਏ ਸਨ। ਮੈਂ ਉਦੋਂ ਉਹ ਲੇਖ ਤੈਨੂੰ 'ਪੰਜਾਬ ਟਾਈਮਜ਼' ਵਿਚ ਛਾਪਣ ਲਈ ਭੇਜਿਆ ਵੀ ਸੀ ਪਰ ਮੈਨੂੰ ਯਾਦ ਨਹੀਂ ਕਿ ਉਹ ਛਪ ਗਿਆ ਸੀ ਕਿ ਨਹੀਂ। ਬਾਅਦ ਵਿਚ ਮੈਨੂੰ ਵੀ ਗੱਲ ਭੁਲ ਭੁਲਾ ਗਈ। ਪਰ ਹੁਣ ਡਾ. ਪ੍ਰੇਮ ਸਿੰਘ ਦੇ ਲੇਖ ਨੇ ਪੁਰਾਣੀ ਯਾਦ ਫਿਰ ਤਾਜ਼ਾ ਕਰਾ ਦਿੱਤੀ ਹੈ। ਅਜਮੇਰ ਸਿੰਘ ਦੀ ਦੂਸਰੀ ਕਿਤਾਬ 'ਕਿਤ ਬਿਧ ਰੁਲੀ ਪਾਤਸ਼ਾਹੀ' ਮੈਂ ਪੜ੍ਹਨੀ ਸ਼ੁਰੂ ਕੀਤੀ ਸੀ ਪਰ ਪੂਰੀ ਪੜ੍ਹੀ ਨਾ ਗਈ। ਤੀਸਰੀ ਕਿਤਾਬ ਮੈਂ ਪੜ੍ਹ ਲਈ ਸੀ ਅਤੇ ਮੈਨੂੰ ਅਫਸੋਸ ਹੋਇਆ ਸੀ ਕਿ ਅਜਮੇਰ ਸਿੰਘ ਕਿਵੇਂ ਮਰਜੀ ਨਾਲ ਆਪਣੇ ਥੀਸਿਜ਼ ਨੂੰ ਜ਼ਬਰਦਸਤੀ ਸਹੀ ਸਿੱਧ ਕਰਨ ਲਈ ਖੁਸ਼ਵੰਤ ਸਿੰਘ ਕੱਟੜ ਵਿਰੋਧੀਆਂ ਦੀਆਂ ਟੂਕਾਂ ਨੂੰ ਵੀ ਸੰਦਰਭ ਵਿਚੋਂ ਬਾਹਰ ਕੱਢ ਕੇ ਆਪਣੇ ਹੱਕ ਵਿਚ ਭੁਗਤਾਈ ਗਿਆ ਸੀ। ਇਸ ਬਾਰੇ ਗੱਲ ਤੁਰੀ ਤਾਂ ਕਿਤੇ ਫਿਰ ਲਿਖਿਆ ਜਾਵੇਗਾ। ਅਜੇ ਮੈਂ ਤੈਨੂੰ ਆਪਣਾ ਪਹਿਲਾ ਲੇਖ ਭੇਜ ਰਿਹਾ ਹਾਂ। ਮੈਨੂੰ ਉਹ ਅਜੇ ਵੀ ਠੀਕ ਲੱਗਦਾ ਹੈ। ਜੇਕਰ ਠੀਕ ਲੱਗੇ ਤਾਂ ਛਾਪ ਲੈਣਾ। -ਹਿਤੈਸ਼ੀ ਬਲਕਾਰ ਸਿੰਘ*

ਇਸ ਪੁਸਤਕ ਨੂੰ ਕਿਸੇ ਵੀ ਦ੍ਰਿਸ਼ਟੀ ਤੋਂ ਵੇਖੀਏ ਇਹ ਬਹੁਤ ਵਧੀਆ ਕਿਤਾਬ ਹੈ, ਬਸ਼ਰਤੇ ਕਿ ਇਸ ਕਿਤਾਬ ਨੂੰ ਅਕਾਲੀਆਂ ਦੀ ਦ੍ਰਿਸ਼ਟੀ ਤੋਂ ਬਿਲਕੁਲ ਨਾ ਵੇਖਿਆ ਜਾਵੇ ਪਰ ਮੈਂ ਇਹ ਨਹੀਂ ਕਰ ਸਕਦਾ ਕਿਉਂਕਿ ਇਸ ਕਿਤਾਬ ਨੂੰ ਪਸੰਦ ਕਰਨ ਦੀਆਂ ਬਹੁ-ਪਰਤੀ ਸੰਭਾਵਨਾਵਾਂ ਕਾਇਮ ਹਨ। ਇਹ ਘਟੋ ਘਟ ਗਲਤੀਆਂ ਨਾਲ ਸੁੰਦਰ ਛਪਾਈ ਵਾਲੀ ਕਿਤਾਬ ਹੈ। ਲੇਖਕ ਨੇ ਸਿੱਖ ਹੋਣ ਦੀ ਮਜਬੂਰੀ ਨੂੰ ਸਿੱਖ ਹੋਣ ਦੇ ਫਖਰ ਵਿਚ ਜਿਸ ਤਰ੍ਹਾਂ ਇਸ ਕਿਤਾਬ ਵਿਚ ਤਬਦੀਲ ਕਰ ਲਿਆ ਹੈ, ਸਲਾਹੁਣਯੋਗ ਹੈ। ਕਿਤਾਬ ਵਿਚ ਲਿਖਤ ਅਤੇ ਲੇਖਕ ਦਾ ਜੋ ਸੰਜੋਗੀ ਮੇਲ ਸਾਹਮਣੇ ਆ ਗਿਆ ਹੈ, ਉਸਦਾ ਲੇਖਾ-ਜੋਖਾ ਕਰਦਿਆਂ ਕੋਸ਼ਿਸ਼ ਰਹੇਗੀ ਕਿ ਲੇਖਕ ਨਾਲੋਂ ਲਿਖਤ ਨੂੰ ਪਹਿਲ ਦਿਤੀ ਜਾਵੇ। ਜੇ ਇਹ ਸੰਭਵ ਨਾ ਰਿਹਾ ਤਾਂ ਇਹ ਮਜਬੂਰੀ ਹੋਵੇਗੀ ਕਿਉਂਕਿ ਲੇਖਕ ਨੂੰ ਮੈਂ ਲਿਖਤ ਨਾਲੋਂ ਵਧ ਜਾਣਦਾ ਹਾਂ।

ਅਕਾਲੀ ਸਿਆਸਤ ਦੇ ਹੱਕ ਅਤੇ ਵਿਰੋਧ ਵਿਚ ਬਹੁਤ ਕੁਝ ਲਿਖਿਆ ਗਿਆ ਹੈ, ਖਾਸ ਕਰਕੇ 1984 ਦੇ ਘਲੂਘਾਰੇ ਤੋਂ ਬਾਅਦ। ਇਸ ਕਿਤਾਬ ਦਾ ਹਵਾਲਾ ਸੈਕਸ਼ਨ ਇਸਦਾ ਗਵਾਹ ਹੈ ਪਰ ਪ੍ਰਾਪਤ ਨੂੰ ਅਕਾਲੀਆਂ ਵਿਰੁਧ ਥੀਸਿਸ ਵਜੋਂ ਜਿਸ ਤਰ੍ਹਾਂ ਬੰਨ੍ਹਿਆ ਗਿਆ ਹੈ, ਉਹ ਇਸ ਕਿਤਾਬ ਦੀ ਵਿਲੱਖਣਤਾ ਹੋ ਗਈ ਹੈ। ਭਾਰਤ ਦੀਆਂ ਖੇਤਰੀ ਸਿਆਸੀ ਪਾਰਟੀਆਂ ਵਿਚੋਂ ਅਕਾਲੀ ਪਾਰਟੀ ਸਭ ਨਾਲੋਂ ਪੁਰਾਣੀ ਹੈ ਕਿਉਂਕਿ ਅਕਾਲੀਆਂ ਦੀ ਧਰੋਹਰ ਅਕਾਲੀਅਤ ਦਾ ਇਤਿਹਾਸ ਖਾਲਸੇ ਦਾ ਹਾਣੀ ਹੈ। ਇਸੇ ਕਰਕੇ ਅਕਾਲੀ ਦਲ ਨੂੰ ਸਥਾਪਨਾ ਸਮੇਂ ਤੋਂ ਹੀ "ਖਾਲਸਾ ਜੀ ਦੇ ਬੋਲਬਾਲਿਆਂ" ਵਾਸਤੇ ਹੀ ਪ੍ਰਵਾਨ ਕੀਤਾ ਜਾਂਦਾ ਰਿਹਾ ਹੈ। ਇਸ ਪਖੋਂ ਸਿੱਖ ਰਾਜਨੀਤੀ ਕਿਸੇ ਵੀ ਪ੍ਰਸੰਗ ਵਿਚ ਸਿੱਖ ਰਾਜਨੀਤੀ ਵਿਚ ਦਿਲਚਸਪੀ ਰਖਣ ਵਾਲਿਆਂ ਲਈ ਕੇਂਦਰੀ ਵੀ ਹੈ, ਨੁਮਾਇਆ ਵੀ। ਇਹ ਮੰਨ ਲੈਣ ਵਿਚ ਕੋਈ ਸੰਦੇਹ ਨਹੀਂ ਕਿ ਵਰਤਮਾਨ ਪ੍ਰਸੰਗ ਵਿਚ ਅਕਾਲੀਆਂ ਬਾਰੇ ਸਭ ਤੋਂ ਘਟ ਜਾਣਕਾਰੀ ਅਕਾਲੀਆਂ ਨੂੰ ਹੀ ਹੈ। ਇਸੇ ਕਰਕੇ ਅਕਾਲੀਆਂ ਨੂੰ ਲੋਕਾਂ ਨਾਲ ਰਹਿਣ ਦੀ ਕਦੇ ਲੋੜ ਹੀ ਮਹਿਸੂਸ ਨਹੀਂ ਹੁੰਦੀ। ਫਿਰ ਵੀ ਲੋਕ ਅਕਾਲੀਆਂ ਨਾਲ ਰਹੇ ਵੀ ਹਨ ਅਤੇ ਰਹਿਣੇ ਵੀ ਹਨ। ਇਹ ਪੰਜਾਬ ਦੇ ਲੋਕਾਂ ਦੇ ਸਿੱਖੀ ਲਈ ਮੋਹ ਕਰਕੇ ਹੈ, ਨਾ ਕਿ ਅਕਾਲੀਆਂ ਕਰਕੇ ਕਿਉਂਕਿ ਅਕਾਲੀ ਸਿੱਖੀ ਦੇ ਅਜਿਹੇ ਵਿਗੜੇ ਹੋਏ ਵਾਰਸ ਹਨ ਜਿਨ੍ਹਾਂ ਦੇ ਹੱਕ ਨਾਲੋਂ ਖਿਲਾਫ ਬੋਲਣਾ ਕਿਤੇ ਸੌਖਾ ਹੈ। ਇਸ ਕਿਤਾਬ ਵਿਚ ਇਸਦੀ ਨਜਾਇਜ਼ ਹਦ ਤਕ ਵਰਤੋਂ ਹੋ ਗਈ ਹੈ। ਹਮਦਰਦੀ ਨਾਲ ਵੇਖਿਆ ਹੁੰਦਾ ਤਾਂ ਕਿਹਾ ਜਾ ਸਕਦਾ ਸੀ ਕਿ ਅਕਾਲੀ ਅਤੇ ਅਕਾਲੀਅਤ ਵਿਚ ਓਨਾ ਕੁ ਫਰਕ ਤਾਂ ਹੈ, ਜਿੰਨਾਂ ਕੁ ਸਿਧਾਂਤ ਅਤੇ ਅਮਲ ਵਿਚ ਅਕਸਰ ਰਹਿ ਜਾਂਦਾ ਹੈ। ਸੋਚਿਆ ਜਾਵੇ ਤਾਂ ਇਹ ਕਿਥੇ ਨਹੀਂ ਹੈ? ਸਿਧਾਂਤ ਆਦਰਸ਼ ਹੁੰਦਾ ਹੈ ਅਤੇ ਇਸਨੂੰ ਆਦਰਸ਼ਵਾਦ ਗਰਦਾਨ ਕੇ ਕਿਸੇ ਦਾ ਵੀ ਭੰਡੀ ਪ੍ਰਚਾਰ ਕੀਤਾ ਜਾ ਸਕਦਾ ਹੈ। ਇਹ ਲੇਖਕ ਕੋਲੋਂ ਅਕਾਲੀਆਂ ਦੇ ਖਿਲਾਫ ਇਸ ਕਿਤਾਬ ਵਿਚ ਹੋ ਗਿਆ ਹੈ। ਜੇ ਮਿਥ ਕੇ ਵਿਰੋਧਤਾ ਨਾ ਕਰਨੀ ਹੋਵੇ ਤਾਂ ਇਹ ਸਥਾਪਤ ਸੱਚ ਪ੍ਰਵਾਨ ਕਰ ਲੈਣਾ ਚਾਹੀਦਾ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਨੂੰ ਉਸਦੇ ਆਪਣੇ ਪ੍ਰਸੰਗ ਵਿਚ ਵਿਚਾਰੇ ਜਾਣ ਨਾਲ ਹੀ ਉਸ ਨਾਲ ਨਿਆਂ ਹੋ ਸਕਦਾ ਹੈ। ਇਸ ਪਖੋਂ ਅਕਾਲੀ ਰਾਜਨੀਤੀ ਨੂੰ ਸਿੱਖ ਰਾਜਨੀਤੀ ਵਜੋਂ ਵਿਚਾਰਨ ਲਗਿਆਂ ਇਹ ਧਿਆਨ ਵਿਚ ਰਖਿਆ ਜਾਣਾ ਚਾਹੀਦਾ ਹੈ ਕਿ ਅਕਾਲੀਆਂ ਦਾ ਸਿੱਖ ਰਹਿਣ ਦੀ ਕੋਸ਼ਿਸ਼ ਕਰਨਾ ਹੀ ਉਨ੍ਹਾਂ ਦੇ ਖਿਲਾਫ ਜਾਂਦਾ ਰਿਹਾ ਹੈ। ਅਕਾਲੀ ਪਾਰਟੀ ਸਿੱਖੀ ਵਿਚੋਂ, ਸਿੱਖੀ ਵਾਸਤੇ ਅਤੇ ਸਿੱਖਾਂ ਵਲੋਂ ਪੈਦਾ ਹੋਈ ਅਜਿਹੀ ਸਿਆਸੀ ਪਾਰਟੀ ਹੈ, ਜੋ ਗੁਰਦੁਆਰਾ ਲਹਿਰ ਵਿਚੋਂ ਪੈਦਾ ਹੋਈ ਸੀ ਪਰ ਇਸ ਦੀ ਸਿਧਾਂਤਕ ਧਰਾਤਲ ਅਕਾਲੀਅਤ ਨੂੰ ਸਿੰਘ ਸਭਾ ਲਹਿਰ ਦੀ ਸੁਜੱਗਤਾ ਨੇ ਪਹਿਲਾਂ ਹੀ ਪੈਦਾ ਕਰ ਦਿਤਾ ਸੀ। ਸੋ ਅਕਾਲੀਆਂ ਕੋਲੋਂ ਨਿਰਸੰਦੇਹ ਸਜੱਗਤਾ ਨਾਲ ਵਚਨਬੱਧਤਾ ਪਾਲਣ ਦੀ ਆਸ ਕੀਤੀ ਜਾਂਦੀ ਹੈ। ਇਹ ਦੋਵੇਂ ਗੱਲਾਂ ਮਾਸਟਰ ਤਾਰਾ ਸਿੰਘ ਤਕ ਨਿਭਦੀਆਂ ਵੀ ਰਹੀਆਂ ਹਨ ਪਰ ਇਸ ਕਿਤਾਬ ਵਿਚ ਮਾਸਟਰ ਜੀ ਨੂੰ ਬਹੁਤ ਸਾਰੀਆਂ ਸਿਫਤਾਂ ਵਾਲਾ ਲੀਡਰ ਮੰਨ ਕੇ ਵੀ ਉਸਨੂੰ ਨਵੀਂ ਤੇ ਪੁਰਾਣੀ ਸਿੱਖ ਲੀਡਰਸ਼ਿਪ ਦਾ ਅਜਿਹਾ ਆਗੂ ਦਸਿਆ ਜਾ ਰਿਹਾ ਹੈ (ਪੰਨਾ 87) ਜਿਸਦੀ "ਭਾਰਤ ਦੀ ਸਮਾਜੀ ਸਭਿਆਚਾਰਕ ਬਣਤਰ ਬਾਰੇ ਸਮਝ ਬੇਹੱਦ ਗਲਤ ਅਤੇ ਘਚੋਲੇ-ਗ੍ਰਸੀ ਸੀ" (91)। ਇਹ ਪੈਂਤੜਾ ਲੇਖਕ ਇਹ ਕਹਿਣ ਲਈ ਲੈ ਰਿਹਾ ਹੈ ਕਿ "ਸਿੱਖ ਆਗੂ ਆਪਣੀ ਤਰਕਵਿਹੂਣੀ ਤੇ ਦੀਵਾਲੀਆ ਕਿਸਮ ਦੀ ਰਾਜਨੀਤੀ ਦੇ ਸੰਤਾਪ" (101) ਸਦਕਾ ਸੁਤੰਤਰ ਸਿੱਖ ਰਾਜ ਦੀ ਸਥਾਪਨਾ ਦੇ ਮੌਕੇ ਹਥੋਂ ਨਾ ਕੇਵਲ ਗਵਾਉਂਦੇ ਰਹੇ ਹਨ ਸਗੋਂ "ਇਸ ਸਿਧਾਂਤਕ ਰੋਗ ਤੋਂ ਜੇਕਰ ਕੋਈ ਵਿਅਕਤੀ ਸਭ ਤੋਂ ਵਧ ਪੀੜਤ ਸੀ ਤਾਂ ਉਹ ਮਾਸਟਰ ਤਾਰਾ ਸਿੰਘ ਹੁਰੀਂ ਸਨ" (112)। ਇਸ ਨਾਲ ਲੇਖਕ ਦੀ ਅਕਾਲੀਆਂ ਬਾਰੇ ਪਹੁੰਚ ਦਾ ਪਤਾ ਲਗ ਜਾਂਦਾ ਹੈ।

ਅਕਾਲੀ ਸਿਆਸਤ ਬਾਰੇ ਹੁਣ ਤਕ ਲਿਖੀਆਂ ਗਈਆਂ ਪੁਸਤਕਾਂ ਵਿਚੋਂ ਡਾ. ਜਗਤਾਰ ਸਿੰਘ ਗਰੇਵਾਲ ਦੀ ਪੁਸਤਕ ਨੂੰ ਅਕਾਲੀ ਨੁਕਤੇ ਤੋਂ ਸੰਤੁਲਿਤ, ਸੁਹਿਰਦ ਅਤੇ ਸਪਸ਼ਟ ਰਚਨਾ ਕਿਹਾ ਜਾ ਸਕਦਾ ਹੈ। ਪਹਿਲੀ ਵਾਰ ਇਕ ਸਥਾਪਤ ਇਤਿਹਾਸਕਾਰ ਨੇ ਇਹ ਕਿਹਾ ਹੈ ਕਿ ਗੁਰੂ ਪੰਥ ਦਾ ਸਿਧਾਂਤ ਹਰ ਹਾਲ ਵਿਚ ਪਰਜਾਤੰਤਰੀ ਅਤੇ ਸਮਾਨਤਾਵਾਦੀ ਹੈ। ਇਹ ਪੁਸਤਕ 1995 ਤਕ ਦੀ ਸਿੱਖ ਰਾਜਨੀਤੀ ਦਾ ਧਾਰਮਿਕ, ਇਤਿਹਾਸਕ ਅਤੇ ਸਿਆਸੀ ਪ੍ਰਸੰਗ ਸਥਾਪਤ ਕਰ ਦੇਂਦੀ ਹੈ। ਇਸ ਪੁਸਤਕ ਦਾ ਹਵਾਲਾ ਮੈਨੂੰ ਅਜਮੇਰ ਸਿੰਘ ਦੀ ਕਿਤਾਬ ਵਿਚ ਕਿਧਰੇ ਨਜ਼ਰ ਨਹੀਂ ਆਇਆ। ਲੇਖਕ ਨੂੰ ਕਿਸੇ ਬੰਧਨ ਵਿਚ ਪਾਏ ਬਿਨਾਂ ਇਹ ਕਿਹਾ ਜਾ ਸਕਦਾ ਹੈ ਕਿ ਵਿਚਾਰੀ ਜਾ ਰਹੀ ਕਿਤਾਬ ਪਹੁੰਚ ਅਤੇ ਪ੍ਰਭਾਵ ਵਿਚ ਡਾ. ਗਰੇਵਾਲ ਦੀ ਪੁਸਤਕ ਨਾਲੋਂ ਬਿਲਕੁਲ ਵਖਰੀ ਹੈ। ਡਾ. ਗਰੇਵਾਲ ਨੇ ਬਾਦਲੀਲ ਢੰਗ ਨਾਲ ਖਾੜਕੂ ਦੌਰ ਨੂੰ ਹਨੇਰੀ ਸੁਰੰਗ ਅਤੇ ਘੋਰ ਸੰਕਟ ਦਾ ਸਮਾਂ ਦਸਿਆ ਹੈ। ਬੇਅੰਤ ਸਿੰਘ ਸਰਕਾਰ ਤੇ ਦੋਸ਼ ਲਾਇਆ ਹੈ ਕਿ ਉਹ ਸੌੜੇ ਰਾਜਨੀਤਕ ਕਾਰਨਾਂ ਕਰਕੇ ਅਕਾਲੀਆਂ ਦਾ ਨਾਮ ਖਾੜਕੂਆਂ ਨਾਲ ਜੋੜ ਰਿਹਾ ਹੈ। ਇਹ ਵੀ ਕਿਹਾ ਹੈ ਕਿ ਅਕਾਲੀਆਂ ਨੇ ਮੁਕਰਨ ਦੀ ਸੌਖੀ ਰਾਜਨੀਤੀ ਕਰਨ ਦੀ ਥਾਂ, ਇਸ ਸਥਿਤੀ ਨਾਲ ਨਜਿਠਣ ਲਈ ਜੋ ਹੈਰਾਨਕੁਨ ਦ੍ਰਿੜ੍ਹਤਾ ਅਤੇ ਲਾਸਾਨੀ ਹੌਸਲਾ ਵਿਖਾਇਆ, ਉਹ ਦੇਸ਼ ਦੇ ਰਾਜਨੀਤਕ ਜੀਵਨ ਲਈ ਵਿਲਖਣ ਯੋਗਦਾਨ ਸੀ। ਇਸਤੋਂ ਬਿਲਕੁਲ ਉਲਟ ਅਜਮੇਰ ਸਿੰਘ ਨੇ ਅਕਾਲੀਆਂ ਨੂੰ ਖਾੜਕੂ ਦ੍ਰਿਸ਼ਟੀ ਤੋਂ ਵੇਖਣ ਦੀ ਵਕਾਲਤ ਕੀਤੀ ਹੈ। ਖਾੜਕੂਆ ਨਾਲੋਂ ਵੀ ਵਧ ਲੇਖਕ ਲਈ ਅਸਲ ਮੁੱਦਾ ਖਾੜਕੂ ਸਿਆਸਤ ਨੂੰ ਸਮਝਣ ਸਮਝਾਉਣ ਦਾ ਹੈ। ਲੇਖਕ ਦੀ ਇਸ ਮੁੱਦੇ ਬਾਰੇ ਪੂਜਕ ਦੀ ਹੱਦ ਤਕ ਜਾਣ ਵਾਲੀ ਸੁਹਿਰਦ ਸ਼ਰਧਾ ਦੀ ਸਮਝ ਤਾਂ ਆਉਂਦੀ ਹੈ ਪਰ ਇਹ ਸਾਬਤ ਕਰਨ ਲਈ ਜਿਵੇਂ ਇਸ ਕਿਤਾਬ ਵਿਚ ਅਕਾਲੀਆਂ ਨੂੰ ਮਿਥ ਕੇ ਬਲੀ ਚੜਾਇਆ ਗਿਆ ਸਮਝਣਾ ਸੌਖਾ ਨਹੀਂ ਹੈ। ਲੇਖਕ ਨੂੰ ਸਿੰਘ ਸਭਾ ਲਹਿਰ ਇਸ ਲਈ ਚੰਗੀ ਨਹੀਂ ਲਗਦੀ ਕਿਉਂਕਿ "ਉਹ ਅੰਦੋਲਨ ਦੀ ਬਜਾਇ ਸਰਕਾਰ ਕੋਲ ਬੇਨਤੀਆਂ, ਮੰਗ ਪੱਤਰ ਅਤੇ ਲੋੜ ਪੈਣ ਤੇ ਅਦਾਲਤੀ ਕਾਰਵਾਈ ਦਾ ਆਸਰਾ ਲੈਣ ਦੀ ਸੋਚ ਅਤੇ ਸਿਆਸਤ ਦੇ ਧਾਰਨੀ ਸਨ" (59)। ਜਿਹੜਾ ਰਾਹ "ਰਾਜ ਕਰਹਿੰ ਕੈ ਲੜ ਮਰਹਿੰ" ਵਲ ਨਹੀਂ ਜਾਂਦਾ (59), ਉਹ ਲੇਖਕ ਨੂੰ ਸਿੱਖ ਰਾਹ ਨਹੀਂ

**ਰੀਵੀਊਕਰਤਾ ਪ੍ਰੋ. ਬਲਕਾਰ ਸਿੰਘ***

ਲਗਦਾ ਸਗੋਂ ਮਧਯੁਗੀ ਪਛੜੇਵੇਂ ਵਾਲਾ ਰਾਹ ਲਗਦਾ ਹੈ। ਇਸਦਾ ਸਮਰਥਨ ਸਿੱਖ ਸਰੋਤਾਂ ਵਿਚੋਂ ਕਰਨ ਦੀ ਥਾਂ, ਚੈਕੋਸਲਾਵਾਕੀਆ ਦੇ ਇਕ ਲੇਖਕ ਦੀ ਟੂਕ ਨਾਲ ਕੀਤਾ ਗਿਆ ਹੈ (134) ਕਿਉਂਕਿ "ਸਿੱਖ ਇਲੀਟ ਦੇ ਇਸ ਅਮਲ ਨੂੰ ਗੁਰੂ ਸਾਹਿਬਾਨ ਦੀ ਇਨਕਲਾਬੀ ਵਿਚਾਰਧਾਰਾ ਤੇ ਜੀਵਨ ਅਭਿਆਸ ਦਾ ਖੁਲਮਖੁਲਾ ਨਿਖੇਧ ਦਸਣ ਵਾਸਤੇ ਅਜਿਹਾ ਕਰਨਾ ਸ਼ਾਇਦ ਜ਼ਰੂਰੀ ਸੀ (135)। ਲੇਖਕ ਮੁਤਾਬਿਕ ਇਹ "ਲੀਡਰਸ਼ਿਪ ਦੀ ਅਪਾਹਜ ਅਵਸਥਾ" ਸੀ। ਲੇਖਕ ਨੂੰ ਅਕਾਲੀਆ ਦੀ ਨੇਕੀ ਦਾ ਪ੍ਰਸੰਗ ਵੀ ਇਸ ਤਰ੍ਹਾਂ ਸਮਝ ਆਉਂਦਾ ਹੈ, "ਕਈ ਵਾਰ ਨੇਕ ਭਾਵਨਾਵਾਂ ਵਿਚੋਂ ਅਪਨਾਇਆ ਗਲਤ ਸਿਧਾਂਤਕ ਪੈਂਤੜਾ ਇੱਛਾ ਦੇ ਉਲਟ ਨਤੀਜਿਆਂ ਦਾ ਜਣਨਹਾਰ ਹੋ ਜਾਂਦਾ ਹੈ।" ਪੈਂਤੜਾ ਇਹ ਹੈ ਕਿ "ਜਿੰਨਾ ਚਿਰ ਜਾਬਰ ਧਿਰ ਮਜ਼ਲੂਮ ਧਿਰ ਦਾ ਆਜ਼ਾਦੀ ਤੇ ਸਵੈਮਾਨ ਨਾਲ ਜਿਊਣ ਦਾ ਹੱਕ ਪ੍ਰਵਾਨ ਨਹੀਂ ਕਰਦੀ ਉਨਾ ਚਿਰ ਸਹੀ ਅਰਥਾਂ ਵਿਚ ਸਮਾਜੀ ਅਮਨ ਤੇ ਭਾਈਚਾਰਾ ਕਾਇਮ ਨਹੀਂ ਹੋ ਸਕਦਾ" (149)। ਅਕਾਲੀਆਂ ਲਈ ਪੈਂਤੜਾ ਇਹ ਸੁਝਾਇਆ ਹੈ ਕਿ "ਚਾਹੀਦਾ ਤਾਂ ਇਹ ਸੀ ਕਿ ਅਕਾਲੀ ਲੀਡਰਸ਼ਿਪ ਅਜਿਹਾ ਪੈਂਤੜਾ ਅਖਤਿਆਰ ਕਰਦੀ ਜਿਸ ਨਾਲ ਭਾਰਤੀ ਰਾਜ ਦੀਆਂ ਬੁਨਿਆਦਾਂ ਨੂੰ ਵਧ ਤੋਂ ਵਧ ਖੋਰਾ ਲਾਇਆ ਜਾ ਸਕਦਾ" (161)। ਲੇਖਕ ਦਾ ਵਿਸ਼ਵਾਸ ਹੈ ਕਿ "ਖਾਲਸਾ ਪੰਥ ਦੀਆਂ ਕੁਰਬਾਨੀ ਤੇ ਸੂਰਮਗਤੀ ਦੀਆਂ ਸ਼ਾਨਦਾਰ ਰਵਾਇਤਾਂ ਦੀ ਤੁਲਨਾ ਵਿਚ ਅਕਾਲੀ ਲੀਡਰਸ਼ਿਪ ਦੁਆਰਾ ਵਾਰ ਵਾਰ ਦਿਖਾਈ ਗਈ ਬੁਜ਼ਦਿਲੀ ਤੇ ਗੀਦੀਪੁਣੇ ਨੇ ਸਿੱਖ ਮਾਨਸਿਕਤਾ ਨੂੰ ਜੋ ਗਹਿਰੀ ਚੋਟ ਪਹੁੰਚਾਈ, ਉਸਨੇ ਦਸਾਂ ਸਾਲਾਂ ਬਾਅਦ ਜਾ ਕੇ ਖਾੜਕੂ ਉਭਾਰ ਦੇ ਰੂਪ ਵਿਚ ਆਪਣਾ ਅਸਰ ਵਿਖਾਉਣਾ ਸ਼ੁਰੂ ਕਰ ਦਿਤਾ (291)। ਇਨ੍ਹਾਂ ਹਵਾਲਿਆਂ ਨਾਲ ਸਿੱਖ ਲੀਡਰਸ਼ਿਪ ਬਾਰੇ ਲੇਖਕ ਦਾ ਪੈਂਤੜਾ ਸਾਹਮਣੇ ਆ ਜਾਂਦਾ ਹੈ। ਜੇ ਕਿਸੇ ਅਕਾਲੀ ਲੀਡਰ ਉਤੇ ਲੇਖਕ ਦੀ ਕਿਰਪਾ ਹੋਈ ਹੈ ਤਾਂ ਉਹ ਜਥੇਦਾਰ ਗੁਰਚਰਨ ਸਿੰਘ ਟੌਹੜਾ ਹੈ। ਇਉਂ ਲਗਦਾ ਹੈ ਜਿਵੇਂ ਸੰਤ ਭਿੰਡਰਾਂਵਾਲੇ ਨੂੰ ਅਕਾਲੀਅਤ ਜਾਂ ਸਿੱਖ ਰਾਜਨੀਤੀ ਦੇ ਨੇੜੇ ਰਖਣ ਲਈ ਇਹ ਖਾੜਕੂ ਪੈਂਤੜੇ ਦੀ ਲੋੜ ਹੋਵੇ। ਇਸਦੀ ਵਾਜਬੀਅਤ ਲਈ ਜਥੇਦਾਰ ਟੌਹੜਾ ਦੀ ਲੰਮੀ ਸਿਆਸੀ ਭੂਮਿਕਾ ਨੂੰ ਮੰਨਣ ਦੀ ਥਾਂ ਉਨ੍ਹਾਂ ਨਾਲ ਹੋਈਆਂ ਉਨ੍ਹਾਂ ਮੁਲਾਕਾਤਾਂ ਨੂੰ ਮੰਨਿਆ ਹੈ ਜਿਸਦਾ ਰੀਕਾਰਡ ਕੇਵਲ ਲੇਖਕ ਕੋਲ ਹੀ ਹੈ ਪਰ ਅਕਾਲੀ ਹੋਣ ਦੀ ਬਣਦੀ ਸਜ਼ਾ ਤੋਂ ਜਥੇਦਾਰ ਟੌਹੜਾ ਵੀ ਨਹੀਂ ਬਚ ਸਕੇ। ਇਸਦਾ ਆਧਾਰ ਇਹ ਲਿਆ ਹੈ ਕਿ 1980 ਨੇੜੇ ਦਮੋਂ ਨਿਕਲਦੀ ਅਕਾਲੀ ਰਾਜਨੀਤੀ ਦੇ ਸੰਕਟ ਦਾ ਲਾਭ ਦੂਣ ਸਵਾਇਆ ਹੋ ਕੇ ਗਰਮ ਖਿਆਲੀ ਧਾਰਾ ਦੇ ਖਾਤੇ ਵਿਚ ਜਮ੍ਹਾਂ ਹੋ ਕੇ ਖਾੜਕੂ ਸਰਗਰਮੀ ਦੇ ਰਾਹ ਖੋਲ੍ਹੀ ਗਿਆ (379)। 1978 ਵਾਲੀ ਕਾਨਫਰੰਸ ਵਿਚ ਜਥੇਦਾਰ ਟੌਹੜਾ ਦੇ ਭਾਸ਼ਣ ਨੂੰ ਸਲਾਹੁੰਦਿਆਂ ਨਤੀਜਾ ਇਹ ਕਢਿਆ ਹੈ ਕਿ "ਪਰ ਰੜਕਵੀਂ ਗੱਲ ਇਹ ਹੈ ਕਿ ਸਾਰੇ ਭਾਸ਼ਣ ਅੰਦਰ ਸਿੱਖ ਕੌਮ ਦੀ ਨਿਆਰੀ ਹਸਤੀ ਤੇ ਇਸ ਨੂੰ ਦਰਪੇਸ਼ ਖਤਰੇ ਬਾਰੇ ਸੰਕੇਤ ਮਾਤਰ ਵੀ ਜ਼ਿਕਰ ਨਾ ਕੀਤਾ ਗਿਆ (321)। ਜਥੇਦਾਰ ਟੌਹੜਾ ਨੂੰ ਅਕਾਲੀ ਪਰਤਾਂ ਦਾ ਸੰਗਮ ਜਾਂ ਪੁਲ ਮੰਨ ਕੇ, ਨਾਲ ਇਹ ਵੀ ਕਹਿ ਦਿਤਾ ਹੈ ਕਿ 'ਉਸ ਅੰਦਰ ਪੰਥਕ ਮਾਦਾ ਵੀ ਹੈ ਪਰ ਨਾਲ ਹੀ ਜ਼ੋਰਦਾਰ ਰਾਜਨੀਤਕ ਆਕਾਂਖਿਆਵਾਂ ਵੀ ਹਨ' (439)। ਸਪਸ਼ਟ ਹੈ ਕਿ ਲੇਖਕ ਮੁਤਾਬਿਕ ਜਥੇਦਾਰ ਟੌਹੜਾ ਅਕਾਲੀ ਰਾਜਨੀਤੀ ਦਾ ਹਨੂੰਮਾਨ ਤਾਂ ਹੋ ਸਕਦਾ ਹੈ, ਲੀਡਰ ਨਹੀਂ। ਕਾਰਨ "ਉਹ ਨਰਮਪੰਥੀ ਰਾਜਨੀਤੀ ਨਾਲ ਨਾ ਮੁਕੰਮਲ ਰੂਪ ਵਿਚ ਇਕਸੁਰ ਹੋ ਸਕਦਾ ਹੈ ਤੇ ਨਾ ਇਸਨੂੰ ਦੋ ਟੂਕ ਰੂਪ ਵਿਚ ਰੱਦ ਕਰ ਸਕਦਾ ਹੈ (440)। ਸੋ, ਜਥੇਦਾਰ ਟੌਹੜਾ ਦੀ ਅਕਾਲੀਅਤ ਵੀ ਉਥੋਂ ਤਕ ਹੀ ਸਲਾਹੀ ਗਈ ਹੈ ਜਿਥੋਂ ਤਕ ਇਹ ਖਾੜਕੂ ਸਿਆਸਤ ਦੇ ਹੱਕ ਵਿਚ ਭੁਗਤ ਸਕਦੀ ਹੈ। ਬਾਕੀਆਂ ਨਾਲ ਕੀ ਬੀਤੀ, ਉਸਦੀ ਤਾਂ ਗੱਲ ਹੀ ਛਡੋ। ਅਕਾਲੀਆਂ ਨੂੰ ਖਾੜਕੂ ਅਤੇ ਮਾਰਕਸੀ ਮੰਜੇ ਵਿਚ ਫਿਟ ਕਰਨ ਲਈ ਬੇਕਿਰਕੀ ਨਾਲ ਛਾਂਗਣ ਦੀ ਕੋਸ਼ਿਸ਼ ਕੀਤੀ ਗਈ ਹੈ।

ਲੇਖਕ ਨੂੰ ਆਪਣੀਆਂ ਧਾਰਨਾਵਾਂ ਦੇ ਉਲਾਰ ਵਿਚ ਇਥੋਂ ਤਕ ਲਗਦਾ ਹੈ ਕਿ "ਭਾਰਤ ਦੀ ਆਜ਼ਾਦੀ ਵਿਚ ਪੰਥ ਦੀ ਬਰਬਾਦੀ ਨਿਸਚਤ ਸੀ" ਅਤੇ ਇਸ ਵਾਸਤੇ ਵੀ ਸਿੱਖ ਸਿਆਸਤਦਾਨ ਹੀ ਜ਼ਿੰਮੇਵਾਰ ਹਨ। ਸਿੱਖ ਵਿਦਵਾਨ ਵੀ ਲੇਖਕ ਨੂੰ "ਇਨਕਲਾਬੀ ਪੈਂਤੜੇ" ਲਈ ਰੁਕਾਵਟ ਲਗਦੇ ਹਨ ਕਿਉਂਕਿ, "ਇਸ ਸਦੀ ਦੇ ਕਿਸੇ ਵੀ ਸਿੱਖ ਵਿਦਵਾਨ ਦੀ, ਇਸ ਮਾਮਲੇ ਬਾਰੇ ਕਿਸੇ ਵੀ ਲਿਖਤ ਜਾਂ ਟਿਪਣੀ ਨੂੰ ਲੈ ਲਉ, ਉਸ ਵਿਚੋਂ ਸਿਧਾਂਤਕ ਅਸਪਸ਼ਟਤਾ ਤੇ ਥਿੜਕਣ ਸਾਫ ਨਜ਼ਰ ਪੈ ਜਾਵੇਗੀ (91)। ਇਸਦਾ ਕਾਰਨ ਇਹ ਮੰਨ ਲਿਆ ਹੈ ਕਿ "ਅਕਾਲੀ ਲੀਡਰਸ਼ਿਪ ਆਪਣੇ ਸੁੰਗੜਵੇਂ ਵਰਗ-ਦ੍ਰਿਸ਼ਟੀਕੋਣ ਦੀ ਵਜ੍ਹਾ ਕਰਕੇ, ਸਿੱਖ ਕੌਮ ਦੀਆਂ ਰੂਹਾਨੀ ਅਕਾਂਖਿਆਵਾਂ ਦਾ ਸਹੀ ਅਨੁਮਾਨ ਨਾ ਲਾ ਸਕੀ।" ਸਿੱਖ ਆਗੂਆਂ ਦੀ ਸਿਆਸੀ ਭੂਮਿਕਾ ਲਈ "ਉਠਿਆ ਡੌਂ", "ਖਸਮ ਧਿਰ ਨਾਲ ਵਫਾਦਾਰੀ", "ਕੌਮੀ ਚੇਤਨਾ ਦੀ ਘਾਟ", "ਪਛੜੀ ਬੌਧਿਕ ਚੇਤਨਾ", "ਸਤਈ ਸਮਝ ਦੀ ਪੈਦਾਵਾਰ", "ਲਾਲਸਾਵਾਨ ਬੁਧੀਜੀਵੀ ਕੋੜਮਾ", "ਬਦਕਾਰ ਭੂਮਿਕਾ" ਅਤੇ "ਨਿਪੁੰਸਕਤਾ" ਆਦਿ ਸ਼ਬਦਾਵਲੀ ਵੀ ਲੇਖਕ ਦੇ ਸਿਆਸੀ ਪੈਂਤੜੇ ਦਾ ਹੀ ਹਿੱਸਾ ਹੈ। ਇਹ ਸਾਰੀ ਮਿਥਵੀਂ ਕਰੋਪੀ ਨੈਸ਼ਨਲਿਸਟ ਸਿੱਖ ਲੀਡਰਸ਼ਿਪ ਵਿਰੁਧ ਹੈ ਕਿਉਂਕਿ ਉਨ੍ਹਾਂ ਨੇ "ਦੇਸ਼ ਦੇ ਬਟਵਾਰੇ ਮੌਕੇ ਸਿੱਖ ਕੌਮ ਦੀ ਹੋਣੀ ਨੂੰ ਜਿਸ ਤਰ੍ਹਾਂ ਅਖਾਂ ਮੀਚ ਕੇ ਹਿੰਦੂ ਆਗੂਆਂ ਦੇ ਹਵਾਲੇ ਕਰ ਦਿਤਾ ਸੀ, ਉਸ ਤੋਂ ਉਨ੍ਹਾਂ ਦੀ ਹਿੰਦੂ ਲੀਡਰਸ਼ਿਪ ਅੰਦਰ ਅੰਨੀਂ ਸ਼ਰਧਾ ਤੇ ਵਿਸ਼ਵਾਸ ਦਾ ਪਤਾ ਚਲਦਾ ਹੈ" (115)। ਹਰ ਉਹ ਸਿੱਖ ਜੋ ਨੌਕਰੀ ਕਰਦਾ ਹੈ, ਲੇਖਕ ਨੂੰ ਹਿੰਦੂਆਂ ਦੀ ਸੇਵਾ ਕਰਦਾ ਲਗਦਾ ਹੈ ਕਿਉਂਕਿ "ਜਿੰਨਾ ਚਿਰ ਸਿੱਖ ਬੁਧੀ ਦੀਆਂ ਅਵਲ ਪਰਤਾਂ ਨੈਸ਼ਨਲ ਜੀਵਨ ਅੰਦਰ ਯੋਗਦਾਨ ਪਾਉਣ ਦੀ ਭਰਮ ਚੇਤਨਾ ਦਾ ਸ਼ਿਕਾਰ ਹੋ ਕੇ ਇਸੇ ਤਰ੍ਹਾਂ ਆਪਣੀਆਂ ਸੇਵਾਵਾਂ ਭਾਰਤ ਦੇ ਬਹੁਗਿਣਤੀ (ਹਿੰਦੂ) ਵਰਗ ਲਈ ਅਰਪਣ ਕਰਦੀਆਂ ਰਹਿਣਗੀਆਂ, ਉਨਾ ਚਿਰ ਸਿੱਖ ਭਾਈਚਾਰਾ ਇਸੇ ਤਰ੍ਹਾਂ ਆਪਣੇ ਘਟ ਬੁਧੀਮਾਨ ਆਗੂਆਂ ਦੀਆਂ ਰਾਜਸੀ ਹਮਾਕਤਾਂ ਦਾ ਸੰਤਾਪ ਭੋਗਦਾ ਰਹੇਗਾ" (121)। ਲੇਖਕ ਨੂੰ ਹਰ ਉਹ ਗੱਲ ਜੋ ਖਾੜਕੂ ਪੈਂਤੜੇ ਦੇ ਹੱਕ ਵਿਚ ਨਹੀਂ ਭੁਗਤਦੀ, ਹਿੰਦੂ ਕੌਮਪ੍ਰਸਤੀ ਦੇ ਹੱਕ ਵਿਚ ਭੁਗਤਦੀ ਲਗਦੀ ਹੈ। ਅਕਾਲੀਆ ਦੇ ਨਿੰਦਾ ਪਾਠ ਦੇ ਨਾਲ ਨਾਲ ਉਨ੍ਹਾਂ ਸਾਰੇ ਫੈਸਲਿਆਂ ਨੂੰ ਉਭਾਰ ਕੇ ਪੇਸ਼ ਕੀਤਾ ਗਿਆ ਹੈ, ਜਿਹੜੇ ਅਕਾਲੀਆਂ ਨੇ ਸਿੱਖ ਧਰਮ ਤੇ ਆਧਾਰਤ ਸਿਆਸਤ ਦੇ ਹੱਕ ਵਿਚ ਲੈ ਤਾਂ ਲਏ ਪਰ ਹਿੰਦੂਵਾਦੀ ਸਿਆਸਤ ਦੇ ਵਿਰੁਧ ਨਹੀਂ ਭੁਗਤਾਏ। ਭਾਰਤੀ ਕੌਮਪ੍ਰਸਤੀ ਨੂੰ ਹਿੰਦੂ ਕੌਮਪ੍ਰਸਤੀ ਦੀ ਉਸਾਰੀ ਦਾ ਪ੍ਰਾਜੈਕਟ ਮੰਨ ਕੇ ਹਿੰਦੂਆਂ ਨੂੰ ਸਿੱਖਾਂ ਦੇ ਇਕੋ ਇਕ ਸਿਆਸੀ ਦੁਸ਼ਮਣ ਸਾਬਤ ਕਰਨਾ ਲੇਖਕ ਦਾ ਮੂਲ ਸਰੋਕਾਰ ਜਾਪਦਾ ਹੈ ਅਤੇ ਇਸ ਵਿਚ ਵਡੀ ਰੁਕਾਵਟ ਸਿੱਖ ਆਗੂਆਂ ਨੂੰ ਮੰਨਿਆ ਜਾ ਰਿਹਾ ਹੈ। ਇਸ ਕਿਤਾਬ ਰਾਹੀਂ ਇਹੋ "ਸਿਆਸੀ ਵਿਆਕਰਣ" ਅਕਾਲੀਆ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਪ੍ਰਸੰਗ ਵਿਚ ਲੇਖਕ ਨੂੰ "ਗੁਰਦੁਆਰਾ ਸੁਧਾਰ ਲਹਿਰ ਦਾ ਸੁਭਾਵਿਕ ਵਹਿਣ ਵੀ ਸਰਕਾਰ ਵਿਰੋਧੀ ਘਟ ਅਤੇ ਹਿੰਦੂਵਾਦ ਵਿਰੋਧੀ ਜ਼ਿਆਦਾ" (61) ਨਜ਼ਰ ਆਉਂਦਾ ਹੈ। ਕਾਂਗਰਸ ਨੂੰ ਲਗਾਤਾਰ ਹਿੰਦੂ ਸਿਆਸੀ ਪਾਰਟੀ ਕਹਿਣ ਦੇ ਬਾਵਜੂਦ ਪੰਜਾਬੀ ਸੂਬੇ ਬਾਰੇ ਕਾਂਗਰਸ ਦੀ ਪਹਿਲਕਦਮੀ ਵਿਰੁਧ ਹਿੰਦੂਆਂ ਵਲੋਂ ਕੀਤੇ ਗਏ ਮੁਜ਼ਾਹਰਿਆਂ ਨੂੰ ਲੱਚਰ ਤੇ ਗੈਰ-ਤਹਿਜ਼ੀਬਯਾਫਤਾ ਦੇ ਨਾਲ ਨਾਲ "ਉਸ 'ਚੋਂ ਹਿੰਦੂ ਮਨ ਦੇ ਅੰਦਰ ਸ਼ਿਸ਼ਟਤਾ ਦੀ ਮਹੀਨ ਪਰਤ ਹੇਠ ਦਬੀ ਕਰੂਪਤਾ ਆਪਣੇ ਅਸਲੀ ਰੰਗ ਵਿਚ ਪ੍ਰਗਟ ਹੋ ਉਠੀ" (233) ਵਲ ਇਸ਼ਾਰਾ ਕਰਕੇ, ਇਕ ਖਾਸ "ਵਰਗ ਦੀ ਫਿਤਰਤ ਅੰਦਰ ਫਿਰਕਾਪ੍ਰਸਤੀ ਦਾ ਸਭ ਤੋਂ ਵਧ ਜ਼ਹਿਰ ਘੁਲਿਆ ਹੋਇਆ" (238) ਦਾ ਫਤਵਾ ਦੇ ਦਿਤਾ ਹੈ। 1977 ਦੀਆਂ ਚੋਣਾਂ ਸਮੇਂ ਅਕਾਲੀਆਂ ਦੇ ਚੋਣ ਮੈਨੀਫੈਸਟੋ ਵਿਚ ਅਨੰਦਪੁਰ ਦੇ ਮਤੇ ਦਾ ਜ਼ਿਕਰ ਨਾ ਹੋਣ ਨੂੰ ਹਿੰਦੂਆਂ ਦੀ ਸਿਆਸਤ ਦਾ ਹਿੱਸਾ ਮੰਨ ਲਿਆ ਹੈ ਕਿਉਂਕਿ "ਇਹ ਹਿੰਦੂਵਾਦੀ ਤਾਕਤਾਂ ਦੇ ਮਨ ਦਾ ਫੋਕਾ ਵਹਿਮ ਨਹੀਂ ਸੀ ਸਗੋਂ ਸਿੱਖ ਪੰਥ ਦੀ ਨਿਆਰੀ ਹੋਂਦ ਨੂੰ ਖਤਮ ਕਰਕੇ ਉਸ ਨੂੰ ਹਿੰਦੂਵਾਦ ਦੇ ਵਹਿਣ ਅੰਦਰ ਸਮੋਅ ਲੈਣ ਦੇ ਯੁਧਨੀਤਕ ਉਦੇਸ਼ ਦੀ ਪੂਰਤੀ ਲਈ ਅਤੀ ਜ਼ਰੂਰੀ ਸ਼ਰਤ ਸੀ, ਕਿਉਂਕਿ ਪੰਥਕ ਆਜ਼ਾਦ ਹਸਤੀ ਦੇ ਅਹਿਸਾਸ ਤੇ ਜਜ਼ਬੇ ਵਾਲਾ ਕੰਡਾ ਕਢੇ ਬਗੈਰ ਹਿੰਦੂ ਮਨ ਦੀ ਇਹ ਮੁਰਾਦ ਪੂਰੀ ਨਹੀਂ ਹੋ ਸਕਦੀ" (319)। ਮੈਨੂੰ ਕਈ ਸਾਲ ਪਹਿਲਾਂ ਨਿਊ ਯਾਰਕ ਦੇ ਇਕ ਗੁਰਦੁਆਰੇ ਵਿਚ ਇਕ ਕੋਰੇ ਅਨਪੜ੍ਹ ਮੋਨੇ ਸਿੱਖ ਨੇ ਕਾਕਸ਼ੋਅਰ ਲਹਿਜ਼ੇ ਵਿਚ ਕਿਹਾ ਸੀ ਕਿ, "ਮੈਨੂੰ ਪਤਾ ਕਿ ਕਿਵੇਂ ਤੂੰ ਹਿੰਦੂਆਂ ਅਗੇ ਮੱਥੇ ਰਗੜ ਕੇ ਤੇ ਦਿਮਾਗ ਗਿਰਵੀ ਰਖ ਕੇ ਪ੍ਰੋਫੈਸਰੀ ਲਈ ਹੈ।" ਜੋ ਮੈਂ ਉਸ ਵੇਲੇ ਮਹਿਸੂਸ ਕੀਤਾ ਸੀ, ਓਸੇ ਦਾ ਅਹਿਸਾਸ ਮੈਨੂੰ ਇਹ ਕਿਤਾਬ ਪੜ੍ਹ ਕੇ ਹੋ ਰਿਹਾ ਹੈ।

ਲੇਖਕ ਜਿਨ੍ਹਾਂ ਲੀਹਾਂ ਤੇ ਸਿੱਖਾਂ ਲਈ ਧਰਮ ਆਧਾਰਤ ਸਿਆਸਤ ਦਾ ਥੀਸਿਸ ਉਸਾਰ ਰਿਹਾ ਹੈ, ਉਸ ਅਨੁਸਾਰ ਤਾਂ ਕਿਸੇ ਵੀ ਧਰਮ ਆਧਾਰਤ ਕੌਮੀਅਤ ਨੂੰ ਉਹ ਸਾਰਾ ਕੁਝ ਕਰਨ ਦਾ ਅਧਿਕਾਰ ਮਿਲ ਜਾਂਦਾ ਹੈ। ਲੇਖਕ ਨੇ ਹਿੰਦੂ ਨੂੰ ਇਸ ਤੋਂ ਮਹਿਰੂਮ ਰੱਖਣ ਦਾ ਜਿਵੇਂ ਫਤਵਾ ਦਿਤਾ ਹੈ, ਉਸ ਨਾਲ ਲੇਖਕ ਜਿਸ "ਵਜੂਦ ਸਮੋਈ ਕਮਜ਼ੋਰੀ" ਦਾ ਸ਼ਿਕਾਰ ਲਗਣ ਲੱਗ ਪਿਆ ਹੈ ਇਸਦਾ ਸਮਰਥਨ ਸਿੱਖ ਦ੍ਰਿਸ਼ਟੀ ਤੋਂ ਨਹੀਂ ਕੀਤਾ ਜਾ ਸਕਦਾ। ਮੁਸਲਿਮ ਸਿਆਸਤ ਪ੍ਰਤੀ ਉਲਾਰ ਮੋਹ ਨਾਲ ਵੀ ਇਸਦੀ ਪੁਸ਼ਟੀ ਹੋ ਜਾਂਦੀ ਹੈ। ਮੁਸਲਿਮ ਸਿਆਸਤ ਨੇ ਕਾਂਗਰਸ ਦੇ ਵਿਰੋਧ ਨਾਲ ਸਿੱਖਾਂ

ਲਈ ਨਿਰਣਾਇਕ ਸਿਆਸੀ ਸ਼ਕਤੀ ਬਣ ਸਕਣ ਦੇ ਜੋ ਇਤਿਹਾਸਕ ਮੌਕੇ ਸਿਰਜ ਦਿਤੇ ਸਨ, ਉਨ੍ਹਾਂ ਨੂੰ ਸਿੱਖ ਸਟੇਟ ਲਈ ਨਾ ਵਰਤਣ ਵਾਸਤੇ ਸਿੱਖ ਲੀਡਰਸ਼ਿਪ ਨੂੰ ਜ਼ਿੰਮੇਵਾਰ ਦਸਿਆ ਹੈ (101)। ਲੇਖਕ ਨੂੰ ਲਗਦਾ ਹੈ ਕਿ ਘਟਗਿਣਤੀ ਹੁੰਦਿਆਂ ਵੀ ਯਹੂਦੀਆ ਵਾਂਗ ਸਿੱਖ ਸਟੇਟ ਬਣਾਈ ਜਾ ਸਕਦੀ ਸੀ (103)। ਲੇਖਕ ਨੂੰ ਹਿੰਦੂ ਸ਼ਾਸਕ ਪਾਕਿਸਤਾਨ ਵਿਰੁਧ ਕੌਮੀ ਜਨੂੰਨ ਭੜਕਾਉਣ ਲਈ "ਸਰਹੱਦਾਂ ਨੂੰ ਖਤਰੇ" ਦੀ "ਦੁਹਾਈ ਪਿਟ ਕੇ" ਸਿੱਖਾਂ ਨੂੰ "ਦੇਸ਼ ਲਈ (ਨਾ ਕਿ ਪੰਥ ਲਈ) ਦੇ ਹੋਕਰੇ ਮਾਰਦਾ ਹੈ" (138) ਅਤੇ ਸਿੱਖ ਸਿਆਸਤਦਾਨ ਇਸਦਾ ਲਗਾਤਾਰ ਸ਼ਿਕਾਰ ਹੁੰਦੇ ਜਾ ਰਹੇ ਹਨ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਮੁਸਲਮਾਨ ਫਿਤਰਤਨ ਹਿੰਦੂ ਵਿਰੋਧੀ ਹੈ ਤੇ ਇਸਦਾ ਸਿੱਖਾਂ ਨੂੰ ਸਿਆਸੀ ਲਾਹਾ ਲੈਣਾ ਚਾਹੀਦਾ ਹੈ। ਹਿੰਦੂ ਸਿਆਸਤ ਸਿੱਖ ਹਿਤੈਸ਼ੀ ਹੋ ਹੀ ਨਹੀਂ ਸਕਦੀ। ਸੋ, ਮੁਸਲਿਮ ਸਿਆਸਤ ਨੂੰ ਹਿੰਦੂ ਵਿਰੋਧੀ ਅਤੇ ਸਿੱਖ ਹਿਤੈਸ਼ੀ ਸਮਝਣ ਦੀ ਸਿਆਸਤ ਵਿਚੋਂ ਪੈਦਾ ਹੋਈ ਖਾੜਕੂ ਲਹਿਰ ਹੀ ਇਸ ਕਿਤਾਬ ਦਾ ਕੇਂਦਰੀ ਸਰੋਕਾਰ ਹੋ ਗਿਆ ਹੈ। ਨਤੀਜੇ ਸਭ ਦੇ ਸਾਹਮਣੇ ਹਨ। ਇਸਦੇ ਬਾਵਜੂਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਇਸ ਵਿਚਾਰਧਾਰਾ ਦੇ ਮਸੀਹੇ ਵਜੋਂ ਉਭਾਰਨਾ ਵੀ ਲੇਖਕ ਦੇ ਮੁਖ ਮੁੱਦੇ ਵਿਚ ਸ਼ਾਮਲ ਹੈ। ਲੇਖਕ ਨੇ ਇਹ ਧਿਆਨ ਵਿਚ ਰਖਣ ਦੀ ਲੋੜ ਨਹੀਂ ਸਮਝੀ ਕਿ ਸਿੱਖ ਧਰਮ ਚਿੰਤਨ ਵਿਚ ਜਿਹੜੀ ਸੋਚ ਟਕਸਾਲ ਨਹੀਂ ਬਣਦੀ, ਉਹ ਸਿੱਖ ਵਿਚਾਰਧਾਰਾ ਦਾ ਹਿੱਸਾ ਹੀ ਨਹੀਂ ਬਣ ਸਕਦੀ ਤਾਂ ਫਿਰ ਸਿੱਖ ਸਿਆਸਤ ਕਿਵੇਂ ਬਣੇਗੀ? ਹਾਲਾਂਕਿ ਬਾਵਜੂਦ ਵਾਪਰ ਗਏ ਦੇ, ਸੰਤ ਭਿੰਡਰਾਂਵਾਲਾ ਆਪਣੇ ਨਾਮ, ਪ੍ਰਭਾਵ ਅਤੇ ਪਹੁੰਚ ਵਿਚ ਅੱਜ ਵੀ ਟਕਸਾਲੀਆ ਹੀ ਹੈ। ਇਸਤੋਂ ਅਗੇ ਉਹ ਸਿੱਖ ਸ਼ਹੀਦ ਤਾਂ ਹੈ ਪਰ ਸਿੱਖ ਸਿਆਸਤਦਾਨ ਨਹੀਂ ਹੋ ਸਕਿਆ। ਜੇ ਉਸਨੂੰ ਖਾੜਕੂ ਲਹਿਰ ਦਾ ਸਭ ਕੁਝ ਵੀ ਮੰਨ ਲਈਏ ਤਾਂ ਵੀ ਉਹ ਜੋ ਕੁਝ ਵੀ ਸੀ, ਉਸਦੇ ਨਾਲ ਹੀ ਸੀ। ਉਸਦੀ ਜੇ ਕੋਈ ਸਿਆਸਤ ਸੀ ਤਾਂ ਉਸ ਬਾਰੇ ਨਾ ਉਸਦੇ ਹੁੰਦਿਆਂ ਸਿੱਖ-ਸੰਮਤੀ ਸੀ ਅਤੇ ਨਾ ਹੀ ਅੱਜ ਹੈ ਪਰ ਉਸਦੇ ਪੰਥਕ ਅਤੇ ਟਕਸਾਲੀਆ ਹੋਣ ਬਾਰੇ ਅਤੇ ਸਿੱਖ-ਸ਼ਹੀਦ ਹੋਣ ਬਾਰੇ ਕਦੇ ਵੀ ਕੋਈ ਰੌਲਾ ਨਹੀਂ ਸੀ। ਜੋ ਵੀ ਸਿਆਸਤ ਸੰਤ ਜੀ ਦੇ ਨਾਮ 'ਤੇ ਹੋ ਰਹੀ ਹੈ ਉਹ ਉਸਦੀ ਪੰਥਕ ਛਬੀ ਦੀ ਆੜ ਵਿਚ ਹੀ ਹੋ ਰਹੀ ਹੈ। ਸੰਤ ਜੀ ਨੇ ਸਿੱਖ ਸਿਆਸਤ ਨੂੰ ਪ੍ਰਭਾਵਤ ਤਾਂ ਕੀਤਾ ਪਰ ਸਿੱਖ ਸਿਆਸਤ ਦੀ ਕੋਈ ਨਵੀਂ ਪਰਤ (ਜਿਵੇਂ ਅਜਮੇਰ ਸਿੰਘ ਨੂੰ ਲਗਦਾ ਹੈ) ਸਾਹਮਣੇ ਨਹੀਂ ਲਿਆਂਦੀ। ਸੋ, ਪ੍ਰਾਪਤ ਖਾੜਕੂਵਾਦੀ ਸਿਆਸਤ ਸੰਤ ਜੀ ਦੇ ਜਿਉਂਦੇ ਜੀਅ ਵੀ ਉਸਦੀ ਅਗਵਾਈ ਵਿਚ ਇਕਸੁਰ ਜਾਂ ਇਕ ਪਰਤੀ ਨਹੀਂ ਸੀ। ਅੱਜ ਵੀ ਇਹ ਧੜਿਆਂ ਵਿਚ ਵੰਡੀ ਹੋਈ ਹੈ। ਪ੍ਰਾਪਤ ਖਾੜਕੂ ਧੜਿਆਂ ਵਿਚੋਂ ਕੋਈ ਵੀ ਸੰਤ ਜੀ ਦਾ ਮਨਜ਼ੂਰ-ਨਜ਼ਰ ਜਾਂ ਘੋਸ਼ਿਤ ਵਾਰਸ ਨਹੀਂ ਸੀ ਅਤੇ ਨਾ ਹੋ ਸਕਿਆ ਹੈ। ਜੇ ਹੁੰਦਾ ਤਾਂ ਖਾੜਕੂ ਸਿਆਸਤ ਟਕਸਾਲ ਦੇ ਰੂਪ ਵਿਚ ਜ਼ਰੂਰ ਉਭਰਦੀ। ਲੇਖਕ ਨੇ ਸੰਤ ਕਰਤਾਰ ਸਿੰਘ ਦਾ ਜ਼ਿਕਰ ਤਾਂ ਕੀਤਾ ਹੈ ਪਰ ਬਾਬਾ ਠਾਕਰ ਸਿੰਘ ਦਾ ਜ਼ਿਕਰ ਕਿਉਂ ਨਹੀਂ ਕੀਤਾ? ਟਕਸਾਲੀ ਅਧਿਆਤਮਕ ਖਾਸਾ ਸੰਤ ਜੀ ਨੂੰ ਸਿਆਸੀ ਬੰਧਨਾਂ ਵਿਚ ਪੈਣ ਦੀ ਆਗਿਆ ਨਹੀਂ ਦੇਂਦਾ। ਸਿੱਖ ਰੀਝ ਦਾ ਬਿੰਬ ਹੋ ਜਾਣ ਦਾ ਬਿਰਦ ਪਾਲਣ ਦੀ ਕੀਮਤ ਸ਼ਹੀਦੀ ਨਾਲ ਤਾਰੀ ਜਾਣ ਬਦਲੇ ਉਹ ਸਿੱਖ ਸਿਮਰਤੀ ਦਾ ਹਮੇਸ਼ਾ ਹਿੱਸਾ ਰਹੇਗਾ ਅਤੇ ਸ਼ਾਇਦ ਉਹਦੇ ਨਾਮ 'ਤੇ ਸਿਆਸਤ ਵੀ ਹੁੰਦੀ ਰਹੇਗੀ। ਇਸ ਸ਼ਹੀਦੀ ਦਾ ਖਾੜਕੂਕਰਨ ਤਾਂ ਦੂਰ ਦੀ ਗੱਲ ਹੈ, ਇਸ ਸ਼ਹੀਦੀ ਦਾ ਸਿਆਸੀਕਰਨ ਵੀ ਨਾ ਸੰਭਵ ਹੋ ਸਕਿਆ ਹੈ ਅਤੇ ਨਾ ਹੋ ਸਕਣਾ ਹੈ। ਦਰਪੇਸ਼ ਹਾਲਾਤ ਵਿਚੋਂ ਉਹ ਜਿਸ ਰਾਹੇ ਨਿਕਲ ਚੁਕੇ ਹਨ, ਉਹ ਬਹੁਤ ਖੂਬਸੂਰਤ ਹੈ। ਇਸ ਖੂਬਸੂਰਤੀ ਨੂੰ ਰੂਹ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ, ਸਿਆਸਤ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਜਥੇਦਾਰ ਟੌਹੜਾ ਵਰਗੇ ਅਕਾਲੀਆਂ ਦਾ ਜੇ ਸੰਤ ਜੀ ਪ੍ਰਤੀ ਮੋਹ ਭੰਗ ਨਹੀਂ ਹੋਇਆ ਤਾਂ ਇਹ ਖਾੜਕੂ ਜਾਂ ਖਾੜਕੂਆਂ ਦੀ ਸਿਆਸਤ ਕਰਕੇ ਨਹੀਂ ਸਗੋਂ ਟਕਸਾਲੀ ਮਿਸ਼ਨਰੀ ਹੋਣ ਕਰਕੇ। ਇਹ ਵੀ ਕਿਹਾ ਜਾ ਸਕਦਾ ਹੈ ਕਿ ਜਿਵੇਂ ਜਿਵੇਂ ਸੰਤ ਜੀ ਨੂੰ ਸਿਆਸਤ ਤਕ ਸੰਗੋੜਨ ਦੀ ਕੋਸ਼ਿਸ਼ ਹੋ ਰਹੀ ਹੈ, ਉਹ ਤਿਵੇਂ ਤਿਵੇਂ ਬਾਬਾ ਗੁਰਬਚਨ ਸਿੰਘ ਵਾਲੀ ਲੀਹ ਦਾ ਵਾਰਸ ਹੋਣ ਦੀ ਥਾਂ ਬਾਬਾ ਠਾਕਰ ਸਿੰਘ ਦੀ ਲੀਹ ਦਾ ਮਾਲਕ ਲਗਣ ਲੱਗ ਪਿਆ ਹੈ। ਤਾਂ ਤੇ "ਕੁਲ ਤੋਂ ਪਹਿਲਾਂ" ਇਹੀ ਪ੍ਰਵਾਨ ਕਰਨਾ ਪਵੇਗਾ ਕਿ ਇਸ ਕਿਤਾਬ ਵਿਚ ਖਾੜਕੂ-ਸਿਆਸਤ ਦੇ ਸੁਪਨੇ ਨੂੰ ਅਕਾਲੀਆਂ ਦੀ ਮੜ੍ਹੀ ਤੇ ਉਸਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਰੀਝ ਦੇ ਆਧਾਰ ਬੜੀ ਮਿਹਨਤ ਨਾਲ (ਤੋੜਨ-ਮਰੋੜਨ ਦੀ ਹੱਦ ਤਕ) ਸਿਰਜਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ। ਪਰ ਇਹ ਸੁਹਿਰਦ ਯਤਨ ਖਾੜਕੂਵਾਦ ਦੇ ਮਜ਼ੌਰੀਕਰਨ ਤੋਂ ਅਗੇ ਨਹੀਂ ਜਾਂ ਸਕਿਆ ਅਤੇ ਨਾ ਹੀ ਜਾ ਸਕਣਾ ਹੈ। ਪਰੰਪਰਾ ਜੇ ਸਿਧਾਂਤ 'ਤੇ ਹਾਵੀ ਹੋ ਜਾਵੇ ਤਾਂ ਇਹੋ ਕੁਝ ਸੰਭਵ ਹੋ ਜਾਂਦਾ ਹੈ ਜਿਸਨੂੰ ਇਸ ਪੁਸਤਕ ਦਾ ਆਧਾਰ ਬਣਾਇਆ ਗਿਆ ਹੈ। ਗਲਤੀ ਕਰਨ ਵਾਲੇ ਨਾਲੋਂ ਗਲਤੀ ਕਰਵਾਉਣ ਵਾਲਾ ਵਧ ਖਤਰਨਾਕ ਹੁੰਦਾ ਹੈ। ਅਕਾਲੀਆਂ ਅਤੇ ਖਾੜਕੂਆਂ ਵਿਚ ਇਹੋ ਫਰਕ ਹੈ। ਦੋਹਾਂ ਵਿਚਕਾਰ ਸਿੱਖੀ ਦੀ ਸਾਂਝ ਨੂੰ ਨਜ਼ਰਅੰਦਾਜ਼ ਕਰਕੇ ਦੋਹਾਂ ਨੂੰ ਇਕ-ਦੂਜੇ ਦੇ ਵਿਰੋਧ ਵਿਚ ਖੜਾ ਕੀਤੇ ਜਾਣ ਦਾ ਕਿਸੇ ਨੂੰ ਕੋਈ ਲਾਭ ਨਹੀਂ ਹੋਣਾ ਪਰ ਇਸਦੀ ਕੋਸ਼ਿਸ਼ ਪਹਿਲਾਂ ਵੀ ਹੁੰਦੀ ਰਹੀ ਹੈ ਅਤੇ ਇਸ ਕਿਤਾਬ ਵਿਚ ਵੀ ਓਹੀ ਕੋਸ਼ਿਸ਼ ਹਿੰਦੂ-ਹਊਆ ਵਰਤ ਕੇ ਕੀਤੀ ਗਈ ਹੈ। ਸਿੱਖ ਹਿੰਦੂ ਨਹੀਂ ਹਨ, ਇਸ ਬਾਰੇ ਕੋਈ ਰੌਲਾ ਨਹੀਂ ਹੈ ਅਤੇ ਇਸ ਮੁੱਦੇ ਉਤੇ ਬਹੁਤ ਸਾਰਾ ਸਿੱਖ ਸਾਹਿਤ ਵੀ ਪ੍ਰਾਪਤ ਹੈ। ਅਕਾਲੀ ਲੀਡਰ ਵੀ ਇਸ ਬਾਰੇ ਕਦੇ ਭੁਲੇਖੇ ਵਿਚ ਨਹੀਂ ਸਨ। ਦੋਹਾਂ ਕੌਮੀਅਤਾਂ (ਹਿੰਦੂ ਤੇ ਸਿੱਖ) ਦੀਆਂ ਸਿਆਸੀ ਮਜਬੂਰੀਆਂ ਹਨ ਅਤੇ ਇਨ੍ਹਾਂ ਨੂੰ ਲਹੂ-ਵੀਟਵੀਂ ਲੜਾਈ ਤਕ ਲੈ ਕੇ ਜਾਣ ਦਾ ਨਤੀਜਾ ਖਾੜਕੂਆਂ ਨਾਲੋਂ ਵਧ ਅਕਾਲੀਆਂ ਨੇ ਭੁਗਤਿਆ ਵੀ ਹੈ ਅਤੇ ਭੁਗਤ ਵੀ ਰਹੇ ਹਨ। ਫਿਰ ਅਕਾਲੀਆਂ ਦੀ ਭੂਰੀ 'ਤੇ ਹੀ ਇਕੱਠ ਕਿਉਂ? ਇਸ ਵਾਸਤੇ ਲੇਖਕ ਮਾਰਗ ਦਰਸ਼ਨ ਦੀਆਂ ਪ੍ਰਾਪਤ ਸਿਧਾਂਤਕ ਤੇ ਇਤਿਹਾਸਕ ਪਰਤਾਂ ਨੂੰ ਪਾਸੇ ਕਰ ਕੇ ਆਪਣੇ ਪੈਂਤੜੇ ਮੁਤਾਬਿਕ ਇਹ ਨਿਰਣਾ ਲੈ ਰਿਹਾ ਹੈ ਕਿ ਅਕਾਲੀਆ ਵਿਚੋਂ ਵੀ "ਰਵਾਇਤੀ ਅਕਾਲੀ ਆਗੂਆਂ ਨੂੰ ਬੁਜ਼ਦਿਲੀ ਤੇ ਬੇਗੈਰਤੀ ਦੇ ਰਾਹ ਪਾ ਰਹੀਆਂ ਸਿਧਾਂਤਕ ਕੁਰਹਿਤਾਂ" ਤੋਂ ਮੁਕਤੀ ਦਾ ਮਾਰਗ, ਸੰਤ ਜੀ ਨੇ ਹੀ ਸਾਹਮਣੇ ਲਿਆਂਦਾ। "ਪੰਥ ਅੰਦਰ ਨਵੀਂ ਸੋਚ ਤੇ ਨਵੀਂ ਰੂਹ ਸੰਚਾਰ" ਕਰਨ ਦੇ ਨਾਲ ਨਾਲ "ਹਿੰਦੂਆ ਤੇ ਸਿੱਖਾਂ ਵਿਚਕਾਰ ਲਹੂ ਦੀ ਇਕ ਡੂੰਘੀ ਲਕੀਰ" ਖਿਚੇ ਜਾਣ ਵਰਗੇ ਸੁਆਲਾਂ ਦਾ "ਸਹੀ ਜਵਾਬ ਸਿੱਖ ਪੰਥ ਅੰਦਰ ਪੈਦਾ ਹੋਏ ਖਾੜਕੂਵਾਦ ਦੇ ਸਮੁਚੇ ਵਰਤਾਰੇ ਬਾਰੇ ਵਧੇਰੇ ਭਰਵੀਂ ਤੇ ਗਹਿਰੀ ਸਮਝ 'ਚੋਂ ਹੀ ਸੰਭਵ ਹੋ ਸਕਦਾ ਹੈ" (215)। ਇਸ ਨੂੰ ਲੇਖਕ "ਰਵਾਇਤੀ ਅਕਾਲੀ ਸੂਝ ਦੇ ਦਾਇਰਿਆਂ ਤੋਂ ਪਾਰ ਲੰਘਣ ਦੇ ਸੁਚੇਤ ਯਤਨ" ਮੰਨਦਾ ਹੈ, ਜੋ "ਸਿੱਖ ਪੰਥ ਅੰਦਰਲੇ ਜਾਗਰੂਕ ਹਿਸਿਆਂ ਦਾ ਭਾਰਤ ਦੇ ਰਾਜਨੀਤਕ ਢਾਂਚੇ ਦੇ ਨਾਲ ਹੀ ਭਾਰਤੀ ਨਿਆਂ ਪ੍ਰਬੰਧ 'ਚੋਂ ਵੀ ਵਿਸ਼ਵਾਸ ਖਤਮ" ਹੋਣ ਨਾਲ ਜੁੜਿਆ ਹੋਇਆ ਹੈ (221)। ਜਿਸ ਨੂੰ "ਅਕਾਲੀ ਸਫਾਂ ਦਾ ਸ਼ੁਧੀਕਰਨ" (249) ਕਿਹਾ ਗਿਆ ਹੈ। ਹਰ ਗੱਲ ਸੰਤ ਜੀ ਦੀ ਮਸੀਹੀ ਭੂਮਿਕਾ ਅਤੇ ਖਾੜਕੂਵਾਦ ਦੇ ਹੱਕ ਵਿਚ ਭੁਗਤਾਉਣ ਦੇ ਉਲਾਰ ਵਿਚ ਖੁਸ਼ਵੰਤ ਸਿੰਘ ਦੀ ਟੂਕ ਦੀ ਵਰਤੋਂ ਵੀ ਕਰ ਲਈ ਹੈ (325)। ਸੰਤ ਪਰੰਪਰਾ ਨੂੰ "ਰਾਜ ਸ਼ਕਤੀ ਤੋਂ ਨਿਰਲੇਪ ਤੇ ਅਟੰਕ" ਅਤੇ "ਨਵੇਂ ਸਾਧਾਂ ਸੰਤਾਂ ਦਾ ਮੁਹਾਣ ਰਾਜ ਸ਼ਕਤੀ ਨਾਲ ਕਰੀਬੀ ਸਾਂਝਾਂ ਗੰਢਣ ਅਤੇ ਇਕ-ਦੂਜੇ ਤੋਂ ਵਧ ਕੇ ਸਰਕਾਰੀ ਸਰਪ੍ਰਸਤੀ ਹਾਸਲ ਕਰਨ" ਦੇ ਫਾਰਮੂਲੇ ਤੋਂ ਭਿੰਡਰਾਂਵਾਲੀ ਟਕਸਾਲ ਨੂੰ ਮੁਕਤ ਕਰਨ ਦਾ ਕੋਈ ਆਧਾਰ ਕਿਉਂ ਨਹੀਂ ਦਿਤਾ ਗਿਆ? ਫਿਰਕੂ-ਵੰਡ ਨੂੰ ਇਕ ਪਾਸੇ ਖਾੜਕੂ ਸਿਆਸਤ ਲਈ ਜ਼ਰੂਰੀ ਮੰਨਿਆ ਹੈ ਅਤੇ ਦੂਜੇ ਪਾਸੇ "ਫਿਰਕੂ ਤਣਾਉ ਤੇ ਟਕਰਾਉ" ਸਾਰੇ ਪੰਜਾਬ ਨੂੰ ਬਲਦੀ ਵਲ ਧੱਕਣ ਵਾਲਾ "ਕੁਲਹਿਣਾ ਸਿਲਸਲਾ" ਵੀ ਮੰਨਿਆ ਹੈ (351)। ਇਹੋ ਜਿਹੇ ਆਪਾ-ਵਿਰੋਧੀ ਹਵਾਲੇ ਕਿਤਾਬ ਵਿਚ ਆਮ ਹਨ। ਸੱਚ ਨੂੰ ਟੁਕੜਿਆਂ ਵਿਚ ਸਾਹਮਣੇ ਨਹੀਂ ਲਿਆਂਦਾ ਜਾ ਸਕਦਾ ਅਤੇ ਇਸ ਕਿਤਾਬ ਵਿਚ ਸੱਚ ਦਾ ਸਮੁਚ ਉਭਰਦਾ ਨਜ਼ਰ ਨਹੀਂ ਆਉਂਦਾ? ਇਸ ਕਰਕੇ ਕਿਸੇ ਵੀ ਧਿਰ ਨੂੰ ਆਪਣੇ ਵਿਰੋਧੀਆਂ ਦੇ ਖਿਲਾਫ ਤਾਂ ਬਹੁਤ ਕੁਝ ਮਿਲ ਜਾਏਗਾ ਪਰ ਕਿਸੇ ਦੇ ਹੱਕ ਵਿਚ ਲੋੜੀਂਦਾ ਵੀ ਨਹੀਂ ਮਿਲੇਗਾ। ਇਹ ਕਿਸੇ ਵਿਧੀ ਵਿਚ ਨਹੀਂ ਵਾਪਰਿਆ ਸਗੋਂ ਮਿਥੀ ਹੋਈ ਸਿਆਸੀ ਸੋਚ ਵਿਚੋਂ ਵਾਪਰਿਆ ਹੈ। ਪਹਿਲੀ ਨਜ਼ਰੇ ਇਹ ਕਿਤਾਬ ਖਾੜਕੂਵਾਦ ਦੀ ਕੇਸਰੀ-ਕਿਤਾਬ ਲਗਦੀ ਹੈ ਪਰ ਥੋੜਾ ਗਹੁ ਨਾਲ ਵੇਖੀਏ ਤਾਂ ਇਸਨੂੰ ਅਤਿਵਾਦੀ-ਹੇਰਵਾ ਕਹਿਣਾ ਤਾਂ ਮੁਸ਼ਕਲ ਹੈ ਪਰ ਇਸਨੂੰ ਅਤਿਵਾਦੀ-ਜੁਗਾਲੀ ਜ਼ਰੂਰ ਕਿਹਾ ਜਾ ਸਕਦਾ ਹੈ।

ਇਸ ਕਿਤਾਬ ਦੀ ਮਹਤਤਾ ਸਿੱਖ ਰਾਜਨੀਤੀ ਬਾਰੇ ਡੀਬੇਟ ਛੇੜਣ ਵਿਚ ਹੈ। ਇਸ ਵਿਚ ਹਿੱਸਾ ਲੈਣਾ ਸਿੱਖ ਦਾਨਸ਼ਵਰਾਂ ਦੀ ਖਾਸ ਕਰਕੇ ਅਤੇ ਸਿੱਖ ਰਾਜਨੀਤੀ ਵਿਚ ਰੁਚੀ ਰਖਣ ਵਾਲਿਆਂ ਦੀ ਆਮ ਕਰਕੇ ਜ਼ਿੰਮੇਵਾਰੀ ਬਣਦੀ ਹੈ। ਕਿਤਾਬ ਦੀ ਪੜ੍ਹਤ ਉਪਰੰਤ ਡੀਬੇਟ ਲਈ ਉਭਰਦੇ ਸੰਭਵ ਨੁਕਤੇ ਇਹ ਹੋ ਸਕਦੇ ਹਨ:

1. ਕਿਤਾਬ ਦਾ ਸਿਰਲੇਖ, ਸਿੱਖ ਰਾਜਨੀਤੀ ਨਾਲ ਸਬੰਧਤ ਹੈ ਪਰ ਇਸ ਵਿਚੋਂ ਅਕਾਲੀ ਪ੍ਰਸੰਗ ਗੁੰਮ ਹੋਣ ਕਰਕੇ ਇਹ ਕਿਤਾਬ ਅਕਾਲੀਆਂ ਦਾ ਮਿਥਵੀਂ ਸੁਰ ਵਿਚ ਨਿੰਦਿਆ ਪਾਠ ਹੋ ਗਈ ਹੈ।
2. ਮੁੱਦਾ ਇਕ (ਅੰਗ੍ਰੇਜ਼ਾਂ ਦੀ) ਗੁਲਾਮੀ ਤੋਂ ਦੂਜੀ (ਹਿੰਦੂਆਂ ਦੀ) ਗੁਲਾਮੀ ਤਕ ਲਿਆ ਹੈ ਪਰ ਅਸਲ ਮੁੱਦਾ ਖਾੜਕੂ ਸਿਆਸਤ ਦੀ ਗੁਲਾਮੀ ਹੋ ਗਿਆ ਹੈ।
3. ਕਿਤਾਬ ਵਿਚ ਅਪਨਾਈ ਗਈ ਵਿਧੀ ਖਾੜਕੂ ਵਿਧੀ ਹੈ ਪਰ ਇਸਦਾ ਸਮਰਥਨ ਬਾਣੀ ਜਾਂ ਸਿੱਖ ਇਤਿਹਾਸ ਵਿਚੋਂ ਕਰਨ ਦੀ ਥਾਂ, ਆਮ ਫਹਿਮ ਮਾਰਕਸੀ ਪੈਂਤੜੇ ਤੋਂ ਕੀਤਾ ਗਿਆ ਹੈ। ਇਸੇ ਲਈ ਲਏ ਜਾ ਰਹੇ ਪੈਂਤੜੇ ਨੂੰ ਸਿੱਖੀ ਰੰਗ ਵਿਚ ਰੰਗਣ ਦੀ ਕੋਸ਼ਿਸ਼ ਪ੍ਰਸੰਗਕ ਨਹੀਂ ਰਹੀ।
4. ਸਿੱਖ ਰਾਜਨੀਤੀ ਨੂੰ ਅਕਾਲੀ ਰਾਜਨੀਤੀ ਮੰਨਦਿਆਂ ਅਕਾਲੀਆਂ ਨੂੰ ਉਸ ਹੱਦ ਤਕ ਹੀ ਅਕਾਲੀ ਮੰਨਿਆ ਹੈ ਜਿਸ ਹੱਦ ਤਕ ਉਹ ਖਾੜਕੂ ਰਾਜਨੀਤੀ ਦੇ ਹੱਕ ਵਿਚ ਭੁਗਤਦੇ ਹਨ ਜਾਂ ਭੁਗਤਾਏ ਜਾ ਸਕਦੇ ਹਨ।
5. ਸਿੱਖ ਭਾਈਚਾਰੇ ਦੇ ਹਰ ਵਰਗ ਦਾ ਬੜੀ ਦਿਆਨਤਦਾਰੀ ਨਾਲ ਮਿਥਵਾਂ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਸਿੱਖੀ ਨੂੰ ਸਮੁੱਚ ਵਿਚ ਗ੍ਰਹਿਣ ਕਰ ਸਕਣ ਦੀ ਅਸਮਰਥਾ ਕਰਕੇ ਵੀ ਹੈ ਅਤੇ ਟੁਕੜਿਆਂ ਵਿਚ ਗ੍ਰਹਿਣ ਕਰਨ ਦੇ ਸਿਆਸੀ ਲਾਲਚ ਕਰਕੇ ਵੀ।
6. ਇਹ ਕਿਤਾਬ ਉਸ ਮੌਕੇ ਆਈ ਹੈ ਜਦੋਂ ਅਕਾਲੀਆਂ ਦੇ ਵੀ ਅਕਾਲੀ ਨਾ ਰਹਿਣ ਕਰਕੇ ਸਿੱਖ ਸਿਆਸਤ 'ਤੇ ਸੱਟ ਮਾਰਨੀ ਸੌਖੀ ਹੋ ਗਈ ਹੈ। ਸੋ, ਨਿਖਸਮੀ ਅਕਾਲੀਅਤ ਦੇ ਵਾਰਸਾਂ ਨੂੰ ਸਿਆਸੀ ਭੰਵਰ ਜਾਲ ਵਿਚ ਪਾਉਂਦੀ ਇਸ ਕਿਤਾਬ ਨੂੰ ਪੜ੍ਹਨਾ ਜ਼ਰੂਰ ਚਾਹੀਦਾ ਹੈ।
7. ਅਕਾਲੀ ਸਿਆਸਤਦਾਨਾਂ ਦੇ ਪਰਸਪਰ ਸ਼ਰੀਕੇ ਨੂੰ ਵਰਤਦਿਆਂ ਸਾਰੀ ਅਕਾਲੀ ਲੀਡਰਸ਼ਿਪ ਨੂੰ ਹੱਸਣਯੋਗ, ਨਿੰਦਣਯੋਗ ਅਤੇ ਤਰਸਯੋਗ ਬਣਾ ਕੇ ਇਸਦੇ ਬਦਲ ਵਜੋਂ ਖਾੜਕੂ ਸਿਆਸਤ ਨੂੰ ਉਭਾਰਨ ਦਾ ਯਤਨ ਕੀਤਾ ਹੈ।
8. ਕਿਤਾਬ ਦਾ ਆਕਾਰ, ਹੰਢੀ ਹੋਈ ਸ਼ੈਲੀ ਅਤੇ ਚਲਾਕੀ ਨਾਲ ਪ੍ਰਸੰਗ ਵਿਚੋਂ ਕਢ ਕੇ ਵਰਤੀਆਂ ਟੂਕਾਂ, ਸੰਵਾਦ ਰਚਾਉਣ ਲਈ ਬੜੀ ਮਿਹਨਤ ਦੀ ਮੰਗ ਕਰਦੇ ਹਨ। ਸੋ, ਲੇਖਕ ਦਾ ਭਲਾ ਨਾ ਪੜ੍ਹੇ ਜਾਣ ਵਿਚ ਹੈ, ਵਰਨਾ ਪੁਛਣਾ ਪਵੇਗਾ ਕਿ ਕਹੀ ਜਾ ਰਹੀ ਗੱਲ ਦੀ ਵਾਜਬੀਅਤ ਕੀ ਹੈ?
9. ਮੁਸਲਿਮ ਸਿਆਸਤ ਨਾਲ ਉਲਾਰ ਮੋਹ, ਕਿਤਾਬ ਵਿਚ ਅਪਨਾਏ ਗਏ ਕਿਸੇ ਪੈਂਤੜੇ ਵਿਚ ਫਿਟ ਨਹੀਂ ਹੁੰਦਾ ਪਰ ਅਕਾਲੀ ਲੀਡਰਸ਼ਿਪ ਨੂੰ ਨਿੰਦਣ ਅਤੇ ਕਾਂਗਰਸ ਲੀਡਰਸ਼ਿਪ ਨੂੰ ਨਫਰਤ ਕਰਨ ਦੇ ਕੰਮ ਜ਼ਰੂਰ ਆ ਸਕਦਾ ਹੈ। ਸ਼ਾਇਦ ਇਸ 'ਤੇ ਬੀ.ਜੇ.ਪੀ ਨੂੰ ਕੋਈ ਇਤਰਾਜ਼ ਨਾ ਹੋਵੇ?
10. ਜੋ ਇਸ ਕਿਤਾਬ ਵਿਚ ਸਿੱਖਾਂ ਲਈ ਚਿਤਵਿਆ ਜਾਂ ਚਾਹਿਆ ਜਾ ਰਿਹਾ ਹੈ ਅਤੇ ਉਹੀ ਕੁਝ ਮੁਸਲਮਾਨ ਵੀ ਕਰ ਚੁਕੇ ਹਨ ਤਾਂ ਓਸੇ ਨੂੰ ਦੁਹਰਾਉਣ ਜਾਂ ਕਰਨ ਦਾ ਅਧਿਕਾਰ ਹਿੰਦੂਆਂ ਨੂੰ ਕਿਉਂ ਨਹੀਂ?
11. ਸੱਚ ਲਈ ਜੂਝਣਾ ਅਤੇ ਬੰਦੂਕ ਦੀ ਨਾਲੀ ਵਿਚੋਂ ਤਾਕਤ ਕਢਣਾ, ਦੋ ਵਖ ਵਖ ਚਿੰਤਨਾਂ ਦੀ ਉਪਜ ਹੋਣ ਕਰਕੇ ਅਸਲੋਂ ਵਖਰੇ ਹਨ। ਤਾਕਤ ਜੇ ਬੰਦੂਕ ਦੀ ਨਾਲੀ ਵਿਚੋਂ ਨਿਕਲੇ ਤਾਂ ਹਰੇਕ ਦਾ ਸੱਚ ਬੰਦੂਕ ਦੀ ਗੋਲੀ ਵਰਗਾ ਹੋ ਜਾਂਦਾ ਹੈ। ਇਸੇ ਕਰਕੇ ਖਾੜਕੂ ਲਹਿਰਾਂ ਇਸਦਾ ਛੇਤੀ ਸਿਧਾਂਤ ਦੀਆਂ ਹਾਣੀ ਰਹਿਣ ਦੀ ਥਾਂ ਬੰਦਿਆਂ ਦੇ ਸੱਚ ਜੇਡੀਆਂ ਹੋ ਜਾਂਦੀਆਂ ਹਨ। ਲੇਖਕ ਨੂੰ ਇਸਦਾ ਅਨੁਭਵ ਹੈ। ਫਰਕ ਕੇਵਲ ਏਨਾ ਹੈ ਕਿ ਇਕ ਵੇਲੇ ਖਾੜਕੂਵਾਦੀ ਪੈਂਤੜਾ ਲੇਖਕ ਨੂੰ ਠੀਕ ਬੈਠਦਾ ਸੀ ਅਤੇ ਅਜ ਉਸਨੂੰ ਠੀਕ ਲਗਦਾ ਹੈ। ਇਸ 'ਤੇ ਕੀ ਇਤਰਾਜ਼ ਹੋ ਸਕਦਾ ਹੈ। ਡੀਬੇਟ ਇਸ ਪੈਂਤੜੇ ਨੂੰ ਪੰਥਕ ਘੋਸ਼ਿਤ ਕਰਨ ਨੂੰ ਲੈ ਕੇ ਹੋਣੀ ਚਾਹੀਦੀ ਹੈ।

ਵੇਖਣ ਨੂੰ ਇਹ ਕਿਤਾਬ ਸਿੱਖ ਰਾਜਨੀਤੀ ਬਾਰੇ ਲਗਦੀ ਹੈ ਪਰ ਇਸਨੂੰ ਬਹੁਤ ਸਾਰੇ ਵਿਸ਼ਿਆਂ ਨਾਲ ਉਲਝਾ ਦਿਤਾ ਹੈ। ਸੋ, ਗੱਲ ਛਿੜਦੀ ਤਾਂ ਹੈ ਪਰ ਮੁਕਦੀ ਨਹੀਂ। ਹਿੰਦੂਵਾਦ ਦੇ ਹਊਏ ਨੂੰ ਲੋੜ ਨਾਲੋਂ ਵਧੇਰੇ ਉਛਾਲਿਆ ਹੈ। ਖਾੜਕੂ ਸਿਆਸਤ ਦੀ ਇਜਾਰੇਦਾਰੀ ਨਾਲ ਕਿਤਾਬ ਦਾ ਸੰਤੁਲਨ ਵਿਗੜ ਗਿਆ ਹੈ। ਫਿਰ ਵੀ ਸੰਵਾਦ ਦੀਆਂ ਸੰਭਾਵਨਾਵਾਂ ਕਰਕੇ ਲੇਖਕ ਵਧਾਈ ਦਾ ਹੱਕਦਾਰ ਹੈ।

*34, ਅਰਬਨ ਅਸਟੇਟ ਫੇਜ਼ 1,
ਪਟਿਆਲਾ (ਪੰਜਾਬ)
ਫੋਨ:91-93163-01328

# ਮਹਾਨ ਢਾਡੀ ਅਮਰ ਸਿੰਘ ਸ਼ੌਂਕੀ

ਮਲਕੀਅਤ ਸਿੰਘ ਔਜਲਾ

ਢਾਡੀ ਅਮਰ ਸਿੰਘ ਸ਼ੌਂਕੀ ਨੇ ਆਪਣੀ ਰਸਭਿੰਨੀ ਆਵਾਜ਼ ਦੇ ਜ਼ਰੀਏ ਲੱਖਾਂ ਲੋਕਾਂ ਦੇ ਦਿਲਾਂ 'ਤੇ ਦਹਾਕਿਆਂ ਤੱਕ ਰਾਜ ਕੀਤਾ। ਉਨ੍ਹਾਂ ਦਿਨਾਂ ਵਿਚ ਉਸ ਦਾ ਗੌਣ ਸੁਣਨ ਲਈ ਲੋਕ ਕਈ ਕਈ ਮੀਲਾਂ ਦਾ ਪੈਂਡਾ ਤੈਅ ਕਰਕੇ ਪਹੁੰਚ ਜਾਂਦੇ ਸਨ। ਇਲਾਕੇ ਭਰ ਦੇ ਹਾਲੀ ਪਾਲੀ ਆਪਣੇ ਘਰ ਦਾ ਕੰਮ ਧੰਦਾ ਸ਼ੌਂਕੀ ਦਾ ਅਖਾੜਾ ਸੁਣਨ ਲਈ ਕਈ ਦਿਨ ਪਹਿਲਾਂ ਹੀ ਸਮੇਟ ਲੈਂਦੇ। ਉਸ ਦੇ ਸਰੋਤਿਆਂ ਦਾ ਦਾਇਰਾ ਬਹੁਤ ਵਿਸ਼ਾਲ ਸੀ। ਪੰਜਾਬ ਵਿਚ ਇੱਕ ਵੇਲਾ ਅਜਿਹਾ ਵੀ ਆਇਆ ਜਦੋਂ ਪਿੰਡਾਂ ਵਿਚ ਵੱਜਦੇ ਲਾਊਡ ਸਪੀਕਰਾਂ 'ਤੇ ਚਾਰੇ ਪਾਸੇ ਸ਼ੌਂਕੀ ਦੀ ਝੰਡੀ ਝੁੱਲਣ ਲੱਗੀ।

ਢਾਡੀ ਕਲਾ ਦੇ ਜੌਹਰੀ ਅਮਰ ਸਿੰਘ ਸ਼ੌਂਕੀ ਦਾ ਜਨਮ 15 ਅਗਸਤ 1916 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੀ ਗੜ੍ਹਸ਼ੰਕਰ ਤਹਿਸੀਲ ਦੇ ਪਿੰਡ ਭੱਜਲਾਂ ਵਿਚ ਸ. ਮੂਲਾ ਸਿੰਘ ਦੇ ਘਰ ਹੋਇਆ। ਪੜ੍ਹਾਈ ਪੱਖੋਂ ਅਮਰ ਸਿੰਘ ਸ਼ੌਂਕੀ ਕੋਰਾ ਹੀ ਰਿਹਾ ਪ੍ਰੰਤੂ ਗੁਰਮੁਖੀ ਦੀ ਅੱਖਰ ਗਿਆਨ ਉਸ ਨੇ ਬਿਨਾਂ ਕਿਸੇ ਸਕੂਲ ਤੋਂ, ਗੁਣੀ ਗਿਆਨੀਆਂ ਕੋਲੋਂ ਹਾਸਲ ਕੀਤਾ। ਗੀਤਾਂ ਦੀ ਤੁਕਬੰਦੀ ਦਾ ਇਲਮ ਵੀ ਉਸ ਨੇ ਇਸੇ ਤਰ੍ਹਾਂ ਤੁਰ ਫਿਰ ਕੇ ਸਿੱਖਿਆ। ਉਸ ਨੂੰ ਛੋਟੇ ਹੁੰਦੇ ਤੋਂ ਹੀ ਗਾਉਣ ਦਾ ਸ਼ੌਕ ਸੀ ਅਤੇ ਅਕਸਰ ਉਹ ਹਰਮੋਨੀਅਮ ਦੀਆਂ ਸੁਰਾਂ ਅਤੇ ਢੋਲਕੀ ਦੀ ਤਾਲ ਨਾਲ ਗੀਤ ਗਾਉਂਦਾ ਹੁੰਦਾ ਸੀ। ਉਨ੍ਹਾਂ ਦਿਨਾਂ ਵਿਚ ਹੀ ਉਸ ਦੇ ਇੱਕ ਗੀਤ 'ਪੰਥ ਰੰਗੀਲੇ' ਨੇ ਧੁੰਮਾਂ ਪਾਈਆਂ ਜੋ ਢੋਲਕ ਅਤੇ ਹਾਰਮੋਨੀਅਮ ਨਾਲ ਰਿਕਾਰਡ ਹੋਇਆ ਸੀ। ਉਦੋਂ ਸਿਆਲਕੋਟੀਏ ਸ਼ੌਂਕੀ ਦੇ ਬਹੁਤ ਅਖਾੜੇ ਲਗਵਾਉਂਦੇ ਹੁੰਦੇ ਸਨ। ਕਿਸੇ ਸਿਆਣੇ ਨੇ ਉਸ ਨੂੰ ਮੱਤ ਦਿੱਤੀ ਕਿ ਤੂੰ ਵਾਜੇ ਢੋਲਕੀ ਨੂੰ ਛੱਡ ਢੱਡ ਸਾਰੰਗੀ ਨਾਲ ਗਾਇਆ ਕਰ ਫੇਰ ਦੇਖੀਂ ਤੇਰੀ ਕਿਵੇਂ ਚੜ੍ਹਾਈ ਹੁੰਦੀ ਗਾਇਕੀ ਵਿਚ। ਸ਼ੌਂਕੀ ਨੂੰ ਸੁਝਾਅ ਚੰਗਾ ਲੱਗਾ, ਉਸ ਨੇ ਆਪਣਾ ਢੱਡ ਸਾਰੰਗੀ ਵਾਲਾ ਜਥਾ ਬਣਾ ਲਿਆ ਅਤੇ ਸਰਬਣ ਸਿੰਘ ਅਤੇ ਮੋਹਣ ਸਿੰਘ ਬਿੰਡਾ ਵਰਗੇ ਸਾਥੀਆਂ ਨੂੰ ਆਪਣੇ ਨਾਲ ਰਲਾ ਲਿਆ। ਸ਼ੌਂਕੀ ਬਣਨ ਤੋਂ ਪਹਿਲਾਂ ਉਸ ਨੇ ਆਪਣੇ ਨਾਂ ਨਾਲ ਮਸਤ ਤਖੱਲਸ ਵੀ ਲਾਇਆ ਪ੍ਰੰਤੂ ਬਾਅਦ ਵਿਚ ਪੱਕੇ ਤੌਰ 'ਤੇ ਢੱਡ ਸਾਰੰਗੀ ਨਾਲ ਅਮਰ ਸਿੰਘ ਸ਼ੌਂਕੀ ਦੇ ਨਾਂ ਹੇਠ ਗਾਇਆ।

ਹਿਜ਼ ਮਾਸਟਰ'ਜ਼ ਵਾਇਸ ਰਿਕਾਰਡਿੰਗ ਕੰਪਨੀ ਉਸ ਸਮੇਂ ਮਸ਼ਹੂਰ ਗਵੱਈਆਂ ਦੇ ਗੀਤ ਰਿਕਾਰਡ ਕਰਦੀ ਹੁੰਦੀ ਸੀ। ਸ਼ੌਂਕੀ ਦੇ ਗੀਤ ਵੀ ਇਹੋ ਕੰਪਨੀ ਰਿਕਾਰਡ ਕਰਦੀ ਸੀ। ਉਹ ਇਸ ਕੰਪਨੀ ਦੀਆਂ ਪਰਖਾਂ 'ਤੇ ਖਰ੍ਹਾ ਉਤਰ ਚੁੱਕਾ ਸੀ। ਸ਼ੌਂਕੀ ਬੜਾ ਸਿੱਧਾ ਸਾਦਾ ਆਦਮੀ ਸੀ ਤੇ ਉਸ ਦਾ ਖਾਣ-ਪੀਣ ਵੀ ਰੁੱਖਾ ਮਿੱਸਾ ਸੀ। ਉਸ ਦੀ ਆਵਾਜ਼ ਵਿਚ ਬੜਾ ਜੋਸ਼ ਸੀ। ਜਦੋਂ ਉਹ ਗੀਤ ਦੇ ਬੋਲ ਚੁੱਕਦਾ, ਇੱਕ ਵਾਰ ਤਾਂ ਪਿੰਡਾਂ ਵਿਚ ਬਣੇ ਟਾਵੇਂ-ਟਾਵੇਂ ਚੁਬਾਰਿਆਂ ਨੂੰ ਵੀ ਨਾਲ ਬੋਲਣ ਲਾ ਦਿੰਦਾ। ਉਸ ਨੇ ਲਗਪਗ 50 ਸਾਲ ਗਾਇਆ ਅਤੇ ਕਦੇ ਵੀ ਮਾਇਆ ਦਾ ਮੋਹ ਨਾ ਕੀਤਾ। ਉਹ ਲੋਕਾਂ ਲਈ ਸੇਵਾ ਭਾਵਨਾ ਨਾਲ ਗਾਉਂਦਾ ਅਤੇ ਸਹੀ ਅਰਥਾਂ ਵਿਚ ਲੋਕ ਗਵੱਈਆ ਸੀ। ਸ਼ੌਂਕੀ ਸਰੋਤਿਆਂ ਵੱਲੋਂ ਮਿਲਦੇ ਮਾਣ ਸਤਿਕਾਰ ਤੋਂ ਖੁਸ਼ ਸੀ ਅਤੇ ਹਮੇਸ਼ਾ ਸਰੋਤਿਆਂ ਦਾ ਕਦਰਦਾਨ ਰਿਹਾ।

ਸ਼ੌਂਕੀ ਨੇ ਦੇਸ਼ ਦੇ ਕੋਨੇ ਕੋਨੇ ਵਿਚ ਗਾਇਕੀ ਦੇ ਅਖਾੜੇ ਲਾਏ ਅਤੇ ਆਪਣੀ ਕਲਾ ਦੇ ਸਿਰ



'ਤੇ ਵਿਦੇਸ਼ ਯਾਤਰਾ ਵੀ ਕੀਤੀ। ਸਾਲ 1980 ਵਿਚ ਉਹ ਇੰਗਲੈਂਡ ਦੀ ਧਰਤੀ 'ਤੇ ਗਾਉਣ ਗਿਆ। ਉਥੇ ਉਹ ਆਪਣੇ ਨਾਲ ਆਪਣੇ ਸਾਥੀ ਮੋਹਨ ਸਿੰਘ ਬਿੰਡਾ, ਲਛਮਣ ਸਿੰਘ ਅਤੇ ਆਪਣੇ ਵੱਡੇ ਪੁੱਤਰ ਸਵਰਾਜ ਸਿੰਘ ਨੂੰ ਵੀ ਨਾਲ ਲੈ ਕੇ ਗਿਆ। ਗੋਰਿਆਂ ਦੀ ਧਰਤੀ 'ਤੇ ਉਸ ਨੇ ਰੱਜ ਕੇ ਪੰਜਾਬੀਆਂ ਦਾ ਮਨੋਰੰਜਨ ਕੀਤਾ ਅਤੇ 'ਵਾਹ-ਵਾਹ ਨੀ ਧਰਤ ਪੰਜਾਬ ਦੀਏ' ਵਰਗੇ ਗੀਤ ਗਾ ਕੇ ਪੰਜਾਬ ਦੀ ਮਿੱਟੀ ਦੀ ਮਹਿਕ ਖਿਲਾਰੀ। ਪੰਜਾਬੀ ਭਰਾਵਾਂ ਨੇ ਉਸ ਨੂੰ ਉਥੇ ਹੀ ਪੱਕੇ ਤੌਰ 'ਤੇ ਰਹਿਣ ਦੀ ਪੇਸ਼ਕਸ਼ ਕੀਤੀ ਪਰ ਉਹ ਨਾ ਮੰਨਿਆ ਤੇ ਪੰਜਾਬ ਵਾਪਸ ਜਾਣ ਦੀ ਜ਼ਿੱਦ ਪੁਗਾਈ। ਆਖਰ ਉਹ ਆਪਣੀ ਵਿਦੇਸ਼ ਯਾਤਰਾ ਪੂਰੀ ਕਰਕੇ ਪੰਜ ਦਰਿਆਵਾਂ ਦੀ ਧਰਤ ਪੰਜਾਬ 'ਤੇ ਵਾਪਸ ਆ ਗਿਆ। ਉਥੋਂ ਵਾਪਸ ਆ ਕੇ ਉਹ ਢਿੱਲਾ ਪੈ ਗਿਆ ਅਤੇ ਬਿਮਾਰੀ ਦੀ ਹਾਲਤ ਵਿਚ ਉਹ ਆਪਣੇ ਜਨਮ ਦਿਨ ਤੋਂ ਇੱਕ ਦਿਨ ਪਹਿਲਾਂ 14 ਅਗਸਤ 1981 ਨੂੰ 65 ਸਾਲ ਦੀ ਉਮਰ ਭੋਗ ਕੇ ਚੱਲ ਵਸਿਆ। ਅਮਰ ਸਿੰਘ ਸ਼ੌਂਕੀ ਦੇ ਜ਼ਿਆਦਾਤਰ ਮਸ਼ਹੂਰ ਗੀਤ ਹਨ:

>ਦੋ ਤਾਰਾ ਵੱਜਦਾ ਵੇ,
ਰਾਂਝਣਾ ਨੂਰ ਮਹਿਲ ਦੀ ਮੋਰੀ...।
>ਰਾਣੀ ਸੁੰਦਰਾਂ ਦੇ ਮਹਿਲਾਂ ਅੱਗੇ
ਆਣ ਕੇ
ਦਿੱਤੀ ਪੂਰਨ ਨੇ ਅਲਖ ਜਗਾ...।
>ਦੇਸ਼ ਮੇਰੇ ਦੀ ਬਾਂਕੀ ਜੋੜੀ
ਰਲ-ਮਿਲ ਪੀਂਘ ਚੜ੍ਹਾਵੇ...।
>ਦੁਨੀਆਂ ਮਤਲਬ ਦੀ
ਐਥੇ ਕੋਈ ਨਾ ਕਿਸੇ ਦਾ ਬੇਲੀ...।
>ਨੀ ਆਜਾ ਭਾਬੀ ਝੂਟ ਲੈ
ਪੀਂਘ ਹੁਲਾਰੇ ਲੈਂਦੀ...।
>ਭਿੱਜ ਗਈਆਂ ਨਣਾਨੇ ਪੂਣੀਆਂ
ਬਾਹਰੇ ਭਿੱਜਗੇ ਚਰਖੇ...।
>ਮੁੰਡੇ ਦੇਸ਼ ਪੰਜਾਬ ਦੇ
ਤੇ ਮਰਦ ਪੰਜਾਬੀ ਨਾਰਾਂ...।
>ਫੜ੍ਹਾਂ ਫੋਕੀਆਂ ਬਥੇਰੇ ਲੋਕੀ ਮਾਰਦੇ
ਕੋਈ ਵਿਰਲੇ ਹੀ ਬੋਲ ਪੁਗਾਉਂਦੇ...।
>ਚਿੱਠੀਆਂ ਦਰਦਾਂ ਦੀਆਂ
ਅਸਾਂ ਲਿਖ ਸੱਜਣਾਂ ਵੱਲ ਪਾਈਆਂ...।
>ਸਾਹਿਬਾਂ 'ਵਾਜਾਂ ਮਾਰਦੀ
ਕਹਿੰਦੀ ਉਠ ਖੜ੍ਹ ਮਿਰਜ਼ਾ ਯਾਰ...।
>ਮਾਰੀ ਨਾਗਣੀ ਬਚਿੱਤਰ ਸਿੰਘ ਰਾਤ ਨੇ।

ਅਮਰ ਸਿੰਘ ਸ਼ੌਂਕੀ ਨੇ ਇਤਿਹਾਸਕ ਕਿੱਸਿਆਂ ਨਾਲ ਸਬੰਧਤ ਬਹੁਤ ਗੀਤਾਂ ਦੀ ਸਿਰਜਣਾ ਕੀਤੀ। ਇਸ ਤੋਂ ਇਲਾਵਾ ਉਸ ਦੇ ਖਾਸ ਕਰਕੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕਿਆਂ ਨਾਲ ਸਬੰਧਤ ਧਾਰਮਿਕ ਗੀਤ ਬਹੁਤ ਮਸ਼ਹੂਰ ਹੋਏ ਜੋ ਇਤਿਹਾਸ ਨੂੰ ਅੱਖਾਂ ਸਾਹਮਣੇ ਲਿਆ ਕੇ ਖੜਾ ਕਰ ਦਿੰਦੇ ਸਨ: ਦਾਦੀ ਜੀ ਘਰ ਹੁਣ ਕਿਤਨੀ ਕੁ ਦੂਰ... ਵਾਹ ਵਾਹ ਗੜ੍ਹੀਏ ਚਮਕੌਰ ਦੀਏ ... ਅਤੇ ਛੋਟੇ ਸਹਿਬਜ਼ਾਦਿਆਂ ਵੱਲੋਂ ਸੂਬਾ ਸਰਹੰਦ ਨੂੰ ਦਿੱਤੇ ਜਵਾਬ ਦੇ ਰੂਪ ਵਿਚ ਸ਼ੌਂਕੀ ਦੇ ਬੋਲ ਯਾਦਗਾਰੀ ਸਨ:

ਸਾਡੀ ਯਾਦਗਾਰ 'ਤੇ ਸ਼ੌਂਕੀ ਮੇਲੇ ਲੱਗਣਗੇ
ਸਾਡੀ ਯਾਦਗਾਰ 'ਤੇ ਜੁੱਗ ਜੁੱਗ ਮੇਲੇ ਲੱਗਣਗੇ
ਤੇਰੀ ਮੜ੍ਹੀ 'ਤੇ ਕਿਸੇ ਨੇ ਦੀਵਾ ਨਹੀਂ ਜਗਾਉਣਾ।


ਜੇਕਰ ਸ਼ੌਂਕੀ ਵੱਲੋਂ ਗੁੰਦੀਆਂ ਗੀਤਾਂ ਦੀਆਂ ਤਰਜ਼ਾਂ ਵੱਲ ਨਜ਼ਰ ਮਾਰੀਏ ਤਾਂ ਇਹ ਬਹੁਤ ਦਿਲ ਟੁੰਬਵੀਆਂ ਸਨ।

# ਮਾਦਾਮ ਬਵਾਰੀ ਨੂੰ ਨਵੇਂ ਸਿਰਿਓਂ ਵਾਰ ਵਾਰ ਲਿਖਣ ਵਾਲਾ ਨੋਬਲ ਇਨਾਮ ਵਿਜੇਤਾ:ਮਾਰੀਓ ਇਓਸ਼ਾ

**ਗੁਰਦਿਆਲ ਸਿੰਘ ਬੱਲ**

ਰਾਤ ਦੇ 8 ਕੁ ਵਜੇ ਅਚਾਨਕ ਅਮਰਜੀਤ ਪਰਾਗ ਹੋਰਾਂ ਦਾ ਫੋਨ ਆਇਆ। ਉਨ੍ਹਾਂ ਵਧਾਈ ਦਿੰਦਿਆਂ ਦੱਸਿਆ ਕਿ ਨੋਬਲ ਕਮੇਟੀ ਵਾਲਿਆਂ ਨੇ ਤੇਰੇ ਮਨ ਭਾਉਂਦੇ ਲਾਤੀਨੀ ਅਮਰੀਕੀ ਨਾਵਲਕਾਰ ਆਖਰ ਮਾਰੀਓ ਇਓਸ਼ਾ (Mario Vargas Ilosa) ਨੂੰ ਸਰਵੋਤਮ ਸਾਹਿਤ ਸਿਰਜਣਾ ਲਈ ਨੋਬਲ ਇਨਾਮ ਦਿੱਤਾ ਹੈ। ਦਰਅਸਲ ਇਓਸ਼ਾ ਦੇ ਮੁੱਢਲੇ ਸਾਹਿਤਕ ਜੀਵਨ ਦੇ ਕਰੀਬੀ ਸੰਗੀ ਅਤੇ ਬਾਅਦ ਵਿਚ ਕੱਟੜ ਵਿਚਾਰਧਾਰਕ ਵਿਰੋਧੀ "ਸੌ ਵਰ੍ਹਿਆਂ ਦੀ ਇਕੱਲ" ਨਾਂ ਦੇ ਜਗਤ ਪ੍ਰਸਿੱਧ ਨਾਵਲ ਦੇ ਲਿਖਾਰੀ ਗੈਬਰੀਅਲ ਗਾਰਸ਼ੀਆ ਮਾਰਖ਼ੇਜ ਨੂੰ ਇਹ ਇਨਾਮ ਕਈ ਵਰ੍ਹੇ ਪਹਿਲਾਂ ਹੀ ਮਿਲ ਚੁੱਕਿਆ ਹੋਇਆ ਸੀ। ਇਨ੍ਹਾਂ ਦੋਵਾਂ ਮਹਾਨ ਕਲਾਕਾਰਾਂ ਦਾ ਜ਼ਿਕਰ ਕਰਦਿਆਂ ਆਪ ਮੁਹਾਰੇ ਹੀ 20ਵੀਂ ਸਦੀ ਵਿਚ ਫਰਾਂਸ ਦੇ ਦੋ ਮਹਾਨ ਲਿਖਾਰੀਆਂ ਅਲਬੇਅਰ ਕਾਮੂ ਅਤੇ ਜਾਂ ਪਾਲ ਸਾਰਤਰ ਦੀ ਯਾਦ ਆ ਜਾਂਦੀ ਹੈ। ਇਨ੍ਹਾਂ ਦੋਵਾਂ ਲਿਖਾਰੀਆਂ ਦਾ ਵੀ ਜਿੰਦਗੀ ਦੇ ਮੁੱਢਲੇ ਵਰ੍ਹਿਆਂ ਵਿਚ ਨਿੱਘਾ ਦੋਸਤਾਨਾ ਸੀ ਪ੍ਰੰਤੂ ਸਾਲ 1951 ਵਿਚ ਕਾਮੂ ਦੀ ਪ੍ਰਸਿੱਧ ਕਿਤਾਬ 'ਰੈਬਲ' ਪ੍ਰਕਾਸ਼ਿਤ ਹੋਣ ਤੇ ਕਮਿਊਨਿਸਟ ਵਿਚਾਰਧਾਰਾ ਜਾਂ ਸੋਵੀਅਤ ਯੂਨੀਅਨ ਵੱਲ ਨਜ਼ਰੀਏ ਦੇ ਸਵਾਲ ਤੇ ਦੋਵਾਂ ਵਿਚਾਲੇ ਤਿੱਖੇ ਮਤਭੇਦ ਹੋ ਜਾਣ ਕਾਰਨ ਇਹ ਦੋਸਤੀ ਗਹਿਰੀ ਦੁਸ਼ਮਣੀ ਵਿਚ ਬਦਲ ਗਈ ਸੀ। ਕਾਮੂ ਉਮਰ ਵਿਚ ਸਾਰਤਰ ਨਾਲੋਂ 12-14 ਸਾਲ ਛੋਟਾ ਸੀ। ਸਾਰਤਰ ਦੀ ਅਸਤਿਤਵਵਾਦੀ ਦਰਸ਼ਨ ਬਾਰੇ ਵੱਡ ਆਕਾਰੀ ਪੁਸਤਕ (Being and Nathingness) ਸਾਲ 1943 ਵਿਚ ਹੀ ਪ੍ਰਕਾਸ਼ਤ ਹੋ ਗਈ ਸੀ ਅਤੇ ਫਲਸਫੇ ਦੀ ਦੁਨੀਆਂ ਵਿਚ ਉਸਦਾ ਕੱਦ ਬਹੁਤ ਉਪਰ ਉਠ ਗਿਆ ਹੋਇਆ ਸੀ। ਪ੍ਰੰਤੂ ਨੋਬਲ ਇਨਾਮ ਕਮੇਟੀ ਨੇ ਸਾਲ 1956 ਦਾ ਸਾਹਿਤ ਲਈ ਨੋਬਲ ਇਨਾਮ ਅਲਬੇਅਰ ਕਾਮੂ ਨੂੰ ਦੇ ਦੇ ਇਕ ਤਰ੍ਹਾਂ ਦਾ ਤਕੜਾ ਵਿਵਾਦ ਖੜ੍ਹਾ ਕਰ ਦਿੱਤਾ ਸੀ। ਇਨਾਮ ਇਹ ਕਈ ਵਰ੍ਹੇ ਪਿੱਛੋਂ ਉਨ੍ਹਾਂ ਨੇ ਸਾਰਤਰ ਨੂੰ ਵੀ ਦਿੱਤਾ ਪ੍ਰੰਤੂ ਸਾਰਤਰ ਨੇ ਇਹ ਆਖ ਕੇ ਇਨਾਮ ਲੈਣ ਤੋਂ ਨਾਂਹ ਕਰ ਦਿੱਤੀ ਸੀ ਕਿ ਉਸ ਵਾਸਤੇ ਨੋਬਲ ਇਨਾਮ ਦੀ ਕੀਮਤ ਆਲੂਆਂ ਦੀ ਬੋਰੀ ਤੋਂ ਵੱਧ ਨਹੀਂ ਸੀ। ਸਾਰਤਰ ਨੇ ਇਹ ਦਾਅਵਾ ਵੀ ਕੀਤਾ ਸੀ ਕਿ ਕਿਸੇ ਵੀ ਲੇਖਕ ਦੀ ਪਹਿਚਾਣ ਇਨਾਮ ਸਨਮਾਨ ਦੇ ਬਲ ਤੇ ਨਹੀਂ ਬਲਕਿ ਉਸ ਦੀ ਸਿਰਜਣਾਤਮਿਕ ਸਮਰਥਾ ਦੇ ਸਿਰ ਤੇ ਹੋਣੀ ਚਾਹੀਦੀ ਹੈ। ਸੋ ਮਨ ਵਿਚ ਕੁਦਰਤੀ ਹੀ ਮਾਰੀਓ ਇਓਸ਼ਾ ਦਾ ਪ੍ਰਤੀਕਰਮ ਜਾਨਣ ਦੀ ਉਤਸੁਕਤਾ ਸੀ।

ਸਵੇਰੇ ਉਠ ਕੇ ਚਾਹ ਪੀਂਦਿਆਂ ਮੈਂ ਅਖਬਾਰ ਉਡੀਕ ਹੀ ਰਿਹਾ ਸਾਂ ਕਿ 7 ਵਜੇ ਤੋਂ ਪਹਿਲਾਂ ਹੀ ਇਕ ਹੋਰ ਕਰੀਬੀ ਦੋਸਤ ਪ੍ਰੋ. ਰਾਜੇਸ਼ ਸ਼ਰਮਾ ਦਾ ਫੋਨ ਆ ਗਿਆ। ਉਨ੍ਹਾਂ ਪਰਾਗ ਸਾਹਿਬ ਤੋਂ ਵੀ ਵੱਧ ਪ੍ਰਸੰਨਤਾ ਅਤੇ ਤਸੱਲੀ ਜ਼ਾਹਰ ਕਰਦਿਆਂ ਦੱਸਿਆ ਕਿ ਮਾਰੀਓ ਇਓਸ਼ਾ ਨੂੰ ਨੋਬਲ ਇਨਾਮ ਮਿਲ ਗਿਆ ਹੈ ਅਤੇ ਉਸਨੇ ਸਵੀਕਾਰ ਵੀ ਕਰ




ਲਿਆ ਹੈ। ਉਨ੍ਹਾਂ ਨੂੰ ਮਾਰੀਓ ਇਓਸ਼ਾ ਦੀ ਕਰਤਾਰੀ ਕਿਸਮ ਦੀ ਸਿਰਜਣਾਤਮਿਕ ਪ੍ਰਤਿਭਾ ਬਾਰੇ ਮੇਰੀ ਵਿਸ਼ੇਸ਼ ਸਤਿਕਾਰ ਦੀ ਭਾਵਨਾ ਦਾ ਪਤਾ ਸੀ। ਦੋ ਕੁ ਵਰ੍ਹੇ ਪਹਿਲਾਂ ਮੈਨੂੰ ਕੈਨੇਡਾ ਜਾਣਾ ਪੈ ਗਿਆ ਸੀ ਅਤੇ ਆਉਂਦਾ ਹੋਇਆ ਮੈਂ ਪ੍ਰੋ. ਰਾਜੇਸ਼ ਲਈ ਉਪਹਾਰ ਵਜੋਂ ਜੋ 10 ਕੁ ਪੁਸਤਕਾਂ ਲੈ ਕੇ ਆਇਆ ਸਾਂ ਉਨ੍ਹਾਂ ਵਿਚ ਮਹਾਨ ਫਰਾਂਸੀਸੀ ਨਾਵਲਕਾਰ ਗੁਸਤਾਵ ਫਲਾਬੇਅਰ ਦੇ ਕਲਾਸਿਕ ਨਾਵਲ 'ਮਦਾਮ ਬਵਾਰੀ' ਬਾਰੇ ਮਾਰੀਓ ਇਓਸ਼ਾ ਦੀ 'ਨਿਰੰਤਰ ਕ੍ਰੀੜਾ' ਨਾਂ ਦੀ ਪੁਸਤਕ ਵੀ ਸ਼ਾਮਲ ਸੀ। ਪ੍ਰੋ. ਰਾਜੇਸ਼ ਨੂੰ ਇਹ ਕਿਤਾਬ ਬਹੁਤ ਹੀ ਦਮਦਾਰ ਲੱਗੀ ਸੀ ਅਤੇ ਉਨ੍ਹਾਂ ਦਾ ਕਹਿਣਾ ਸੀ ਕਿ ਕੈਨੇਡਾ ਯਾਤਰਾ ਦੀ ਮੇਰੀ ਕੋਈ ਹੋਰ ਨਹੀਂ ਤਾਂ ਇਹ ਇਕੋ ਪ੍ਰਾਪਤੀ ਹੀ ਕਾਫੀ ਸੀ।

ਇਸ ਪ੍ਰਸੰਗ ਦਾ ਇਕ ਹੋਰ ਪਿਛੋਕੜ ਇਹ ਵੀ ਸੀ ਕਿ ਇਓਸ਼ਾ ਦਾ 'ਇਕ ਖਰਾਬ ਲੜਕੀ' (ਦਾ ਬੈਡ ਗਰਲ) ਨਾਂ ਦਾ ਸ਼ਾਹਕਾਰ ਨਾਵਲ ਸਾਡੇ ਇਥੇ ਅਜੇ ਆਇਆ ਵੀ ਨਹੀਂ ਸੀ ਕਿ ਉਸ ਬਾਰੇ ਮੈਡਮ ਕੈਥਰਾਈਨ ਹੈਰੀਸਨ ਵਲੋਂ 14 ਅਕਤੂਬਰ 2007 ਨੂੰ 'ਖਤਰਨਾਕ ਖਬਤ' ਦੇ ਸਿਰਲੇਖ ਹੇਠ ਪਾਇਆ ਲੇਖ ਉਨ੍ਹਾਂ ਦਿਨਾਂ ਵਿਚ ਹੀ ਇੰਟਰਨੈਟ ਤੋਂ ਕੱਢ ਕੇ ਮੈਨੂੰ ਬਾਈ ਰਾਜੇਸ਼ ਹੋਰਾਂ ਨੇ ਵਿਸ਼ੇਸ਼ ਉਚੇਚ ਨਾਲ ਘਰੇ ਆ ਕੇ ਦਿੱਤਾ ਸੀ।

ਕੈਥਰਾਈਨ ਨੇ ਆਪਣੇ ਇਸ ਲੇਖ ਵਿਚ ਇਕ ਖਰਾਬ ਲੜਕੀ ਅਤੇ ਇਸ ਤੋਂ 20 ਸਾਲ ਪਹਿਲਾਂ ਇਓਸ਼ਾ ਵਲੋਂ 'ਮਾਦਾਮ ਬਵਾਰੀ' ਬਾਰੇ ਲਿਖੀ 'ਨਿਰੰਤਰ ਕ੍ਰੀੜਾ' ਨਾਂ ਦੀ ਸ਼ਾਹਕਾਰ ਕਿਸਮ ਦੀ ਕਿਤਾਬ ਦੇ ਆਪਸੀ ਸਬੰਧ ਦਾ ਪੂਰੇ ਵਿਸਥਾਰ ਨਾਲ ਜ਼ਿਕਰ ਕੀਤਾ ਹੋਇਆ ਸੀ। ਕੈਥਰਾਈਨ ਦਸਦੀ ਹੈ ਕਿ ਲਾਤੀਨੀ ਅਮਰੀਕਾ ਦੇ ਦੇਸ਼ ਪੀਰੂ ਦਾ ਇਹ ਨਾਵਲਕਾਰ ਸਾਲ 1959 ਵਿਚ ਉਮਰ ਦੇ 22ਵੇਂ ਜਾਂ 23ਵੇਂ ਵਰ੍ਹੇ ਦੌਰਾਨ ਫਰਾਂਸ ਦੀ ਰਾਜਧਾਨੀ ਪੈਰਿਸ ਆਇਆ ਸੀ। ਉਸ ਵਰ੍ਹੇ ਉਸ ਨੇ ਫਲਾਬੇਅਰ ਦਾ ਸ਼ਾਹਕਾਰ ਪੜ੍ਹਿਆ ਅਤੇ ਮਾਦਾਮ ਬਵਾਰੀ ਦਾ ਕਿਰਦਾਰ ਉਸਦੇ ਦਿਲੋ-ਦਿਮਾਗ ਤੇ ਪੂਰੀ ਤਰ੍ਹਾਂ ਛਾ ਗਿਆ ਸੀ। ਮਾਨੋ ਕਿ ਕੋਈ ਇਨਸਾਨ ਕਿਸੇ ਦੀ ਸ਼ਖਸੀਅਤ ਦੇ ਕਿਸੇ ਤਕੜੇ ਗੈਬੀ ਜਾਦੂ ਦੀ ਗ੍ਰਿਫਤ ਵਿਚ ਕੀਲਿਆ ਜਾਵੇ। ਪੂਰੇ 25ਵਰ੍ਹੇ ਮਾਦਾਮ ਬਵਾਰੀ ਦੀ ਖਿੱਚ ਦੇ ਰਹੱਸ ਨੂੰ ਪਕੜਨ ਦੀ ਨਿਰੰਤਰ ਸਾਧਨਾ ਤੋਂ ਬਾਅਦ ਹੀ ਇਓਸ਼ਾ ਨੇ 'ਨਿਰੰਤਰ ਕ੍ਰੀੜਾ' ਨਾਂ ਦੀ ਆਪਣੀ ਉਹ ਪੁਸਤਕ ਲਿਖੀ ਸੀ।

ਕੈਥਰਾਈਨ ਹੈਰੀਸਨ ਦਾਅਵਾ ਕਰਦੀ ਹੈ ਕਿ ਇਹ ਕਿਤਾਬ ਲਿਖ ਕੇ ਵੀ ਮਾਰੀਓ ਇਓਸ਼ਾ ਦੀ ਤਸੱਲੀ ਨਹੀਂ ਹੋਈ ਸੀ। ਅਸਲ ਤਸੱਲੀ ਸਪੇਨੀ ਭਾਸ਼ਾ ਦੇ ਇਸ ਮਹਾਨ ਕਥਾਕਾਰ ਦੀ 20 ਵਰ੍ਹੇ ਹੋਰ ਲੰਘ ਜਾਣ ਤੇ ਆਪਣੀ ਉਮਰ ਦੇ 70ਵੇਂ ਸਾਲ ਵਿਚ ਮਾਦਾਮ ਬਵਾਰੀ ਦੇ ਕਿਰਦਾਰ ਨੂੰ 'ਇਕ ਖਰਾਬ ਲੜਕੀ' ਦੇ ਰੂਪ ਵਿਚ ਨਵੇਂ ਸਿਰਿਓਂ ਸਿਰਜ ਕੇ ਹੀ ਹੋਈ ਹੈ।

ਸਾਲ 1860 ਦੇ ਆਸਪਾਸ ਜਦੋਂ 'ਮਾਦਾਮ ਬਵਾਰੀ' ਨਾਂ ਦਾ ਨਾਵਲ ਛਪਿਆ ਸੀ ਤਾਂ ਸਾਰੇ ਯੋਰਪ ਅੰਦਰ ਜ਼ਬਰਦਸਤ ਵਾਵੇਲਾ ਖੜ੍ਹਾ ਹੋ ਗਿਆ ਸੀ ਅਤੇ ਇਸ ਨੂੰ ਸਿਰੇ ਦੀ ਅਸ਼ਲੀਲ ਕ੍ਰਿਤ ਆਖ ਕੇ ਭੰਡਿਆ ਗਿਆ ਸੀ ਅਤੇ ਸਰਕਾਰ ਵਲੋਂ ਇਸ ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਆਪਣੀ ਹੀ ਤਰ੍ਹਾਂ ਦੇ ਮਹਾਨ ਦਰਵੇਸ਼ ਕਿਸਮ ਦੇ ਲੇਖਕ ਗੁਸਤਾਵ ਫਲਾਬੇਅਰ ਨੂੰ ਬੇਹੱਦ ਨਿਰਾਸ਼ਾ ਹੋਈ ਅਤੇ ਉਹ ਅਗਲੇ ਕਈ ਵਰ੍ਹਿਆਂ ਤੱਕ ਮਾਨਸਿਕ ਰੋਗ ਦਾ ਸ਼ਿਕਾਰ ਹੋਏ ਰਹੇ ਸਨ। ਪ੍ਰੰਤੂ ਸਮੇਂ ਬਦਲਦੇ ਗਏ ਅਤੇ ਲੋਕਾਂ ਨੂੰ ਹੌਲੀ ਹੌਲੀ ਮਾਦਾਮ ਬਵਾਰੀ ਦੇ ਦਰਦ ਦੀ ਥਾਹ ਲੱਗਦੀ ਗਈ, ਉਨ੍ਹਾਂ ਦੇ ਮਨਾਂ ਅੰਦਰ ਬਵਾਰੀ ਦੇ ਕਿਰਦਾਰ ਪ੍ਰਤੀ ਆਕਰਸ਼ਨ ਵਧਦਾ ਗਿਆ। ਵੈਸੇ ਤਾਂ ਮੇਰੀ ਅਕਲ ਅਨੁਸਾਰ ਮਾਦਾਮ ਬਵਾਰੀ ਦਾ ਕਿਰਦਾਰ ਅਜਿਹੇ ਇਨਸਾਨਾਂ ਵਰਗਾ ਹੈ ਜਿਨ੍ਹਾਂ ਬਾਰੇ ਉਰਦੂ ਦੇ ਮਹਾਨ ਸ਼ਾਇਰ ਮਿਰਜ਼ਾ ਗਾਲਿਬ ਨੇ

ਇਬਨੇ ਮਰੀਅਮ ਹੂਆ ਕਰੇ ਕੋਈ।
ਮੇਰੇ ਦੁੱਖ ਕੀ ਦਵਾ ਕਰੇ ਕੋਈ।

ਵਰਗੇ ਬੋਲਾਂ ਵਾਲਾ ਸਸ਼ਕਤ ਸ਼ੇਅਰ ਲਿਖ ਕੇ ਸਾਰੀ ਗੱਲ ਮੁਕਾਈ ਹੋਈ ਹੈ ਯਾਨਿ ਕਿ ਅਜਿਹੇ ਦਰਦ ਦਾ ਦਾਰੂ ਕੋਈ ਮਰੀਅਮ ਦਾ ਬੇਟਾ ਵੀ ਕੀ ਕਰੇਗਾ? ਪਰ ਫਿਰ ਵੀ ਫਿਰ ਪਿੱਛੋਂ ਦੇ ਸਾਲਾਂ ਦੌਰਾਨ 'ਮਾਦਾਮ ਬਵਾਰੀ' ਬਾਰੇ ਲਗਾਤਾਰ ਲਿਖਤਾਂ ਆਉਂਦੀਆਂ ਚਲੀਆਂ ਗਈਆਂ। ਕਹਿੰਦੇ ਹਨ ਕਿ ਦੁਨੀਆਂ ਦਾ ਸਭ ਤੋਂ ਮਹਾਨ ਰੂਸੀ ਕਥਾਕਾਰ ਫਿਓਦੋਰ ਦਾਸਤੋਵਸਕੀ ਇਸ ਕਿਤਾਬ ਤੋਂ ਬੇਹੱਦ ਮੁਤਾਸਰ ਸੀ ਅਤੇ ਉਸਨੇ ਆਪਣੀ ਪਿਆਰੀ ਬੀਵੀ ਅੰਨਾ ਨੂੰ ਸਾਹਿਤ ਦੇ ਸੁਹੱਪਣ ਜਾਂ ਸ਼ਕਤੀ ਬਾਰੇ ਜਾਣੂ ਕਰਵਾਉਣ ਲਈ ਆਪਣੇ ਵਿਆਹ ਤੋਂ ਬਾਅਦ ਇਹੋ ਕਿਤਾਬ ਹੀ ਉਪਹਾਰ ਵਜੋਂ ਭੇਟ ਕੀਤੀ ਸੀ। ਖੈਰ, 'ਮਾਦਾਮ ਬਵਾਰੀ' ਬਾਰੇ ਅਲੋਚਨਾਤਮਕ ਅਤੇ ਸਿਰਜਣਾਤਮਕ ਲਿਖਤਾਂ ਦਾ ਸਿਖਰ ਉਸ ਸਮੇਂ ਆਇਆ ਜਦੋਂ ਸਾਲ 1968 ਦੇ ਫਰਾਂਸੀਸੀ ਇਨਕਲਾਬ ਦਾ ਵੱਧ ਚੜ੍ਹ ਕੇ ਸਰਗਰਮ ਸਮਰਥਨ ਕਰਨ ਤੋਂ ਬਾਅਦ ਜਾਂ ਪਾਲ ਸਾਰਤਰ ਨੇ ਮਹਿਜ਼ ਤਿੰਨ ਕੁ ਸੌ ਪੰਨਿਆਂ ਦੇ ਇਸ ਨਾਵਲ ਦੇ ਸਾਹਿਤਕ-ਸੁਹਜਾਤਮਕ ਰਹੱਸ ਦੀ ਥਾਹ ਪਾਉਣ ਲਈ ਚਾਰ ਜਿਲਦਾਂ ਵਿਚ ਫੈਲੀ ਹੋਈ ਠੀਕ The family Idiot ਨਾਂ ਦੀ ਆਪਣੀ ਅਹਿਮ ਪੁਸਤਕ ਲਿਖਣੀ ਸ਼ੁਰੂ ਕਰ ਦਿੱਤੀ ਪਰ ਚੌਥੀ ਜਿਲਦ 'ਤੇ ਜਾ ਕੇ ਸਾਰਤਰ ਨੇ ਇਹ ਕਹਿੰਦਿਆਂ ਵਿਚਾਲੇ ਹੀ ਹਥਿਆਰ ਸੁੱਟ ਦਿੱਤੇ ਕਿ ਉਸ ਕੋਲੋਂ ਫਲਾਬੇਅਰ ਦੇ ਇਸ ਮਹਾਨ ਸ਼ਾਹਕਾਰ ਦੀ ਖਿੱਚ ਦੇ ਕਾਰਨਾਂ ਦੀ ਥਾਹ ਪਾਈ ਨਹੀਂ ਗਈ।

ਸੋ ਇਹ ਹੈ ਉਹ ਪਿਛੋਕੜ ਜਿੱਥੇ ਮਾਰੀਓ ਇਓਸ਼ਾ ਦੀਆਂ ਦੋਵੇਂ ਕਿਤਾਬਾਂ ਪੜ੍ਹੀਆਂ ਅਤੇ ਸਮਝੀਆਂ ਜਾਣੀਆਂ ਚਾਹੀਦੀਆਂ ਹਨ।

ਮਾਰੀਓ ਇਓਸ਼ਾ ਨੂੰ ਨੋਬਲ ਇਨਾਮ ਮਿਲਣ ਤੋਂ ਮਹੀਨਾ ਕੁ ਪਹਿਲਾਂ ਦੀ ਗੱਲ ਹੈ। ਮੇਰੇ ਗਵਾਂਢੀ ਅਤੇ ਵੱਡੇ ਭਾਈਆਂ ਵਰਗੇ ਦਾਨਸ਼ਵਰ ਦੋਸਤ ਡਾ. ਕੇਹਰ ਸਿੰਘ ਹੋਰਾਂ ਨੇ ਮੇਰੇ ਕਹਿਣ 'ਤੇ ਇਓਸ਼ਾ ਦਾ 'ਬੁਰੀ ਲੜਕੀ' ਨਾਂ ਦਾ ਨਾਵਲ ਪੜ੍ਹਿਆ ਸੀ ਅਤੇ ਉਸ ਨੂੰ ਇਹ ਬਹੁਤ ਰਹੱਸਮਈ ਲੱਗਿਆ ਸੀ। ਕੁਝ ਦਿਨ ਬਾਦ ਦੀ ਗੱਲਬਾਤ ਦੌਰਾਨ ਕੋਲ ਬੈਠੇ ਡਾ. ਬਲਕਾਰ ਸਿੰਘ ਦਾ ਕਹਿਣਾ ਸੀ ਕਿ ਉਹ ਅਜਿਹੀ ਅਸ਼ਲੀਲ (Pornographic) ਕਿਤਾਬ ਨੂੰ ਪੜ੍ਹਨਾ ਤੇ ਪਾਸੇ ਰਿਹਾ, ਛੂਹ ਵੀ ਨਹੀਂ ਸਕਦੇ। ਉਨ੍ਹਾਂ ਦੀ ਅਜਿਹੀ ਮਾਰੂ ਟਿਪਣੀ ਸੁਣ ਕੇ ਮੇਰੇ ਜ਼ਿਹਨ ਵਿਚ ਕਾਲਜ ਦੇ ਮੁੱਢਲੇ ਸਾਲਾਂ ਦੌਰਾਨ ਪੜ੍ਹੇ ਵਿਲੀਅਮ ਸਮਰਸੈਟ ਮਾਮ ਦੇ 'ਦਾ ਰੇਜਰਜ ਐਜ' ਨਾਂ ਦੇ ਮਸ਼ਹੂਰ ਨਾਵਲ ਦੇ ਮੁਖ ਪਾਤਰ ਲੈਰੀ ਦੀ ਕਹਾਣੀ ਉਭਰ ਆਈ। ਸਵਾਲ ਇਹ ਸੀ ਕਿ ਮਾਦਾਮ ਬਵਾਰੀ ਜਾਂ ਮਾਰੀਓ ਇਓਸ਼ਾ ਦੇ ਨਾਵਲ ਦੀ ਖਰਾਬ ਲੜਕੀ ਦੀ ਆਤਮਾ ਨੂੰ ਖੋਹ ਕਾਸਦੀ ਪੈਂਦੀ ਹੈ ਅਤੇ ਉਨ੍ਹਾਂ ਦੀ ਭਟਕਣ ਅਤੇ ਲੈਰੀ ਦੀ ਭਟਕਣ ਕਿਸ ਧੁਰੇ 'ਤੇ ਮਿਲਦੀਆਂ ਹਨ।

ਮਾਮ ਨੇ ਵੀ ਆਪਦਾ ਨਾਵਲ ਉਤਮ ਪੁਰਖ ਬਿਰਤਾਂਤ ਵਿਚ ਲਿਖਿਆ ਹੈ। ਨਾਵਲੀ ਕਥਾ ਦੇ ਅਰੰਭ ਵਿਚ ਹੀ ਲੈਰੀ ਤੇ ਉਸਦੀ ਜਿੰਦਗੀ ਨਾਲ ਭਰੀ ਹੋਈ ਅਤਿ ਪਿਆਰੀ ਸਾਥਣ ਈਜ਼ਾਬੇਲ ਟੈਨਿਸ ਦੀ ਬਾਜੀ ਲਗਾ ਕੇ ਕਮਰੇ ਵਿਚ ਦਾਖਲ ਹੁੰਦੇ ਹਨ। ਲੈਰੀ ਈਜ਼ਾਬੇਲ ਨੂੰ ਬੇਪਨਾਹ ਮੁਹੱਬਤ ਕਰਦਾ ਹੈ। ਪਰ ਅਚਾਨਕ ਕੋਈ ਅੰਤਾਂ ਦੀ ਉਦਾਸੀ ਉਸ ਦੀ ਰੂਹ ਅੰਦਰ ਵਸ ਗਈ ਹੈ, ਹੁਣ ਉਹ ਉਸ ਨਾਲ ਕਤਈ ਵਿਆਹ ਕਰਵਾਉਣ ਲਈ

***(ਬਾਕੀ ਅਗਲੇ ਸਫੇ 'ਤੇ)***

# ਮਾਰੀਓ ਇਓਸ਼ਾ ਨੂੰ ਸਾਹਿਤ ਦਾ ਨੋਬਲ ਇਨਾਮ

**ਅਮਰਜੀਤ ਸਿੰਘ ਪਰਾਗ**

ਨਾਰਵੇ ਦੀ ਨੋਬਲ ਅਕੈਡਮੀ ਵੱਲੋਂ ਲੰਮੇ ਅਰਸੇ ਪਿਛੋਂ ਲਾਤੀਨੀ ਅਮਰੀਕਾ ਦੇ ਕਿਸੇ ਸਾਹਿਤਕਾਰ ਨੂੰ ਇਸ ਵਰ੍ਹੇ ਦਾ ਨੋਬਲ ਇਨਾਮ ਦਿੱਤਾ ਗਿਆ ਹੈ। 1982 ਵਿਚ ਗੈਬਰਾਈਲ ਗਾਰਸ਼ੀਆ ਮਾਰਖੇਜ਼ ਨੂੰ ਉਸਦੇ ਨਾਵਲ '100 ਵਰ੍ਹੇ ਦੀ ਇਕੱਲ' ਲਈ ਨੋਬਲ ਇਨਾਮ ਦਿੱਤਾ ਗਿਆ ਸੀ, ਜਿਸਨੂੰ ਅਜੋਕੇ ਸਮੇਂ ਦੀ 'ਬਾਈਬਲ' ਕਿਹਾ ਜਾਂਦਾ ਹੈ। ਪਿਛਲੇ 6 ਸਾਲਾਂ ਵਿਚ ਸਾਹਿਤ ਲਈ 5 ਨੋਬਲ ਇਨਾਮ ਯੂਰਪੀ ਲੇਖਕਾਂ ਨੂੰ ਹੀ ਦਿੱਤੇ ਗਏ ਸਨ ਜਿਸ ਕਰਕੇ ਅਕੈਡਮੀ ਉਪਰ ਯੂਰਪ ਮੁਖੀ ਹੋਣ ਦਾ ਇਲਜ਼ਾਮ ਲੱਗਦਾ ਰਿਹਾ ਹੈ। ਉਂਜ ਵੀ ਲੱਗਭਗ 100 ਸਾਲਾਂ ਤੋਂ ਕਦੇ-ਕਦਾਈਂ ਹੀ ਦੂਜੀ ਜਾਂ ਤੀਜੀ ਦੁਨੀਆਂ ਦੇ ਲੇਖਕਾਂ ਨੂੰ ਨੋਬਲ ਇਨਾਮ ਦਿੱਤਾ ਗਿਆ ਹੈ। ਉਨ੍ਹਾਂ ਦੀ ਚੋਣ ਵੀ ਬਹੁਤਾ ਕਰਕੇ ਰਾਜਸੀ ਤਰਜ਼ੀਹਾਂ ਨੂੰ ਮੁੱਖ ਰੱਖ ਕੇ ਹੀ ਕੀਤੀ ਜਾਂਦੀ ਰਹੀ ਹੈ। ਇਹੀ ਕਾਰਨ ਹੈ ਕਿ ਟਾਲਸਟਾਏ, ਜੇਮਜ਼ ਜੁਆਇਸ, ਕਾਫਕਾ ਅਤੇ ਪਰੂਸਟ ਵਰਗੇ ਮਹਾਨ ਲੇਖਕ ਇਸ ਇਨਾਮ ਤੋਂ ਵਾਂਝੇ ਹੀ ਰਹੇ। ਖੈਰ, ਇਓਸ਼ਾ ਨੂੰ 74 ਵਰ੍ਹੇ ਦੀ ਉਮਰ ਵਿਚ ਇਹ ਇਨਾਮ ਮਿਲ ਹੀ ਗਿਆ। ਇਨਾਮ ਦਿੰਦੇ ਸਮੇਂ ਅਕੈਡਮੀ ਦੇ ਬੁਲਾਰੇ ਨੇ ਇਓਸ਼ਾ ਨੂੰ ਦੈਵੀ ਸੁਗਾਤ ਨਾਲ ਵਰੋਸਾਇਆ ਕਹਾਣੀਕਾਰ ਕਿਹਾ ਹੈ, ਜਿਸਦੀਆਂ ਰਚਨਾਵਾਂ ਬਣਤਰ ਵਿਚ ਬੇਹੱਦ ਪੇਚੀਦਾ, ਵੱਖ-ਵੱਖ ਦ੍ਰਿਸ਼ਟੀਕੋਣਾਂ, ਭਿੰਨ-ਭਿੰਨ ਆਵਾਜ਼ਾਂ ਅਤੇ ਵੱਖ-ਵੱਖ ਸਥਾਨਾਂ ਨਾਲ ਸਬੰਧਤ ਹਨ। ਉਸਨੇ ਬਿਰਤਾਂਤ ਕਲਾ ਨੂੰ ਵਿਕਸਤ ਕੀਤਾ। ਹੁਣ ਤੱਕ ਉਸਦੇ ਢਾਈ ਦਰਜਨ ਨਾਵਲ, ਅਨੇਕਾਂ ਨਿਬੰਧ ਅਤੇ ਕਈ ਨਾਟਕ ਪ੍ਰਕਾਸ਼ਿਤ ਹੋ ਚੁੱਕੇ ਹਨ। ਇੱਕ ਮਹਾਨ ਲੇਖਕ ਹੋਣ ਤੋਂ ਬਿਨਾਂ ਉਸਦੇ ਆਪਣੇ ਦੇਸ਼ ਅਤੇ ਸੰਸਾਰ ਦੀ ਰਾਜਨੀਤੀ ਦੀਆਂ ਵੱਖ-ਵੱਖ ਵਿਚਾਰਧਾਰਾਵਾਂ ਪ੍ਰਤੀ ਤੀਬਰ ਵਿਚਾਰ ਹਨ। ਉਹ ਖੱਬੇਪੱਖੀ ਝੁਕਾਵਾਂ ਤੋਂ ਹੁੰਦਾ ਹੋਇਆ ਸੱਜੇ ਪਾਸੇ ਨੂੰ ਮੁੜਿਆ ਹੈ। ਵੈਨਜ਼ੁਏਲਾ ਦੇ ਖੱਬੇਪੱਖੀ ਪ੍ਰਧਾਨ ਹੀਗੋ ਸ਼ਾਬੇਜ਼ ਉਪਰ ਉਸਨੇ ਅਕਸਰ ਸ਼ਬਦਬਾਣ ਚਲਾਏ ਹਨ। ਆਪਣੇ ਦੋਸਤ 'ਗਾਰਸ਼ੀਆ ਮਾਰਖੇਜ਼' ਨਾਲ ਉਹ ਦਹਾਕਿਆਂ ਤੋਂ ਇਸ ਲਈ ਨਹੀਂ ਬੋਲਿਆ ਕਿਉਂ ਜੋ ਮਾਰਖੇਜ਼ ਕਿਊਬਾ ਦੇ ਕਮਿਊਨਿਸਟ ਰਾਸ਼ਟਰਪਤੀ 'ਫੀਦਲ ਕਾਸਟਰੋ' ਨਾਲ ਨੇੜਤਾ ਰੱਖਦਾ ਹੈ। ਕਾਸਟਰੋ ਵੱਲੋਂ ਕਵੀ 'ਹੈਬੈਲਟੋ ਪਾਦੀਲਾ' ਨੂੰ ਜੇਲ੍ਹ ਵਿਚ ਸੁੱਟਣਾ ਇਓਸ਼ਾ ਦੀਆਂ ਨਜ਼ਰਾਂ ਵਿਚ ਵਿਅਕਤੀਗਤ ਸੁਤੰਤਰਤਾ ਅਤੇ ਜ਼ਮੀਰ ਦੀ ਆਜ਼ਾਦੀ ਉਪਰ ਹਮਲਾ ਸੀ। ਉਸਨੇ ਡੌਮੀਨੀਕਨ ਗਣਰਾਜ ਦੇ ਡਿਕਟੇਟਰ 'ਰੈਫਾਈਲ ਟਰੂਜੀਲੋ' ਦੇ ਘੋਰ ਦਮਨਕਾਰੀ ਸ਼ਾਸਨ ਬਾਰੇ ਦਹਿਲ ਪਾ ਦੇਣ ਵਾਲਾ ਨਾਵਲ ਬੱਕਰੇ ਦੀ ਦਾਅਵਤ (ਫੀਸਟ ਆਫ ਦੀ ਗੋਟ) ਲਿਖਿਆ। ਉਸਦੀ ਮੁਢਲੀ ਰਚਨਾ ਨਿਰੰਤਰ-ਕ੍ਰੀੜਾ (ਪਰਪੈਚੁਅਲ ਓਰਜੀ) ਅਤੇ ਅਜੋਕੇ ਦੌਰ ਦੀ ਰਚਨਾ ਇੱਕ ਬੁਰੀ ਲੜਕੀ (ਦਾ ਬੈਡ ਗਰਲ) ਪੜ੍ਹਨ ਤੋਂ ਆਭਾਸ ਹੁੰਦਾ ਹੈ ਕਿ ਉਸ ਉਪਰ ਫਰਾਂਸੀਸੀ ਲੇਖਕ ਫਲਾਬੇਅਰ ਰਚਿਤ ਮਾਦਾਮ ਬਾਵਾਰੀ ਦਾ ਗਹਿਰਾ ਪ੍ਰਭਾਵ ਹੈ। ਉਸਨੇ ਆਪਣੇ ਨਾਵਲਾਂ ਵਿਚ ਮਾਨੋ ਮਾਦਾਮ ਬਾਵਾਰੀ ਨੂੰ ਵਾਰ-ਵਾਰ ਚਿਤਰਿਆ ਹੈ। ਇਸਤਰੀ ਦੇ ਇਨ੍ਹਾਂ ਕਿਰਦਾਰਾਂ ਦੀ ਜਾਨਦਾਰ ਪੇਸ਼ਕਾਰੀ ਇਓਸ਼ਾ ਦੀ ਕਲਮ ਦੇ ਜ਼ੋਰ ਦੀ ਗਵਾਹੀ ਹੈ।

ਇਓਸ਼ਾ ਦੇ ਨਾਵਲ ਸੱਤਾ ਅੱਗੇ ਸਵਾਲ ਖੜ੍ਹਾ ਕਰਨ ਅਤੇ ਵਿਰੋਧ ਵਿਚ ਖੜਨ ਵਾਲੇ ਹਨ। ਉਸਨੇ ਪੀਰੂ ਦੀ ਸਾਹਿਤਕ ਪਰੰਪਰਾ ਨੂੰ ਪੁਨਰ-ਸੁਰਜੀਤ ਕੀਤਾ। ਉਸਦੇ ਨਾਵਲ ਸੱਭਿਆਚਾਰਕ ਅਤੇ ਰਾਜਨੀਤੀ ਦੇ ਟਕਰਾਊ ਨੂੰ ਜ਼ੋਰਦਾਰ ਅਤੇ ਮਾਰਮਿਕ ਢੰਗ ਨਾਲ ਪੇਸ਼ ਕਰਦੇ ਹਨ। ਇਓਸ਼ਾ ਨੇ ਆਪਣੇ ਨਾਵਲਾਂ ਵਿਚ ਲਾਤੀਨੀ ਅਮਰੀਕਾ ਦੀ ਨਾਬਰੀਅਤ, ਮਿਥਿਹਾਸ ਅਤੇ ਕਥਾ ਪਰੰਪਰਾ ਦਾ ਸ਼ਾਨਦਾਰ ਇਸਤੇਮਾਲ ਕੀਤਾ ਹੈ।

1990 ਵਿਚ ਉਸਨੇ ਆਪਣੇ ਦੇਸ਼ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਅਲਬਰਟੋ ਫੂਜੀਮੋਰੀ ਵਿਰੁਧ ਇਲੈਕਸ਼ਨ ਵੀ ਲੜੀ ਸੀ, ਜਿਸ ਵਿਚ ਉਹ ਸਫਲ ਨਾ ਹੋ ਸਕਿਆ। ਏਦਾਂ ਹੀ ਸ਼ਾਈਨਿੰਗ ਪਾਥੋ ਦੀ ਖਾੜਕੂ ਲਹਿਰ ਬਾਰੇ ਉਸ ਨੇ 'ਡੈਥ ਇਨ ਦਾ ਇਨਡੀਜ਼ੋ' ਨਾਂ ਦਾ ਨਾਵਲ ਲਿਖਿਆ। ਇਨ੍ਹਾਂ ਕਾਰਨਾਂ ਕਰਕੇ ਹੀ ਨਾਰਵੀਅਨ ਅਕੈਡਮੀ ਵਲੋਂ ਉਸ ਦੀਆਂ ਲਿਖਤਾਂ ਨੂੰ ਸੱਤਾ ਦੀ ਸੰਰਚਨਾ ਦੀ ਨਕਾਸੀ ਕਰਨ ਵਾਲਾ ਅਜਿਹਾ ਲੇਖਕ ਕਿਹਾ ਹੈ, ਜਿਸ ਦੀਆਂ ਲਿਖਤਾਂ ਵਿਅਕਤੀ ਦੇ ਵਿਰੋਧ, ਬਗਾਵਤ ਅਤੇ ਹਾਰ ਨੂੰ ਦਰਸਾਉਂਦੀਆਂ ਹਨ। 1995 ਵਿਚ ਇਓਸ਼ਾ ਨੂੰ ਸਰਵੈਨਟੀਜ਼ੋ ਨਾਂ ਦਾ ਸਤਿਕਾਰਿਤ ਇਨਾਮ ਦਿਤਾ ਗਿਆ।

ਪੀਰੂ ਦੇ ਐਰੀਕਿਉਪਾ ਸਥਾਨ ਤੇ ਜਨਮਿਆ ਇਓਸ਼ਾ ਆਪਣੇ ਮਾਪਿਆਂ ਦੇ ਤਲਾਕ ਤੋਂ ਬਾਅਦ ਬੋਲੀਵੀਆ 'ਚ ਆਪਣੇ ਦਾਦਕਿਆਂ ਪਾਸ ਪਲਿਆ। ਬਾਅਦ ਵਿਚ ਸਾਰੇ ਪੀਰੂ ਵਾਪਿਸ ਆ ਗਏ ਜਿਥੇ ਉਸਨੇ ਲੀਮਾ ਅਤੇ ਮੈਡਰਿਡ ਦੇ ਸੈਨਿਕ ਸਕੂਲਾਂ ਵਿਚ ਸਾਹਿਤ ਅਤੇ ਕਾਨੂੰਨ ਦੀ ਪੜ੍ਹਾਈ ਕੀਤੀ।

1959 ਵਿਚ ਉਹ ਫਰਾਂਸ ਦੀ ਰਾਜਧਾਨੀ ਪੈਰਿਸ ਚਲਾ ਗਿਆ। ਏਥੇ ਉਸਨੇ ਬਤੌਰ ਪੱਤਰਕਾਰ ਅਤੇ ਅਧਿਆਪਕ ਕੰਮ ਕੀਤਾ। ਇਓਸ਼ਾ ਨੇ ਦੱਖਣੀ ਅਮਰੀਕਾ, ਯੂਰਪ ਅਤੇ ਅਮਰੀਕਾ ਦੀਆਂ ਅਨੇਕਾਂ ਯੂਨੀਵਰਸਿਟੀਆਂ ਵਿਚ ਅਧਿਆਪਨ ਦਾ ਕੰਮ ਕੀਤਾ। ਅੱਜ-ਕੱਲ ਉਹ ਅਮਰੀਕਾ ਵਿਚ ਨਿਊ ਜਰਸੀ ਸਟੇਟ ਦੇ ਪਰਿਸਟਨ ਵਿਸ਼ਵਵਿਦਿਆਲੇ ਵਿਚ ਲੈਕਚਰਾਰ ਹੈ।

ਉਸਨੇ ਇੱਕ ਅਤਿ ਮਹੱਤਵ ਅਕਾਂਖਸ਼ੀ ਨਾਵਲ 'ਦੁਨੀਆਂ ਦੇ ਅੰਤ ਦਾ ਯੁੱਧ' ਵੀ ਲਿਖਿਆ। ਇਸ ਵਿਚ ਇੱਕ ਕੱਟੜਪੰਥੀ ਵਿਅਕਤੀ ਵੱਲੋਂ ਕਈ ਕਿਸਮ ਦੇ ਸਹਿਜ ਵਿਸ਼ਵਾਸੀ, ਦੁਰਕਾਰੇ, ਕਾਨੂੰਨ ਤੋੜਨ ਵਾਲੇ ਅਤੇ ਅਨੇਕਾਂ ਕਿਸਮਾਂ ਦੇ ਹੋਰ ਅਨਸਰਾਂ ਉਪਰ ਆਧਾਰਤ ਇੱਕ ਸੈਨਾ ਖੜੀ ਕਰਕੇ ਸਥਾਪਤ ਸੱਤਾ ਨੂੰ ਚੁਣੌਤੀ ਦਿੱਤੀ ਜਾਂਦੀ ਹੈ। ਇਹ ਰਚਨਾ ਪੜ੍ਹ ਕੇ ਗੁਮਨਾਮ ਜਿਹੇ ਅਧਪੜ੍ਹ ਜਾਂ ਅਨਪੜ੍ਹ, ਗਵਾਰ, ਧਰਮ ਪ੍ਰਚਾਰਕ ਵੱਲੋਂ ਅਜਿਹਾ ਜੁਗਾੜ ਖੜੇ ਕੀਤੇ ਜਾਣ ਦੇ ਰਹੱਸ ਨੂੰ ਸਮਝਿਆ ਜਾ ਸਕਦਾ ਹੈ, ਜਿਹੋ ਜਿਹਾ ਭਾਣਾ ਪੰਜਾਬ ਸਣੇ ਅਨੇਕਾਂ ਥਾਂਵਾਂ 'ਤੇ ਵਾਪਰਦਾ ਸਾਡੀ ਆਪਣੀ ਪੀੜ੍ਹੀ ਨੇ ਭੌਂਚੱਕੇ ਹੋ ਕੇ ਖੁਦ ਦੇਖਿਆ ਹੈ।

ਉਹ ਜਾਦੂਈ ਯਥਾਰਥ ਅਤੇ ਇਕੋ ਸਮੇਂ ਵਰਤਮਾਨ, ਭਵਿੱਖ ਅਤੇ ਭੂਤਕਾਲ ਵਿਚ ਵਾਪਰਨ ਵਾਲੇ ਕਥਾਨਕ ਦਾ ਮੋਢੀ ਲੇਖਕ ਹੈ। ਨੋਬਲ ਇਨਾਮ ਮਿਲਣ ਦੀ ਖਬਰ ਸੁਣ ਕੇ ਇਓਸ਼ਾ ਨੇ ਸਪੇਨਿਸ਼ ਕੌਮੀ ਰੇਡੀਓ ਨੂੰ ਕਿਹਾ, "ਮੈਨੂੰ ਇਸਦੀ ਉਮੀਦ ਨਹੀਂ ਸੀ, ਮੈਨੂੰ ਵੱਡੀ ਹੈਰਾਨੀ ਹੋਈ ਹੈ, ਜਦੋ ਮੈਨੂੰ ਇਸ ਸੰਬੰਧੀ ਫੋਨ ਆਇਆ ਤਾਂ ਮੈ ਸੋਚਿਆ ਕਿ ਕਿਸੇ ਨੇ ਮਜ਼ਾਕ ਕੀਤਾ ਹੈ। ਕਈ ਸਾਲਾਂ ਤੋਂ ਇਸ ਸਬੰਧ ਵਿਚ ਮੇਰੇ ਨਾਂ ਦਾ ਜ਼ਿਕਰ ਹੋਣੋਂ ਵੀ ਹਟ ਗਿਆ ਸੀ।"

ਅੱਜ ਦੀ ਗਲੋਬਲ ਹੋ ਚੁੱਕੀ ਦੁਨੀਆਂ ਦੇ ਇੱਕ ਮਹਾਨ ਲੇਖਕ ਦੇ ਇਹ ਸ਼ਬਦ ਸਾਡੇ ਸਮਿਆਂ ਦੀ ਫਿਤਰਤ ਉਪਰ ਇੱਕ ਤਿੱਖਾ ਵਿਅੰਗ ਹੀ ਕਿਹਾ ਜਾ ਸਕਦਾ ਹੈ।

# ਆਖਰੀ ਕਬੱਡੀ

**ਪ੍ਰਿੰ. ਸਰਵਣ ਸਿੰਘ**

ਜਿੰਦਾ ਹੰਦਿਆਂ 'ਤੇ ਅੱਪੜ ਗਿਆ ਸੀ ਪਰ ਉਸ ਦਾ ਏਨਾ ਜ਼ੋਰ ਲੱਗ ਗਿਆ ਸੀ ਕਿ ਉਸ ਤੋਂ ਉੱਠ ਨਾ ਹੋਇਆ। ਉਹਦੇ ਬੁੱਲ੍ਹਾਂ ਦੇ ਕੋਨਿਆਂ 'ਤੇ ਝੱਗ ਜੰਮੀ ਪਈ ਸੀ ਤੇ ਉਹ ਗਠੜੀ ਜਿਹੀ ਬਣਿਆ ਪਿਆ ਸੀ। ਲੋਕ ਤਾੜੀਆਂ ਮਾਰ ਰਹੇ ਸਨ ਪਰ ਉਸ ਦੇ ਚਿਹਰੇ 'ਤੇ ਜੇਤੂਆਂ ਵਾਲਾ ਕੋਈ ਜਲੌਅ ਨਾ ਆਇਆ। ਉਸ ਦੀ ਵੱਟੀ ਹੋਈ ਕਸੀਸ ਤੋਂ ਲੱਗਦਾ ਸੀ ਕਿ ਉਹ ਅੰਤਾਂ ਦੀ ਪੀੜ ਨਾਲ ਘੁਲ ਰਿਹਾ ਸੀ।

ਜਿੰਦੇ ਨੂੰ ਜੱਫਾ ਲਾਉਣ ਵਾਲੇ ਰੱਖੇ ਦਾ ਵੀ ਬੁਰਾ ਹਾਲ ਸੀ। ਉਹ ਵੀ ਚਾਕੂ ਵਾਂਗ 'ਕੱਠਾ ਹੋਇਆ ਪਿਆ ਸੀ। ਮੈਚ ਦੀ ਉਹ ਆਖ਼ਰੀ ਰੇਡ ਸੀ। ਆਖ਼ਰੀ ਰੇਡ ਦਾ ਅੰਕ ਹਾਸਲ ਕਰ ਕੇ ਜਿੰਦੇ ਨੇ ਆਪਣੇ ਕਲੱਬ ਨੂੰ ਅੱਧੇ ਅੰਕ ਉਤੇ ਜਿਤਾ ਦਿੱਤਾ ਸੀ। ਕਲੱਬ ਦੀ ਬੱਲੇ-ਬੱਲੇ ਕਰਵਾ ਦਿੱਤੀ ਸੀ। ਕਲੱਬ ਵਾਲਿਆਂ ਨੇ ਜਿੰਦੇ ਵੱਲ ਧਿਆਨ ਦੇਣ ਦੀ ਥਾਂ ਹੱਥਾਂ 'ਚ ਫੜੀਆਂ ਬੋਤਲਾਂ ਹਵਾ 'ਚ ਉਛਾਲ ਦਿੱਤੀਆਂ ਸਨ ਤੇ ਖ਼ੁਸ਼ੀ ਵਿਚ ਖੀਵੇ ਹੋਏ ਆਪਸ ਵਿਚੀਂ ਬਗਲਗ਼ੀਰ ਹੋ ਰਹੇ ਸਨ।

ਕਬੱਡੀ ਕੱਪ ਦਾ ਇਹ ਫਾਈਨਲ ਮੈਚ ਸੀ। ਕੱਪ ਜਿੱਤਣ ਲਈ ਕੈਨੇਡਾ ਦੇ ਦੋਵੇਂ ਸ਼ਰੀਕ ਕਲੱਬਾਂ ਵਿਚ ਸਿਰ ਧੜ ਦੀ ਬਾਜ਼ੀ ਸੀ। ਦੋਹਾਂ ਕਲੱਬਾਂ ਨੇ ਪੰਜਾਬ ਤੋਂ ਚੋਟੀ ਦੇ ਖਿਡਾਰੀ ਆਪੋ ਆਪਣੀਆਂ ਟੀਮਾਂ ਵਿਚ ਪਾਏ ਸਨ। ਪਹਿਲਾਂ ਇਕੋ ਕਲੱਬ ਹੁੰਦਾ ਸੀ। ਫਿਰ ਉਨ੍ਹਾਂ ਵਿਚ ਚੌਧਰ ਦਾ ਰੱਫੜ ਪੈ ਗਿਆ ਤੇ ਇਕ ਕਲੱਬ ਤੋਂ ਦੋ ਕਲੱਬ ਬਣ ਗਏ। ਉਨ੍ਹਾਂ ਨੇ ਇਕ ਦੂਜੇ ਨੂੰ ਨੀਵਾਂ ਵਿਖਾਉਣ ਲਈ ਇਕ ਦੂਜੇ ਤੋਂ ਵੱਧ ਡਾਲਰ ਦੇ ਕੇ ਪੰਜਾਬ ਤੋਂ ਕਹਿੰਦੇ ਕਹਾਉਂਦੇ ਖਿਡਾਰੀ ਸੱਦੇ। ਖਿਡਾਰੀਆਂ ਦਾ ਭਾਅ ਦਸ ਬਾਰਾਂ ਹਜ਼ਾਰ ਤੋਂ ਵੀਹ ਬਾਈ ਹਜ਼ਾਰ ਡਾਲਰ ਤਕ ਚੜ੍ਹਾ ਦਿੱਤਾ। ਉਹ ਕੱਪ ਜਿੱਤ ਕੇ ਸ਼ਰੀਕ ਕਲੱਬ ਦੀ ਕੰਡ ਲਾਉਣੀ ਚਾਹੁੰਦੇ ਸਨ।

* * *

ਜਿੰਦਾ ਤੇ ਰੱਖਾ ਇਕੋ ਪਿੰਡ ਦੇ ਸਨ। ਜਿੰਦਾ ਜੱਟਾਂ ਦਾ ਮੁੰਡਾ ਸੀ ਤੇ ਰੱਖਾ ਮਜ਼੍ਹਬੀ ਸਿੱਖਾਂ ਦਾ। ਉਹ ਹਾਣੋ-ਹਾਣੀ ਸਨ। ਦੋਵੇਂ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹੇ ਤੇ ਫਿਰ ਗੁਆਂਢੀ ਪਿੰਡ ਦੇ ਹਾਈ ਸਕੂਲ ਵਿਚ ਦਾਖਲ ਹੋ ਗਏ। ਹਾਈ ਸਕੂਲ ਦੀ ਆਪਣੀ ਕਬੱਡੀ ਟੀਮ ਸੀ ਜਿਸ ਵਿਚ ਉਹ ਵੀ ਕਬੱਡੀ ਖੇਡਣ ਲੱਗ ਪਏ। ਜਿੰਦਾ ਕਬੱਡੀ ਪਾਉਣ ਲੱਗ ਪਿਆ ਤੇ ਰੱਖਾ ਜਾਫੀ ਬਣ ਗਿਆ। ਉਨ੍ਹਾਂ ਨੂੰ ਕਬੱਡੀ ਦੇ ਗੁਰ ਸਿਖਾਉਣ ਵਾਲਾ ਕੋਈ ਨਹੀਂ ਸੀ। ਵੇਖਾ-ਵੇਖੀ ਉਹ ਖੇਡ ਦੇ ਗੁਰ ਆਪੇ ਸਿੱਖਦੇ ਗਏ ਤੇ ਚੰਗੇ ਖਿਡਾਰੀ ਬਣਦੇ ਗਏ। ਸਕੂਲ ਜਾਂਦੇ ਆਉਂਦੇ ਉਹ ਰਾਹ ਵਿਚ ਪਾੜਾ ਬਣਾ ਲੈਂਦੇ ਤੇ ਦਸ-ਦਸ ਕਬੱਡੀਆਂ ਦੀ ਸ਼ਰਤ ਲਾ ਕੇ ਖੇਡਣ ਲੱਗ ਪੈਂਦੇ। ਸਕੂਲਾਂ ਦਾ ਕਬੱਡੀ ਟੂਰਨਾਮੈਂਟ ਤਾਂ ਇਕੋ ਹੀ ਹੁੰਦਾ ਸੀ ਪਰ ਪਿੰਡਾਂ ਦੇ ਟੂਰਨਾਮੈਂਟ ਆਮ ਹੁੰਦੇ ਰਹਿੰਦੇ। ਕਬੱਡੀ ਦੇ ਉਨ੍ਹਾਂ ਟੂਰਨਾਮੈਂਟਾਂ ਵਿਚ ਨਕਦ ਇਨਾਮ ਵੀ ਦਿੱਤੇ ਜਾਂਦੇ। ਜਿੰਦੇ ਹੋਰੀਂ ਇਨਾਮ ਜਿੱਤ ਕੇ ਘਰੀਂ ਜਾਂਦੇ ਤਾਂ ਘਰਾਂ ਵਾਲੇ ਪੈਸੇ ਵੇਖ ਕੇ ਖ਼ੁਸ਼ ਹੁੰਦੇ। ਉਹ ਉਨ੍ਹਾਂ ਦੀ ਖ਼ੁਰਾਕ ਵਧਾ ਦਿੰਦੇ ਤੇ ਘਰ ਦੇ ਕੰਮ ਧੰਦੇ ਤੋਂ ਵੀ ਵਿਹਲੇ ਰੱਖਦੇ।

ਰੱਖਾ ਤੇ ਜਿੰਦਾ ਪਹਿਲਾਂ ਪੈਂਤੀ ਕਿੱਲੋ, ਪੰਤਾਲੀ ਕਿੱਲੋ, ਫਿਰ ਪਚਵੰਜਾ ਕਿੱਲੋ, ਬਾਹਠ ਕਿੱਲੋ ਤੇ ਅਖ਼ੀਰ ਓਪਨ ਕਬੱਡੀ ਦੇ ਮੈਚ ਖੇਡਣ ਲੱਗੇ। ਖ਼ੁਰਾਕਾਂ ਖਾ ਕੇ ਉਹ ਤਕੜੇ ਖਿਡਾਰੀ ਬਣਦੇ ਗਏ। ਉਹ ਸਾਰਾ ਸਿਆਲ ਕਬੱਡੀ ਖੇਡਦੇ ਤੇ ਕਦੇ ਕਦਾਈਂ ਹੀ ਸਕੂਲ ਜਾਂਦੇ। ਨਿੱਤ ਦੇ ਟੂਰਨਾਮੈਂਟਾਂ ਨੇ ਉਨ੍ਹਾਂ ਦਾ ਪੜ੍ਹਾਈ ਵੱਲੋਂ ਮੂੰਹ ਮੋੜ ਦਿੱਤਾ ਸੀ।

ਸਕੂਲ ਦੇ ਇਮਤਿਹਾਨ ਤਾਂ ਮਾਸਟਰ ਇਸ ਕਰਕੇ ਪਾਸ ਕਰਾਈ ਗਏ ਕਿ ਮੁੰਡੇ ਕਬੱਡੀ ਖੇਡਦੇ ਹਨ ਪਰ ਜਦੋਂ ਅੱਠਵੀਂ ਦਾ ਬੋਰਡ ਦਾ ਇਮਤਿਹਾਨ ਆਇਆ ਤਾਂ ਉਹ ਬੁਰੀ ਤਰ੍ਹਾਂ ਫੇਲ੍ਹ ਹੋਏ। ਅਗਲੇ ਸਾਲ ਅੱਠਵੀਂ ਦਾ ਇਮਤਿਹਾਨ ਮਾਸਟਰਾਂ ਨੇ ਨਕਲਾਂ ਮਰਵਾ ਕੇ ਪਾਸ ਕਰਵਾ ਦਿੱਤਾ ਕਿਉਂਕਿ ਨੌਵੀਂ 'ਚ ਦਾਖਲ ਕਰ ਕੇ ਉਨ੍ਹਾਂ ਨੂੰ ਫਿਰ ਸਕੂਲ ਦੀ ਟੀਮ ਵਿਚ ਖਿਡਾਉਣਾ ਸੀ।

ਦਸਵੀਂ ਦਾ ਇਮਤਿਹਾਨ ਆਇਆ ਤਾਂ ਉਨ੍ਹਾਂ ਨੇ ਪੱਕੀਆਂ ਹੀ ਬਰੇਕਾਂ ਲਾ ਦਿੱਤੀਆਂ। ਉਹ ਨਕਲਾਂ ਮਾਰ ਕੇ ਵੀ ਪਾਸ ਨਾ ਹੋਏ। ਦੋ ਤਿੰਨ ਵਾਰ ਫੇਲ੍ਹ ਹੋ ਕੇ ਉਨ੍ਹਾਂ ਨੇ ਪੜ੍ਹਾਈ ਦਾ ਖਹਿੜਾ ਹੀ ਛੱਡ ਦਿੱਤਾ। ਉਂਜ ਵੀ ਉਨ੍ਹਾਂ ਦੀ ਉਮਰ ਵੀਹ ਵਰ੍ਹਿਆਂ ਤੋਂ ਵੱਧ ਹੋ ਚੁੱਕੀ ਸੀ। ਇਲਾਕੇ ਦੇ ਇਕ ਪੁਰਾਣੇ ਖਿਡਾਰੀ ਨੇ ਆਪ ਹੀ ਕੋਚ ਬਣ ਕੇ ਕਬੱਡੀ ਅਕੈਡਮੀ ਬਣਾਈ ਹੋਈ ਸੀ ਤੇ ਉਹ ਖਿਡਾਰੀਆਂ ਨੂੰ ਵਿਦੇਸ਼ਾਂ ਵਿਚ ਕਬੱਡੀ ਖੇਡਣ ਭੇਜਦਾ ਸੀ। ਉਹਦੀ ਬਾਹਰਲੇ ਕਲੱਬਾਂ ਨਾਲ ਅੱਟੀ ਸੱਟੀ ਸੀ। ਜਿੰਦਾ ਤੇ ਰੱਖਾ ਏਧਰੋਂ ਓਧਰੋਂ ਸਿਫ਼ਾਰਸ਼ਾਂ ਪੁਆ ਕੇ ਉਸ ਕੋਚ ਨੂੰ ਮਿਲੇ ਤੇ ਉਹਦੀ ਅਕੈਡਮੀ ਵੱਲੋਂ ਖੇਡਣ ਲੱਗ ਪਏ। ਸਿਆਲ ਦੇ ਸੀਜ਼ਨ ਵਿਚ ਤੀਹ ਪੈਂਤੀ ਕਬੱਡੀ ਕੱਪ ਖੇਡ ਕੇ ਉਨ੍ਹਾਂ ਨੂੰ ਡੇਢ ਦੋ ਲੱਖ ਰੁਪਏ ਦਾ ਨਕਦਨਾਮਾ ਬਣ ਜਾਂਦਾ। ਉਨ੍ਹਾਂ ਦੀਆਂ ਜ਼ੇਬਾਂ ਨੋਟਾਂ ਨਾਲ ਭਰੀਆਂ ਰਹਿੰਦੀਆਂ। ਦੁੱਧ ਘਿਓ ਤਾਂ ਉਨ੍ਹਾਂ ਨੂੰ ਮਿਲਦਾ ਹੀ ਸੀ ਉਹ ਕਦੇ ਕਦੇ ਮੀਟ ਮੁਰਗੇ ਨਾਲ ਨਸ਼ਾ ਪੱਤਾ ਵੀ ਕਰ ਲੈਂਦੇ। ਉਨ੍ਹਾਂ ਦੀ ਅਕੈਡਮੀ ਕੱਪ ਜਿੱਤਦੀ ਤਾਂ ਚੋਖਾ ਇਨਾਮ ਮਿਲਦਾ। ਉੱਦਣ ਦਾਰੂ ਮੁਰਗਾ ਜ਼ਰੂਰ ਚਲਦਾ।

ਕਬੱਡੀ ਅਕੈਡਮੀ ਦਾ ਮਾਹੌਲ ਅਜਿਹਾ ਸੀ ਕਿ ਉਨ੍ਹਾਂ ਨੂੰ ਜਿਥੇ ਕਬੱਡੀ ਦੇ ਦਾਅ ਪੇਚਾਂ ਦਾ ਪਤਾ ਲੱਗਦਾ ਉਥੇ ਵਿਦੇਸ਼ਾਂ ਵਿਚ ਕਬੱਡੀ ਖੇਡਣ ਜਾਣ ਦੇ ਤੌਰ ਤਰੀਕਿਆਂ ਦਾ ਵੀ ਪਤਾ ਲੱਗੀ ਜਾਂਦਾ। ਅਕੈਡਮੀ ਵਿਚ ਪਹਿਲਾਂ ਤੋਂ ਖੇਡਦੇ ਘਾਗ ਖਿਡਾਰੀ ਆਪਣੇ ਤਜਰਬੇ ਨਵੇਂ ਮੁੰਡਿਆਂ ਨਾਲ ਸਾਂਝੇ ਕਰਦੇ। ਜਿਹੜੇ ਇੰਗਲੈਂਡ ਜਾਂ ਕੈਨੇਡਾ ਖੇਡ ਆਏ ਹੁੰਦੇ ਉਹ ਉਥੋਂ ਦੀਆਂ ਗੱਲਾਂ ਕਰ ਕੇ ਰੱਖੇ ਵਰਗਿਆਂ ਦੀਆਂ ਅੱਖਾਂ ਵਿਚ ਕੈਨੇਡਾ/ਇੰਗਲੈਂਡ ਜਾਣ ਦੇ ਸੁਫਨੇ ਜਗਾ ਦਿੰਦੇ। ਆਖਦੇ ਬਈ ਜਿਹੜਾ ਓਥੇ ਤਕੜੇ ਖਿਡਾਰੀ ਨੂੰ ਤਕੜਾ ਜੱਫਾ ਲਾ ਜਾਵੇ ਉਹਨੂੰ ਹਜ਼ਾਰ-ਹਜ਼ਾਰ ਡਾਲਰ ਇਨਾਮ ਮਿਲ ਜਾਂਦੈ। ਵਾਰੇ ਨਿਆਰੇ ਹੋ ਜਾਂਦੇ ਐ। ਇਕ ਗੇੜੇ ਦਾ ਦਸ ਲੱਖ ਬਣ ਜਾਂਦੈ!



ਰੱਖੇ ਤੇ ਜਿੰਦੇ ਦਾ ਖਾਣ ਪੀਣ ਸਾਂਝਾ ਸੀ। ਖਿਡਾਰੀ ਉਂਜ ਵੀ ਇਕੋ ਬਾਲਟੀ 'ਚੋਂ ਪਾਣੀ ਪੀਂਦੇ ਹਨ। ਰੱਖੇ ਦਾ ਦਾਦਾ ਜਿੰਦੇ ਦੇ ਦਾਦੇ ਦਾ ਸੀਰੀ ਹੁੰਦਾ ਸੀ। ਰੱਖੇ ਦਾ ਪਿਓ ਵੀ ਜਿੰਦੇ ਹੋਰਾਂ ਦੇ ਖੇਤਾਂ ਵਿਚ ਦਿਹਾੜੀ ਦੱਪਾ ਕਰਨ ਚਲਾ ਜਾਂਦਾ ਸੀ। ਸੀਰੀ ਸਾਂਝੀ ਰੱਖਣ ਦਾ ਰਿਵਾਜ ਬੇਸ਼ੱਕ ਨਹੀਂ ਸੀ ਰਿਹਾ ਪਰ ਜਿੰਦੇ ਕਾ ਰੱਖੇ ਕਿਆਂ ਨਾਲ ਮਾੜਾ ਮੋਟਾ ਮੋਹ ਤੇਹ ਫੇਰ ਵੀ ਬਣਿਆ ਆ ਰਿਹਾ ਸੀ। ਰੱਖੇ ਤੇ ਜਿੰਦੇ ਦੇ 'ਕੱਠੇ ਕਬੱਡੀ ਖੇਡਣ ਨੇ ਇਸ ਮੋਹ ਤੇਹ ਨੂੰ ਮੁੜ ਕੇ ਵਧਾ ਦਿੱਤਾ ਸੀ। ਉਹ ਇਕ ਦੂਜੇ ਦੇ ਘਰ 'ਕੱਠੇ ਖਾ ਪੀ ਲੈਂਦੇ ਤੇ 'ਕੱਠੇ ਸੌਂ ਜਾਂਦੇ। ਪਹਿਲਾਂ ਦੋਹਾਂ ਨੇ ਆਉਣ ਜਾਣ ਵਾਸਤੇ ਇਕੋ ਮੋਟਰ ਸਾਈਕਲ ਲਿਆ ਸੀ ਪਰ ਜਦੋਂ ਕਬੱਡੀ 'ਚ ਵਾਹਵਾ ਪੈਸੇ ਬਣਨ ਲੱਗੇ ਤਾਂ ਉਨ੍ਹਾਂ ਨੇ ਆਪੋ ਆਪਣੇ ਮੋਟਰ ਸਾਈਕਲ ਲੈ ਲਏ। ਉਨ੍ਹਾਂ ਨੇ ਡੌਲਿਆਂ ਉਤੇ ਖੰਡੇ ਖੁਦਵਾ ਲਏ ਤੇ ਛਾਤੀਆਂ ਉਤੇ ਸ਼ੇਰ। ਉਹ ਪਟੇ ਰੱਖ ਕੇ ਤੇ ਜੀਨਾਂ ਪਾ ਕੇ ਪਿੰਡ ਦੀ ਫਿਰਨੀ ਉਤੋਂ ਦੀ ਮੋਟਰ ਸਾਈਕਲਾਂ 'ਤੇ ਗੇੜੇ ਦਿੰਦੇ ਤਾਂ ਨਵੇਂ ਮੁੰਡਿਆਂ ਦਾ ਵੀ ਦਿਲ ਕਰਦਾ ਪਈ ਆਪਾਂ ਵੀ ਕੌਡੀ ਖੇਡੀਏ। ਆਪਾਂ ਵੀ ਮੋਟਰ ਸਾਈਕਲਾਂ 'ਤੇ ਚੜ੍ਹੀਏ।

ਅਕੈਡਮੀ ਦੇ ਮੁੰਡਿਆਂ ਦੀ ਰੀਸ ਨਾਲ ਰੱਖੇ ਤੇ ਜਿੰਦੇ ਨੇ ਵੀ ਪਾਸਪੋਰਟ ਬਣਵਾ ਲਏ। ਇਕ ਸੀਜ਼ਨ ਵਿਚ ਉਨ੍ਹਾਂ ਦੀ ਖੇਡ ਏਨੀ ਚੜ੍ਹੀ ਕਿ ਉਹ ਇੰਗਲੈਂਡ ਤੇ ਕੈਨੇਡਾ ਦੇ ਕਬੱਡੀ ਕਲੱਬਾਂ ਵਾਲਿਆਂ ਦੀ ਨਿਗ੍ਹਾ ਚੜ੍ਹ ਗਏ। ਕੈਨੇਡਾ ਦੇ ਇਕ ਕਲੱਬ ਨੇ ਉਨ੍ਹਾਂ ਦੋਹਾਂ ਨੂੰ ਆਪਣੇ ਵੱਲੋਂ ਖਿਡਾਉਣ ਦਾ ਇਕਰਾਰ ਕਰ ਲਿਆ ਤੇ ਉਨ੍ਹਾਂ ਨੂੰ ਸਪਾਂਸਰਸ਼ਿਪ ਦੇ ਕਾਗਜ਼ ਭੇਜ ਦਿੱਤੇ। ਅਕੈਡਮੀ ਦੇ ਮੁੰਡਿਆਂ ਨੇ ਇਨ੍ਹਾਂ ਕਾਗਜ਼ਾਂ ਦਾ ਨਾਂ ਰਾਹਦਾਰੀ ਰੱਖਿਆ ਹੋਇਆ ਸੀ। ਇਨ੍ਹਾਂ ਕਾਗਜ਼ਾਂ ਨਾਲ ਉਨ੍ਹਾਂ ਨੂੰ ਕੈਨੇਡਾ ਕਬੱਡੀ ਖੇਡਣ ਜਾਣ ਦੇ ਵੀਜ਼ੇ ਮਿਲ ਗਏ। ਖ਼ੁਸ਼ੀ ਵਿਚ ਉਨ੍ਹਾਂ ਨੇ ਅਖੰਡ ਪਾਠ ਕਰਵਾ ਕੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ।

ਉਹ ਪਹਿਲਾਂ ਤੋਂ ਆਉਂਦੇ ਜਾਂਦੇ ਖਿਡਾਰੀਆਂ ਨਾਲ ਦਿੱਲੀ ਤੋਂ ਹਵਾਈ ਜਹਾਜ਼ ਚੜ੍ਹੇ ਤੇ ਵੈਨਕੂਵਰ ਜਾ ਉਤਰੇ। ਹਵਾਈ ਜਹਾਜ਼ ਦਾ ਸਫ਼ਰ ਤੇ ਵੈਨਕੂਵਰ ਜਾਣਾ ਉਨ੍ਹਾਂ ਲਈ ਅਨੋਖਾ ਅਨੁਭਵ ਸੀ। ਫੋਨ 'ਤੇ ਉਹ ਆਪਣਾ ਹਾਲ ਚਾਲ ਪਿੱਛੇ ਘਰਦਿਆਂ ਨੂੰ ਦੱਸਦੇ ਰਹੇ। ਉਨ੍ਹਾਂ ਦਾ ਟਿਕਾਣਾ ਸਰੀ ਦੀ ਇਕ ਬੇਸਮੈਂਟ ਵਿਚ ਕੀਤਾ ਗਿਆ। ਪਹਿਲਾਂ ਪਹਿਲ ਕਬੱਡੀ ਦੇ ਖਿਡਾਰੀਆਂ ਨੂੰ ਕਬੱਡੀ ਪ੍ਰੇਮੀ ਆਪਣੇ ਘਰਾਂ ਵਿਚ ਰੱਖਦੇ ਸਨ ਪਰ ਬਹੁਤੇ ਖਿਡਾਰੀਆਂ ਨੂੰ ਘਰਾਂ ਵਿਚ ਰਹਿਣਾ ਨਹੀਂ ਸੀ ਆਉਂਦਾ। ਉਹ ਨਾ ਆਪਣਾ ਬੈੱਡ ਠੀਕ ਠਾਕ ਰੱਖਦੇ, ਨਾ ਵਾਸ਼ ਰੂਮ ਸਾਫ਼ ਕਰਦੇ ਤੇ ਨਾ ਖਾਣ ਪੀਣ ਦਾ ਸਲੀਕਾ ਪਾਲਦੇ। ਕੋਈ ਫਰਿਜ ਦਾ ਸਾਮਾਨ ਬੰਨੇ ਲਾ ਦਿੰਦਾ ਤੇ ਕੋਈ ਫੋਨ ਨੂੰ ਚੰਬੜਿਆ ਰਹਿੰਦਾ। ਘਰਾਂ ਵਾਲੇ ਉਕਤਾ ਜਾਂਦੇ। ਫਿਰ ਕਲੱਬਾਂ ਵਾਲਿਆਂ ਨੇ ਫੈਸਲਾ ਕਰ ਲਿਆ ਕਿ ਇਨ੍ਹਾਂ ਲਈ ਵੱਖਰੀ ਬੇਸਮੈਂਟ ਹੀ ਠੀਕ ਹੈ। ਉਥੇ ਉਹ ਖਾਣ ਪੀਣ ਦੇ ਸਾਮਾਨ ਨਾਲ ਫਰਿਜ ਭਰੀ ਰੱਖਦੇ। ਖਿਡਾਰੀ ਵੀ ਆਜ਼ਾਦ ਰਹਿ ਕੇ ਖ਼ੁਸ਼ ਰਹਿੰਦੇ।

ਜਿੰਦੇ ਤੇ ਰੱਖੇ ਨੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਦਸ ਬਾਰਾਂ ਟੂਰਨਾਮੈਂਟ ਖੇਡੇ। ਉਨ੍ਹਾਂ ਦਾ ਕਲੱਬ ਕੁਝ ਟੂਰਨਾਮੈਂਟ ਜਿੱਤ ਵੀ ਗਿਆ ਜਿਸ ਨਾਲ ਉਨ੍ਹਾਂ ਦੀ ਚੰਗੀ ਭੱਲ ਬਣ ਗਈ। ਪਹਿਲੇ ਸਾਲ ਉਹ ਪੰਜ-ਪੰਜ ਲੱਖ ਰੁਪਿਆ ਕਮਾ ਕੇ ਪੰਜਾਬ ਮੁੜੇ। ਦੂਜੇ ਸਾਲ ਉਨ੍ਹਾਂ ਦਾ ਇੰਗਲੈਂਡ ਦਾ ਟੂਰ ਲੱਗ ਗਿਆ ਜੋ ਸੱਤ-ਸੱਤ ਲੱਖ ਨੂੰ ਅੱਪੜ ਗਿਆ। ਤੀਜੇ ਸਾਲ ਉਹ ਦਸ-ਦਸ ਲੱਖ ਮਾਠ ਲਿਆਏ। ਉਹ ਇਕ ਟੂਰਨਾਮੈਂਟ ਵਿਚ ਬੈੱਸਟ ਜਾਫੀ ਤੇ ਬੈੱਸਟ ਧਾਵੀ ਦੇ ਇਨਾਮ ਵੀ ਜਿੱਤ ਗਏ। ਇੰਜ ਉਨ੍ਹਾਂ ਦਾ ਨਾਂ ਸਟਾਰ ਖਿਡਾਰੀਆਂ ਵਿਚ ਸ਼ਾਮਲ ਹੋ ਗਿਆ। ਘਰਾਂ ਵਿਚ ਬਰਕਤ ਆ ਗਈ। ਜਿੰਦੇ ਤੇ ਰੱਖੇ ਨੂੰ ਚੰਗੇ ਘਰਾਂ ਦੇ ਰਿਸ਼ਤੇ ਆਉਣ ਲੱਗ ਪਏ। ਪਰ ਉਨ੍ਹਾਂ ਨੇ ਦੇਸੀ ਰਿਸ਼ਤੇ ਲੈਣ ਦੀ ਥਾਂ ਕਬੱਡੀ ਰਾਹੀਂ ਕੈਨੇਡਾ ਦੇ ਪੱਕੇ ਪਰਵਾਸੀ ਬਣਨ ਦਾ ਨਿਸ਼ਾਨਾ ਮਿਥ ਲਿਆ। ਪਹਿਲਾਂ ਬਥੇਰੇ ਕਬੱਡੀ ਖਿਡਾਰੀ ਕੈਨੇਡਾ 'ਚ ਪੱਕੇ ਹੋਏ ਸਨ।

ਜਿਸ ਕਲੱਬ ਨੇ ਜਿੰਦੇ ਤੇ ਰੱਖੇ ਨੂੰ ਪਹਿਲੀ ਵਾਰ ਕੈਨੇਡਾ ਸੱਦਿਆ ਸੀ ਉਸ ਦੇ ਬਾਅਦ ਵਿਚ ਦੋ ਕਲੱਬ ਬਣ ਗਏ। ਦੋਹਾਂ ਦੀ ਜਿੰਦੇ ਤੇ ਰੱਖੇ 'ਤੇ ਮੇਰ ਸੀ। ਉਨ੍ਹਾਂ ਨੇ ਜਿਦੋ-ਜਿਦੀ ਦੋਹਾਂ ਦੇ ਭਾਅ ਚੜ੍ਹਾ ਦਿੱਤੇ। ਦੋਹੇਂ ਖਿਡਾਰੀ ਵੀ ਚੋਟੀ ਦੇ ਸਨ। ਰੱਖੇ ਜਾਫੀ ਨੂੰ ਟੋਰਾਂਟੋ ਦੇ ਇਕ ਕਲੱਬ ਨੇ ਵੀਹ ਹਜ਼ਾਰ ਡਾਲਰ ਦੀ ਪੇਸ਼ਕਸ਼ ਕਰ ਦਿੱਤੀ। ਵੀਹ ਹਜ਼ਾਰ ਹੀ ਉਸ ਨੂੰ ਵੈਨਕੂਵਰ ਦੇ ਕਲੱਬ ਵੱਲੋਂ ਮਿਲ ਜਾਣਾ ਸੀ। ਇਓਂ ਸੀਜ਼ਨ ਦਾ ਚਾਲੀ ਹਜ਼ਾਰ ਡਾਲਰ ਬਣਨਾ ਸੀ ਜੀਹਦਾ ਮਤਲਬ ਸੀ ਅਠਾਰਾਂ ਲੱਖ ਰੁਪਏ। ਉਤਲੇ ਇਨਾਮ ਪਾ ਕੇ ਉਸ ਨੇ ਵੀਹ ਲੱਖ ਨੂੰ ਪਹੁੰਚ ਜਾਣਾ ਸੀ। ਚਹੁੰ ਮਹੀਨਿਆਂ ਵਿਚ ਵੀਹ ਲੱਖ ਕਹਿ ਦੇਣੀ ਗੱਲ ਐ!

ਜਿੰਦਾ ਵੀ ਉਸ ਕਲੱਬ ਵੱਲ ਚਲਾ ਜਾਂਦਾ ਤਾਂ ਉਸ ਕਲੱਬ ਦੇ ਕੱਪ ਪੱਕੇ ਸਨ। ਜਿੰਦੇ ਨੂੰ ਦੂਜੇ ਕਲੱਬ ਨੇ ਬਾਈ ਹਜ਼ਾਰ ਦੀ ਬੋਲੀ ਦੇ ਦਿੱਤੀ। ਬਾਈ ਉਸ ਨੂੰ ਵੈਨਕੂਵਰ ਵੱਲੋਂ ਮਿਲਣਾ ਸੀ। ਪਹਿਲਾਂ ਉਹ ਦੋਵੇਂ ਇਕ ਕਲੱਬ ਵੱਲੋਂ ਖੇਡਦੇ ਸਨ ਪਰ ਡਾਲਰਾਂ ਦੇ ਲਾਲਚ ਨਾਲ ਉਹ ਦੋ ਕਲੱਬਾਂ ਵਿਚ ਵੰਡੇ ਗਏ। ਰੱਖਾ ਜਾਫੀ ਇਕ ਪਾਸੇ ਤੇ ਜਿੰਦਾ ਧਾਵੀ ਦੂਜੇ ਪਾਸੇ। ਐਤਕੀਂ ਪਤਾ ਲੱਗਣਾ ਸੀ ਕਿ ਰੱਖਾ ਜਿੰਦੇ ਨੂੰ ਡੱਕ ਸਕੇਗਾ ਜਾਂ ਜਿੰਦਾ ਰੱਖੇ ਨੂੰ ਰੋਲ ਦੇਵੇਗਾ। ਕਿਉਂਕਿ ਕਲੱਬ ਵੱਖੋ ਵੱਖ ਸਨ ਇਸ ਲਈ ਭਰਾਵਾਂ ਵਰਗੇ ਦੋਹਾਂ ਦੋਸਤਾਂ ਨੂੰ ਵੀ ਵੱਖੋ ਵੱਖ ਬੇਸਮੈਂਟਾਂ 'ਚ ਰਹਿਣਾ ਪਿਆ। ਉਹ ਮੋਬਾਈਲ ਫੋਨ 'ਤੇ ਗੱਲਾਂ ਕਰਦੇ।

ਇਕ ਦਿਨ ਜਿੰਦੇ ਨੇ ਰੱਖੇ ਨੂੰ ਦੱਸਿਆ, "ਏਧਰ ਖਿਡਾਰੀ ਟੀਕੇ ਲੁਆ ਕੇ ਖੇਡਣਗੇ ਪਰ ਮੈਂ ਨੀਂ ਟੀਕਾ ਲਵਾਉਣਾ। ਕਹਿੰਦੇ ਆ ਬਈ ਟੀਕਾ ਲੁਆ ਕੇ ਬੰਦਾ ਅੰਨ੍ਹੇ ਜ਼ੋਰ ਨਾਲ ਖੇਡਦਾ। ਇਹ ਵੀ ਕਹਿੰਦੇ ਆ ਬਈ ਇਹ ਟੀਕੇ ਬੰਦੇ ਨੂੰ ਨਾਮਰਦ ਬਣਾ ਦਿੰਦੇ ਆ। ਮੈਂ ਤਾਂ ਨੀ ਨਾਮਰਦ ਬਣਨਾ। ਜੇ ਥੋਡੇ ਵੱਲ ਟੀਕੇ ਲੱਗਦੇ ਹੋਏ ਤਾਂ ਤੂੰ ਵੀ ਨਾ ਲੁਆਈਂ।"

ਰੱਖੇ ਨੇ ਵਿਸ਼ਵਾਸ ਬੰਨ੍ਹਾਇਆ, "ਏਧਰ ਤਾਂ ਅਜੇ ਕੋਈ ਵਾਈ ਧਾਈ ਨੀ। ਜੇ ਲੱਗਣ ਈ ਲੱਗੇ ਤਾਂ ਮੈਂ ਵੀ ਬਚ ਕੇ ਰਹੂੰ।"

* * *

ਕਬੱਡੀ ਦੇ ਟੂਰਨਾਮੈਂਟ ਚੱਲ ਪਏ। ਕਦੇ ਕੋਈ ਕਲੱਬ ਕੱਪ ਜਿੱਤ ਜਾਂਦਾ ਕਦੇ ਕੋਈ। ਜਿਨ੍ਹਾਂ ਕਲੱਬਾਂ ਵਿਚ ਰੱਖਾ ਤੇ ਜਿੰਦਾ ਖੇਡਦੇ ਸੀ ਉਹ ਦੋਵੇਂ ਤਿੰਨ-ਤਿੰਨ ਕੱਪ ਜਿੱਤੇ। ਉਤੋਂ ਸੀਜ਼ਨ ਦਾ ਆਖ਼ਰੀ ਟੂਰਨਾਮੈਂਟ ਆ ਗਿਆ। ਦੋਹਾਂ ਸ਼ਰੀਕ ਕਲੱਬਾਂ 'ਚੋਂ ਜਿਹੜਾ ਉਸ ਟੂਰਨਾਮੈਂਟ ਦਾ ਕੱਪ ਜਿੱਤਦਾ ਉਹਦੀ ਝੰਡੀ ਹੋਣੀ ਸੀ ਤੇ ਦੂਜੇ ਨੂੰ ਨਮੋਸ਼ੀ ਮਿਲਣੀ ਸੀ। ਦਰਸ਼ਕ ਚਾਹੁੰਦੇ ਸਨ ਕਿ ਫਾਈਨਲ ਮੈਚ ਉਨ੍ਹਾਂ ਦੋਹਾਂ ਕਲੱਬਾਂ ਵਿਚਾਲੇ ਹੋਵੇ ਤਾਂ ਸੁਆਦ ਆ ਜਾਵੇ। ਪਤਾ ਲੱਗਜੇ ਕੌਣ ਕਿੰਨੇ ਪਾਣੀ 'ਚ ਐ?

ਮੁੱਢਲੇ ਤੇ ਸੈਮੀ ਫਾਈਨਲ ਮੈਚਾਂ ਦੀ ਜਿੱਤ ਹਾਰ ਪਿੱਛੋਂ ਫਾਈਨਲ ਮੈਚ ਉਨ੍ਹਾਂ ਦੋਹਾਂ ਕਲੱਬਾਂ ਵਿਚ ਹੀ ਪੈ ਗਿਆ ਜਿਨ੍ਹਾਂ 'ਚ ਇਕ ਪਾਸੇ ਜਿੰਦਾ ਤੇ ਦੂਜੇ ਪਾਸੇ ਰੱਖਾ ਖੇਡ ਰਹੇ ਸਨ। ਦੋਹੇਂ ਬੇਸ਼ਕ ਦੋਸਤ ਸਨ ਪਰ ਉਨ੍ਹਾਂ ਨੂੰ ਆਪੋ ਆਪਣੇ ਕਲੱਬਾਂ ਲਈ ਜਾਨ ਮਾਰ ਕੇ ਖੇਡਣਾ ਪੈਣਾ ਸੀ। ਮੈਚ ਵਿਚ ਦੋਸਤੀ ਦੀ ਕੋਈ ਗੱਲ ਨਹੀਂ ਸੀ। ਦਰਸ਼ਕ ਵੱਡੀ ਗਿਣਤੀ ਵਿਚ ਮੌਜੂਦ ਸਨ। ਜਿਹੜੇ ਕਾਰਾਂ ਦੀਆਂ ਡਿੱਕੀਆਂ ਵੱਲ ਗੇੜਾ ਮਾਰ ਆਏ ਸਨ ਉਹ ਤਰਾਰੇ 'ਚ ਹੋਏ ਫਿਰਦੇ ਸਨ। ਕਈਆਂ ਨੇ ਸ਼ਰਤਾਂ ਲਾ ਰੱਖੀਆਂ ਸਨ। ਕਈਆਂ ਨੇ ਨੋਟ ਗਿਣ ਰੱਖੇ ਸਨ ਜੋ ਉਨ੍ਹਾਂ ਨੇ ਖਿਡਾਰੀਆਂ ਦੀ ਖੇਡ ਤੋਂ ਵਾਰਨੇ ਸਨ।

ਟੀਮਾਂ ਢੇਰੀਆਂ ਨੂੰ ਮੱਥਾ ਟੇਕ ਕੇ ਦਾਇਰੇ 'ਚ ਆ ਖੜ੍ਹੀਆਂ ਹੋਈਆਂ। ਟਾਸ ਹੋਇਆ ਤੇ ਪਹਿਲੀ ਰੇਡ ਪਾਉਣ ਲਈ ਜਿੰਦਾ ਹੰਦਿਆਂ ਵੱਲ ਵਧਿਆ। ਮਾਈਕ ਤੋਂ ਕੁਮੈਂਟੇਟਰ ਦੇ ਬੋਲ ਗੂੰਜੇ- ਧੌਂਸਾ ਵੱਜਿਆ ਕੂਚ ਦਾ ਹੁਕਮ ਹੋਇਆ ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ, ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ...। ਜਿੰਦਾ ਇਕ ਜਾਫੀ ਨੂੰ ਪੋਲਾ ਜਿਹਾ ਛੂਹ ਕੇ ਦੌੜਦਾ ਹੋਇਆ ਅੰਕ ਲੈ ਆਇਆ। ਅੱਧੇ ਸਮੇਂ ਤਕ ਮੈਚ ਬਰਾਬਰ ਚੱਲਿਆ। ਰੱਖੇ ਨੇ ਤਿੰਨ ਯਾਦਗਾਰੀ ਜੱਫੇ ਲਾਏ ਤੇ ਜਿੰਦੇ ਨੇ ਹਰ ਦੂਜੀ ਕਬੱਡੀ ਪਾ ਕੇ ਕਮਾਲ ਦੀਆਂ ਰੇਡਾਂ ਕੱਢੀਆਂ। ਦੋ ਵਾਰ ਉਸ ਨੂੰ ਰੋਕ ਲਿਆ ਗਿਆ ਜਿਸ ਤੋਂ ਜਾਪਿਆ ਜਿਵੇਂ ਉਹ ਥੱਕ ਗਿਆ ਹੋਵੇ।

ਜਿੰਦੇ ਦੇ ਕਲੱਬ ਵਾਲਿਆਂ ਨੂੰ ਲੱਗਾ ਕਿ ਉਹ ਮੈਚ ਦੇ ਦੂਜੇ ਅੱਧ 'ਚ ਪੂਰੀਆਂ ਰੇਡਾਂ ਨਹੀਂ ਕੱਢ ਸਕੇਗਾ। ਕਲੱਬ ਦੇ ਦੂਜੇ ਧਾਵੀ ਜਿੰਦੇ ਨਾਲੋਂ ਮਾੜੇ ਸਾਬਤ ਹੋ ਰਹੇ ਸਨ ਹਾਲਾਂਕਿ ਉਨ੍ਹਾਂ ਦੇ ਡਰੱਗ ਵਾਲੇ ਟੀਕੇ ਵੀ ਲਾਏ ਗਏ ਸਨ। ਜਿੰਦੇ ਨੇ ਟੀਕਾ ਨਹੀਂ ਸੀ ਲਵਾਇਆ। ਕਿਹਾ ਸੀ ਕਿ ਮੈਂ ਟੀਕੇ ਤੋਂ ਬਿਨਾਂ ਹੀ ਵਧੀਆ ਖੇਡਾਂਗਾ। ਉਹ ਦੋ ਵਾਰ ਹੀ ਰੁਕਿਆ ਸੀ ਪਰ ਕਲੱਬ ਦੇ ਖ਼ਲੀਫ਼ਿਆਂ ਨੂੰ ਪਤਾ ਨਹੀਂ ਕਿਉਂ ਲੱਗਣ ਲੱਗ ਪਿਆ ਸੀ ਕਿ ਉਹ ਪੂਰੀਆਂ ਰੇਡਾਂ ਨਹੀਂ ਕੱਢ ਸਕੇਗਾ। ਉਨ੍ਹਾਂ ਨੇ ਅੰਦਰਖਾਤੇ ਸਕੀਮ ਸੋਚ ਲਈ।

ਅੱਧੇ ਸਮੇਂ ਦੇ ਵਕਫ਼ੇ ਦੌਰਾਨ ਉਹ ਜਿੰਦੇ ਨੂੰ ਇਕ ਵੈਨ ਵਿਚ ਲੈ ਗਏ। ਉਥੇ ਉਸ ਦੇ ਮੱਲੋਮੱਲੀ ਟੀਕਾ ਠੋਕ ਦਿੱਤਾ। ਜਿੰਦਾ ਦਾਇਰੇ 'ਚ ਵੜਿਆ ਤਾਂ ਉਹਦੇ ਪੈਰਾਂ ਹੇਠ ਅੱਗ ਮੱਚ ਰਹੀ ਸੀ। ਉਹਦੇ ਲੂਹਰੀਆਂ ਉੱਠਣ ਲੱਗੀਆਂ। ਉਹ ਸਾਨ੍ਹ ਵਾਂਗ ਧੁੱਸ ਦੇਈ ਕਬੱਡੀ ਪਾਉਣ ਜਾਂਦਾ। ਜਾਫੀਆਂ ਨੂੰ ਚੱਕ ਕੇ ਮਾਰਦਾ। ਉਹ ਨਾ ਸੱਟ ਮਾਰਨ ਤੋਂ ਤੇ ਨਾ ਸੱਟ ਖਾਣ ਤੋਂ ਗੁਰੇਜ਼ ਕਰਦਾ। ਟੀਕੇ 'ਚ ਪਤਾ ਨਹੀਂ ਕੀ ਭਰਿਆ ਸੀ ਕਿ ਉਹਦੇ ਬੁੱਲ੍ਹਾਂ ਦੀਆਂ ਕੰਨੀਆਂ ਉਤੇ ਝੱਗ ਆ ਗਈ ਸੀ। ਉਹ ਛਾਲ ਮਾਰ ਕੇ ਜਾਫੀ ਟੱਪਣ ਲੱਗਾ। ਰੱਖਾ ਹੈਰਾਨ ਸੀ ਕਿ ਜਿੰਦੇ 'ਚ ਏਨੀ ਤਾਕਤ ਕਿਥੋਂ ਆ ਗਈ? ਰੱਖਾ ਉਹਨੂੰ ਰੋਕਣ ਦੀ ਕੋਸ਼ਿਸ਼ ਕਰਦਾ ਤਾਂ ਉਹ ਲਾਹ ਕੇ ਪਰ੍ਹਾਂ ਮਾਰਦਾ। ਰੱਖੇ ਨੇ ਆਪਣੇ ਕਲੱਬ ਵਾਲਿਆਂ ਨੂੰ ਕਿਹਾ ਸੀ ਕਿ ਉਹਦੇ ਪੰਜ ਜੱਫੇ ਤਾਂ ਕਿਤੇ ਗਏ ਨਹੀਂ। ਪਰ ਅਜੇ ਤਕ ਉਹਦੇ ਤਿੰਨ ਜੱਫੇ ਹੀ ਲੱਗੇ ਸਨ। ਜਿੰਦਾ ਉਸ ਤੋਂ ਇਕ ਵਾਰ ਵੀ ਨਹੀਂ ਸੀ ਡੱਕ ਹੋਇਆ। ਕਲੱਬ ਵਾਲੇ ਰੱਖੇ ਨੂੰ ਕੋਸ ਰਹੇ ਸਨ ਕਿਤੇ ਉਹ ਜਿੰਦੇ ਨਾਲ ਰਲ਼ ਤਾਂ ਨਹੀਂ ਸੀ ਗਿਆ!

ਮੈਚ ਮੁੱਕਣ 'ਚ ਪੰਜ ਮਿੰਟ ਰਹਿ ਗਏ। ਫਿਰ ਦੋ ਮਿੰਟ ਤੇ ਫਿਰ ਇਕ ਮਿੰਟ। ਅੰਕ ਬਰਾਬਰ ਚੱਲ ਰਹੇ ਸਨ। ਮੈਚ ਦਾ ਪਹਿਲਾ ਅੰਕ ਜਿੰਦੇ ਦਾ ਸੀ ਜਿਸ ਨੂੰ ਡੇਢ ਅੰਕ ਮੰਨਿਆ ਜਾਂਦੈ। ਅੰਕ ਬਰਾਬਰ ਰਹਿ ਜਾਂਦੇ ਤਾਂ ਕੱਪ ਜਿੰਦੇ ਦੇ ਕਲੱਬ ਦਾ ਹੋ ਜਾਣਾ ਸੀ। ਅੰਪਾਇਰ ਨੇ ਉਂਗਲਾਂ ਉਠਾ ਕੇ ਇਸ਼ਾਰਾ ਕੀਤਾ ਕਿ ਇਕ-ਇਕ ਰੇਡ ਰਹਿ ਗਈ।

ਉਸ ਸਮੇਂ ਨੰਬਰ 40-40 ਸਨ। ਰੱਖੇ ਹੋਰਾਂ ਦੇ ਰੇਡਰ ਨੇ ਕਬੱਡੀ ਪਾਈ। ਉਹ ਖਿੱਚ ਧੂਹ ਕਰਦਾ ਪਾੜੇ ਤਕ ਪਹੁੰਚ ਗਿਆ ਜਿਸ ਨਾਲ ਅੰਕ 41-40 ਹੋ ਗਏ। ਚੁਫੇਰੇ ਸੱਨਾਟਾ ਛਾ ਗਿਆ। ਆਖ਼ਰੀ ਕਬੱਡੀ ਪਾਉਣ ਲਈ ਜਿੰਦਾ ਪਾੜੇ ਉਤੇ ਆਇਆ। ਉਸ ਨੇ ਧਰਤੀ ਮਾਂ ਨੂੰ ਮੱਥਾ ਟੇਕਿਆ। ਸੂਰਜ ਵੱਲ ਹੱਥ ਜੋੜੇ। ਥਾਪੀ ਮਾਰੀ ਤੇ ਧੁੱਸ ਦੇਈ ਜਾਫੀਆਂ ਵੱਲ ਵਧਿਆ। ਇਹੋ ਮੌਕਾ ਸੀ ਕਿ ਜਿੰਦਾ ਤੇ ਰੱਖਾ ਕਲੱਬਾਂ ਤੋਂ ਵੀਹ ਵੀਹ ਲੱਖ ਲੈਣ ਦਾ ਮੁੱਲ ਮੋੜਦੇ। ਰੱਖਾ ਖੜੱਪੇ ਸੱਪ ਵਾਂਗ ਜਿੰਦੇ ਨੂੰ ਪਿਆ। ਕੁਮੈਂਟੇਟਰ ਦੇ ਬੋਲ ਗੂੰਜੇ-ਮਾਰ ਸੋਹਣਿਆਂ ਕੈਂਚੀ ਰੇਡਰ ਸੁੱਕਾ ਜਾਵੇ ਨਾ...।

ਰੱਖੇ ਨੇ ਗੁੱਟ ਫੜਦਿਆਂ ਕੈਂਚੀ ਮਾਰ ਦਿੱਤੀ। ਦੋਵੇਂ ਗੁਥਮਗੁੱਥਾ ਹੋ ਗਏ ਤੇ ਲੋਟ ਪੋਟਣੀਆਂ ਖਾਣ ਲੱਗੇ। ਜਿੰਦਾ ਅੰਨ੍ਹੇ ਜ਼ੋਰ ਨਾਲ ਰੱਖੇ ਨੂੰ ਹੰਦਿਆਂ ਵੱਲ ਘੜੀਸੀ ਗਿਆ। ਕੁਮੈਂਟੇਟਰ ਸਾਹੋ ਸਾਹ ਹੋਇਆ ਕਹਿ ਰਿਹਾ ਸੀ-ਦਿੱਲੀ ਦੂਰ, ਹੰਦੇ ਦੂਰ...। ਨਾਲ ਸਮਾਂ ਗਿਣਾਈ ਜਾਂਦਾ ਸੀ-ਪੱਚੀ ਸਕਿੰਟ, ਛੱਬੀ, ਸਤਾਈ, ਅਠਾਈ, ਉਣੱਤੀ...। ਤੀਹ ਕਹਿਣ ਯਾਨਿ ਰੇਡ ਦਾ ਸਮਾਂ ਮੁੱਕਣ ਤੋਂ ਪਹਿਲਾਂ ਜਿੰਦੇ ਦਾ ਹੱਥ ਹੰਦਿਆਂ ਨੂੰ ਲੱਗ ਗਿਆ ਜਿਸ ਨਾਲ ਜਿੰਦੇ ਦਾ ਕਲੱਬ ਕੱਪ ਜਿੱਤ ਗਿਆ। ਕਲੱਬ ਦੇ ਸਮੱਰਥਕਾਂ ਨੇ ਬੋਤਲਾਂ ਹਵਾ 'ਚ ਚਲਾ ਮਾਰੀਆਂ ਤੇ ਖ਼ੁਸ਼ੀ 'ਚ ਖੀਵੇ ਹੋਏ ਇਕ ਦੂਜੇ ਨਾਲ ਬਗ਼ਲਗੀਰ ਹੋਣ ਲੱਗੇ।

ਕੁਝ ਪਲਾਂ ਬਾਅਦ ਹੰਭਿਆ ਹਾਰਿਆ ਰੱਖਾ ਗੋਡਣੀਏਂ ਹੋ ਕੇ ਗਰਾਊਂਡ 'ਚੋ ਉਠਿਆ ਤੇ ਡੋਲਦਾ ਜਿਹਾ ਆਪਣੇ ਜਿਗਰੀ ਯਾਰ ਜਿੰਦੇ ਕੋਲ ਆਇਆ। ਉਸ ਨੇ ਬੜੇ ਮੋਹ ਨਾਲ ਕਿਹਾ, "ਬਾਈ ਉੱਠ ਹੁਣ। ਆ ਆਪਣੇ ਘਰ ਨੂੰ ਚੱਲੀਏ। ਤੂੰ ਉੱਠੇਂਗਾ ਕਿ ਮੈਂ ਉਠਾਵਾਂ?"

ਜਿੰਦੇ ਤੋਂ ਕੋਈ ਹੁੰਗਾਰਾ ਨਾ ਭਰਿਆ ਗਿਆ। ਉਹਦੇ ਬੁੱਲ੍ਹਾਂ ਦੇ ਕੋਨਿਆਂ 'ਤੇ ਝੱਗ ਜੰਮੀ ਪਈ ਸੀ ਤੇ ਕਸੀਸ ਵੱਟੀ ਜਬ੍ਹਾੜੇ ਜੁੜੇ ਦੇ ਜੁੜੇ ਰਹਿ ਗਏ ਸਨ। ਐਂਬੂਲੈਂਸ ਤਾਂ ਸਿਰਫ਼ ਵਿਖਾਵੇ ਲਈ ਸੱਦੀ ਗਈ ਸੀ।


---

## ਮਾਰੀਓ ਇਓਸ਼ਾ

ਤਿਆਰ ਨਹੀਂ ਹੈ। ਲੜਕੀ ਕਥਾਕਾਰ ਨੂੰ ਲੈਰੀ ਦੀ ਆਤਮਾ ਦੀ ਭਟਕਣ ਦਾ ਭੇਤ ਜਾਨਣ ਲਈ ਸਵਾਲ ਕਰਦੀ ਹੈ ਤਾਂ ਸੂਤਰਧਾਰ ਲੇਖਕ ਇਤਨੀ ਗੱਲ ਦੱਸ ਕੇ ਬਾਤ ਮੁਕਾ ਦਿੰਦਾ ਹੈ: ਅਖੇ ਤੇਰਾ ਦੋਸਤ ਹੁਣ ਉਹ ਸੰਗੀਤ ਸੁਣਨਾ ਚਾਹੁੰਦਾ ਹੈ ਜੋ ਯੂਨਾਨੀ ਮਿੱਥ ਅਨੁਸਾਰ ਸੰਗੀਤ ਦੀਆ ਦੇਵੀਆਂ ਗਾਉਂਦੀਆਂ ਹਨ। ਯਾਨਿ ਉਹ ਆਤਮਾ ਦੇ ਕਿਸੇ ਅਸੰਭਵ-ਅਪਹੁੰਚ ਧਰਾਤਲ ਨੂੰ ਛੂਹਣਾ ਚਾਹੁੰਦਾ ਹੈ। ਮੇਰੇ ਅਜਿਹਾ ਕੁਝ ਕਹਿਣ ਤੇ ਡਾ. ਬਲਕਾਰ ਸਿੰਘ ਤਾਂ ਟਸ ਤੋਂ ਮਸ ਨਾ ਹੋਏ ਪਰ ਬਾਈ ਕੇਹਰ ਸਿੰਘ ਹੋਰਾਂ ਦੀ ਸਹਿਮਤੀ ਸੀ ਕਿ ਇਓਸ਼ਾ ਦੀ ਰਹੱਸਮਈ ਨਾਇਕਾ ਵੀ ਸ਼ਾਇਦ ਕਿਸੇ ਅਜਿਹੇ ਚੱਕਰ ਵਿਚ ਹੀ ਭਟਕਦੀ ਰਹੀ ਸੀ।

ਇਓਸ਼ਾ ਦੀ ਇਸ ਕਥਾ ਨੂੰ ਪੜ੍ਹ ਕੇ ਰਿਨੇਸਾਂ ਯੁੱਗ ਦੇ ਮਹਾਨ ਕਲਾਕਾਰ ਲਿਓਨਾਰਦੋ ਦਾ ਵਿੰਸੀ ਦੀ ਜਗਤ ਪ੍ਰਸਿੱਧ ਰਚਨਾ 'ਮੋਨਾਲੀਜ਼ਾ' ਦੀ ਭੇਤ ਭਰੀ ਮੁਸਕਾਨ ਲਗਾਤਾਰ ਮਨ ਨੂੰ ਉਭਾਰਦੀ ਚਲੀ ਜਾਂਦੀ ਹੈ। ਮਾਰੀਓ ਇਓਸ਼ਾ ਨੂੰ ਸਲਾਮ, ਸਦਾ ਸਲਾਮ।

*ਹੋਰ ਸਾਹਿਤ ਰੂਪਾਂ ਦਾ ਤਾਂ ਮੈਨੂੰ ਪਤਾ ਨਹੀਂ ਪਰ ਕਹਾਣੀ ਵਿਧਾ ਦੇ ਪਿੜ ਵਿਚ ਪੰਜਾਬੀ ਲੇਖਕਾਂ ਦੀ ਕਮਾਈ ਨਿਸ਼ਚੇ ਹੀ ਕਾਫੀ ਮਾਣ ਕਰਨ ਵਾਲੀ ਹੈ। ਮਸਲਨ ਸੁਖਜੀਤ ਦੀ ਕਹਾਣੀ 'ਅੰਤਰਾ', ਮਨਿੰਦਰ ਕਾਂਗ ਦੀ ਕਹਾਣੀ 'ਭਾਰ' ਜਾਂ ਸਾਂਵਲ ਧਾਮੀ ਦੀ ਕਹਾਣੀ 'ਸੇਜੀ ਦੇ ਫੁੱਲ' ਅਜਿਹੇ ਬਿਰਤਾਂਤ ਹਨ ਜਿਨ੍ਹਾਂ ਉਤੇ ਕਿਸੇ ਵੀ ਭਾਸ਼ਾ ਦਾ ਸਾਹਿਤ ਮਾਣ ਕਰ ਸਕਦਾ ਹੈ। 'ਅੰਤਰਾ' ਕਹਾਣੀ ਨੇ ਮੈਨੂੰ ਧੁਰ ਆਤਮਾ ਤੱਕ ਹਿਲਾ ਕੇ ਰੱਖ ਦਿੱਤਾ ਸੀ ਪਰ ਜਿਸ ਕਿਸਮ ਦੀ ਆਤਮਿਕ ਬੇਚੈਨੀ ਗੁਲਜ਼ਾਰ ਸਿੰਘ ਸੰਧੂ ਹੋਰਾਂ ਦੀ 'ਪ੍ਰਭਾ' ਨਾਂ ਦੀ ਕਹਾਣੀ ਪੜ੍ਹ ਕੇ ਹੋਈ ਹੈ, ਉਸ ਕਿਸਮ ਦੀ ਬੇਚੈਨੀ ਤਾਂ 'ਅੰਤਰਾ' ਨੂੰ ਪੜ੍ਹਨ ਸਮੇਂ ਵੀ ਮਹਿਸੂਸ ਨਹੀਂ ਹੋਈ ਸੀ। ਬਾਬੇ ਨੇ ਇਹ ਕਹਾਣੀ ਲਿਖ ਕੇ ਉਸੇ ਤਰ੍ਹਾਂ ਦਾ ਸਾਹਿਤਕ ਕੌਤਕ ਕਰ ਦਿੱਤਾ ਹੈ ਜਿਸ ਤਰ੍ਹਾਂ ਦਾ ਕੌਤਕ ਐਂਤਨ ਚੈਖੋਵ ਨੇ 'ਕਲਰਕ ਦੀ ਮੌਤ', ਓ. ਹੈਨਰੀ ਨੇ 'ਮਗਾਵੀ ਦਾ ਤੋਹਫਾ', ਕੁਲਵੰਤ ਸਿੰਘ ਵਿਰਕ ਨੇ 'ਧਰਤੀ ਹੇਠਲਾ ਬੌਲਦ' ਜਾਂ ਮੋਹਨ ਰਾਕੇਸ਼ ਨੇ 'ਉਸਕੀ ਰੋਟੀ' ਨਾਂ ਦੀਆਂ ਸ਼ਾਹਕਾਰ ਕਹਾਣੀਆਂ ਲਿਖ ਕੇ ਆਪਣੀ-ਆਪਣੀ ਭਾਸ਼ਾ ਵਿਚ ਕੀਤਾ ਸੀ। ਮੈਂ ਤੈਨੂੰ ਇਹ 'ਪੰਜਾਬ ਟਾਈਮਜ਼' ਦੇ ਪਾਠਕਾਂ ਖਾਤਰ ਭੇਜ ਰਿਹਾ ਹਾਂ ਅਤੇ ਮੇਰਾ ਜੀਅ ਕਰਦਾ ਹੈ ਕਿ ਅਖ਼ਬਾਰ ਵਿਚ ਇਸਨੂੰ ਪਹਿਲ ਦੇ ਆਧਾਰ 'ਤੇ ਛਾਪਿਆ ਜਾਵੇ। -ਗੁਰਦਿਆਲ ਬੱਲ*



# ਪ੍ਰਭਾ

ਕਹਾਣੀ

-ਗੁਲਜ਼ਾਰ ਸਿੰਘ ਸੰਧੂ

ਸ਼ਾਇਦ ਮੈਂ ਪ੍ਰਭਾ ਨੂੰ ਨਾ ਵੀ ਪਿਆਰ ਕਰਦਾ ਜੇ ਕਦੀ ਉਸ ਦੀ ਤੱਕਣੀ ਵਿਚ ਇਕ ਮੋਹਣੀ ਜਿਹੀ ਤਲਖੀ ਨਾ ਹੁੰਦੀ। ਅਜਿਹੀ ਤੱਕਣੀ ਦਾ ਪ੍ਰਸ਼ੰਸਕ ਮੇਰਾ ਇਕ ਮਿੱਤਰ ਮੈਨੂੰ ਕਿਹਾ ਕਰਦਾ ਸੀ, "ਐਵੇਂ ਤੈਨੂੰ ਵਹਿਮ ਹੈ ਸ਼ਰਮਾ, ਉਸ ਕੁੜੀ ਵਿਚ ਕੁਝ ਵੀ ਤਾਂ ਨਹੀਂ, ਸਿਵਾਇ ਇਸ ਦੇ ਕਿ ਉਸ ਦੇ ਦੋਨਾਂ ਨੈਣਾਂ ਵਿਚ ਦੋ ਕੋਲੇ ਜਿਹੇ ਮਘਦੇ ਰਹਿੰਦੇ ਹਨ ਅਤੇ ਗੋਰੀ ਗੱਲ੍ਹ 'ਤੇ ਇਕ ਲਾਖਾ ਜਿਹਾ ਤਿਲ ਹੈ।" ਮੇਰੇ ਮਿੱਤਰ ਦੇ ਇਹ ਵਾਕ ਭਾਵ ਰਹਿਤ ਨਹੀਂ ਸਨ, ਇਨ੍ਹਾਂ ਵਾਕਾਂ ਵਿਚ ਈਰਖਾ ਤੇ ਸ਼ਰਧਾ ਸੀ ਪ੍ਰਭਾ ਦੇ ਹੁਸਨ ਲਈ। ਇਹ ਗੱਲ ਮੈਂ ਚੰਗੀ ਤਰ੍ਹਾਂ ਸਮਝਦਾ ਸਾਂ। ਸੱਚਮੁਚ ਓਪਰੀ ਅੱਖ ਲਈ ਉਹ ਵਧੇਰੇ ਹੁਸਨ ਦੀ ਮਾਲਕ ਨਹੀਂ ਸੀ। ਕੱਕੇ ਜਿਹੇ ਉਸਦੇ ਵਾਲ ਸਨ, ਚੁੱਪ-ਗੜੁੱਪ ਜਿਹੀ ਉਹ ਰਹਿੰਦੀ ਸੀ, ਤੱਕਣੀ ਉਸਦੀ ਵਿਚ ਸੇਕ ਸੀ। ਕੇਵਲ ਤਿਲ ਹੀ ਤਿਲ ਉਸ ਦਾ ਬੋਲਦਾ ਸੀ ਅਤੇ ਤਿਲ ਹੀ ਹੁੰਗਾਰਾ ਭਰਦਾ ਸੀ। ਤਿਲ ਦੇ ਦਾਣੇ ਸਮਾਨ ਲਾਖਾ ਜਿਹਾ ਇਹ ਤਿਲ ਸੀ। ਮੇਰੇ ਮਿੱਤਰ ਉਸ ਦੀ ਤੱਕਣੀ ਅਤੇ ਤਿਲ ਨੂੰ ਵਡਿਆਉਂਦੇ ਸਨ, ਮੈਨੂੰ ਪ੍ਰਭਾ ਉਤੇ ਰਸ਼ਕ ਆ ਜਾਂਦਾ ਸੀ। ਇਹੋ ਰਸ਼ਕ ਮੈਨੂੰ ਪ੍ਰਭਾ ਨੂੰ ਆਪਣੀ ਬਣਾਉਣ ਲਈ ਪ੍ਰੇਰਦਾ ਰਿਹਾ। ਮੈਂ ਉਸ ਨੂੰ ਆਪਣੀ ਬਣਾਉਣ ਦੇ ਯਤਨ ਕਰਦਾ ਰਿਹਾ। ਉਹ ਮੇਰੀ ਹੋ ਗਈ... ਮੈਂ ਉਸ ਦਾ।

ਪ੍ਰਭਾ ਵਫਾ ਦੀ ਪੁਤਲੀ ਸੀ। ਉਸ ਦੀ ਵਫਾ, ਉਸ ਦਾ ਈਮਾਨ ਸੀ। ਪਰ ਇਸਤਰੀ ਦੇ ਮਨ ਸਬੰਧੀ ਕੁਝ ਵੀ ਨਹੀਂ ਕਿਹਾ ਜਾ ਸਕਦਾ। ਆਪਣਾ ਸਭ ਕੁਝ ਕਿਸੇ ਹੋਰ ਤੋਂ ਵਾਰ ਕੇ ਵੀ, ਉਹ ਤੁਹਾਡੇ ਨਾਲ ਰੱਜ ਕੇ ਵਫਾਦਾਰ ਹੋ ਸਕਦੀ ਹੈ। ਪ੍ਰਭਾ ਨੇ ਕਿਸੇ ਨੂੰ ਪਿਆਰ ਕੀਤਾ ਸੀ ਅਤੇ ਰੱਜ ਕੇ ਉਸ ਦੇ ਪਿਆਰ ਨੂੰ ਮਾਣਿਆ ਸੀ, ਉਸ ਨੇ ਇਕ ਦਿਨ ਮੈਨੂੰ ਦੱਸਿਆ। ਉਸ ਦੇ ਕਥਨ ਅਨੁਸਾਰ ਉਸਦੀ ਪ੍ਰੀਤ ਦੇ ਪਾਤਰ ਨੂੰ ਮਨੁੱਖੀ ਮਨ ਦੇ ਜਜ਼ਬਿਆਂ ਦਾ ਪੂਰਨ ਸਤਿਕਾਰ ਸੀ। ਇਸ ਤੋਂ ਵਧੇਰੇ ਉਸ ਨੇ ਆਪਣੀ ਪ੍ਰੀਤ ਦੇ ਪਾਤਰ ਸਬੰਧੀ ਮੇਰੇ ਲੱਖ ਤਰਲੇ ਕਰਨ 'ਤੇ ਵੀ ਕੁਝ ਨਹੀਂ ਸੀ ਦੱਸਿਆ। ਉਹ ਆਪਣੇ ਪ੍ਰੇਮੀ ਦੇ ਸਤਿਕਾਰ ਨੂੰ ਸੰਭਾਲ-ਸੰਭਾਲ ਪਈ ਰਖਦੀ ਸੀ। ਆਪਣੇ ਇਸ ਅਮਲ 'ਤੇ ਉਸਨੂੰ ਮਾਣ ਸੀ ਤੇ ਉਸ ਦੇ ਇਸ ਅਮਲ ਨਾਲ ਮੈਨੂੰ ਈਰਖਾ ਸੀ। ਉਸ ਨੂੰ ਵੇਖ ਮੇਰੀਆਂ ਲੱਤਾਂ ਕੰਬਣ ਲੱਗ ਜਾਂਦੀਆਂ ਸਨ। ਉਸ ਦੇ ਨੇੜੇ ਹੋਣ ਨਾਲ ਮੇਰੇ ਸਰੀਰ ਵਿਚੋਂ ਇਕ ਝਰਨਾਟ ਜਿਹੀ ਲੰਘ ਜਾਂਦੀ ਸੀ ਪਰ ਮੈਂ ਬੇਬਸ ਸਾਂ। ਉਹ ਮੈਨੂੰ ਪਿਆਰ ਕਰਦੀ ਸੀ, ਮੇਰਾ ਸਤਿਕਾਰ ਕਰਦੀ ਸੀ, ਜੇ ਮੈਂ ਉਸ ਦੇ ਉਸ ਪ੍ਰੇਮੀ ਸਬੰਧੀ ਕੁਝ ਪੁੱਛਾਂ ਤੇ ਬੱਸ ਮੁਸਕਰਾ ਦੇਂਦੀ ਸੀ।

ਉਸ ਦਾ ਇਹ ਵਤੀਰਾ ਮੈਨੂੰ ਚੰਗਾ ਵੀ ਲਗਦਾ ਸੀ ਅਤੇ ਨਹੀਂ ਵੀ। ਪਰ ਉਹ ਇਸ ਨੂੰ ਬਦਲਣ ਲਈ ਤਿਆਰ ਨਹੀਂ ਸੀ। ਪੂਰਾ ਇਕ ਵਰ੍ਹਾ ਉਹ ਇਸੇ ਤਰ੍ਹਾਂ ਆਪਣੇ ਪਿਆਰੇ ਦੇ ਸਤਿਕਾਰ ਨੂੰ ਆਪਣੇ ਅੰਦਰ ਹੀ ਰਚਾਉਂਦੀ ਰਹੀ ਅਤੇ ਇਸ ਪ੍ਰੀਤ-ਚੰਗਿਆੜੀ ਨੂੰ ਆਪਣੀ ਹਿੱਕ ਵਿਚ ਦਬਾਈ ਰੱਖਣ 'ਤੇ ਉਸ ਨੂੰ ਮਾਣ ਵੀ ਸੀ।

ਮੇਰੇ ਅਤੇ ਪ੍ਰਭਾ ਦੇ ਸਬੰਧ ਕੁਝ ਫਿੱਕੇ ਪੈਣ ਲੱਗ ਪਏ, ਸ਼ਾਇਦ ਇਸ ਲਈ ਕਿ ਪ੍ਰਭਾ ਹੁਣ ਇਕ ਬੱਚੀ ਦੀ ਮਾਂ ਬਣ ਗਈ ਸੀ। ਸਾਡੀ ਇਸ ਬੱਚੀ ਦੀਆਂ ਹਰਕਤਾਂ ਬੜੀਆਂ ਅਜੀਬ ਸਨ। ਉਹ ਬੜੀ ਲਾਪ੍ਰਵਾਹ ਜਾਪਦੀ ਸੀ, ਬੜੀ ਉਦਾਰ ਜਾਪਦੀ ਸੀ, ਬਹੁਤ ਘੱਟ ਰੋਂਦੀ ਸੀ, ਬਹੁਤ ਘੱਟ ਖੇਡਦੀ ਸੀ। ਉਸ ਦੇ ਨਕਸ਼ ਨਾ ਮੇਰੇ 'ਤੇ ਸਨ ਅਤੇ ਨਾ ਆਪਣੀ ਮਾਂ 'ਤੇ। ਉਸ ਦੇ ਨਕਸ਼ ਸਾਦਾ ਅਤੇ ਉਸ ਦੇ ਨੈਣਾਂ ਦੀਆਂ ਟੋਪੀਆਂ ਉਸ ਦੇ ਮੱਥੇ ਨਾਲੋਂ ਜ਼ਰਾ ਉਭਰਵੀਆਂ ਸਨ। ਅੱਖਾਂ ਜਿਵੇਂ ਉਸ ਦੀਆਂ ਬਾਹਰ ਹੀ ਪਈਆਂ ਹੋਣ। ਪਤਾ ਨਹੀਂ ਮੇਰੀ ਇਹ ਬੱਚੀ ਕਿਸ 'ਤੇ ਗਈ ਸੀ, ਮੈਂ ਸੋਚਦਾ ਰਹਿੰਦਾ। ਜਿਹੜਾ ਵੀ ਕੋਈ ਮਾਂ ਦੇ ਦਿਲ ਵਿਚ ਸਮਾਇਆ ਹੋਇਆ ਹੋਵੇ, ਮਾਂ ਦਾ ਬੱਚਾ ਉਸੇ 'ਤੇ ਜਾਂਦਾ ਹੈ, ਮੈਂ ਸੁਣ ਰੱਖਿਆ ਸੀ। ਪਰ ਮੇਰੀ ਜਾਣ-ਪਛਾਣ ਦੇ ਘੇਰੇ ਵਿਚ ਕੋਈ ਵੀ ਅਜਿਹਾ ਇਸਤਰੀ ਪੁਰਸ਼ ਨਹੀਂ ਸੀ, ਜਿਸ ਦੇ ਨਕਸ਼ ਇਸ ਬੱਚੀ ਨਾਲ ਮਿਲਦੇ ਹੋਣ। ਪ੍ਰਭਾ ਉਸ ਨੂੰ ਲਾਡ ਲਡਾਉਂਦੀ ਨਹੀਂ ਸੀ ਥੱਕਦੀ। ਮੈਨੂੰ ਵੀ ਉਹ ਬੁਰੀ ਨਹੀਂ ਸੀ ਲਗਦੀ ਪਰ ਫੇਰ ਵੀ ਪਤਾ ਨਹੀਂ ਕਿਉਂ ਮੈਨੂੰ ਕਦੀ ਵੀ ਉਸ ਨਾਲ ਪਿਆਰ ਨਹੀਂ ਸੀ ਆਉਂਦਾ। ਮੈਨੂੰ ਪ੍ਰਭਾ ਦੀ ਉਸ ਬੱਚੀ ਨਾਲ ਵੀ ਈਰਖਾ ਸੀ।

ਹਾਲੀਂ ਉਹ ਇਕ ਵਰ੍ਹੇ ਦੀ ਵੀ ਨਹੀਂ ਸੀ ਹੋਈ ਕਿ ਉਸ ਨੂੰ ਕੋਈ ਰੋਗ ਲੱਗ ਗਿਆ। ਉਸ ਦੀ ਮਾਂ ਬਿਲਕੁੱਲ ਚੁੱਪ-ਚੁੱਪ ਰਹਿਣ ਲੱਗ ਪਈ। ਮੰਨੇ ਪ੍ਰਮੰਨੇ ਡਾਕਟਰਾਂ ਤੇ ਹਕੀਮਾਂ ਤੋਂ ਇਲਾਜ ਕਰਵਾਇਆ, ਪਰ ਉਸ ਨੂੰ ਕੋਈ ਮੋੜ ਨਾ ਪਿਆ। ਜਿਉਂ-ਜਿਉਂ ਬੱਚੀ ਕਮਜ਼ੋਰ ਹੁੰਦੀ ਗਈ, ਪ੍ਰਭਾ ਫਿਕਰਮੰਦ ਹੁੰਦੀ ਗਈ। ਹੌਲੀ-ਹੌਲੀ ਪ੍ਰਭਾ ਦੇ ਫੇਫੜਿਆਂ ਵਿਚ ਕੋਈ ਨੁਕਸ ਠਹਿਰ ਗਿਆ। ਇਸ ਦੀ ਪ੍ਰਭਾ ਬਹੁਤ ਘੱਟ ਪ੍ਰਵਾਹ ਕਰਦੀ ਸੀ। ਮੈਂ ਵੀ ਉਸ ਬਾਰੇ ਸੋਚਣਾ ਛੱਡ ਦਿੱਤਾ। ਮੈਂ ਬਾਹਰ ਦੇ ਕੰਮਾਂ ਵਿਚ ਦਿਲਚਸਪੀ ਲੈਣ ਲੱਗ ਪਿਆ। ਹੁਣ ਉਹ ਵੀ ਮੇਰੇ ਬਾਰੇ ਬਹੁਤ ਘੱਟ ਸੋਚਦੀ ਸੀ। ਪਰ ਇਸ ਗੱਲ ਦੀ ਮੈਨੂੰ ਈਰਖਾ ਨਹੀਂ ਸੀ। ਜੇ ਹੁੰਦੀ ਵੀ, ਤਾਂ ਮੈਂ ਉਸ ਨੂੰ ਭੁਲਾ ਦਿੰਦਾ ਸਾਂ ਤੇ ਆਪਣੇ ਆਪ 'ਚ ਸੰਤੁਸ਼ਟ ਰਹਿਣ ਦੀ ਕੋਸ਼ਿਸ਼ ਕਰਦਾ ਸਾਂ।

ਇਕ ਦਿਹਾੜੇ ਬੱਚੀ ਦੀ ਹਾਲਤ ਠੀਕ ਨਹੀਂ ਸੀ। ਮੈਂ ਉਸ ਨੂੰ ਪ੍ਰਭਾ ਦੀ ਗੋਦ ਵਿਚ ਹੀ ਲੇਟੀ ਹੋਈ ਛੱਡ ਗਿਆ ਸਾਂ। ਜਦ ਮੈਂ ਘਰੋਂ ਤੁਰਿਆ ਤਾਂ ਪ੍ਰਭਾ ਚੁੱਪ ਸੀ, ਨਿਰੀ ਮਿੱਟੀ ਦੀ ਇਕ ਮੂਰਤੀ। ਤੁਰਨ ਤੋਂ ਪਹਿਲਾਂ ਮੈਂ ਉਸ ਵਲ ਇਕ ਵਾਰੀ ਪਿਛਾਂਹ ਪਰਤ ਕੇ ਵੇਖਿਆ ਸੀ। ਉਹ ਆਪਣੇ ਹਾਲ ਵਿਚ ਮਸਤ ਬੈਠੀ ਸੀ। ਮੈਥੋਂ ਉਸ ਦੀ ਇਹ ਅਵਸਥਾ ਸਹਾਰੀ ਨਹੀਂ ਸੀ ਜਾਂਦੀ। ਇਸੇ ਕਾਰਨ ਮੈਂ ਛੇਤੀ ਘਰ ਨਹੀਂ ਸੀ ਪਰਤਣਾ ਚਾਹੁੰਦਾ। ਸਾਰੀ ਸ਼ਾਮ ਮੈਂ ਕਾਫੀ ਹਾਊਸ ਵਿਚ ਕਾਫੀ ਪੀਂਦਿਆਂ ਲੰਘਾ ਦਿੱਤੀ ਸੀ। ਦੇਰ ਨਾਲ ਜਦ ਮੈਂ ਘਰ ਪਰਤਿਆ ਤਾਂ ਪ੍ਰਭਾ ਉਸੇ ਤਰ੍ਹਾਂ ਆਪਣੀ ਬੱਚੀ ਨੂੰ ਗੋਦ ਵਿਚ ਲਈ ਬੈਠੀ ਸੀ। ਮੈਂ ਉਸ ਨੂੰ ਬੁਲਾਇਆ, ਉਹ ਬੋਲਦੀ ਨਹੀਂ ਸੀ। ਮੈਂ ਉਸ ਨੂੰ ਹਿਲਾਇਆ, ਉਹ ਹਿਲਦੀ ਨਹੀਂ ਸੀ। ਉਹ ਸੁੰਨ ਸੀ। ਅੱਖਾਂ ਉਸ ਦੀਆਂ ਪਥਰਾ ਗਈਆਂ ਸਨ। ਬੱਚੀ ਉਸ ਦੀ ਗੋਦ ਵਿਚ ਸੀ। ਮੈਂ ਉਸ ਨੂੰ ਪ੍ਰਭਾ ਕੋਲੋਂ ਫੜ ਲੈਣਾ ਚਾਹਿਆ। ਉਹ ਠੰਡੀ ਹੋ ਚੁੱਕੀ ਸੀ। ਉਸ ਵਿਚ ਜਾਨ ਨਹੀਂ ਸੀ। ਪ੍ਰਭਾ ਸ਼ਾਇਦ ਰਾਤ ਦੀ ਹੀ ਇਸੇ ਤਰ੍ਹਾਂ ਬੈਠੀ ਸੀ। ਘਰ ਸਾਡੇ ਨਾ ਕੋਈ ਆਉਂਦਾ ਸੀ ਤੇ ਨਾ ਆਇਆ। ਆਉਂਦਾ ਵੀ ਕਿਸ ਤਰ੍ਹਾਂ? ਬੱਚੀ ਦੇ ਬੀਮਾਰ ਹੋਣ ਤੋਂ ਪਿੱਛੋਂ ਪ੍ਰਭਾ ਕਿਸੇ ਨਾਲ ਗੱਲ ਹੀ ਨਹੀਂ ਸੀ ਕਰਦੀ। ਜਿਸ ਕਿਸੇ ਨੂੰ ਥੋੜ੍ਹੀ ਬਹੁਤ ਦਿਲਚਸਪੀ ਹੁੰਦੀ, ਬਾਹਰੋਂ ਹੀ ਹਾਲ ਪੁੱਛ ਲੈਂਦਾ ਤੇ ਮੈਂ ਦੱਸ ਛਡਦਾ ਸਾਂ।

ਬੱਚੀ ਦੀ ਮੌਤ ਤੋਂ ਪਿੱਛੋਂ ਪ੍ਰਭਾ ਬੇਹੱਦ ਉਦਾਸ ਰਹਿਣ ਲੱਗੀ। ਉਸ ਦੇ ਫੇਫੜਿਆਂ ਵਿਚ ਨੁਕਸ ਵਧਦਾ ਗਿਆ। ਕੋਈ ਉਸ ਦੇ ਰੋਗ ਨੂੰ ਤਪਦਿਕ ਕਹਿੰਦਾ ਅਤੇ ਕੋਈ ਬੱਚੀ ਦੀ ਮੌਤ ਦਾ ਸਦਮਾ। ਪਰ ਇਸ ਗੱਲ ਨਾਲ ਸਾਰੇ ਹੀ ਸਹਿਮਤ ਸਨ ਕਿ ਪ੍ਰਭਾ ਨੂੰ ਇਹ ਰੋਗ ਕਿਸੇ ਡਾਢੇ ਭਾਰੇ ਸਦਮੇ ਵਜੋਂ ਲੱਗਿਆ ਸੀ। ਵੇਖਣ ਨੂੰ ਉਹ ਪਹਿਲਾਂ ਨਾਲੋਂ ਤਕੜੀ ਜਾਪਦੀ ਸੀ। ਉਸ ਦੇ ਜਿਸਮ ਤੋਂ ਕਿਸੇ ਕਿਸਮ ਦੀ ਕਮਜ਼ੋਰੀ ਦਾ ਭੁਲੇਖਾ ਨਹੀਂ ਸੀ ਪੈਂਦਾ ਪਰ ਉਸ ਦੀ ਤੱਕਣੀ ਆਏ ਦਿਨ ਬੁੱਝੀ ਹੁੰਦੀ ਜਾਂਦੀ ਸੀ। ਇਸ ਵਿਚ ਪਹਿਲਾਂ ਵਾਲੀ ਲੋਅ ਵਾਪਸ ਨਾ ਆ ਸਕੀ। ਨੈਣਾਂ ਦੀ ਚਮਕ ਜਾਂਦੀ ਰਹੇ ਤਾਂ ਬੰਦੇ ਵਿਚ ਰਹਿ ਹੀ ਕੀ ਜਾਂਦਾ ਹੈ? ਪ੍ਰਭਾ ਮੈਨੂੰ ਹਵਾ ਦਾ ਬੇਜਾਨ ਗੁਬਾਰਾ ਜਾਪਣ ਲੱਗ ਪਈ ਸੀ। ਉਹ ਅੱਗੇ ਨਾਲੋਂ ਮੋਟੀ ਹੋ ਗਈ ਸੀ। ਉਸ ਦਾ ਚਿਹਰਾ ਪਹਿਲਾਂ ਨਾਲੋਂ ਲਾਲ ਹੋ ਗਿਆ ਸੀ। ਪਰ ਉਸ ਵਿਚ ਕਿਸੇ ਕਿਸਮ ਦੀ ਖਿੱਚ ਨਹੀਂ ਸੀ ਰਹੀ ਕਿਉਂਕਿ ਉਸ ਦੀ ਤੱਕਣੀ ਨਿਰਜਿੰਦ ਸੀ, ਬੇਹਿੱਸ ਤੇ ਉਦਾਸੀ ਸੀ।

ਅੰਤ ਹਾਰ ਕੇ ਮੈਂ ਉਸ ਦੀ ਨਬਜ਼ ਇਕ ਮਨੋਵਿਗਿਆਨ ਦੀ ਮਾਹਰ ਲੇਡੀ ਈਲੀਆ ਨੂੰ ਵਿਖਾਈ। ਉਸ ਦਾ ਅਨੁਮਾਨ ਵੀ ਇਹੀਓ ਸੀ ਕਿ ਪ੍ਰਭਾ ਨੂੰ ਕਿਸੇ ਦਾ ਵਿਜੋਗ ਲੱਗਾ ਹੈ ਪਰ ਕਿਸ ਦਾ ਵਿਯੋਗ? ਇਹ ਉਸਨੂੰ ਵੀ ਪਤਾ ਨਹੀਂ ਸੀ ਲਗਦਾ ਪਿਆ। ਉਸ ਨੇ ਪ੍ਰਭਾ ਤੋਂ ਉਸ ਦੇ ਬਚਪਨ ਦਾ ਹਾਲ ਪੁਛਿਆ। ਉਸ ਦੀ ਪੜ੍ਹਾਈ ਦੇ ਜ਼ਮਾਨੇ ਦਾ ਹਾਲ ਪੁੱਛਿਆ। ਉਸ ਦੀ ਸ਼ਾਦੀ ਦਾ ਅਤੇ ਉਸਦੀ ਬੱਚੀ ਦੀ ਮੌਤ ਦਾ ਹਾਲ ਪੁਛਿਆ। ਉਹ ਸਾਰਾ ਦਿਨ ਪ੍ਰਭਾ ਨੂੰ ਅਜੀਬ ਜਿਹੇ ਸਵਾਲ ਪੁੱਛਦੀ ਰਹਿੰਦੀ। ਪੂਰਾ ਡੇਢ ਮਹੀਨਾ ਈਲੀਆ ਪ੍ਰਭਾ ਦਾ ਰੋਗ ਪਛਾਨਣ ਦਾ ਯਤਨ ਕਰਦੀ ਰਹੀ। ਹੌਲੀ-ਹੌਲੀ ਪ੍ਰਭਾ ਦੀ ਹਾਲਤ ਬਹੁਤ ਨਾਜ਼ੁਕ ਹੁੰਦੀ ਗਈ। ਜੋ ਕੁਝ ਵੀ ਉਹ ਖਾਂਦੀ, ਉਸ ਨੂੰ ਹਜ਼ਮ ਨਾ ਹੁੰਦਾ। ਈਲੀਆ ਦੇ ਹੁਕਮ ਅਨੁਸਾਰ ਮੈਂ ਉਸ ਨੂੰ ਲੇਡੀ ਡਾਕਟਰ ਦੇ ਕਲੀਨਿਕ ਵਿਚ ਹੀ ਛੱਡ ਆਇਆ। ਮੈਂ ਉਸ ਨੂੰ ਪਿਆਰ ਕਰਦਾ ਸਾਂ। ਉਸ ਤੋਂ ਕੁਝ ਵੀ ਕੁਰਬਾਨ ਕਰਨ ਲਈ ਤਿਆਰ ਸੀ। ਸ਼ਾਇਦ ਇਸੇ ਵਾਸਤੇ ਲੇਡੀ ਡਾਕਟਰ ਨੇ ਮੈਨੂੰ ਆਪਣੇ ਕਲੀਨਿਕ ਵਿਚ ਕਦੀ-ਕਦਾਈਂ ਵੀ ਜਾਣ ਤੋਂ ਵਰਜ ਦਿੱਤਾ ਸੀ। ਦਿਨ ਵਿਚ ਕੇਵਲ ਇਕ ਵਾਰੀ ਸ਼ਾਮ ਨੂੰ ਜਾ ਕੇ ਮੈਂ ਉਸ ਦੀ ਖ਼ਬਰ ਲੈ ਆਉਂਦਾ ਸਾਂ।

ਇਕ ਦਿਨ ਲੇਡੀ ਡਾਕਟਰ ਨੇ ਤੜਕਸਾਰ ਹੀ ਮੈਨੂੰ ਆਣ ਜਗਾਇਆ। ਮੈਨੂੰ ਜਾਪਿਆ ਕਿ ਪ੍ਰਭਾ ਨੇ ਆਪਣੇ ਅੰਤਿਮ ਸੁਆਸ ਪੂਰੇ ਕਰ ਲਏ ਹਨ ਪਰ ਪਤਾ ਲੱਗਿਆ ਕਿ ਪ੍ਰਭਾ ਹਾਲੇ ਤੱਕ ਜੀਉਂਦੀ ਹੀ ਸੀ ਅਤੇ ਲੇਡੀ ਡਾਕਟਰ ਦੀ ਖੋਜ ਅਨੁਸਾਰ ਉਸ ਨੂੰ ਬਚਾਉਣ ਦਾ ਇੱਕੋ ਇਕ ਸਾਧਨ, ਊਸ਼ਾ ਨਾਂ ਦੀ ਕਿਸੇ ਲੜਕੀ ਨੂੰ ਮਿਲ ਸਕਣਾ ਸੀ। ਇਹ ਰਾਜਪੁਰੇ ਵਿਚ ਹੀ ਕਿਸੇ ਸਕੂਲ ਦੀ ਅਧਿਆਪਕਾ ਸੀ। ਮੈਂ ਲੇਡੀ ਡਾਕਟਰ ਨਾਲ ਉਸੇ ਦੀ ਕਾਰ ਵਿਚ ਰਾਜਪੁਰੇ ਨੂੰ ਚੱਲ ਪਿਆ। ਮੈਂ ਉਦੋਂ ਵੀ ਇਥੇ ਪਟਿਆਲੇ ਵਿਚ ਹੀ ਰਹਿੰਦਾ ਸਾਂ। ਪਰ ਉਦੋਂ ਮੇਰਾ ਮਕਾਨ ਲੋਅਰ ਮਾਲ 'ਤੇ ਸੀ। ਮੇਰੀ ਹੁਣ ਵਾਲੀ ਥਾਂ ਤੋਂ ਦੋ ਮੀਲ ਦੂਰ। ਹੁਣ ਮੈਂ ਉਸ ਮਕਾਨ ਵਿਚ ਰਹਿ ਹੀ ਨਹੀਂ ਸਕਦਾ। ਮੈਂ ਉਧਰੋਂ ਲੰਘਦਾ ਵੀ ਹਾਂ ਤਾਂ ਮੈਨੂੰ ਡੋਲ ਪੈਣ ਲੱਗ ਜਾਂਦੇ ਹਨ। ਹਾਲਾਂਕਿ ਇਹ ਸਭ ਕੁਝ ਵਿਅਰਥ ਹੈ। ਡੋਲ ਪੈਣ ਦਾ ਭਾਵ ਵੀ ਕੀ ਹੈ? ਮੈਨੂੰ ਸਮਝ ਨਹੀਂ ਆਉਂਦੀ।

ਲੇਡੀ ਡਾਕਟਰ ਨੇ ਦੱਸਿਆ ਕਿ ਊਸ਼ਾ ਪ੍ਰਭਾ ਦੇ ਨਾਲ ਹੀ ਪੜ੍ਹਦੀ ਹੁੰਦੀ ਸੀ। ਉਹ ਦੋਨੋਂ ਪੱਕੀਆਂ ਸਹੇਲੀਆਂ ਸਨ ਅਤੇ ਊਸ਼ਾ ਨੇ ਪ੍ਰਭਾ ਦੀ ਸ਼ਾਦੀ ਵਿਚ ਵੀ ਉਸ ਦਾ ਹੱਥ ਵਟਾਇਆ ਸੀ। ਸ਼ਾਇਦ ਪ੍ਰਭਾ ਇਸੇ ਅਹਿਸਾਨ ਥੱਲੇ ਦੱਬੀ ਜਾ ਰਹੀ ਸੀ। ਜੇ ਊਸ਼ਾ ਪ੍ਰਭਾ ਦੀ ਲੋੜੀਂਦੀ ਸਹਾਇਤਾ ਨਾ ਕਰਦੀ ਤਾਂ ਪ੍ਰਭਾ ਦੇ ਰਾਜਪੂਤ ਮਾਪੇ ਸ਼ਰਮਾ-ਕੁਲ ਵਿਚ ਉਸ ਨੂੰ ਕਿਵੇਂ ਵਿਆਹ ਸਕਦੇ ਸਨ? ਮੈਨੂੰ ਯਾਦ ਹੈ ਕਿ ਇਕ ਵਾਰੀ ਮੇਰੇ ਨਾਲ ਸ਼ਾਦੀ ਕਰਾਉਣ ਦਾ ਫੈਸਲਾ ਕਰ ਕੇ ਪ੍ਰਭਾ ਨੇ ਆਪਣੀ ਮਾਂ ਅਤੇ ਪਿਤਾ ਜੀ ਦੀ ਇਕ ਵੀ ਨਹੀਂ ਸੀ ਸੁਣੀ। ਫੇਰ ਵੀ ਇਹ ਕਿੱਡਾ ਕੁ ਵੱਡਾ ਅਹਿਸਾਨ ਸੀ, ਇਹ ਮੈਨੂੰ ਸਮਝ ਨਹੀਂ ਸੀ ਆਉਂਦਾ ਪਿਆ। ਰਾਜਪੁਰੇ ਵਿਚ ਜਦ ਸਾਡੀ ਕਾਰ ਇਕ ਸਾਧਾਰਨ ਜਿਹੇ ਫਲੈਟ ਕੋਲ ਪਹੁੰਚੀ ਤਾਂ ਮੈਂ ਬਾਹਰ ਨਿਕਲ ਕੇ ਹੱਥ ਵਿਚ ਫੜੀ ਹੋਈ ਚਿਟ ਨਾਲ, ਉਸ ਫਲੈਟ ਦਾ ਨੰਬਰ ਮਿਲਾਇਆ। ਠੀਕ ਇਹੋ ਮਕਾਨ ਸੀ, ਜਿਸ ਦੀ ਭਾਲ ਵਿਚ ਦਸੰਬਰ ਦੇ ਮਹੀਨੇ ਵੀ ਮੇਰੇ ਮੱਥੇ 'ਤੇ ਮੁੜ੍ਹਕਾ ਆ ਗਿਆ।

ਮੈਂ ਦਰਵਾਜ਼ਾ ਖੜਕਾਇਆ ਤਾਂ ਇਕ ਸਾਧਾਰਨ ਜਿਹੇ ਨਕਸ਼ਾਂ ਵਾਲੀ ਤੀਹ ਕੁ ਵਰ੍ਹੇ ਦੀ ਸੁਆਣੀ ਨੇ ਦਰਵਾਜ਼ਾ ਖੋਲ੍ਹਿਆ। ਉਸ ਦਾ ਪਹਿਰਾਵਾ ਅਤਿਅੰਤ ਸਾਦਾ ਸੀ। ਉਸ ਦੇ ਸੈਂਡਲਾਂ 'ਤੇ ਪਾਲਿਸ਼ ਹੋਇਆਂ ਜੁਗੜੇ ਹੀ ਬੀਤ ਚੁੱਕੇ ਹੋਣਗੇ। ਉਸ ਦੇ ਚਿਹਰੇ ਤੋਂ ਕੁਝ ਇਹੋ ਜਿਹਾ ਪ੍ਰਭਾਵ ਪੈਂਦਾ ਸੀ ਜਿਵੇਂ ਉਸ ਨੇ ਉਮਰ ਭਰ ਕਿਸੇ ਨੂੰ ਪਿਆਰ ਨਹੀਂ ਸੀ ਕੀਤਾ। ਉਹ ਮੁਹੱਬਤ-ਗਮ ਤੋਂ ਕੋਰੀ ਹੀ ਜੰਮੀ ਸੀ ਤੇ ਉਸਨੇ ਕੋਰੀ ਹੀ ਮਰ ਜਾਣਾ ਸੀ। ਮੈਨੂੰ ਉਸ ਦਾ ਚਿਹਰਾ ਵਾਕਫ ਜਿਹਾ ਜਾਪਦਾ ਸੀ ਪਰ ਇਹ ਚੇਤਾ ਨਹੀਂ ਆ ਰਿਹਾ ਸੀ ਕਿ ਮੈਂ ਉਸ ਨੂੰ ਕਿਥੇ ਦੇਖਿਆ ਸੀ।

"ਤੁਹਾਡਾ ਸ਼ੁਭ ਨਾਂ...?" ਮੈਂ ਪੁੱਛਣਾ ਚਾਹਿਆ।

"ਹਾਂ, ਮੈਂ ਊਸ਼ਾ ਹੀ ਹਾਂ, ਅੰਦਰ ਲੰਘ ਆਓ", ਉਸ ਨੇ ਮੇਰੇ ਹੱਥ ਵਿਚੋਂ ਚਿਟ ਫੜਦਿਆਂ ਆਖਿਆ।

"ਮੈਂ ਠਹਿਰ ਨਹੀਂ ਸਕਦਾ। ਸਮਾਂ ਹੈ ਨਹੀਂ ਤੇ ਮੈਨੂੰ ਤੁਹਾਡੇ ਨਾਲ ਇਕ ਬਹੁਤ ਜ਼ਰੂਰੀ ਕੰਮ ਹੈ।"

"ਮੈਨੂੰ ਤੁਹਾਡੇ ਕੰਮ ਆ ਕੇ ਬੜੀ ਖੁਸ਼ੀ ਹੋਵੇਗੀ। ਹਾਂ ਮੈਂ ਤੁਹਾਨੂੰ ਪਹਿਚਾਣਿਆ ਨਹੀਂ।"

"ਮੈਂ ਪਹਿਲਾਂ ਕਦੀ ਤੁਹਾਨੂੰ ਮਿਲ ਨਹੀਂ ਸਕਿਆ। ਤੁਸੀਂ ਪ੍ਰਭਾ ਨੂੰ ਜਾਣਦੇ ਹੋਵੋਗੇ?"

"ਹਾਂ, ਹਾਂ ਚੰਗੀ ਤਰ੍ਹਾਂ ਜਾਣਦੀ ਹਾਂ। ਉਹ ਮੇਰੀ ਜਮਾਤਣ ਸੀ ਤੇ ਸਹੇਲੀ ਵੀ।"

"ਮੈਂ ਪ੍ਰਭਾ ਦਾ ਪਤੀ ਹਾਂ।"

"ਓਹੋ! ਤਾਂ ਤੁਸੀਂ ਸ਼ਰਮਾ ਜੀ ਹੋ। ਬੜੀ ਕਿਰਪਾ ਕੀਤੀ। ਕੀ ਹਾਲ ਏ ਪ੍ਰਭਾ ਦਾ? ਵੱਲ ਤੇ ਹੈ ਨਾ? ਪਤਾ ਨਹੀਂ ਕਿਸ ਨੇ ਦੱਸਿਆ ਸੀ, ਉਸ ਦੀ ਤਬੀਅਤ ਕੁਝ ਠੀਕ ਨਹੀਂ ਰਹਿੰਦੀ। ਹੁਣ ਤੇ ਉਸ ਕੋਲ ਬੱਚੀ ਵੀ ਹੈ ਇਕ, ਮੈਂ ਸੁਣਿਐ।" ਉਹ ਇੱਕੋ ਸਾਹ ਕਈ ਕੁਝ ਗਿਣ ਗਈ।

ਬੱਚੀ ਦਾ ਜ਼ਿਕਰ ਸੁਣ ਕੇ ਮੈਨੂੰ ਖਿਆਲ ਆਇਆ ਕਿ ਊਸ਼ਾ ਦੇ ਨਕਸ਼ ਉਸ ਬੱਚੀ ਵਰਗੇ ਹੀ ਤਾਂ ਸਨ ਜਾਂ ਇਉਂ ਕਹਿ ਲਵੋ ਕਿ ਪ੍ਰਭਾ ਦੀ ਬੱਚੀ ਊਸ਼ਾ 'ਤੇ ਗਈ ਸੀ। ਪਰ ਬੱਚੀ ਦਾ ਜ਼ਿਕਰ ਕਰਨਾ ਮੈਂ ਉਚਿਤ ਨਾ ਸਮਝਿਆ। ਮੈਂ ਉਸਨੂੰ ਝੂਠ ਮੂਠ ਹੀ ਦਸਿਆ ਕਿ ਪ੍ਰਭਾ ਉਸ ਨੂੰ ਬਹੁਤ ਚੇਤੇ ਕਰਦੀ ਸੀ ਅਤੇ ਇਹ ਕਿ ਉਸ ਦੀ ਤਬੀਅਤ ਠੀਕ ਨਹੀਂ। ਅਸਲ ਵਿਚ ਪ੍ਰਭਾ ਨੇ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਸੀ ਕਹੀ। ਉਪਰਲੇ ਦਿਲੋਂ ਤਾਂ ਉਸ ਨੇ ਇਕ ਪਲ ਵੀ ਊਸ਼ਾ ਨੂੰ ਚੇਤੇ ਨਹੀਂ ਕੀਤਾ।

"ਉਸ ਦੀ ਤਬੀਅਤ ਨੂੰ ਪਤਾ ਨਹੀਂ ਕੀ ਹੋ ਜਾਂਦਾ ਏ। ਥੋੜੀ ਜਿਹੀ ਮੂਰਖ ਏ। ਮੈਨੂੰ ਚੇਤੇ ਕੀਤਾ ਹੈ? ਮੈਂ ਬਿਲਕੁਲ ਤਿਆਰ ਹਾਂ।" ਏਨਾ ਕਹਿ ਕੇ ਉਹ ਉਸੇ ਪਹਿਰਾਵੇ ਵਿਚ ਮੇਰੇ ਨਾਲ ਪਿਛਲੀ ਸੀਟ 'ਤੇ ਬੈਠ ਗਈ। "ਬੜੀ ਜਿੱਦਲ ਕੁੜੀ ਏ। ਉਸ ਦੀ ਜਾਨ ਲੈਣ ਲਈ ਵੀ ਫਰਿਸ਼ਤਿਆਂ ਨੂੰ ਉਚੇਚਾ ਯਤਨ ਕਰਨਾ ਪਏਗਾ। ਤੁਸੀਂ ਚਿੰਤਾ ਨਾ ਕਰੋ। ਉਸ ਦਾ ਕੁਝ ਵੀ ਨਹੀਂ ਵਿਗੜਦਾ। ਤੁਹਾਨੂੰ ਆਪਣੀ ਸ਼ਾਦੀ ਦਾ ਨਹੀਂ ਚੇਤਾ? ਮੇਰੇ ਕਹਿਣ 'ਤੇ ਇਕ ਵਾਰੀ ਹਾਂ ਕਹਿ ਕੇ ਉਸ 'ਤੇ ਡਟ ਗਈ ਸੀ।" ਤੇ ਫੇਰ ਉਸ ਨੇ ਮੇਰੇ ਚਿਹਰੇ 'ਤੇ ਮਾਯੂਸੀ ਤੱਕ ਕੇ ਮੈਨੂੰ ਪ੍ਰਸ਼ਨ ਕਰਨ ਦੇ ਆਸ਼ੇ ਨਾਲ ਕਿਹਾ, "ਉਂਜ ਪਤਾ ਨਹੀਂ ਤੁਹਾਡੇ ਹੁਸਨ ਵਿਚ ਕੀ ਜਾਦੂ ਸੀ" ਤੇ ਮੈਨੂੰ ਜਾਪਿਆ ਜਿਵੇਂ ਉਹ ਮੇਰੇ ਬੇਡੋਲੇ ਜਿਹੇ ਨਕਸ਼ਾਂ 'ਤੇ ਮੁਸਕਰਾ ਰਹੀ ਹੋਵੇ।

"ਜਾਦੂ ਤਾਂ ਉਸ ਦੀ ਤੱਕਣ ਵਾਲੀ ਅੱਖ ਵਿਚ ਸੀ। ਕਿਸੇ ਦੇ ਹੁਸਨ ਵਿਚ ਕਿੰਨਾ ਕੁ ਜਾਦੂ ਹੋ ਸਕਦਾ ਹੈ।" ਮੈਂ ਉਸ ਦੇ ਚਿਹਰੇ ਵਲ ਤਕਦਿਆਂ ਕਿਹਾ। ਇਸ ਵੇਲੇ ਸਾਡੀ ਕਾਰ ਹਰੀਆਂ ਪੈਲੀਆਂ ਦੇ ਵਿਚਕਾਰਲੀ ਸੜਕ ਪਾਰ ਰਹੀ ਸੀ।

"ਉਂਜ ਮਨ ਦੀ ਖੋਟੀ ਨਹੀਂ। ਉਸ ਦਾ ਦਿਲ ਬੇਅੰਤ ਹੁਸੀਨ ਹੈ। ਉਸਦੇ ਗੁਸਤਾਖ ਨੈਣਾਂ ਵਿਚ ਸਾਰੇ ਸੰਸਾਰ ਦੀ ਵਫਾ ਨੂੰ ਡੀਕ ਲਾ ਕੇ ਪੀ ਜਾਣ ਦੀ ਯੋਗਤਾ ਹੈ ਤੇ ਉਸ ਦੇ ਨਿਸ਼ਚਿੰਤ ਮਨ ਵਿਚ ਗਮ ਦਾ ਸਾਗਰ ਖਪਾ ਸਕਣ ਦੀ। ਮੈਂ ਉਸ ਦੀ ਰਗ-ਰਗ ਤੋਂ ਜਾਣੂ ਹਾਂ। ਮਰ ਜਾਣੀ ਵਿਚ ਆਕੜ ਨਾ ਹੋਵੇ ਤਾਂ ਲੱਖਾਂ ਦੀ ਏ, ਨਿਰੀ ਫਰਿਸ਼ਤਾ। ਉਂਜ ਉਸ ਦੀ ਆਕੜ ਵੀ ਓਨੀ ਹੀ ਸੁਹਣੀ ਹੈ, ਜਿੰਨਾ ਸੁਹਣਾ ਉਸਦਾ ਦਿਲ। ਉਸ ਦੀ ਆਕੜ ਦਾ ਭਾਰ ਚੁੱਕਣਾ ਔਖਾ ਭਾਵੇਂ ਹੋਵੇ ਪਰ ਸੁਆਦੀ ਹੁੰਦਾ ਹੈ।" ਊਸ਼ਾ ਇੰਜ ਬਉਰੀ ਜਿਹੀ ਹੋ ਕੇ ਬੋਲੀ ਜਾ ਰਹੀ ਸੀ ਜਿਵੇਂ ਅੱਜ ਵਰ੍ਹਿਆਂ ਪਿੱਛੋਂ ਕਿਸੇ ਨੇ ਉਸ ਦੀ ਵਫਾ ਦੇ ਬੂਟੇ ਨੂੰ ਗੋਡ ਦਿੱਤਾ ਹੋਵੇ ਤੇ ਗੁਡਾਈ ਤੋਂ ਪਿੱਛੋਂ ਉਹ ਬੂਟਾ ਇਕ-ਦਮ ਜੁਆਨ ਹੋ ਜਾਣਾ ਚਾਹੇ। ਸਾਡੀ ਕਾਰ ਇਕ ਬਗੀਚੇ ਕੋਲੋਂ ਲੰਘੀ ਜਿਥੇ ਬਾਗ ਦਾ ਮਾਲੀ ਬੜੇ ਪ੍ਰੇਮ ਨਾਲ ਸੂਰਜਮੁਖੀ ਦੇ ਬੂਟੇ ਦੀ ਗੁਡਾਈ ਕਰ ਰਿਹਾ ਸੀ। "ਰੁੜ੍ਹ ਜਾਣੀ, ਕਿਸੇ ਨਾਲ ਤੈੜ ਬੈਠੇ ਤਾਂ ਓਨੀ ਦੇਰ ਨਹੀਂ ਬੋਲਦੀ, ਜਿੰਨਾ ਚਿਰ ਦੂਜੀ ਧਿਰ ਤਰਲੇ ਮਿੰਨਤਾਂ 'ਤੇ ਨਾ ਉਤਰ ਆਵੇ ਪਰ ਮੇਰੇ ਨਾਲ ਵਿਚਾਰੀ ਦਾ ਕੀ ਟਾਕਰਾ। ਇਸ ਨਿਕੰਮੇ ਮਾਣ ਦਾ ਵਲ ਤਾਂ ਉਸ ਨੇ ਮੈਥੋਂ ਹੀ ਸਿੱਖਿਆ ਸੀ। ਮੈਂ ਉਸ ਨੂੰ ਇਕ ਵਾਰੀ ਹਾਸੇ ਵਿਚ ਕਿਹਾ ਕਿ ਮੇਰੇ ਕੋਲ ਮਾਣ ਦਾ ਖਜ਼ਾਨਾ ਹੈ, ਜਿੰਨਾ ਚੁਰਾ ਸਕਦੀ ਏਂ, ਚੁਰਾ ਲੈ। ਤੇ ਟੁੱਟ ਜਾਣੀ ਬਿਨਾਂ ਸੋਚੇ-ਸਮਝੇ ਸਾਰਾ ਹੀ ਚੁਰਾ ਲੈ ਗਈ।" ਊਸ਼ਾ ਨੂੰ ਪ੍ਰਭਾ ਦੀਆਂ ਰੁਚੀਆਂ 'ਤੇ ਏਨਾ ਮਾਣ ਸੀ ਜਿੰਨਾ ਕਿਸੇ ਚੰਗੇ ਅਧਿਆਪਕ ਨੂੰ ਆਪਣੇ ਚੰਗੇ ਵਿਦਿਆਰਥੀ 'ਤੇ ਹੁੰਦਾ ਹੈ।

ਖੱਬੇ ਹੱਥ ਦੇ ਸਕੂਲ ਵਿਚ ਇਕ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਖਿਡਾ ਰਿਹਾ ਸੀ। ਈਲੀਆ ਤੇ ਮੈਂ ਨਿਰਜਿੰਦ ਜਿਹੇ ਹੋ ਕੇ ਊਸ਼ਾ ਦੀਆਂ ਗੱਲਾਂ ਸੁਣ ਰਹੇ ਸਾਂ। ਕਾਰ ਦੀ ਰਫਤਾਰ ਕੋਈ ਪੰਜਾਹ ਮੀਲ ਫੀ ਘੰਟਾ ਹੋਵੇਗੀ। ਮੈਨੂੰ ਇਹ ਬੁੱਝਣਾ ਅਸੰਭਵ ਹੋ ਗਿਆ ਸੀ ਕਿ ਊਸ਼ਾ ਦਾ ਦਿਲ ਹੀ ਏਨਾ ਸੁੰਦਰ ਹੈ ਜਾਂ ਉਸ ਦੇ ਦਿਲ ਵਿਚ ਪ੍ਰਭਾ ਦੇ ਦਿਲ ਦੀ ਸੁੰਦਰਤਾ ਨੱਕੋ-ਨੱਕ ਭਰੀ ਪਈ ਹੈ। ਮੈਨੂੰ ਵੀ ਪ੍ਰਭਾ ਦੀ ਬੇਰੁਖੀ ਵਿਚੋਂ ਏਨਾ ਸੁਆਦ ਨਹੀਂ ਸੀ ਆਇਆ ਜਿੰਨਾ ਅੱਜ ਊਸ਼ਾ ਨੂੰ ਪ੍ਰਭਾ ਦੀ ਜ਼ਿੱਦ ਵਿਚੋਂ ਆ ਰਿਹਾ ਸੀ। ਉਹ ਉਸੇ ਰਫਤਾਰ ਨਾਲ ਬੋਲਦੀ ਗਈ, "ਬੜੀਆਂ ਅਜੀਬ ਜਿਹੀਆਂ ਸੋਚਾਂ ਹੁੰਦੀਆਂ ਨੇ ਉਸ ਦੀਆਂ। ਉਸ ਨੂੰ ਰੋਗੀ ਬਣ ਕੇ ਸੁਆਦ ਆਉਂਦਾ ਹੈ ਤਾਂ ਕਿ ਉਸ ਦੇ ਸਨੇਹੀ ਉਸ ਨੂੰ ਰੋਗੀ ਤੱਕ ਕੇ ਤੜਫਦੇ ਫਿਰਨ। ਮੈਂ ਸਭ ਕੁਝ ਜਾਣਦੀ ਹਾਂ, ਉਹ ਜਾਣ ਬੁੱਝ ਕੇ ਰੋਗੀ ਹੋਈ ਪਈ ਏ ਤਾਂ ਕਿ ਉਸ ਨੂੰ ਵੇਖ ਕੇ ਊਸ਼ਾ ਤੜਫਦੀ ਫਿਰੇ, ਸ਼ਰਮਾ ਜੀ ਤੜਫਦੇ ਫਿਰਨ ਤੇ ਉਸ ਦੀਆਂ ਗੁੜੀਆਂ ਸਹੇਲੀਆਂ ਤੜਫਦੀਆਂ ਫਿਰਨ। ਉਹ ਜਾਣਦੀ ਹੈ ਕਿ ਮੈਂ ਉਸ ਦਾ ਦੁੱਖ ਨਹੀਂ ਝੱਲ ਸਕਦੀ? ਤਾਹੀਓਂ ਤਾਂ ਉਸ ਨੇ ਪਰਸੋਂ ਦੋ ਕੁ ਸ਼ਬਦਾਂ ਵਾਲੀ

ਚਿੱਠੀ ਲਿਖੀ ਸੀ, 'ਊਸ਼ਾ ਮੈਂ ਜੀਊਂਦੀ ਹਾਂ ਅਤੇ ਤੇਰੀ ਸਹੇਲੀ ਵੀ ਹਾਂ।' ਚਿੱਠੀ 'ਤੇ ਉਸ ਨੇ ਆਪਣਾ ਨਾਂ ਵੀ ਨਹੀਂ ਸੀ ਲਿਖਿਆ। ਪਰ ਇਹੋ ਜਿਹੀ ਚਿੱਠੀ ਹੋਰ ਕੌਣ ਲਿਖ ਸਕਦਾ ਹੈ? ਇਹ ਵੀ ਕੋਈ ਚਿੱਠੀ ਹੈ? ਇਹ ਤਾਂ ਇਕ ਤੀਰ ਹੈ ਜਿਹੜਾ ਕਿਸੇ ਦੁਖੀ ਨੂੰ ਹੋਰ ਦੁਖੀ ਕਰਨ ਲਈ ਮਾਰਿਆ ਜਾਵੇ ਤੇ ਜਾਂ ਕਿਸੇ ਨੂੰ ਸ਼ਰਮਿੰਦਾ ਕਰਨ ਦਾ ਢੰਗ।"

ਊਸ਼ਾ ਨੂੰ ਬੋਲਦੀ-ਬੋਲਦੀ ਨੂੰ ਗੱਚ ਆ ਗਿਆ ਪਰ ਉਸ ਦੇ ਚਿਹਰੇ 'ਤੇ ਸ਼ਰਮਿੰਦਗੀ ਦਾ ਕੋਈ ਪ੍ਰਭਾਵ ਨਹੀਂ ਸੀ। ਉਸ ਦੀਆਂ ਗੱਲਾਂ ਵਿਚ ਇਹੋ ਜਿਹੀ ਮੂਰਖਤਾ ਸੀ, ਜਿਹੋ ਜਿਹੀ ਕਿਸੇ ਪ੍ਰੇਮੀ ਦੀ ਆਪਣੀ ਪਹਿਲੀ ਪ੍ਰੀਤ ਵਿਚ ਆਪਣੀ ਪਹਿਲੀ ਪ੍ਰੇਮਿਕਾ ਨੂੰ ਕਹੀਆਂ ਗੱਲਾਂ ਵਿਚ ਹੁੰਦੀ ਹੈ। ਇਸ ਤੋਂ ਪਿਛੋਂ ਊਸ਼ਾ ਚੁੱਪ ਹੋ ਗਈ। ਮੇਰੇ ਕੋਲ ਉਸ ਸਮੇਂ ਕਹਿਣ ਵਾਸਤੇ ਕੁਝ ਵੀ ਨਹੀਂ ਸੀ। ਹੋ ਵੀ ਕੀ ਸਕਦਾ ਸੀ?

"ਤੁਹਾਡਾ ਵਹਿਮ ਹੀ ਹੈ। ਉਹ ਤਾਂ ਤੁਹਾਨੂੰ ਦੁਖੀ ਕਰਨ ਵਿਚ ਭੋਰਾ ਸਵਾਦ ਨਹੀਂ ਲੈਂਦੀ। ਉਹ ਤਾਂ ਤੁਹਾਡਾ ਬਹੁਤ ਸਤਿਕਾਰ ਕਰਦੀ ਏ।" ਮੈਨੂੰ ਤੇ ਊਸ਼ਾ ਨੂੰ ਚੁੱਪ ਵੇਖ ਲੇਡੀ ਡਾਕਟਰ ਈਲੀਆ ਬੋਲੀ। ਇਸ ਸਮੇਂ ਸਾਡੀ ਕਾਰ ਨੇ ਇਕ ਬਹੁਤ ਹੀ ਟੇਢਾ ਮੋੜ ਕੱਟਿਆ।

"ਨਿਰੀ ਇੱਜ਼ਤ ਨੂੰ ਕੀ ਕਰਾਂ। ਇੱਜ਼ਤ ਤਾਂ ਉਸ ਦੀ ਮੈਂ ਵੀ ਕਰਦੀ ਹਾਂ। ਮੈਂ ਉਸ ਦਾ ਵਿਗਾੜਿਆ ਹੀ ਕੀ ਸੀ ਕਿ ਉਹ ਮੈਨੂੰ ਨਫਰਤ ਕਰਦੀ। ਜਿਹੜਾ ਤੁਹਾਨੂੰ ਨਫਰਤ ਨਾ ਕਰੇ, ਉਹ ਤੁਹਾਡੀ ਇੱਜ਼ਤ ਹੀ ਤਾਂ ਕਰ ਸਕਦਾ ਹੈ।" ਊਸ਼ਾ ਬੋਲੀ।

"ਜੇ ਤੁਹਾਨੂੰ ਇਸ ਗੱਲ ਦਾ ਪੂਰਾ ਅਹਿਸਾਸ ਸੀ ਤਾਂ ਤੁਸੀਂ ਏਨਾ ਅਰਸਾ ਸਾਡੇ ਘਰ ਕਿਉਂ ਨਹੀਂ ਆਏ, ਰੁੱਸੇ ਕਿਉਂ ਰਹੇ" ਮੈਂ ਊਸ਼ਾ ਨੂੰ ਹਿਰਖ ਵਜੋਂ ਕਿਹਾ।

"ਮੈਂ ਥੋੜ੍ਹੀ ਰੁੱਸੀ ਆਂ। ਉਸ ਨੂੰ ਤੇ ਗੁੱਸਾ ਹੀ ਬੜੀ ਛੇਤੀ ਆਉਂਦਾ ਹੈ। ਲਾਜਵੰਤੀ ਤਾਂ ਉਹ ਹੈ ਨਿਰੀ, ਹੱਥ ਲਾਇਆਂ ਮੁਰਝਾ ਜਾਂਦੀ ਏ। ਜਿੰਨਾ ਚਿਰ ਉਸ ਦੀ ਸ਼ਾਦੀ ਨਹੀਂ ਸੀ ਹੋਈ, ਮੇਰੀ ਉਸ ਨਾਲ ਹਮਦਰਦੀ ਸੀ, ਮੈਂ ਉਸ ਦੇ ਨਖਰੇ ਸਹਾਰਦੀ ਰਹੀ। ਹੁਣ ਜਦ ਉਸ ਦੀ ਸ਼ਾਦੀ ਵੀ ਹੋ ਗਈ ਹੈ, ਨੌਕਰੀ ਵੀ ਲੱਗ ਗਈ ਹੈ, ਉਸ ਨੂੰ ਮੇਰੀ ਕੀ ਲੋੜ ਹੈ?..." ਊਸ਼ਾ ਇਸ ਤਰ੍ਹਾਂ ਦਾ ਕਈ ਕੁਝ ਕਹਿੰਦੀ ਗਈ। ਲੇਡੀ ਡਾਕਟਰ ਨੇ ਸਭ ਕੁਝ ਪੂਰੇ ਧਿਆਨ ਨਾਲ ਸੁਣਿਆ। ਉਹ ਸ਼ਾਇਦ ਪੂਰਾ ਰੋਗ ਸਮਝਣ ਦੀ ਕੋਸ਼ਿਸ਼ ਕਰ ਰਹੀ ਸੀ।

"ਪਰ ਹੁਣ ਇਨ੍ਹਾਂ ਗੱਲਾਂ ਦਾ ਕੀ ਭਾਵ? ਛੱਡੋ ਪਰੇ। ਉਸ ਦੀ ਜਾਨ ਦੀ ਖ਼ੈਰ ਮੰਗੋ।" ਕਾਰ ਦੇ ਪਟਿਆਲੇ ਵਿਚ ਪ੍ਰਵੇਸ਼ ਕਰਦਿਆਂ ਸਾਰ ਹੀ ਮੈਨੂੰ ਪ੍ਰਭਾ ਦੀ ਹਾਲਤ ਚੇਤੇ ਆ ਗਈ ਅਤੇ ਮੈਂ ਊਸ਼ਾ ਦਾ ਧਿਆਨ ਇਸ ਪਾਸੇ ਦਿਵਾਣਾ ਚਾਹਿਆ।

"ਉਸ ਦੀ ਜਾਨ?" ਊਸ਼ਾ ਨੇ ਮੁਸਕਰਾ ਕੇ ਕਿਹਾ, "ਇਸ ਦੀ ਤੁਸੀਂ ਬਿਲਕੁਲ ਚਿੰਤਾ ਨਾ ਕਰੋ। ਉਹ ਮਰ ਨਹੀਂ ਸਕਦੀ। ਮਰਨ 'ਤੇ ਵੀ ਨਹੀਂ ਮਰਦੀ। ਮਰਨ ਤੋਂ ਪਿੱਛੋਂ ਵੀ ਉਸ ਦੀ ਕਿਸੇ ਨਾ ਕਿਸੇ ਨਾੜੀ ਵਿਚ ਸਾਹ ਰੁਕਿਆ ਹੋਇਆ ਤੱਕੋਗੇ।" ਮੈਨੂੰ ਊਸ਼ਾ ਦੀ ਇਸ ਲਾਪ੍ਰਵਾਹ ਫਿਲਾਸਫੀ 'ਤੇ ਗੁੱਸਾ ਜਿਹਾ ਆ ਰਿਹਾ ਸੀ। ਊਸ਼ਾ ਨੇ ਜਦ ਮੇਰੇ ਵਲ ਤੱਕਿਆ ਤਾਂ ਉਸ ਦਾ ਬੇਰੋਕ ਹਾਸਾ ਨਿਕਲ ਗਿਆ। ਉਸਦੇ ਹੱਸਣ ਤੋਂ ਇੰਜ ਜਾਪਦਾ ਸੀ ਜਿਵੇਂ ਸਾਡੀ ਕਾਰ ਬਿਰਖਾਂ ਦੀਆਂ ਝੁਕੀਆਂ ਹੋਈਆਂ ਟਹਿਣੀਆਂ ਨਾਲ ਘਸਰ ਕੇ ਲੰਘ ਰਹੀ ਹੋਵੇ। ਮੈਨੂੰ ਕੁਝ ਏਸ ਤਰ੍ਹਾਂ ਵੀ ਲੱਗਿਆ ਜਿਵੇਂ ਊਸ਼ਾ ਪ੍ਰਭਾ ਨੂੰ ਮਾਰਨ ਦਾ ਯਤਨ ਕਰ ਰਹੀ ਸੀ ਅਤੇ ਪ੍ਰਭਾ ਉਸ ਦੇ ਮਾਰਨ 'ਤੇ ਵੀ ਨਹੀਂ ਸੀ ਮਰਦੀ ਪਈ।

ਇਕ ਦਮ ਬਰੇਕ ਲੱਗੀ ਅਤੇ ਕਾਰ ਲੇਡੀ ਡਾਕਟਰ ਦੇ ਕਲੀਨਿਕ ਸਾਹਮਣੇ ਜਾ ਖਲੋਤੀ। ਇਕੋ ਸਾਹ ਅਸੀਂ ਸਾਰੇ ਦੇ ਸਾਰੇ ਪ੍ਰਭਾ ਦੇ ਕਮਰੇ ਵਲ ਨੂੰ ਵਧੇ।

"ਮੇਰਾ ਵਿਚਾਰ ਸੀ ਕਿ ਤੂੰ ਮਰ ਗਈ ਹੋਵੇਂਗੀ। ਤੂੰ ਤੇ ਹਾਲੀਂ ਤੱਕ ਜੀਊਂਦੀ ਪਈ ਏਂ" ਊਸ਼ਾ ਨੇ ਪ੍ਰਭਾ ਦੇ ਬਿਸਤਰੇ ਕੋਲ ਪਹੁੰਚਦਿਆਂ ਹੀ ਪ੍ਰਭਾ ਨੂੰ ਆਖਿਆ।

ਵੇਖਣ ਨੂੰ ਤਾਂ ਪ੍ਰਭਾ ਦੀ ਸਿਹਤ ਚੰਗੀ ਭਲੀ ਲੱਗਦੀ ਸੀ ਅਤੇ ਹੈ ਵੀ ਉਹ ਊਸ਼ਾ ਨਾਲੋਂ ਪੰਜ-ਛੇ ਵਰ੍ਹੇ ਛੋਟੀ ਹੀ ਸੀ ਪਰ ਉਸ ਦੀ ਤੱਕਣੀ ਤੋਂ ਉਹ ਊਸ਼ਾ ਨਾਲੋਂ ਪੰਜ-ਛੇ ਵਰ੍ਹੇ ਵਡੇਰੀ ਜਾਪਦੀ ਸੀ। ਇਸ ਪੰਝੀ ਕੁ ਵਰ੍ਹੇ ਦੀ ਉਮਰ ਵਿਚ ਹੀ ਉਸ ਦੇ ਸਿਰ ਦੇ ਇਕ ਚੌਥਾਈ ਵਾਲ ਚਿੱਟੇ ਹੋ ਗਏ ਸਨ। ਹੁਣ ਊਸ਼ਾ ਨੂੰ ਤੱਕਦਿਆਂ ਹੀ ਪ੍ਰਭਾ ਦੇ ਬੁਲ੍ਹਾਂ 'ਤੇ ਮੁਸਕਾਨ ਦੌੜ ਗਈ। "ਨਾ, ਨਾ, ਤੂੰ ਹੱਸਣ ਦੀ ਕੋਸ਼ਿਸ਼ ਨਾ ਕਰ। ਤੇਰੇ ਚਿਹਰੇ 'ਤੇ ਉਦਾਸੀ ਬੜੀ ਚੰਗੀ ਲਗਦੀ ਏ। ਹਾਂ, ਤੂੰ ਆਪਣੇ ਚਿਹਰੇ ਨੂੰ ਉਸੇ ਤਰ੍ਹਾਂ ਨਿਮੋਝੂਣਾ ਬਣਾਈ ਰੱਖ।" ਇਹ ਵਾਕ ਊਸ਼ਾ ਨੇ ਇੰਜ ਕਹੇ ਜਿਵੇਂ ਕੋਈ ਚਿੱਤਰਕਾਰ ਆਪਣਾ ਚਿੱਤਰ ਖਰਾਬ ਹੋ ਜਾਣ ਦੇ ਡਰ ਤੋਂ, ਚਿੱਤਰ ਖਿੱਚਦੇ ਸਮੇਂ ਆਪਣੇ ਮਾਡਲ ਨੂੰ ਕਹਿੰਦਾ ਹੈ।

"ਤੂੰ ਚਿੰਤਾ ਨਾ ਕਰ। ਮੇਰੀ ਮੌਤ ਸਮੇਂ ਮੇਰਾ ਚਿਹਰਾ ਅਤਿਅੰਤ ਉਦਾਸ ਹੋਵੇਗਾ। ਫੋਟੋ ਲੈ ਕੇ ਸੰਭਾਲ ਰੱਖੀਂ। ਹਾਂ ਇਹ ਦੱਸ ਕਿ ਪਹਿਲਾਂ ਕੀ ਹੋ ਗਿਆ ਸੀ? ਹੁਣ ਵੀ ਤਾਂ ਭੱਜੀ ਆਈ ਏਂ" ਪ੍ਰਭਾ ਬੋਲੀ, ਪਰ ਉਸ ਦਾ ਏਨਾ ਦੁਖਦਾਈ ਬਿਆਨ ਵੀ ਊਸ਼ਾ ਦੇ ਚਿਹਰੇ ਦੇ ਪ੍ਰਭਾਵ ਨੂੰ ਬਦਲ ਨਾ ਸਕਿਆ।

"ਕੇਵਲ ਇਸ ਲਈ ਕਿ ਤੂੰ ਮੈਨੂੰ ਸੱਦਿਆ ਸੀ", ਊਸ਼ਾ ਨੇ ਮੁਸਕਰਾ ਕੇ ਕਿਹਾ।

"ਮੈਂ ਸੱਦਿਆ ਏ? ਕੌਣ ਕਹਿੰਦਾ ਏ?" ਪ੍ਰਭਾ ਨੇ ਗੰਭੀਰ ਹੋ ਕੇ ਪੁੱਛਿਆ। ਇਸ ਪ੍ਰਸ਼ਨ ਵਿਚ ਅਮੋੜਤਾ ਸੀ। ਇਕ ਬੱਚਿਆਂ ਵਾਲੀ ਜ਼ਿੱਦ ਸੀ।

"ਸ਼ਰਮਾ ਜੀ ਕਹਿੰਦੇ ਹਨ। ਇਹ ਮੈਨੂੰ ਲੈ ਕੇ ਆਏ ਹਨ, ਭੈਣ ਜੀ ਨਾਲ ਸਨ," ਊਸ਼ਾ ਨੇ ਲੇਡੀ ਡਾਕਟਰ ਵਲ ਤੱਕਿਆ ਤੇ ਪ੍ਰਭਾ ਨੂੰ ਚਿੜਾਇਆ।

"ਹਾਂ! ਹਾਂ! ਮਿਸਟਰ ਸ਼ਰਮਾ ਨੇ ਕਿਹਾ ਸੀ ਤੇ ਅਸੀਂ ਇਨ੍ਹਾਂ ਨੂੰ ਲੈ ਕੇ ਆਏ ਹਾਂ। ਤੁਸੀਂ ਸੱਦਿਆ ਹੋਵੇ ਜਾਂ ਨਾ ਸੱਦਿਆ ਹੋਵੇ, ਇਨ੍ਹਾਂ ਨੂੰ ਚਾਹੁੰਦੇ ਤਾਂ ਹੋ ਨਾ।" ਲੇਡੀ ਡਾਕਟਰ ਨੇ ਸਮਝੌਤੇ ਦਾ ਯਤਨ ਕੀਤਾ।

"ਗੱਲ ਚਾਹੁਣ ਜਾਂ ਨਾ ਚਾਹੁਣ ਦੀ ਨਹੀਂ" ਪ੍ਰਭਾ ਨੇ ਨਰਸ ਦੇ ਰੋਕਦਿਆਂ-ਰੋਕਦਿਆਂ ਬਿਸਤਰੇ 'ਚੋਂ ਉਠਦਿਆਂ ਆਖਿਆ, 'ਮੈਂ ਨਹੀਂ ਚਾਹੁੰਦੀ ਕਿ ਇਸ ਪ੍ਰਕਾਰ ਧੋਖਾ ਦੇ ਕੇ ਮੇਰੇ ਮਾਣ ਨੂੰ ਜ਼ਖਮੀ ਕੀਤਾ ਜਾਵੇ ਤੇ ਮੇਰੇ ਅਸੂਲ ਤੋੜੇ ਜਾਣ।" ਮੈਂ ਤੱਕਿਆ ਪ੍ਰਭਾ ਦੀਆਂ ਅੱਖਾਂ ਵਿਚ ਹਾਕਮਾਨਾ ਜਲਾਲ ਸੀ, ਉਸ ਦਾ ਬੋਲ ਧੀਮਾ ਸੀ ਪਰ ਇਸ ਦਾ ਭਾਵ ਇਹ ਨਹੀਂ ਸੀ ਕਿ ਉਸਦਾ ਆਖਿਆ ਭਾਵਰਹਿਤ ਹੋਵੇ। ਮੈਨੂੰ ਜਾਪਿਆ ਜਿਵੇਂ ਉਹ ਗੁੱਸੇ ਵਿਚ ਫਟ ਜਾਵੇਗੀ। ਇਸ ਵੇਲੇ ਉਹ ਬੇਕਰਾਰ ਸੀ।

"ਕਈ ਅਸੂਲ ਚੰਗੇ ਹੁੰਦੇ ਹਨ, ਕਈ ਮੰਦੇ। ਮੰਦੇ ਅਸੂਲ ਛੱਡ ਦੇਣੇ ਚਾਹੀਦੇ ਹਨ। ਜ਼ਿੱਦ ਕਰਨ ਦੀ ਕੀ ਲੋੜ ਹੈ," ਲੇਡੀ ਡਾਕਟਰ ਨੇ ਸਮਝਾਉਣਾ ਚਾਹਿਆ। ਉਸ ਦਾ ਮੋਨੋਵਿਗਿਆਨਕ ਵਿਸ਼ਲੇਸ਼ਣ ਦਸਦਾ ਸੀ ਕਿ ਪ੍ਰਭਾ ਊਸ਼ਾ ਦੇ ਅਹਿਸਾਨ ਥੱਲੇ ਦੱਬੀ ਜਾ ਰਹੀ ਸੀ। ਭਾਵੇਂ ਉਹ ਹੱਠ ਕਰਕੇ ਇਸ ਕਮਜ਼ੋਰੀ ਨੂੰ ਪ੍ਰਗਟ ਨਹੀਂ ਸੀ ਹੋਣ ਦਿੰਦੀ। ਉਹ ਊਸ਼ਾ ਦਾ ਅਹਿਸਾਨ ਨਾ ਵੀ ਮੰਨਦੀ ਜੇ ਮੇਰਾ ਜੀਵਨ ਸਾਥ ਉਸ ਨੂੰ ਏਨਾ ਨਾ ਸੁਖਾਂਦਾ। ਉਹ ਕਈ ਵਾਰ ਊਸ਼ਾ ਨਾਲ ਗ਼ਲਤਫਹਿਮੀ ਨੂੰ ਸੁਲਝਾਉਣ ਲਈ ਕਾਰ ਲੈ ਕੇ ਰਾਜਪੁਰੇ ਵਲ ਚੱਲੀ ਸੀ ਪਰ ਜਦ ਵੀ ਸਾਡੀ ਕਾਰ ਰਾਜਪੁਰੇ ਦੇ ਨੇੜੇ ਪਹੁੰਚਦੀ, ਉਸਦੀ ਖੁਦੀ ਜਾਂ ਹੱਠ ਉਸ ਨੂੰ ਵਾਪਸ ਪਰਤਣ ਲਈ ਪ੍ਰੇਰਦਾ ਤੇ ਉਹ ਪਰਤ ਆਉਂਦੀ। ਮੈਂ ਇਸ ਨੂੰ ਸੈਰ ਹੀ ਸਮਝਦਾ ਰਿਹਾ। ਹੁਣ ਵੀ ਲੇਡੀ ਡਾਕਟਰ ਨੇ ਕਾਰ ਵਿਚ ਊਸ਼ਾ ਨੂੰ ਸਮਝਾਇਆ ਸੀ ਕਿ ਉਹ ਪ੍ਰਭਾ ਨੂੰ ਉਸ ਦੀ ਕਮਜ਼ੋਰੀ ਦਾ ਅਹਿਸਾਸ ਨਾ ਹੋਣ ਦੇਵੇ। ਪਰ ਊਸ਼ਾ ਲੇਡੀ ਡਾਕਟਰ ਦੇ ਸੁਝਾਵਾਂ ਨੂੰ ਗੰਭੀਰਤਾ ਸਹਿਤ ਨਹੀਂ ਸੀ ਲੈ ਰਹੀ। ਫੇਰ ਵੀ ਪ੍ਰਭਾ ਦੇ ਆਪਣੇ ਅਸੂਲ ਸਨ ਤੇ ਲੇਡੀ ਡਾਕਟਰ ਕੌਣ ਹੁੰਦੀ ਸੀ ਉਨ੍ਹਾਂ ਵਿਚ ਦਖਲ ਦੇਣ ਵਾਲੀ।

"ਚੰਗੇ-ਮੰਦੇ ਅਸੂਲਾਂ ਨੂੰ ਕੌਣ ਨਿਖੇੜ ਸਕਦਾ ਹੈ? ਕਈ ਚੰਗੇ ਅਸੂਲ ਵੀ ਮੰਦੇ ਹਨ ਤੇ ਕਈ ਮੰਦੇ ਵੀ ਚੰਗੇ। ਮੇਰੇ ਅਸੂਲ ਤੁਹਾਨੂੰ ਮੰਦੇ ਲਗਦੇ ਹਨ ਤੇ ਮੈਨੂੰ ਚੰਗੇ।" ਪ੍ਰਭਾ ਨੇ ਉਤਰ ਦਿੱਤਾ, "ਤੁਹਾਡੇ ਆਪਣੇ ਵਿਚਾਰ ਨੇ ਤੇ ਮੇਰੇ ਆਪਣੇ," ਉਹ ਹੋਰ ਵੀ ਗੰਭੀਰ ਹੋ ਗਈ।

"ਕੇਵਲ ਏਨਾ ਹੀ ਅੰਤਰ ਹੈ ਕਿ ਤੇਰੇ ਵਿਚਾਰ ਗਲਤ ਨੇ ਤੇ ਇਨ੍ਹਾਂ ਦੇ ਠੀਕ," ਊਸ਼ਾ ਨੇ ਆਖਿਆ ਤੇ ਇਸ ਪ੍ਰਕਾਰ ਹੱਸਣ ਲੱਗੀ ਜਿਵੇਂ ਬੱਜਰੀ ਦਾ ਭਰਿਆ-ਭਰਾਇਆ ਟਰੱਕ ਪੱਕੀ ਸੜਕ 'ਤੇ ਉਲਟ ਗਿਆ ਹੋਵੇ। ਊਸ਼ਾ ਦੇ ਇਸ ਅਮਲ ਉਤੇ ਪ੍ਰਭਾ ਦੀ ਹਾਲਤ ਅਤਿਅੰਤ ਨਾਜ਼ੁਕ ਹੋ ਗਈ। ਇਕ ਵਾਰ ਤਾਂ ਉਸ ਦੇ ਚਿਹਰੇ ਦਾ ਰੰਗ ਸੰਝ ਦੇ ਸੂਰਜ ਦੀ ਵਿਦਾਇਗੀ ਕਿਰਨ ਵਰਗਾ ਹੋ ਗਿਆ। ਇਕ ਨਰਸ ਪ੍ਰਭਾ ਦੇ ਫੇਫੜਿਆਂ ਵਿਚ ਹਵਾ ਭਰਨ ਲੱਗ ਪਈ। ਇਹ ਸਭ ਕੁਝ ਨੂੰ ਤੱਕ ਕੇ ਊਸ਼ਾ ਦਾ ਚਿਹਰਾ ਪੂਣੀ ਵਰਗਾ ਹੋ ਗਿਆ।

ਨਰਸ ਪ੍ਰਭਾ ਦੇ ਫੇਫੜਿਆਂ ਵਿਚ ਹਵਾ ਭਰ ਰਹੀ ਸੀ ਤਾਂ ਊਸ਼ਾ ਬੇਰੋਕ ਬੋਲੀ ਜਾ ਰਹੀ ਸੀ। ਉਸ ਦੀ ਆਵਾਜ਼ ਪਿਘਲ ਚੁੱਕੀ ਸੀ, "ਮੈਂ ਆਪਣੀ ਮਰਜ਼ੀ ਨਾਲ ਹੀ ਤੈਨੂੰ ਮਿਲਣ ਆਈ ਹਾਂ। ਤੂੰ ਨਾਰਾਜ਼ ਹੋ ਗਈ ਏਂ... ਪ੍ਰਭਾ ਤੂੰ ਗੁੱਸੇ ਹੋ ਗਈ ਏਂ ਹਾਸੇ ਵਿਚ ਗੁੱਸਾ ਕਾਹਦਾ? ਮੈਂ ਤਾਂ ਮਖੌਲ ਵਿਚ ਕਿਹਾ ਸੀ ਕਿ ਤੂੰ ਮੈਨੂੰ ਸੱਦਿਆ ਹੈ। ਤੂੰ ਥੋੜ੍ਹੀ ਸੱਦਿਆ ਸੀ... ਜੇ ਤੁਹੀਉਂ ਸੱਦਣਾ ਹੁੰਦਾ ਤਾਂ ਹੁਣ ਤੱਕ ਕਦੋਂ ਦੀ ਸੱਦ ਬੈਠੀ ਹੁੰਦੀ। ਤੂੰ ਮੇਰੀ ਫਿਤਰਤ ਨੂੰ ਚੰਗੀ ਭਲੀ ਜਾਣਦੀ ਏਂ, ਹਾਸੇ ਵਿਚ ਮੈਂ ਕਈ ਗੱਲਾਂ ਇਹੋ ਜਿਹੀਆਂ ਕਹਿ ਜਾਂਦੀ ਹਾਂ, ਜਿਹੜੀਆਂ ਬਿਲਕੁਲ ਸੱਚੀਆਂ ਨਹੀਂ ਹੁੰਦੀਆਂ। ਪ੍ਰਭਾ, ਭੋਲੀ ਪ੍ਰਭਾ! ਕੀ ਤੂੰ ਜਾਣਦੀ ਨਹੀਂ...?"

ਮੇਰੇ ਲਈ ਇਹ ਬਿਲਕੁਲ ਨਵਾਂ ਦ੍ਰਿਸ਼ ਸੀ। ਮੈਨੂੰ ਕੁਝ ਵੀ ਨਹੀਂ ਸੀ ਸੁੱਝ ਰਿਹਾ ਤੇ ਇਕ ਬੁੱਤ ਵਾਂਗ ਖੜਾ ਸਾਂ। ਲੇਡੀ ਡਾਕਟਰ ਇਸ ਸਾਰੇ ਪ੍ਰਤੀਕਰਮ ਨੂੰ ਬੜੇ ਗਹੁ ਨਾਲ ਵੇਖ ਰਹੀ ਸੀ। ਬੜੇ ਸਬਰ ਨਾਲ। ਊਸ਼ਾ ਉਸ ਦੀ ਜਾਨ ਹੀ ਲੈ ਕੇ ਛੱਡੇਗੀ, ਮੈਨੂੰ ਜਾਪਿਆ। ਫੇਰ ਵੀ ਮੈਂ ਨਾ ਊਸ਼ਾ ਨੂੰ ਘ੍ਰਿਣਾ ਕਰ ਸਕਿਆ ਤੇ ਨਾ ਹੀ ਸਤਿਕਾਰ। ਕੋਈ ਵੀਹ ਮਿੰਟ ਇਹੋ ਹਾਲਤ ਰਹੀ ਤੇ ਫੇਰ ਪ੍ਰਭਾ ਨੂੰ ਹੋਸ਼ ਪਰਤੀ। ਪੀੜ ਘਟ ਰਹੀ ਸੀ ਉਸ ਦੇ ਮਸਤਕ 'ਤੇ ਪ੍ਰਸੰਨਤਾ ਦੇ ਚਿੰਨ੍ਹ ਸਾਫ ਵਿਖਾਈ ਦੇ ਰਹੇ ਸਨ ਜਿਨ੍ਹਾਂ ਨੂੰ ਛੁਪਾਣ ਦਾ ਉਹ ਨਿਸਫਲ ਯਤਨ ਕਰ ਰਹੀ ਸੀ। ਊਸ਼ਾ ਦੇ ਬੋਲਾਂ ਵਿਚ ਵੀ ਪਹਿਲਾਂ ਜਿੰਨੀ ਅਚੋਤਾਈ ਨਹੀਂ ਸੀ, "ਤੂੰ ਸ਼ਾਇਦ ਇਹ ਨਹੀਂ ਜਾਣਦੀ ਕਿ ਮੇਰੇ ਮਨ ਵਿਚ ਤੇਰੇ ਲਈ ਕਿੰਨਾ ਸਤਿਕਾਰ ਹੈ। ਕੋਈ ਦੂਰ ਰਹਿਣ ਨਾਲ ਸਤਿਕਾਰ ਘਟ ਤਾਂ ਨਹੀਂ ਜਾਂਦਾ, ਵਧ ਭਾਵੇਂ ਜਾਵੇ। ਇਕ ਵਾਰੀ ਚੰਗਾ ਲੱਗ ਕੇ ਕੋਈ ਭੁੱਲ ਥੋੜ੍ਹੀ ਜਾਂਦਾ ਏ?" ਹੁਣ ਪ੍ਰਭਾ ਦਾ ਚਿਹਰਾ ਨਿਰਜਿੰਦ ਨਹੀਂ ਸੀ ਜਾਪਦਾ। ਉਸ ਦਾ ਸਾਹ ਦੂਰ ਤੱਕ ਸੁਣਿਆ ਜਾ ਸਕਦਾ ਸੀ। ਉਸ ਦੇ ਚਿਹਰੇ 'ਤੇ ਨਿਮਾਣੀ ਜਿਹੀ ਜਿੱਤ ਦਾ, ਨਿਮਾਣਾ ਜਿਹਾ ਨਸ਼ਾ ਸੀ। ਉਸ ਨੇ ਊਸ਼ਾ ਦੇ ਹੱਥਾਂ ਨੂੰ ਚੁੰਮਿਆ ਤੇ ਬੋਲੀ "ਮੈਂ ਤੇਰੀ ਇੱਜ਼ਤ ਦਾ ਭਾਰ ਨਹੀਂ ਚੁੱਕ ਸਕਦੀ ਊਸ਼ਾ। ਤੂੰ ਮੇਰੀ ਇੱਜ਼ਤ ਕਰ ਕੇ ਮੇਰੇ 'ਤੇ ਅਹਿਸਾਨ ਦਾ ਭਾਰ ਸੁੱਟਦੀ ਏਂ। ਤੂੰ ਅਹਿਸਾਨ ਕਰਨ ਦਾ ਵੱਲ ਜਾਣਦੀ ਏਂ ਤੇ ਮੈਂ ਜਾਣਦੀ ਨਹੀਂ। ਪਰ ਇਸ ਦਾ ਭਾਵ ਇਹ ਤਾਂ ਨਹੀਂ ਕਿ ਮੈਂ...," ਕਹਿੰਦੀ ਪ੍ਰਭਾ ਰੁਕ ਗਈ। ਉਸ ਦੇ ਚਿਹਰੇ ਦੀ ਗੰਭੀਰਤਾ ਦੱਸਦੀ ਸੀ ਕਿ ਜੋ ਕੁਝ ਉਸ ਨੇ ਕਿਹਾ ਸੀ, ਉਹ ਉਸ ਦੇ ਗੰਭੀਰ ਨੈਣਾਂ ਦਾ ਗੰਭੀਰ ਸੱਚ ਸੀ। "ਅਸਲ ਵਿਚ ਪਤਾ ਨਹੀਂ ਕਿਉਂ ਮੈਂ ਮਰ ਜਾਣਾ ਚਾਹੁਦੀ ਹਾਂ।" ਏਨਾ ਕਹਿ ਕੇ ਉਹ ਸ਼ਾਂਤ ਅਡੋਲ ਆਪਣੇ ਬਿਸਤਰੇ 'ਤੇ ਲੇਟ ਗਈ, ਜਿਵੇਂ ਮੌਤ ਨੂੰ ਉਡੀਕ ਰਹੀ ਹੋਵੇ।

ਮੈਂ ਉਸ ਦੀ ਚਾਰਪਾਈ 'ਤੇ ਬੈਠ ਗਿਆ। ਫੇਰ ਉਸ ਨੇ ਆਪਣਾ ਹੱਥ ਮੇਰੇ ਹੱਥਾਂ ਵਿਚ ਦੇ ਕੇ ਕਿਹਾ, "ਮਰ ਜਾਣਾ ਕੋਈ ਏਡਾ ਵੱਡਾ ਗੁਨਾਹ ਵੀ ਨਹੀਂ। ਮੈਂ ਤੁਹਾਡੀ ਰਿਣੀ ਹਾਂ, ਤੁਸੀਂ ਮੇਰੀ ਜਾਨ ਬਚਾਉਣ ਵਾਸਤੇ ਏਨੇ ਕਸ਼ਟ ਝੱਲੇ।"

ਤੇ ਫੇਰ ਉਸ ਨੇ ਊਸ਼ਾ ਨੂੰ ਸੰਬੋਧਨ ਕਰ ਕੇ ਆਖਿਆ, "ਤੂੰ ਅਹਿਸਾਨ ਕਰਨ ਦਾ ਵੱਲ ਜਾਣਦੀ ਏਂ, ਮੈਂ ਨਹੀਂ ਜਾਣਦੀ। ਤੇ ਇਸ ਦਾ ਭਾਵ ਇਹ ਤਾਂ ਨਹੀਂ ਕਿ..." ਉਸਨੇ ਦੁਬਾਰਾ ਕੁਝ ਕਹਿਣ ਦਾ ਯਤਨ ਕੀਤਾ ਪਰ ਅਸਫਲ। ਇਸ ਤੋਂ ਅੱਗੇ ਉਸ ਨੇ ਕੁਝ ਨਾ ਕਿਹਾ। ਕੇਵਲ ਮੁਸਕਰਾਈ ਤੇ ਉਸ ਦੀਆਂ ਅੱਖਾਂ ਮੁਸਕਰਾਉਂਦੀਆਂ ਹੀ ਸੌਂ ਗਈਆਂ, ਇਕ ਸਦੀਵੀ ਨੀਂਦ।

ਛਿਣ ਭਰ ਲਈ ਚੁਫੇਰੇ ਚੁੱਪ ਪਸਰ ਗਈ। ਪ੍ਰਭਾ ਦੇ ਠੰਡੇ ਜਿਸਮ ਨੂੰ ਊਸ਼ਾ ਨਿਸਫਲ ਹੀ ਜੱਫੀਆਂ ਪਾਉਂਦੀ ਰਹੀ।

ਇਸ ਤੋਂ ਪਿੱਛੋਂ ਊਸ਼ਾ ਬੜੇ ਸਬਰ ਤੇ ਸੰਤੋਖ ਨਾਲ ਉਠੀ ਅਤੇ ਹਸਪਤਾਲ ਦੇ ਵਰਾਂਡੇ ਵਿਚ ਟਹਿਲਣ ਲੱਗ ਪਈ। ਉਹ ਇੰਜ ਸੰਤੁਸ਼ਟ ਜਾਪਦੀ ਸੀ ਜਿਵੇਂ ਕੋਈ ਅਨਹੋਣੀ ਨਹੀਂ, ਸਗੋਂ ਬਿਲਕੁਲ ਕੁਦਰਤੀ ਘਟਨਾ ਵਾਪਰੀ ਹੋਵੇ। ਜਦੋਂ ਮੈਂ ਪਲ ਕੁ ਭਰ ਪ੍ਰਭਾ ਕੋਲ ਬੈਠ ਕੇ ਬਾਹਰ ਨਿਕਲਿਆ ਤਾਂ ਊਸ਼ਾ ਸੱਜੇ ਪੈਰ ਦਾ ਸੈਂਡਲ ਲਾਹ ਕੇ ਵਰਾਂਡੇ ਦੇ ਫ਼ਰਸ਼ 'ਤੇ ਆਪਣਾ ਅੰਗੂਠਾ ਘੁਮਾ ਰਹੀ ਸੀ।

# ਨਾਵਲ ਲਹੂ ਦੀ ਲੋਅ, ਸੰਤਾ ਸਿੰਘ ਭੌਰ ਤੇ ਸੌ ਦਾ ਨੋਟ

**ਅਮਰ ਸੂਫ਼ੀ**

ਸੰਤਾ ਸਿੰਘ ਭੌਰ ਉਨ੍ਹੀਂ ਦਿਨੀਂ ਫਰੀਦਕੋਟ ਡੀ.ਐਸ.ਪੀ. ਲੱਗਿਆ ਹੋਇਆ ਸੀ। ਮੈਂ ਉਦੋਂ ਮੁੱਛ-ਫੁੱਟ ਸਾਂ। ਸਾਹਿਤ ਸਭਾ ਦੀ ਮਹੀਨੇ ਵਾਰ ਬੈਠਕ 'ਚ ਨਵਾਂ-ਨਵਾਂ ਆਉਣ ਲੱਗਿਆ ਸਾਂ। ਕਦੇ-ਕਦੇ ਭੌਰ ਵੀ ਆ ਜਾਂਦਾ ਹੁੰਦਾ ਸੀ। ਉਹ ਚੰਗਾ ਸਾਹਿਤ ਰਸੀਆ ਸੀ। ਕਦੇ ਕੋਈ ਕਵਿਤਾ ਵੀ ਸੁਣਾ ਦਿੰਦਾ ਹੁੰਦਾ ਸੀ। ਉਨ੍ਹੀਂ ਦਿਨੀਂ ਤੱਤੀ ਸੁਰ ਵਾਲੀ ਕਵਿਤਾ ਜ਼ਿਆਦਾ ਲਿਖੀ ਜਾ ਰਹੀ ਸੀ। ਉਦਾਸੀ, ਪਾਸ਼, ਦਿਲ, ਖਟਕੜ, ਹਲਵਾਰਵੀ ਤੇ ਚੰਦਨ ਆਦਿ ਕਵੀਆਂ ਦੀ ਬਹੁਤ ਚਰਚਾ ਸੀ। ਜਸਵੰਤ ਸਿੰਘ ਕੰਵਲ ਦੇ ਨਵੇਂ ਨਾਵਲ 'ਲਹੂ ਦੀ ਲੋਅ' ਬਾਰੇ ਵੀ ਤਰ੍ਹਾਂ-ਤਰ੍ਹਾਂ ਦੀਆਂ ਕਈ ਗੱਲਾਂ ਤੁਰੀਆਂ ਹੋਈਆਂ ਸਨ।

ਸਭਾ ਦੀ ਦਸੰਬਰ ਮਹੀਨੇ ਵਾਲੀ ਬੈਠਕ ਖਤਮ ਹੋਈ। ਲੋਈ ਦੀ ਬੁੱਕਲ ਮਾਰ ਕੇ ਪਿੰਡ ਜਾਣ ਵਾਲੀ ਬੱਸ ਬਹਿ ਗਿਆ। ਬੱਸ ਅਜੇ ਕੋਤਵਾਲੀ ਕੋਲ ਹੀ ਪਹੁੰਚੀ ਸੀ, ਅੱਗੇ ਖੜ੍ਹੇ ਪੁਲਿਸ ਵਾਲਿਆਂ ਨੇ ਹੱਥ ਦੇ ਕੇ ਰੋਕ ਲਈ। ਅਗਲੀ ਬਾਰੀ ਥਾਣੀ ਚੜ੍ਹ ਕੇ ਛੋਟੇ ਥਾਣੇਦਾਰ ਨੇ ਬੱਸ ਅੰਦਰ ਖੜ੍ਹੀਆਂ ਸਾਰੀਆਂ ਸਵਾਰੀਆਂ ਨੂੰ ਹੇਠਾਂ ਉਤਰ ਜਾਣ ਦਾ ਹੁਕਮ ਦੇ ਦਿੱਤਾ। ਅੰਦਰਲੀਆਂ-ਬਾਹਰਲੀਆਂ ਸਾਰੀਆਂ ਸਵਾਰੀਆਂ ਦੀ ਜਾਮਾ-ਤਲਾਸ਼ੀ ਲਈ ਗਈ। ਕਿਸੇ ਕੋਲੋਂ ਵੀ ਕੋਈ ਇਤਰਾਜ਼ਯੋਗ ਚੀਜ਼ ਨਹੀਂ ਮਿਲੀ। ਸਿਰਫ ਮੈਂ ਹੀ ਸਾਂ ਜਿਸ ਕੋਲੋਂ 'ਲਹੂ ਦੀ ਲੋਅ' ਨਾਵਲ ਬਰਾਮਦ ਹੋਇਆ ਸੀ। ਥਾਣੇਦਾਰ ਨੇ ਕਿਤਾਬ ਨੂੰ ਤੇ ਸਿਪਾਹੀਆਂ ਨੇ ਮੈਨੂੰ ਫੜ ਲਿਆ ਸੀ।

ਐਮਰਜੈਂਸੀ ਦਾ ਦੌਰ ਸੀ। ਕੰਵਲ ਦੇ ਇਸ ਨਾਵਲ 'ਤੇ ਸਰਕਾਰ ਵਲੋਂ ਅਣ-ਐਲਾਨੀ ਪਾਬੰਦੀ ਕਾਰਨ, ਜਿਸ ਕੋਲੋਂ ਇਹ ਨਾਵਲ ਫੜਿਆ ਜਾਂਦਾ ਸੀ, ਪੁਲਿਸ ਉਹਨੂੰ ਨਕਸਲੀ ਮੰਨ ਲੈਂਦੀ ਸੀ। ਨਕਸਲੀ ਲਹਿਰ ਦੌਰਾਨ ਫਰਜ਼ੀ ਮੁਕਾਬਲੇ ਬਣਾ ਕੇ ਮਾਰੇ ਗਏ ਗੱਭਰੂ ਮੁੰਡਿਆਂ ਬਾਰੇ ਇਹ ਦਸਤਾਵੇਜ਼ੀ ਨਾਵਲ ਸੀ, ਜਿਸ ਨੂੰ ਉਹ ਆਪ ਸਿੰਗਾਪੁਰ ਜਾ ਕੇ ਛਪਵਾ ਕੇ ਲਿਆਇਆ ਸੀ। ਡਰ ਦੇ ਮਾਰੇ ਇਧਰਲੇ ਕਿਸੇ ਵੀ ਪ੍ਰਕਾਸ਼ਕ ਨੇ ਇਸ ਨੂੰ ਛਾਪਣ ਦਾ ਜੇਰਾ ਨਹੀਂ ਸੀ ਵਿਖਾਇਆ। ਛੋਟਾ ਥਾਣੇਦਾਰ ਅਤੇ ਦੋਵੇਂ ਸਿਪਾਹੀ ਮੈਨੂੰ ਅੱਗੇ ਲਾ ਕੇ ਕੋਤਵਾਲੀ ਵਲ ਲੈ ਤੁਰੇ। ਨਾਲ ਦੀ ਨਾਲ ਹੀ ਅੰਦਰ ਲਿਜਾ ਕੇ 'ਨਕਸਲਪੁਣਾ' ਕੱਢਣ ਦੇ ਡਰਾਵੇ ਦੇ ਰਹੇ ਸਨ। ਮੈਨੂੰ ਬਿਨਾਂ ਕਿਸੇ ਦੋਸ਼ ਕੋਤਵਾਲੀ ਅੰਦਰ ਲਿਜਾਇਆ ਜਾ ਰਿਹਾ ਸੀ। ਉਨ੍ਹਾਂ ਦੇ ਡਰਾਉਣੇ ਚਿਹਰੇ ਅਤੇ ਅਵੈੜੀ ਬੋਲਚਾਲ ਤੋਂ ਮੈਂ ਡਰ ਗਿਆ। ਥਾਣੇ ਅੰਦਰ ਪੈਣ ਵਾਲੀ ਗਿੱਦੜ-ਕੁੱਟ ਨੂੰ ਚਿਤਵ ਕੇ ਮੈਂ ਧੁਰ ਅੰਦਰ ਤੱਕ ਕੰਬ ਗਿਆ। ਕੋਤਵਾਲੀ ਦੇ ਅੰਦਰ ਵੜਦਿਆਂ ਹੀ ਇਕ ਸਿਪਾਹੀ ਨੇ ਮੇਰੀ ਬਾਂਹ ਮਰੋੜਨ ਦਾ ਯਤਨ ਕੀਤਾ। ਉਹ ਮੈਥੋਂ ਮਾੜਾ ਸੀ। ਬਾਂਹ ਨਾ ਮਰੋੜ ਸਕਿਆ ਤਾਂ ਬੋਲਿਆ, "ਆ ਜਾ ਪੁੱਤ! ਬਣਾਉਂਦੇ ਆਂ ਤੈਨੂੰ ਬਾਬਾ ਬੂਝਾ ਸਿੰਘ। ਅੰਦਰ ਚੱਲ 'ਕੇਰਾਂ।"

ਡਿਊਢੀ ਲੰਘਦਿਆਂ ਸਾਰ ਹੀ ਮੇਰੀ ਜਾਨ ਵਿਚ ਜਾਨ ਆ ਗਈ ਸੀ। ਡੀ.ਐਸ.ਪੀ. ਸੰਤਾ ਸਿੰਘ ਕੋਤਵਾਲੀ ਦੇ ਵਿਹੜੇ ਵਿਚ ਕੁਰਸੀ 'ਤੇ ਧੁੱਪੇ ਬੈਠਾ ਹੋਇਆ ਮੇਜ਼ 'ਤੇ ਪਈਆਂ ਫਾਈਲਾਂ ਵਿਚ ਰੁੱਝਿਆ ਹੋਇਆ ਸੀ। ਉਨ੍ਹਾਂ ਮੈਨੂੰ ਮੇਜ਼ ਦੇ ਸਾਹਮਣੇ ਲਿਜਾ ਖੜ੍ਹਾ ਕੀਤਾ। ਤਿੰਨਾਂ ਨੇ ਭੌਰ ਨੂੰ ਇਕੱਠਾ ਸਲੂਟ ਮਾਰਿਆ।

"ਵਾਹ! ਇਹਨੂੰ ਕਿਵੇਂ ਫੜ ਲਿਆਏ ਹੋ?" ਡੀ.ਐਸ.ਪੀ. ਨੇ ਛੋਟੇ ਥਾਣੇਦਾਰ ਨੂੰ ਪੁੱਛਿਆ। ਉਹ ਮੇਰੇ ਵਲ ਵੇਖ ਕੇ ਮਾੜਾ ਜਿਹਾ ਮੁਸਕਰਾ ਪਿਆ ਸੀ।

"ਜਨਾਬ! ਖਤਰਨਾਕ ਨਕਸਲਬਾੜੀਆ ਲਗਦੈ। ਪੁਲਿਸ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ, ਲਹੂ ਦੀ ਲੋਅ ਨਾਵਲ ਅਖਬਾਰ ਦੀ ਜਿਲਦ ਚੜ੍ਹਾ ਕੇ ਲਈ ਫਿਰਦੈ।" ਥਾਣੇਦਾਰ ਨੇ ਕੱਚੀ ਜਿਲਦ ਲਾਹ ਕੇ ਕਿਤਾਬ ਡੀ.ਐਸ.ਪੀ. ਅੱਗੇ ਰੱਖ ਦਿੱਤੀ। ਇਹ ਕਹਿ, ਉਹਨੇ ਮੈਨੂੰ ਬਹੁਤ ਹੀ ਭਿਆਨਕ ਨਕਸਲੀਆ ਸਿੱਧ ਕਰ ਦਿੱਤਾ ਸੀ। ਸਿਪਾਹੀ ਨੇ ਅਜੇ ਵੀ ਮੈਨੂੰ ਘੁੱਟ ਕੇ ਸੱਜੀ ਬਾਹੋਂ ਫੜਿਆ ਹੋਇਆ ਸੀ। "ਇਥੇ ਬਹਿ ਜਾ। ਤੁਸੀਂ ਜਾਓ ਸਾਰੇ।" ਭੌਰ ਸਾਹਿਬ ਨੇ ਮੈਨੂੰ ਖਾਲੀ ਪਈ ਕੁਰਸੀ ਵਲ ਇਸ਼ਾਰਾ ਕਰ, ਤਿੰਨਾਂ ਪੁਲਸੀਆਂ ਨੂੰ ਜਾਣ ਦਾ ਹੁਕਮ ਦੇ ਦਿੱਤਾ।

ਮੈਂ ਲੋਈ ਦੀ ਘੁੱਟ ਕੇ ਬੁੱਕਲ ਮਾਰ ਕੇ ਚੁੱਪ-ਚਾਪ ਕੁਰਸੀ 'ਤੇ ਬਹਿ ਗਿਆ। ਬਾਹਰੋਂ ਠੰਢ ਲੱਗ ਰਹੀ ਸੀ ਪਰ ਕੋਤਵਾਲੀ ਦੇ ਅੰਦਰ ਪੈਰ ਧਰਨ ਲੱਗਿਆਂ ਅੰਦਰੋਂ ਜੋ ਕਾਂਬਾ ਮੈਨੂੰ ਛਿੜ ਪਿਆ ਸੀ, ਉਹ ਮੂਲੋਂ ਹੀ ਹਟ ਗਿਆ ਸੀ। ਮੈਂ ਸਹਿਜ ਹੋ ਗਿਆ ਸਾਂ। ਇਕ ਦੋ ਥਾਵਾਂ 'ਤੇ ਦਸਤਖਤ ਕਰਨ ਤੋਂ ਬਾਅਦ ਉਹ ਮੈਨੂੰ ਪੁੱਛਣ ਲੱਗੇ ਕਿ ਸ਼ਹਿਰ ਕੀ ਕਰਨ ਆਇਆ ਸੀ। ਮੈਂ ਸਾਹਿਤ ਸਭਾ ਦੀ ਮਹੀਨੇਵਾਰ ਬੈਠਕ ਬਾਰੇ ਦੱਸਿਆ ਤਾਂ ਉਨ੍ਹਾਂ ਮੱਥੇ 'ਤੇ ਹੱਥ ਮਾਰਿਆ, "ਉਏ ਲੈ ਮੈਨੂੰ ਅੱਜ ਦੀ ਬੈਠਕ ਦਾ ਖਿਆਲ ਹੀ ਨਹੀਂ ਰਿਹਾ। ਨੌਕਰੀ ਵੀ ਬੜੀ ਕੁੱਤੀ ਸ਼ੈਅ ਹੁੰਦੀ ਐ।" ਇਹ ਕਹਿੰਦਿਆਂ ਉਹ ਨਾਵਲ ਨੂੰ ਫਰੋਲਣ ਲੱਗ ਪਏ।

ਉਨ੍ਹਾਂ ਦੇ ਪੁੱਛਣ 'ਤੇ ਮੈਂ ਦੱਸਿਆ ਕਿ ਇਨ੍ਹਾਂ ਤਿੰਨਾਂ ਪੁਲਸੀਆਂ ਨੇ ਬੱਸ ਰੋਕ ਕੇ ਤਲਾਸ਼ੀ ਲਈ ਸੀ ਅਤੇ ਉਥੋਂ ਮੈਨੂੰ ਫੜ ਕੇ ਲੈ ਆਏ ਹਨ। ਰਾਹ 'ਚ ਮੈਨੂੰ ਦਬਕੇ ਮਾਰਦੇ ਆਏ ਹਨ ਕਿ ਤੈਨੂੰ ਅੰਦਰ ਚੱਲ ਕੇ ਬਾਬਾ ਬੂਝਾ ਸਿੰਘ ਬਣਾਉਂਦੇ ਹਾਂ। ਮੇਰੀ ਇਹ ਗੱਲ ਸੁਣ ਕੇ ਭੌਰ ਸਾਹਿਬ ਮੁਸਕਰਾ ਕੇ ਬੋਲੇ, "ਇਹ ਕੀਹਨੂੰ-ਕੀਹਨੂੰ ਬਾਬਾ ਬੂਝਾ ਸਿੰਘ ਬਣਾਉਣਗੇ ਵਿਚਾਰੇ..." ਉਨ੍ਹਾਂ ਦੀ ਮੁਸਕਣੀ ਵਿਚ ਇਕ ਵਿਅੰਗ ਝਲਕਿਆ।

ਉਹ ਨੇੜੇ ਖੜ੍ਹੇ ਸਿਪਾਹੀ ਨੂੰ ਦੋ ਕੱਪ ਚਾਹ ਅਤੇ ਮੱਠੀਆਂ ਲਿਆਉਣ ਦਾ ਹੁਕਮ ਦੇ ਕੇ ਮੈਨੂੰ ਆਪਣੇ ਦਫਤਰ 'ਚ ਲੈ ਗਏ। ਨਾਵਲ ਉਨ੍ਹਾਂ ਆਪਣੇ ਹੱਥ 'ਚ ਫੜਿਆ ਹੋਇਆ ਸੀ। ਚਾਹ ਪੀਂਦੇ, ਕੁਝ ਦੇਰ ਅਸੀਂ ਨਿੱਕੀਆਂ-ਨਿੱਕੀਆਂ ਸਾਹਿਤਕ ਗੱਲਾਂ ਕਰਦੇ ਰਹੇ। ਚਾਹ ਵਾਲੀ ਖਾਲੀ ਪਿਆਲੀ ਪਾਸੇ ਰੱਖ ਕੇ ਕਹਿਣ ਲੱਗੇ, "ਹੁਣ ਤੂੰ ਮੈਨੂੰ ਅੱਜ ਦੀ ਸਭਾ 'ਚ ਸ਼ਾਮਿਲ ਹੀ ਸਮਝ, ਮੇਰੇ ਪਿਆਰੇ। ਇਹ ਕਵਿਤਾ ਮੈਂ ਉਥੇ ਸੁਣਾਉਣੀ ਸੀ, ਲੈ ਸੁਣ।" ਉਨ੍ਹਾਂ ਨੇ ਤਹਿਦਾਰ ਕਾਗਜ਼ ਆਪਣੇ ਕੋਟ ਦੀ ਖੱਬੀ ਜੇਬ 'ਚੋਂ ਕੱਢ ਲਿਆ। 'ਮੇਰੇ ਪਿਆਰੇ' ਉਨ੍ਹਾਂ ਦਾ ਤਕੀਆ ਕਲਾਮ ਸੀ। 'ਭੌਰ' ਸਾਹਿਬ ਦੀ ਕਵਿਤਾ ਬੇਸ਼ੱਕ ਛੋਟੀ ਜਿਹੀ ਸੀ ਪਰ ਉਸ ਦਾ 'ਡੰਗ' ਵਾਹਵਾ ਤੇਜ਼ ਸੀ। ਸੁਣ ਕੇ ਮੈਂ ਹੈਰਾਨ ਹੋ ਗਿਆ ਸਾਂ ਕਿ ਕੀ ਇਕ ਪੁਲਿਸ ਅਧਿਕਾਰੀ ਦੇ ਵਿਚਾਰ ਵੀ ਇਸ ਤਰ੍ਹਾਂ ਦੇ ਲੋਕ-ਪੱਖੀ ਅਤੇ ਇਨਕਲਾਬੀ ਹੋ ਸਕਦੇ ਹਨ। ਮੈਂ ਵੀ ਤਿੰਨ-ਚਾਰ ਰੁਬਾਈਆਂ ਉਨ੍ਹਾਂ ਨੂੰ ਸੁਣਾ ਦਿੱਤੀਆਂ ਸਨ। ਪਸੰਦ ਆਈ, ਮੇਰੀ ਇਕ ਰੁਬਾਈ ਉਨ੍ਹਾਂ ਆਪਣੀ ਡਾਇਰੀ 'ਚ ਵੀ ਲਿਖ ਲਈ ਸੀ।

"ਕਿੱਥੋਂ ਲਿਆ ਸੀ ਇਹ ਨਾਵਲ, ਮਾਈ ਡੀਅਰ? ਪੜ੍ਹ ਲਿਆ ਕਿ ਨਹੀਂ?" ਉਨ੍ਹਾਂ ਮੇਰੇ ਵਲ ਮਿੱਠੀ ਜਿਹੀ ਤੱਕਣੀ ਸੁੱਟਦਿਆਂ ਪੁੱਛਿਆ।

"ਸ਼ਾਹ ਚਮਨ ਤੋਂ ਮੰਗਵਾਇਐ। ਅੱਜ ਹੀ ਮਿਲਿਐ। ਪਿਛਲੀ ਵਾਰੀ ਆਇਆ ਪੈਸੇ ਫੜਾ ਗਿਆ ਸੀ।" ਮੈਂ ਨਿਡਰ ਹੋ ਕੇ ਦੱਸ ਦਿੱਤਾ।

"ਕਿੰਨੇ ਦਾ ਮਿਲਿਆ, ਮੇਰੇ ਪਿਆਰੇ? ਸੈਕੰਡ ਹੈਂਡ ਲਗਦੈ?" ਅਗਲਾ ਸਵਾਲ ਕਰ ਕੇ ਉਨ੍ਹਾਂ ਨਾਵਲ ਫਰੋਲਣਾ ਸ਼ੁਰੂ ਕਰ ਦਿੱਤਾ ਸੀ।

"ਅੱਸੀਆਂ ਦਾ।" ਦੱਸਦਿਆਂ ਮੇਰੇ ਕਾਲਜੇ ਨੂੰ ਖੋਹ ਜਿਹੀ ਪਈ ਸੀ। ਅੱਸੀ ਰੁਪਏ ਮੈਂ ਰੁਪਈਆ-ਰੁਪਈਆ ਕਰਕੇ ਮਸਾਂ ਜੋੜੇ ਸਨ। ਆਮ ਨਾ ਮਿਲਣ ਕਰਕੇ ਇਸ ਨਾਵਲ ਦਾ ਚਾਰ-ਪੰਜ ਗੁਣਾ ਵੱਧ ਮੁੱਲ ਅਦਾ ਕਰਨਾ ਪਿਆ ਸੀ। ਉਨ੍ਹਾਂ ਦਿਨਾਂ ਵਿਚ ਅੱਸੀ ਰੁਪਈਆਂ ਦੀ ਕੁਇੰਟਲ ਕਣਕ ਆ ਜਾਂਦੀ ਸੀ।

"ਇਹ ਮੇਰੇ ਕੋਲ ਛੱਡ ਜਾ। ਮੇਰੇ ਪਿਆਰੇ। ਤੂੰ ਹੋਰ ਮੰਗਵਾ ਲਵੀਂ। ਸਾਨੂੰ ਤਾਂ ਪੁਲਿਸ ਅਧਿਕਾਰੀ ਕਰਕੇ ਡਰਦਾ ਮਾਰਿਆ ਕੋਈ ਕਿਸੇ ਕੀਮਤ 'ਤੇ ਵੀ ਨਹੀਂ ਦਿੰਦਾ। ਵੇਚਦੇ ਵੀ ਐ, ਡਰਦੇ ਵੀ ਐ। ਸਾਲੇ ਡਰਪੋਕ।" ਇਹ ਕਹਿ ਕੇ ਉਨ੍ਹਾਂ ਸੌ ਰੁਪਏ ਦਾ ਨੋਟ ਆਪਣੇ ਕੋਟ ਦੀ ਅੰਦਰਲੀ ਜੇਬ 'ਚੋਂ ਕੱਢਿਆ ਅਤੇ ਮੇਰੇ ਵਲ ਵਧਾ ਦਿੱਤਾ। ਮੈਂ ਨੋਟ ਫੜਨ ਤੋਂ ਨਾਂਹ ਕਰ ਦਿੱਤੀ ਸੀ ਪਰ ਉਹ ਮੱਲੋ-ਮੱਲੀ ਮੈਨੂੰ ਦੇ ਰਹੇ ਸਨ। ਮੈਂ ਉਨ੍ਹਾਂ ਨੂੰ ਦੱਸਿਆ ਕਿ ਇਹ ਨਾਵਲ ਪਹਿਲਾਂ ਹੀ ਬੜੀ ਔਖਿਆਈ ਨਾਲ ਮਿਲਿਆ ਹੈ, ਹੋਰ ਨਹੀਂ ਮਿਲ ਸਕਣਾ। ਲੱਗੇ ਰੁਪਈਆਂ ਨਾਲੋਂ ਨਾਵਲ ਹੱਥੋਂ ਖੁਸ ਜਾਣ ਦਾ ਮੈਨੂੰ ਬਹੁਤ ਦੁੱਖ ਹੋ ਰਿਹਾ ਸੀ। ਮੇਰੀ ਗੱਲ ਸੁਣ ਕੇ ਭੌਰ ਸਾਹਿਬ ਕਹਿਣ ਲੱਗੇ, "ਚੱਲ ਇੰਜ ਕਰ, ਮੇਰੇ ਪਿਆਰੇ। ਇਹ ਰੁਪਏ ਤੂੰ ਅਮਾਨਤ ਵਜੋਂ ਰੱਖ ਲੈ। ਜੇ ਮਿਲ ਗਿਆ ਤਾਂ ਲੈ ਲਵੀਂ, ਜੇ ਨਾ ਮਿਲਿਆ ਤਾਂ ਅਗਲੀ ਵਾਰ ਆਇਆ ਨਾਵਲ ਲੈ ਜਾਈਂ। ਪਹਿਲਾਂ ਮੈਨੂੰ ਪੜ੍ਹ ਲੈਣ ਦੇ।" ਉਨ੍ਹਾਂ ਸੌ ਦਾ ਨੋਟ ਮੇਰਾ ਹੱਥ ਫੜ ਕੇ ਮੇਰੀ ਮੁੱਠੀ 'ਚ ਦੇ ਦਿੱਤਾ। ਉਨ੍ਹਾਂ ਤੋਂ ਵਿਦਾ ਲੈ, ਮੈਂ ਅਗਲੀ ਬੱਸ ਚੜ੍ਹ ਪਿੰਡ ਆ ਗਿਆ। ਪਿੰਡ ਤੱਕ ਸੋਚਦਾ ਆਇਆ ਸਾਂ, 'ਕੀ ਪਤਾ ਨਾਵਲ ਮੁੜ ਮਿਲੇ ਵੀ ਕਿ ਨਾ?' ਬਹੁਤ ਯਤਨ ਕਰਨ 'ਤੇ ਵੀ ਇਸ ਨਾਵਲ ਦੀ ਹੋਰ ਜਿਲਦ ਨਹੀਂ ਮਿਲ ਸਕੀ। ਸਭਾ ਦੀ ਅਗਲੀ ਬੈਠਕ 'ਚ ਆਏ ਭੌਰ ਸਾਹਿਬ ਮੈਨੂੰ ਆਪਣੇ ਨਾਲ ਘੁੱਟ ਕੇ ਕਹਿਣ ਲੱਗੇ, "ਤੇਰਾ ਧੰਨਵਾਦ। ਆਹ ਲੈ ਆਪਣਾ 'ਲਹੂ ਦੀ ਲੋਅ' ਮੈਂ ਪੜ੍ਹ ਲਿਐ, ਮੇਰੇ ਪਿਆਰੇ। ਕੰਵਲ ਨੇ ਕਮਾਲ ਕੀਤੀ ਪਈ ਐ। ਧਿਆਨ ਨਾਲ ਪੜ੍ਹੀਂ ਨਿੱਠ ਕੇ। ਪੰਜਾਬੀ ਸਾਹਿਤ ਦਾ ਉਚ ਕੋਟੀ ਦਾ ਨਾਵਲ ਐ, ਕਲਾਸਿਕ।"

ਮੈਂ ਸੌ ਦਾ ਨੋਟ ਉਨ੍ਹਾਂ ਨੂੰ ਮੋੜਨ ਲਈ ਜੇਬ 'ਚੋਂ ਕੱਢਿਆ ਤਾਂ ਉਹ ਬੋਲੇ, "ਜੇ ਇਹ ਮੋੜਨਾ ਈ... ਤਾਂ ਮੈਂ ਨਾਵਲ ਵੀ ਖੋ ਲੈਣਾ ਈ, ਮੇਰੇ ਪਿਆਰੇ।"

ਉਨ੍ਹਾਂ ਦੀ ਗੱਲ ਸੁਣ ਕੇ ਮੈਂ ਸੌ ਦਾ ਨੋਟ ਜੇਬ 'ਚ ਪਾ ਲਿਆ ਅਤੇ ਨਾਵਲ ਘੁੱਟ ਕੇ ਹੱਥ 'ਚ ਫੜ ਲਿਆ, ਮਤੇ ਫਿਰ ਹੱਥੋਂ ਨਿਕਲ ਜਾਏ।

# ਵਿਸ਼ਵ ਲੋਕਰਾਜਾਂ ਦਾ ਅਗਲਾ ਰੂਪ: ਵਿਸਮਾਦੀ ਕਨਫੈਡਰੇਸ਼ਨ

***ਡਾ. ਗੁਰਭਗਤ ਸਿੰਘ ਬੌਧਿਕ ਹਲਕਿਆਂ ਵਿਚ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ ਹਨ। ਅਜੋਕੇ ਸ਼ਾਸਨ ਪ੍ਰਬੰਧ ਬਾਰੇ ਉਹ ਇਕ ਅਰਸੇ ਤੋਂ ਇਕ ਵੱਖਰੀ ਸੋਚ ਦੀ ਪੈਰਵੀ ਕਰਦੇ ਆ ਰਹੇ ਹਨ। ਉਨ੍ਹਾਂ ਦਾ ਖਿਆਲ ਹੈ ਕਿ ਕੋਈ ਇਕ ਸਿਸਟਮ ਨਿਰੋਲ ਰੂਪ ਵਿਚ ਮਨੁੱਖ ਲਈ ਬਿਹਤਰ ਸਾਬਤ ਨਹੀਂ ਹੋ ਸਕਦਾ। ਹਥਲੇ ਲੇਖ ਵਿਚ ਉਨ੍ਹਾਂ ਭਾਰਤ ਲਈ ਇਕ ਵਿਸਮਾਦੀ ਕਨਫੈਡਰੇਸ਼ਨ ਦੀ ਵਕਾਲਤ ਕੀਤੀ ਹੈ। -ਸੰਪਾਦਕ***

**ਡਾ. ਗੁਰਭਗਤ ਸਿੰਘ**

ਵਿਸ਼ਵ ਦੀ ਸਾਰੀ ਮਨੁੱਖ ਜਾਤੀ ਹੁਣ ਇਸ ਸੋਚ ਉਤੇ ਪਹੁੰਚੀ ਹੋਈ ਹੈ ਕਿ ਇਤਿਹਾਸ ਵਿਚ ਸਮਾਜਾਂ ਨੂੰ ਸੰਗਠਿਤ ਕਰਨ ਦੇ ਜੋ ਰੂਪ ਸਿਰਜੇ ਗਏ ਹਨ ਉਨ੍ਹਾਂ ਵਿਚੋਂ ਸਭ ਤੋਂ ਉਤਮ ਲੋਕ ਰਾਜ ਹੀ ਹੈ। ਇਸ ਲੋਕ ਰਾਜ ਤੋਂ ਭਾਵ ਪਾਰਲੀਮੈਂਟਰੀ ਲੋਕਤੰਤਰ ਹੈ। ਇਸ ਵਿਚ ਭਾਵੇਂ ਕਈ ਊਣਾਂ ਹਨ। ਕਈ ਵਾਰ ਇਹ ਕੁਝ ਰਾਜਨੀਤਕ ਲੀਡਰਾਂ ਦੇ ਸੁਭਾਅ ਅਨੁਸਾਰ ਜਾਂ ਸੱਤਾਧਾਰੀ ਪਾਰਟੀ ਦੇ ਚਰਿੱਤਰ ਅਨੁਸਾਰ ਦਮਨਕਾਰੀ ਵੀ ਹੋ ਜਾਂਦਾ ਹੈ, ਵੱਡੇ ਅਰਥਾਂ ਵਿਚ ਮਨੁੱਖ ਹਿਤੈਸ਼ੀ ਨਹੀਂ ਰਹਿੰਦਾ। ਹਰ ਕਿਸਮ ਦੇ ਨਾਗਰਿਕ ਨੂੰ ਨਾਲ ਲੈ ਕੇ ਨਹੀਂ ਚੱਲ ਸਕਦਾ। ਤਾਂ ਵੀ ਲੋਕਰਾਜ ਦੀ ਉਤਮਤਾ ਮੰਨ ਲਈ ਗਈ ਹੈ। ਮਨੁੱਖੀ ਇਤਿਹਾਸ ਵਿਚ ਲੋਕਰਾਜ ਸਮਾਜ ਅਤੇ ਇਸ ਦੇ ਰਾਜਨੀਤਕ ਸੰਗਠਨ ਦਾ "ਆਖਰੀ" ਰੂਪ ਹੈ, ਇਸ ਬਾਰੇ ਸਹਿਮਤੀ ਨਹੀਂ ਹੋ ਸਕਦੀ ਕਿਉਂਕਿ ਮਨੁੱਖ ਦੀ ਸਿਰਜਣਾਤਮਕ ਸ਼ਕਤੀ ਅਥਾਹ ਹੈ। ਜਿਸ ਕੁਦਰਤ ਤੋਂ ਉਹ ਪ੍ਰੇਰਨਾ ਲੈਂਦਾ ਹੈ, ਉਹ ਵੀ ਅਥਾਹ ਹੈ।

ਇਸ ਸਮੇਂ ਦੋ ਹੀ ਕਿਸਮ ਦੇ ਲੋਕਰਾਜ ਹਨ। ਇਕ ਯੂਰਪੀ-ਅਮਰੀਕਨ ਪ੍ਰਕਾਰ ਦਾ ਲੋਕਰਾਜ ਜਿਸ ਵਿਚ ਪੂੰਜੀਵਾਦ ਦੀ ਪ੍ਰਧਾਨਤਾ ਹੈ। ਇਹ ਪਾਰਲੀਮੈਂਟ ਚੋਣਾਂ ਅਤੇ ਲੋਕ ਨੁਮਾਇੰਦਗੀ ਦੇ ਅਸੂਲ ਉਤੇ ਚੱਲਦਾ ਹੈ। ਵਿਅਕਤੀਗਤ ਆਜ਼ਾਦੀ ਕਾਇਮ ਰੱਖਣੀ, ਵਿਅਕਤੀ ਦੀ ਇੱਛਾ ਅਤੇ ਦੂਜੇ ਦਾ ਸਤਿਕਾਰ ਬਰਕਰਾਰ ਰੱਖਣਾ, ਭਾਈਚਾਰਾ ਬਣਾਈ ਰੱਖਣਾ ਇਸ ਦੇ ਮੁੱਖ ਮੁੱਦੇ ਹਨ ਜੋ ਫਰਾਂਸ ਦੇ ਅਠਾਰ੍ਹਵੀਂ ਸਦੀ ਦੇ ਅੰਤ ਉਤੇ ਆਏ ਇਨਕਲਾਬ ਦੇ ਮੁੱਦਿਆਂ ਤੋਂ ਪ੍ਰਭਾਵਿਤ ਹਨ।

ਦੂਜੇ ਲੋਕਰਾਜ ਦੀ ਪ੍ਰਤੀਨਿਧਤਾ ਕਾਫੀ ਦੇਰ ਤਕ ਸੋਵੀਅਤ ਯੂਨੀਅਨ ਨੇ ਕੀਤੀ। ਉਸ ਨੂੰ ਭਾਵੇਂ ਪੂੰਜੀਵਾਦੀ ਲੋਕਰਾਜ ਦੇ ਚਿੰਤਕ ਲੋਕਰਾਜ ਨਹੀਂ ਮੰਨਦੇ। ਪ੍ਰੋਲੇਤਾਰੀ ਡਿਕਟੇਟਰਸ਼ਿਪ ਹੋਣ ਕਾਰਨ ਡਿਕਟੇਟਰਸ਼ਿਪ ਹੀ ਮੰਨਦੇ ਹਨ ਪਰ ਉਹ ਲੋਕਰਾਜੀ ਤਜਰਬਾ ਹੈ ਜੋ ਮਨੁੱਖ ਨੂੰ ਆਜ਼ਾਦ ਰੱਖ ਕੇ ਵਿਕਸਿਤ ਕਰਨ ਦਾ ਵਾਅਦਾ ਨਹੀਂ ਨਿਭਾ ਸਕਿਆ। ਜਿਨ੍ਹਾਂ ਸਭ ਇੰਦਰੀਆਂ ਨੂੰ ਖੋਲ੍ਹ ਕੇ ਮਨੁੱਖ ਦੇ ਸਰਬਾਂਗੀ ਵਿਕਾਸ ਲਈ ਮਾਰਕਸ ਨੇ ਇਨਕਲਾਬ ਦਾ ਸੰਕਲਪ ਦਿੱਤਾ ਸੀ ਉਹ ਪੂਰਾ ਨਾ ਹੋ ਸਕਿਆ। ਇਸ ਲਈ ਉਹ ਲੋਕਰਾਜ ਦਾ ਰੂਪ ਇਤਿਹਾਸ ਵਿਚੋਂ ਛੇਤੀ ਹੀ ਅਲੋਪ ਹੋ ਗਿਆ।

ਚੀਨ, ਕਿਊਬਾ, ਉਤਰੀ ਕੋਰੀਆ ਅਤੇ ਵੀਅਤਨਾਮ ਅਜੇ ਸਮਾਜਵਾਦੀ ਲੋਕਰਾਜ ਦੇ ਦਾਈਦੇ ਉਤੇ ਸਿਧਾਂਤਕ ਤੌਰ 'ਤੇ ਕਾਇਮ ਹਨ ਪਰ ਹੁਣ ਸਾਨੂੰ ਪਤਾ ਹੈ ਕਿ ਉਹ ਵੀ ਪੂੰਜੀਵਾਦੀ ਆਰਥਿਕਤਾ ਦੀਆਂ ਵਿਧੀਆਂ ਤੇਜ਼ੀ ਨਾਲ ਅਪਨਾ ਰਹੇ ਹਨ। ਕਾਹਲ ਨਾਲ ਵਿਕਾਸ ਕਰਨ ਲਈ ਉਹ ਪੱਛਮੀ ਦੇਸ਼ਾਂ ਦੇ ਪੂੰਜੀਵਾਦੀ ਵਿਕਾਸ ਨਾਲ ਵਾਪਰੀ ਅਮੀਰੀ ਅਤੇ ਆਜ਼ਾਦੀ ਤੋਂ ਪ੍ਰਭਾਵਿਤ ਹੋ ਚੁੱਕੇ ਹਨ। ਇਸ ਵਕਤ ਉਹ ਜਿਸ ਤਜਰਬੇ ਦੀ ਪ੍ਰਤੀਨਿਧਤਾ ਕਰ ਰਹੇ ਹਨ, ਉਸ ਵਿਚ ਵਿਕਾਸ ਹੈ ਪਰ "ਵਿਗਾਸ" (ਆਜ਼ਾਦੀ ਅਤੇ ਪ੍ਰਫੁੱਲਤਾ) ਨਹੀਂ। ਵਿਸ਼ੇਸ਼ ਕਰਕੇ ਚੀਨ, ਪੱਛਮੀ ਲੋਕਰਾਜ ਦੇ ਮਾਪਦੰਡ ਨਹੀਂ ਮੰਨਦਾ। ਉਥੋਂ ਦੀ ਸੱਤਾਧਾਰੀ ਪਾਰਟੀ ਅਤੇ ਲੀਡਰ ਵਿਸ਼ੇਸ਼ ਕਿਸਮ ਦੇ ਰਾਜ ਸੰਕਲਪ ਨਾਲ ਮਿਣੇ-ਤੋਲੇ ਜਾਣ ਦੀ ਮੰਗ ਕਰਦੇ ਹਨ।

ਭਾਰਤ ਨੇ ਲੋਕਰਾਜ ਦਾ ਨਿਵੇਕਲਾ ਤਜਰਬਾ ਕੀਤਾ ਹੈ। ਇਥੋਂ ਦਾ ਸੰਵਿਧਾਨ, ਵਿਚਾਰ, ਉਨ੍ਹਾਂ ਦੀ ਅਭਿਵਿਅਕਤੀ ਅਤੇ ਧਰਮ ਦੀ ਆਜ਼ਾਦੀ ਦਿੰਦਾ ਹੈ। ਰਾਜ ਭਾਸ਼ਾਵਾਂ ਦੀ ਵਿਲੱਖਣਤਾ ਨੂੰ ਮੰਨਦਾ ਹੈ ਪਰ ਇਸ ਸੰਵਿਧਾਨ ਵਿਚ ਇਹ ਨਹੀਂ ਮੰਨਿਆ ਗਿਆ ਕਿ ਭਾਰਤ ਇਕ ਬਹੁਕੌਮੀ ਦੇਸ਼ ਹੈ। ਅਸਲੀਅਤ ਇਹ ਹੈ ਕਿ ਭਾਰਤ ਦੇ ਹਰ ਰਾਜ ਵਿਚ ਆਪਣੀ ਭਾਸ਼ਾ, ਪਰਿਪੇਖ, ਖਾਣ-ਪਹਿਨਣ ਅਤੇ ਸਭਿਆਚਾਰ ਦੀ ਵਿਲੱਖਣਤਾ ਹੈ। ਪੱਛਮੀ ਪੂੰਜੀਵਾਦ ਨੂੰ ਆਪਣੇ ਵਿਕਾਸ ਲਈ ਜਿਸ ਇਕਕੌਮੀ ਰਾਜਨੀਤੀ ਅਤੇ ਆਰਥਿਕਤਾ ਦੀ ਲੋੜ ਸੀ ਇਥੇ ਉਸ ਦੀ ਸਾਰਥਿਕਤਾ ਨਹੀਂ ਬਣ ਸਕਦੀ। ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਨੇ ਜੋ ਇਕ ਕੌਮੀ ਮਾਡਲ ਦਿੱਤਾ ਉਹ ਪੱਛਮੀ ਵਿਦਿਆ ਅਤੇ ਉਸ ਦੀ ਵਿਰਾਸਤ ਵਿਚੋਂ ਜਨਮਿਆ ਸੀ। ਉਸ ਨਾਲ ਭਾਰਤ ਵਿਚ ਸੰਤੋਖ ਨਾਲ ਵਿਕਾਸ ਨਹੀਂ ਹੋ ਸਕਦਾ। ਵੱਖ-ਵੱਖ ਰਾਜਾਂ ਵਿਚ ਅਤੇ ਆਦਿਵਾਸੀ ਕਬੀਲਿਆਂ ਵਿਚ ਜੋ ਅਸੰਤੁਸ਼ਟਤਾ ਪੈਦਾ ਹੋਈ ਹੈ, ਉਹ ਇਸੇ ਕਾਰਨ ਹੈ ਕਿ ਇਕ ਕੌਮੀ ਮਾਡਲ ਸਭਿਆਚਾਰਕ ਵਿਲੱਖਣਤਾਵਾਂ ਨੂੰ ਸਤਿਕਾਰ ਨਹੀਂ ਦੇ ਸਕਦਾ। ਭਾਰਤ ਦੀ ਸਭਿਆਚਾਰਕ ਅਮੀਰੀ ਕੇਵਲ ਭਾਸ਼ਾਵਾਂ ਅਤੇ ਧਰਮਾਂ ਤਕ ਸੀਮਤ ਨਹੀਂ। ਇਸ ਤੋਂ ਅੱਗੇ ਲੰਘ ਕੇ ਰੰਗ-ਬਰੰਗੀਆਂ ਸਭਿਆਚਾਰਕ ਅਭਿਵਿਅਕਤੀਆਂ ਜਾਂ ਰੂਪਾਂ ਵਿਚ ਹੈ। ਇਸ ਦੀ ਵਿਆਖਿਆ ਬਹੁਕੌਮੀ ਮਾਡਲ ਨਾਲ ਨਹੀਂ ਹੋ ਸਕਦੀ। ਭਾਰਤ ਦੀਆਂ ਖੱਬੀਆਂ ਪਾਰਟੀਆਂ ਇਹ ਅਸਲੀਅਤ ਮੰਨਦੀਆਂ ਸਨ ਪਰ ਹੁਣ ਉਨ੍ਹਾਂ ਨੇ ਵੀ ਇਕਕੌਮੀ ਮਾਡਲ ਅੱਗੇ ਹਥਿਆਰ ਸੁੱਟ ਦਿੱਤੇ ਲਗਦੇ ਹਨ।

ਵੀਅਤਨਾਮ, ਇਰਾਕ ਅਤੇ ਅਫਗਾਨਿਸਤਾਨ ਦੇ ਅਸੰਤੋਸ਼ ਅਤੇ ਇਨ੍ਹਾਂ ਵਿਚੋਂ ਉਪਜੀ ਸਮੱਸਿਆਜਨਕ "ਦਹਿਸ਼ਤ" ਇਹ ਸਪਸ਼ਟ ਕਰਦੀ ਹੈ ਕਿ ਮਨੁੱਖੀ ਸਮਾਜ ਦੀਆਂ ਵਿਲੱਖਣਤਾਵਾਂ ਹੁਣ ਤਕ ਵਿਕਸਿਤ ਲੋਕਰਾਜਾਂ ਨਾਲੋਂ ਕਿਤੇ ਗੰਭੀਰ ਅਤੇ ਅਮੀਰ ਹਨ। ਪ੍ਰਚੱਲਿਤ ਲੋਕ ਰਾਜਾਂ ਦੀਆਂ ਪੈਰਾਡਾਈਮਾਂ ਅਤੇ ਅਭਿਆਸ ਇਨ੍ਹਾਂ ਵਿਲੱਖਣਤਾਵਾਂ ਨੂੰ ਆਪਣੇ ਕਲਾਵੇ ਵਿਚ ਨਹੀਂ ਲੈ ਸਕਦੇ।

ਲੋਕਰਾਜ ਦਾ ਵੱਡਾ ਮੰਤਵ ਜਾਂ ਲਖਸ਼ ਇਕ ਅਜਿਹਾ ਸਭਿਆਚਾਰਕ ਭਾਈਚਾਰਾ ਸਿਰਜਣਾ ਹੈ ਜਿਸ ਵਿਚ ਲੁੱਟ-ਖੋਹ ਨਾ ਹੋਣ ਪਰ ਪੂੰਜੀਵਾਦ ਬਾਰੇ ਤਾਂ ਵੱਡੀ ਆਲੋਚਨਾ ਇਹੀ ਹੈ ਕਿ ਇਹ ਲੋਟੂ ਪੂੰਜੀ ਦੇ ਫੈਲਾਉ ਉਤੇ ਉਸਰਿਆ ਹੋਇਆ ਹੈ। ਸਾਧਾਰਨ ਅਰਥਾਂ ਵਿਚ ਮਿਹਨਤਕਸ਼ ਨੂੰ ਉਸ ਦੀ ਪੂਰੀ ਮਿਹਨਤ ਦਾ ਫਲ ਨਹੀਂ ਮਿਲਦਾ। ਵਸਤਾਂ ਨੂੰ ਵੇਚਣ ਤੋਂ ਜੋ ਵਾਧੂ ਪੂੰਜੀ ਆਉਂਦੀ ਹੈ ਉਸ ਨੂੰ ਫੇਰ ਨਿਵੇਸ਼ ਕਰਕੇ ਵਧੇਰੇ ਪੂੰਜੀ ਕਮਾ ਲਈ ਜਾਂਦੀ ਹੈ। ਕਿਰਤ ਅਤੇ ਪੂੰਜੀ ਦਾ ਸਬੰਧ ਟੁੱਟ ਜਾਂਦਾ ਹੈ। ਬਿਨਾਂ ਕਿਰਤ ਤੋਂ ਪੂੰਜੀ ਵਧਾ ਲਈ ਜਾਂਦੀ ਹੈ ਜਿਸ ਵਿਚ ਸੂਦਖੋਰੀ ਵੱਡਾ ਰੋਲ ਅਦਾ ਕਰਦੀ ਹੈ। ਲੋਟੂ ਪੂੰਜੀ ਨਾਲ ਜੋ ਵਿਕਾਸ ਹੁੰਦਾ ਹੈ ਉਸ ਵਿਚ ਕਈ ਪੱਧਰੀ ਦਮਨ ਸ਼ਾਮਲ ਹੈ। ਲੋਟੂ ਅਤੇ ਸੂਦਖੋਰ ਪੂੰਜੀ ਦੇ ਫੈਲਾਉ ਅਤੇ ਆਧਾਰ ਨਾਲ ਜੋ ਸਮਾਜ ਉਸਰਦਾ ਹੈ, ਉਹ ਭਾਈਚਾਰਾ ਨਹੀਂ ਬਣ ਸਕਦਾ। ਭਾਈਚਾਰਾ ਜਾਂ ਜਿਸ ਨੂੰ ਅੰਗਰੇਜ਼ੀ ਵਿਚ ਅਸੀਂ "ਕਮਿਊਨਿਟੀ" ਆਖਦੇ ਹਾਂ।

ਹੁਣ ਕੁਝ ਪੱਛਮੀ ਚਿੰਤਕ ਇਹ ਮੰਨਣ ਲੱਗ ਪਏ ਹਨ ਕਿ ਉਨ੍ਹਾਂ ਦੀਆਂ ਕੌਮਾਂ ਦਾ ਇਤਿਹਾਸ ਅਜਿਹਾ ਹੈ ਕਿ ਉਹ ਭਾਈਚਾਰਾ ਨਹੀਂ ਉਸਾਰ ਸਕਦੀਆਂ। ਵੱਡੀ ਔਕੜ ਉਨ੍ਹਾਂ ਦੀ ਆਰਕਟਾਈਪਲ ਚੇਤਨਤਾ ਹੈ। ਉਸ ਵਿਚ ਕੁਝ ਅਜਿਹੇ ਚਿੰਨ੍ਹ ਜਾਂ ਬਿੰਬ ਬੈਠੇ ਹੋਏ ਹਨ ਜੋ ਭਾਈਚਾਰਾ ਉਸਾਰਨ ਵਾਲੀ ਬਿਰਤੀ ਬਣਨ ਨਹੀਂ ਦਿੰਦੇ, ਜਿਵੇਂ ਇਤਾਲਵੀ ਚਿੰਤਕ ਰੌਬਰਤੋ ਐਸਪੋਸੀਤੋ ਨੇ ਇਹ ਧਾਰਨਾ ਦਿੱਤੀ ਹੈ ਕਿ ਪੱਛਮੀ ਕੌਮਾਂ ਦੀ ਚੇਤਨਤਾ ਜਾਂ ਅਵਚੇਤਨ ਬਾਈਬਲ ਵਿਚ ਵਾਪਰੇ ਐਬੇਲ ਦੇ ਕਤਲ ਤੋਂ ਬਹੁਤ ਪ੍ਰਭਾਵਿਤ ਹੈ। ਐਬੇਲ ਐਡਮ ਅਤੇ ਈਵ ਦਾ ਛੋਟਾ ਪੁੱਤਰ ਸੀ। ਰੱਬ ਨੇ ਉਸ ਦੀ ਕੁਰਬਾਨੀ ਲਈ ਪ੍ਰਾਰਥਨਾ ਮੰਨ ਲਈ ਪਰ ਵੱਡੇ ਪੁੱਤਰ ਕੇਨ ਦੀ ਨਹੀਂ ਮੰਨੀ। ਉਸ ਨੇ ਗੁੱਸੇ ਵਿਚ ਆ ਕੇ ਐਬੇਲ ਨੂੰ ਕਤਲ ਕਰ ਦਿੱਤਾ। ਇਸ ਕਤਲ ਤੋਂ ਪਿੱਛੋਂ ਭਾਈਚਾਰਾ ਟੁੱਟ ਗਿਆ। ਐਸਪੋਸੀਤੋ ਦੀ ਵਿਆਖਿਆ ਅਨੁਸਾਰ ਹੁਣ ਪੱਛਮੀ ਚਿੰਤਕ ਭਾਈਚਾਰਾ ਉਸਾਰਨਾ ਵੀ ਚਾਹੁੰਦਾ ਹੈ ਪਰ ਨਾਲ ਹੀ ਭਾਈਚਾਰੇ ਜਾਂ ਸੰਗਤ ਵਿਚ ਮੌਜੂਦ ਕਤਲ ਦੀ ਸੰਭਾਵਨਾ ਨੂੰ ਵੀ ਭੁੱਲ ਨਹੀਂ ਸਕਦਾ। ਇਸ ਲਈ ਪੱਛਮੀ ਚਿੰਤਕ ਦੀ ਸੰਕਲਪਿਤ ਪਾਰਲੀਮੈਂਟਰੀ ਡੈਮੋਕਰੇਸੀ ਵਿਚ ਵਿਅਕਤੀ ਅਤੇ ਵਿਅਕਤੀਵਾਦ ਉਤੇ ਬਲ ਹੈ। ਪੂੰਜੀਵਾਦੀ ਲੋਕਰਾਜ ਵਿਚ ਸੰਕਲਪ ਅਤੇ ਅਭਿਆਸ ਦੀ ਪੱਧਰ ਉਤੇ ਭਾਈਚਾਰਾ ਬਣਾਉਣ ਦੀ ਇੱਛਾ ਵੀ ਹੈ ਅਤੇ ਪ੍ਰਤੀ ਦੋਸ਼ ਜਾਂ ਗਿਲਟ ਦੀ ਭਾਵਨਾ ਵੀ।

ਪੱਛਮੀ ਚਿੰਤਕ ਲਈ ਪ੍ਰਮੁੱਖ ਸਰੋਕਾਰ ਇਹੀ ਹੈ ਕਿ ਕਿਵੇਂ ਅਜਿਹਾ ਭਾਈਚਾਰਕ ਮਨੁੱਖ ਸਾਜਿਆ ਜਾਵੇ, ਜਿਸ ਵਿਚ ਇਕੱਠ ਤੋਂ ਅਜਿਹੀ ਸ਼ਕਤੀ ਨਾ ਆਵੇ ਜੋ ਕਤਲ ਵੱਲ ਲੈ ਜਾਵੇ ਅਤੇ ਨਾ ਹੀ ਵਿਅਕਤੀਵਾਦ ਇਸ ਹੱਦ ਤਕ ਵਧੇ ਕਿ ਸਾਂਝ ਜਾਂ ਇਕੱਠ ਲਈ ਘਾਤਕ ਸਿੱਧ ਹੋਵੇ। ਇਹ ਬੜਾ ਗੰਭੀਰ ਮਸਲਾ ਹੈ। ਇਸ ਵਿਚੋਂ ਹਾਂ-ਪੱਖੀ ਰਾਹ ਕੱਢਣ ਲਈ ਸਾਡੇ ਸਾਰਿਆਂ ਵਿਚ ਮਾਰਟਿਨ ਬੂਬਰ ਅਤੇ ਲੈਵਿਨਾਸ ਨੇ ਦੂਜੇ ਦੀ ਆਪਾਰ ਪਰਤਾ (ਅਦਰਨੈਸ) ਜਾਂ ਪਾਰਗਮਤਾ ਦਾ ਸੰਕਲਪ ਦਿੱਤਾ ਹੈ। ਦੂਜਾ ਰਹੱਸ ਹੈ ਜੋ ਕਦੇ ਮੁੱਕਦਾ ਨਹੀਂ। ਗੁਫਤਗੂ ਜਾਂ ਦੂਜੇ ਦੇ ਰਹੱਸ ਨਾਲ ਪਰਸਪਰ ਰਿਸ਼ਤਾ ਬਣਾ ਕੇ ਭਾਈਚਾਰਕ ਮਨੁੱਖ ਦੀ ਸਿਰਜਣਾ ਕੀਤੀ ਗਈ ਹੈ। ਘੱਟੋ-ਘੱਟ ਇਸ ਸਿਰਜਣਾ ਦਾ ਸੰਕਲਪ ਜ਼ਰੂਰ ਦਿੱਤਾ ਗਿਆ ਹੈ। ਇਹ ਮਨੁੱਖ ਆਪਣੀਆਂ ਇੰਦਰੀਆਂ ਅਤੇ ਆਪਣੇ ਨਿਆਇ (ਲੌਜਿਕ) ਤੋਂ ਅੱਗੇ ਜਾਂਦਾ ਹੈ। ਬਾਤੈਈ ਨੇ ਇਸੇ ਮਨੁੱਖ ਨੂੰ "ਅਤਰਿਕਤੀ" ਆਖਿਆ ਹੈ। ਇਸ ਲਈ ਭਾਈਚਾਰਾ ਸੁਗਾਤ ਹੈ, ਗਿਫਟ ਹੈ ਜਿਸ ਵਿਚ ਮਨੁੱਖ ਆਪਣੀ ਅਤਰਿਕਤਾ ਜਾਂ ਇੰਦਰੀਆਂ ਅਤੇ ਲੌਜਿਕ ਨੂੰ ਲੰਘ ਕੇ ਹਿੱਸਾ ਪਾਉਂਦਾ ਹੈ। ਜਿਸ ਮਨੁੱਖ ਲਈ ਭਾਈਚਾਰਾ "ਸੁਗਾਤ" ਹੈ, ਉਹ ਕਿਸੇ ਇਕ ਸੰਕਲਪ ਨਾਲ ਬੱਝਿਆ ਹੋਇਆ ਨਹੀਂ। ਕਿਸੇ ਇਤਿਹਾਸਕ, ਮਿਥਿਕ ਘਟਨਾ ਨਾਲ ਬੱਝਿਆ ਹੋਇਆ ਵੀ ਨਹੀਂ। ਉਹ ਦੂਜੇ ਦੇ ਰਹੱਸ ਨਾਲ ਜੁੜਿਆ ਹੋਇਆ ਹਰ ਖਿਣ ਕੋਈ ਨਵਾਂ ਰਾਜ਼ ਲੱਭਦਾ ਹੈ ਅਤੇ ਉਸ ਨੂੰ ਸੰਸਥਾਵਾਂ ਵਿਚ ਜਾਂ ਨਿੱਤਾਪ੍ਰਤੀ ਕਰਮ ਵਿਚ ਸ਼ਾਮਲ ਕਰ ਦਿੰਦਾ ਹੈ। ਸੋ ਹੁਣ ਪੱਛਮੀ ਚਿੰਤਕਾਂ ਅਨੁਸਾਰ ਭਾਈਚਾਰਕ ਸਮਾਜ ਕਿਸੇ ਇਕ ਮੰਤਵ ਵਿਚ ਸਦਾ ਲਈ ਕੈਦ ਨਹੀਂ। ਇਸ ਦ੍ਰਿਸ਼ਟੀ ਤੋਂ ਹਰ ਖਿਣ ਨਵੀਂ ਸੰਭਾਵਨਾ ਨੂੰ ਜੀ ਆਇਆਂ ਕਹਿਣ ਵਾਲਾ ਮਨੁੱਖ ਹੀ ਭਾਈਚਾਰਕ ਹੋ ਸਕਦਾ ਹੈ। ਭਾਈਚਾਰਾ ਰਹੱਸ ਲੱਭਣ ਅਤੇ ਨਵੇਂ ਸਿਰਿਓਂ ਜਿਉਣ ਦੀ ਸੰਭਾਵਨਾ ਨਾਲ ਜੁੜਿਆ ਯਥਾਰਥ ਹੈ। ਇਕ ਸਬਸਟੈਂਸ ਜਾਂ ਤੱਤ ਨਾਲ ਬੱਝਿਆ ਹੋਇਆ ਨਹੀਂ ਜਿਸ ਤੋਂ ਕੱਟੜਤਾ ਆਉਂਦੀ ਹੈ।

ਜੇ ਸਮਾਜ ਨੂੰ ਭਾਈਚਾਰਾ ਬਣਾਉਣਾ ਹੈ ਤਾਂ ਇਕ ਕੌਮੀ ਪੈਰਾਡਾਈਮ ਤੋਂ ਵੀ ਅੱਗੇ ਲੰਘਣਾ ਪਵੇਗਾ। ਇਕ ਵਿਚਾਰਧਾਰਾ ਅਤੇ ਵਿਕਾਸ ਦੀ ਕੇਵਲ ਸੂਦਖੋਰ ਨਫ਼ਾਂ ਆਧਾਰਤ ਪੂੰਜੀ ਨੂੰ ਆਧਾਰ ਬਣਾਉਣ ਨੂੰ ਵੀ ਟੱਪਣਾ ਪਵੇਗਾ।

ਕੁੱਲ ਵਿਸ਼ਵ ਨੂੰ ਭਾਈਚਾਰਕ ਸਮਾਜ ਬਣਾਉਣ ਵਾਸਤੇ ਹਰ ਦੇਸ਼, ਹਰ ਸਮਾਜ ਨੂੰ ਇਕ ਵਿਸ਼ਾਲ ਕਨਫੈਡਰੇਸ਼ਨ ਬਣਾਉਣ ਦੀ ਲੋੜ ਹੈ। ਕਨਫੈਡਰੇਸ਼ਨ ਦਾ ਸੰਕਲਪ ਅਤੇ ਅਭਿਆਸ ਪਹਿਲਾਂ ਹੀ ਮੌਜੂਦ ਹੈ। ਇਸ ਨੂੰ ਸੋਧਣ ਦੀ ਜ਼ਰੂਰਤ ਹੈ। ਕਨਫੈਡਰੇਸ਼ਨ ਹੁਣ ਤਕ ਮੰਨੇ ਅਰਥਾਂ ਅਨੁਸਾਰ ਇਕ ਸੰਘ ਹੈ ਜਿਸ ਵਿਚ ਰਾਜ ਜਾਂ ਸੂਬੇ ਇਕ "ਸਾਂਝੇ ਮੰਤਵ" ਨੂੰ ਸਿੱਧ ਕਰਨ ਲਈ ਇਕੱਠੇ ਹੋ ਜਾਂਦੇ ਹਨ। ਇਹ ਸਾਂਝਾ ਮੰਤਵ ਬਹੁਪਾਸਾਰੀ ਹੋ ਸਕਦਾ ਹੈ ਇਸ ਦੇ ਕਈ ਕੋਣ ਹੋ ਸਕਦੇ ਹਨ। ਜਿਵੇਂ ਮਨੁੱਖ ਦੀ ਸਰਬਾਂਗੀ ਮੁਕਤੀ ਇਕ ਸਾਂਝਾ ਮੰਤਵ ਹੋ ਸਕਦਾ ਹੈ ਪਰ ਇਸ ਉਤੇ ਪਹੁੰਚਣ ਲਈ ਅਭਿਆਸ ਕਈ ਹੋ ਸਕਦੇ ਹਨ। ਇਸ ਤਰ੍ਹਾਂ ਸਾਂਝਾ ਅਤੇ ਅਨਿਕ ਅਭਿਆਸਾਂ ਵਾਲਾ ਸਮਾਜ ਵਿਰੋਧਾਭਾਸੀ ਹੋਵੇਗਾ। ਸਾਂਝਪਰਕ ਅਤੇ ਵਿਲੱਖਣ ਅਭਿਆਸਾਂ ਨਾਲ ਭਰਪੂਰ ਵੀ। ਅਜਿਹਾ ਵਿਰੋਧਾਭਾਸੀ ਸਮਾਜ ਪ੍ਰਭੂਸੱਤਾ ਨੂੰ ਵੀ ਵੰਡ ਲਵੇਗਾ। ਕੁਝ ਕੇਂਦਰ ਕੋਲ ਹੋਵੇਗੀ ਅਤੇ ਕੁਝ ਰਾਜਾਂ ਕੋਲ ਪਰ ਇਸ ਸਮਾਜ ਵਿਚ ਹਰ ਕੌਮ ਜਾਂ ਸਭਿਆਚਾਰਕ ਸਮੂਹ ਇਕ-ਦੂਜੇ ਦੇ ਰਹੱਸ ਪ੍ਰਤੀ ਵੀ ਸਤਿਕਾਰ ਰੱਖੇਗਾ ਅਤੇ ਉਸ ਨਾਲ ਜੁੜ ਕੇ ਆਪਣੇ ਆਪ ਨੂੰ ਬਦਲਦਾ ਰਹੇਗਾ ਅਤੇ ਕੁਝ ਸਾਂਝੇ ਮੰਤਵ ਲਈ ਦ੍ਰਿੜ੍ਹਤਾ ਵੀ ਰੱਖੇਗਾ। ਇਹ ਸਾਂਝੀ ਵਿਲੱਖਣਤਾ ਅਤੇ ਬਹੁਕੌਮੀ ਪਰਿਵਰਤਨਸ਼ੀਲ ਮਨੁੱਖ ਜਿਸ ਸਮਾਜ ਨੂੰ ਜਨਮ ਦੇਵੇਗਾ ਉਹ ਕਨਫੈਡਰੇਸ਼ਨੀ ਹੋਵੇਗਾ।

ਪੱਛਮੀ ਸਮਾਜਾਂ ਵਿਚ ਕਈ ਕਨਫੈਡਰੇਸ਼ਨਾਂ ਮੌਜੂਦ ਹਨ: ਕੈਨੇਡਾ, ਸਵਿਟਜ਼ਰਲੈਂਡ, ਬੈਲਜੀਅਮ, ਅਮਰੀਕਾ ਕਨਫੈਡਰੇਸ਼ਨ ਅਤੇ ਫੈਡਰੇਸ਼ਨ ਦੀ ਸੰਧੀ ਹੈ। ਸਮਾਜ ਨੂੰ ਭਾਈਚਾਰਾ ਬਣਾਉਣ ਅਤੇ ਸੁਗਾਤ ਵਜੋਂ ਸਿਰਜਣ ਦੀ ਜ਼ਿੰਮੇਵਾਰੀ ਅਜੇ ਕਿਸੇ ਕਨਫੈਡਰੇਸ਼ਨ ਨੇ ਨਹੀਂ ਨਿਭਾਈ ਕਿਉਂਕਿ ਇਨ੍ਹਾਂ ਦਾ ਆਧਾਰ ਸ਼ੋਸ਼ਣ ਕਰਨ ਵਾਲੀ ਪੂੰਜੀ ਉਤੇ ਹੈ। ਕੇਵਲ ਕੈਨੇਡਾ ਨੇ ਆਪਣੇ "ਬਹੁ-ਸਭਿਆਚਾਰਵਾਦ" ਰਾਹੀਂ "ਸੁਗਾਤ" ਵੱਲ ਵੱਡਾ ਕਦਮ ਚੁੱਕਣ ਦਾ ਵਾਅਦਾ ਨਿਭਾਇਆ ਹੈ।

**ਵਿਸਮਾਦੀ ਕਨਫੈਡਰੇਸ਼ਨ ਦੀ ਸੰਭਾਵਨਾ:** ਅਜੋਕੇ ਸਮਾਜ ਇਕ ਪੁਰਖੀ, ਫੈਡਰੇਸ਼ਨੀ, ਕਨਫੈਡਰੇਸ਼ਨ ਕਿਧਰ ਮੋੜ ਕੱਟਣ। ਪ੍ਰਗਟ ਜਗਿਆਸਾ ਅਤੇ ਅਸੰਤੋਖ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਅਨੇਕ ਸਭਿਆਚਾਰਕ ਵਿਰਾਸਤਾਂ ਅਤੇ ਬਹੁਕੌਮੀ ਦ੍ਰਿਸ਼ਟੀਆਂ ਨੂੰ ਸਾਂਭਣ ਲਈ ਹਰ ਦੇਸ਼ ਨੂੰ ਕਨਫੈਡਰੇਸ਼ਨ ਹੀ ਬਣਨਾ ਪਵੇਗਾ। ਕੁੱਲ ਵਿਸ਼ਵ, ਭਵਿੱਖ ਵਿਚ ਇਕ ਵੱਡੀ ਕਨਫੈਡਰੇਸ਼ਨ ਹੀ ਹੋਵੇਗੀ ਪਰ ਇਸ ਦਾ ਸਾਂਝਾ ਮੰਤਵ ਮਨੁੱਖ ਦੀ ਬਹੁਸੰਭਾਵੀ, ਬਹੁਕੌਮੀ ਮੁਕਤੀ ਹੋਵੇਗੀ ਜਿਸ ਵਿਚ ਅਭਿਆਸਾਂ ਦਾ ਵਖਰੇਵਾਂ ਵੀ ਰਵ੍ਹੇਗਾ। ਪਰ ਅਜਿਹੀ ਕਨਫੈਡਰੇਸ਼ਨ ਸਾਜਣ ਲਈ ਪੂੰਜੀ ਦੇ ਕੇਵਲ ਵਿਕਾਸ ਆਧਾਰਿਤ ਅਤੇ ਨਫਾਖੋਰ ਤਸੱਵਰ ਅਤੇ ਅਭਿਆਸ ਨੂੰ ਬਦਲਣਾ ਪਵੇਗਾ।

ਇਹ ਤਦ ਹੀ ਹੋ ਸਕਦਾ ਹੈ ਜੇ ਪੂੰਜੀ ਦੇ ਤਸੱਵਰ ਨੂੰ ਵਿਸਮਾਦੀ ਬਣਾਇਆ ਜਾਵੇ। ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਵਿਸਮਾਦ ਦਾ ਸੰਕਲਪ ਅਤੇ ਅਭਿਆਸ ਭਾਰਤ ਦੇ ਸਿੱਖ ਵਿਰਸੇ ਵਿਚ ਵਿਕਸਿਤ ਹੋਇਆ। ਵਿਸਮਾਦ ਕੇਵਲ ਇਕ ਰਹੱਸਮਈ ਅਵਸਥਾ ਨਹੀਂ, ਇਹ ਰਹੱਸ ਖੋਲ੍ਹਣ ਅਤੇ ਰਹੱਸ ਅਭਿਆਸਣ ਦਾ ਸੰਕਲਪ ਵੀ ਹੈ ਜਿਸ ਨੂੰ ਆਰਥਿਕ ਅਤੇ ਰਾਜਨੀਤਕ ਸੰਰਚਨਾਵਾਂ ਵਿਚ ਬਦਲਿਆ ਜਾ ਸਕਦਾ ਹੈ। ਹਰ ਵਿਅਕਤੀ, ਹਰ ਸਮਾਜ, ਹਰ ਸਭਿਆਚਾਰ ਰਹੱਸ ਹੈ। ਪਰਸਪਰ ਰਿਸ਼ਤੇ, ਸਰਬਾਂਗੀ ਅਮੀਰੀ ਲਈ ਅਤੇ ਮਨੁੱਖ ਹਿਤੈਸ਼ੀ ਹੋਣ ਲਈ ਵਿਸਮਾਦੀ ਅਭਿਆਸ ਕਾਰਗਰ ਹੋ ਸਕਦੇ ਹਨ। ਦੂਸਰੇ ਪ੍ਰਕਿਰਤੀ ਦੇ ਅਮੁੱਕ ਭੇਦਾਂ ਨੂੰ ਜਾਣ ਕੇ ਅਤੇ ਚੇਤਨਤਾ ਅਤੇ ਸੰਸਥਾਵਾਂ ਨਾਲ ਜੋੜ ਕੇ ਹੀ ਇਹ ਪ੍ਰਾਪਤੀ ਹੋ ਸਕਦੀ ਹੈ।

ਅੱਜ ਦੀ ਸਥਿਤੀ ਵਿਚ ਕੈਨੇਡਾ ਤੋਂ ਬਾਅਦ ਭਾਰਤ ਹੀ ਇਕ ਅਜਿਹਾ ਦੇਸ਼ ਹੈ ਜੋ ਵਿਸਮਾਦੀ ਕਨਫੈਡਰੇਸ਼ਨ ਉਸਾਰ ਸਕਦਾ ਹੈ ਪਰ ਸ਼ਰਤ ਇਹ ਹੈ ਕਿ ਪੱਛਮ ਦਾ ਇਕਕੌਮੀ ਮਾਡਲ ਤਿਆਗ ਦੇਵੇ। ਭਾਰਤ ਇਕ ਬਹੁਕੌਮੀ ਅਤੇ ਬਹੁਸਭਿਆਚਾਰਕ ਦੇਸ਼ ਹੈ। ਇਥੋਂ ਦੇ ਲੋਕਾਂ ਨੇ ਬਹੁਕੌਮੀ ਅਤੇ ਬਹੁਅਭਿਆਸੀ ਹੋਣ ਦੀ ਜਾਚ ਸਿੱਖੀ ਹੋਈ ਹੈ। ਇਸ ਵਿਚ ਜੋ ਤ੍ਰੇੜਾਂ ਪੱਛਮ ਦੇ ਇਕ ਕੌਮਵਾਦ ਨਾਲ ਆਈਆਂ ਹਨ, ਉਨ੍ਹਾਂ ਨੂੰ ਸੋਧਿਆ ਜਾ ਸਕਦਾ ਹੈ। ਇਕ ਕੌਮਵਾਦ ਰਾਹੀਂ ਪੂੰਜੀ ਵਧਾਉਣੀ, ਦੂਜੇ ਦੇਸ਼ਾਂ ਦਾ ਸਾਮਰਾਜੀ ਸ਼ੋਸ਼ਣ ਅਤੇ ਸੰਗਠਨ ਕਰਨਾ ਪੱਛਮ ਦੀ ਇਕ ਇਤਿਹਾਸਕ ਮਜਬੂਰੀ ਸੀ। ਇਸ ਮਜਬੂਰੀ ਦੇ ਜੋ ਘਾਤਕ ਨਤੀਜੇ ਨਿਕਲੇ ਹਨ ਉਹ ਵੀ ਪੱਛਮ ਨੇ ਦੇਖ ਲਏ ਹਨ। ਹੌਲੀ-ਹੌਲੀ ਆਪਣੀਆਂ ਅਸਫਲਤਾਵਾਂ ਰਾਹੀਂ ਪੱਛਮੀ ਦੇਸ਼ ਲਚਕੀਲੇ ਫੈਡਰੇਸ਼ਨਵਾਦ ਰਾਹੀਂ, ਨਵੀਂ ਕਨਫੈਡਰੇਸ਼ਨ ਵੱਲ ਵੱਧ ਰਹੇ ਹਨ। ਇਸ ਪ੍ਰਾਪਤੀ ਲਈ ਅਜੇ ਉਨ੍ਹਾਂ ਨੂੰ ਦੇਰ ਲੱਗੇਗੀ। ਆਪਣੀ ਵਿਰਾਸਤ ਅਤੇ ਸਿੱਖਿਆ ਕਾਰਨ ਭਾਰਤ ਇਸ ਵਿਸਮਾਦੀ ਕਨਫੈਡਰੇਸ਼ਨ ਦੇ ਲਖਸ਼ ਨੂੰ ਛੇਤੀ ਪ੍ਰਾਪਤ ਕਰ ਸਕਦਾ ਹੈ। ਵਿਸ਼ਵ ਲਈ ਮਾਰਗ-ਦਰਸ਼ਕ ਹੋ ਸਕਦਾ ਹੈ। ਭਾਰਤ ਵਿਚ ਥਾਂ-ਥਾਂ ਉਪਜ ਰਹੇ ਅਸੰਤੋਖ, ਨਾ-ਖੁਸ਼ ਸਭਿਆਚਾਰਾਂ ਅਤੇ ਕਬੀਲਿਆਂ ਦੀਆਂ ਸਮੱਸਿਆਵਾਂ ਆਦਿ ਵੀ ਵਿਸਮਾਦੀ ਪੂੰਜੀ ਉਤੇ ਆਧਾਰਿਤ ਕਨਫੈਡਰੇਸ਼ਨ ਰਾਹੀਂ ਨਿਪਟਾਏ ਜਾ ਸਕਦੇ ਹਨ। ਇਸ ਕਾਰਜ ਲਈ ਨਵੇਂ ਰਾਜਨੀਤਗ, ਨਵੇਂ ਅਰਥ ਸ਼ਾਸਤਰੀ ਅਤੇ ਨਵੇਂ ਸਮਾਜ ਸ਼ਾਸਤਰੀ ਅੱਗੇ ਆਉਣ ਅਤੇ ਸਾਂਝੇ ਪ੍ਰਾਜੈਕਟਾਂ ਉਤੇ ਕੰਮ ਕਰਨ। ਜੇ ਯਤਨ ਕੀਤਾ ਜਾਵੇ ਤਾਂ ਇਹ ਕੋਈ ਔਖੀ ਗੱਲ ਨਹੀਂ।

## ਲੋਕੀਂ ਕਹਿਣ ਦੀਵਾਲੀ ਆਈ

ਹਰ ਪਾਸੇ ਪਏ ਚਲਣ ਪਟਾਕੇ
ਹਰ ਪਾਸੇ ਪਏ ਹੋਣ ਧਮਾਕੇ
ਰੰਗ ਬਰੰਗੇ ਕੱਪੜੇ ਪਾ ਕੇ
ਬੱਚੇ ਖਾਂਦੇ ਫਿਰਨ ਮਿਠਾਈ
ਲੋਕੀਂ ਕਹਿਣ ਦੀਵਾਲੀ ਆਈ।

ਕਾਕੇ ਨੇ ਫੜੀਆਂ ਫੁਲਝੜੀਆਂ
ਬਬਲੂ ਲੈ ਕੇ ਆਇਆ ਲੜੀਆਂ
ਜੱਸ ਨੇ ਬੋਤਲ ਵਿਚ ਰੱਖ ਕੇ
ਅੱਗ ਹਵਾਈ ਨੂੰ ਜਦ ਲਾਈ
ਲੋਕੀਂ ਕਹਿਣ ਦੀਵਾਲੀ ਆਈ।

ਕੋਈ ਚਲਾਵੇ ਆਪਣੀ ਚੱਕਰੀ
ਕੋਈ ਰੇਲ ਚਲਾਵੇ ਵੱਖਰੀ
ਰੋਹਿਤ ਨੇ ਅਨਾਰ ਚਲਾ ਕੇ
ਹਰ ਪਾਸੇ ਕੀਤੀ ਰੁਸ਼ਨਾਈ
ਲੋਕੀਂ ਕਹਿਣ ਦੀਵਾਲੀ ਆਈ।

ਦੀਵੇ ਜਗਣ ਬਨ੍ਹੇਰਿਆਂ ਉਤੇ
ਪਾਈ ਜਿੱਤ ਹਨ੍ਹੇਰਿਆਂ ਉਤੇ
ਸਾਰੇ ਮਿਲ ਕੇ ਭੰਗੜੇ ਪਾਵਣ
ਇਕ ਦੂਜੇ ਨੂੰ ਦੇਣ ਵਧਾਈ
ਲੋਕੀਂ ਕਹਿਣ ਦੀਵਾਲੀ ਆਈ।

ਕਿਧਰੇ ਮੋਮਬੱਤੀਆਂ ਜਗੀਆਂ
ਕਿਤੇ ਸੁਨਹਿਰੀ ਲਾਈਟਾਂ ਲੱਗੀਆਂ
ਕਿਤੇ ਜਲੇਬੀ ਕਿਤੇ ਪਕੌੜੇ
ਕਈਆਂ ਖਾਧੀ ਰਸ-ਮਲਾਈ
ਲੋਕੀਂ ਕਹਿਣ ਦੀਵਾਲੀ ਆਈ।

ਕਈਆਂ ਪੀਤੀਆਂ ਰੱਜ ਸ਼ਰਾਬਾਂ
ਬੜ੍ਹਕਾਂ ਮਾਰਨ ਵਾਂਗ ਨਵਾਬਾਂ





ਗਲੀਆਂ ਦੇ ਵਿਚ ਡਿਗਦੇ ਫਿਰਦੇ
ਪਾਟੇ ਕਪੜੇ ਬਣੇ ਸ਼ੁਦਾਈ
ਲੋਕੀਂ ਕਹਿਣ ਦੀਵਾਲੀ ਆਈ।

ਕਈਆਂ ਖੇਡਿਆ ਜੂਆ ਰਲ ਕੇ
ਹਾਰ ਗਏ ਰੋਂਦੇ ਹਥ ਮਲ ਕੇ
ਖਾਲੀ ਜੇਬ ਦੀਵਾਲੀਏ ਹੋ ਗਏ
ਫਿਰ ਵੀ ਜ਼ਰਾ ਸ਼ਰਮ ਨਾ ਆਈ
ਲੋਕੀਂ ਕਹਿਣ ਦੀਵਾਲੀ ਆਈ।

ਦੇਸ਼ ਮੇਰੇ ਦੇ ਛੈਲ ਛਬੀਲੇ
ਸੁਕੀਆਂ ਲੱਤਾਂ ਬਣ ਗਏ ਤੀਲੇ
ਨਸ਼ਿਆਂ ਦੇ ਵਿਚ ਰੁਲੀ ਜਵਾਨੀ
ਐਸੀ ਲਾਲ ਹਨ੍ਹੇਰੀ ਆਈ
ਲੋਕੀਂ ਕਹਿਣ ਦੀਵਾਲੀ ਆਈ।

ਕਈ ਘਰਾਂ ਵਿਚ ਛਾਏ ਹਨੇਰੇ
ਉਜੜੀਆਂ ਰਾਤਾਂ ਰੋਣ ਸਵੇਰੇ
ਫਾਹੇ ਲੱਗ ਲੱਗ ਮਰ ਰਹੇ ਬੰਦੇ
ਹੁੰਦੀ ਨਹੀਂ ਕਿਧਰੇ ਸੁਣਵਾਈ
ਲੋਕ ਕਹਿਣ ਦੀਵਾਲੀ ਆਈ।

ਗਊ ਗਰੀਬ ਪਏ ਭੁੱਖੇ ਮਰਦੇ
ਬੇਈਮਾਨ ਪਏ ਰਾਜ ਨੇ ਕਰਦੇ
ਗਰਕ ਜਾਣ ਐਸੀਆਂ ਸਰਕਾਰਾਂ
ਸਿਖਰ ਦੁਪਹਿਰੇ ਲੁੱਟ ਮਚਾਈ
ਲੋਕੀਂ ਕਹਿਣ ਦੀਵਾਲੀ ਆਈ।

ਸਭ ਧਰਮਾਂ ਨੂੰ ਪਿਆਰ ਵੀ ਕਰੀਏ
ਵੱਡਿਆਂ ਦਾ ਸਤਿਕਾਰ ਵੀ ਕਰੀਏ
ਜੇ ਚਾਹੁੰਦੇ 'ਸੁਰਜੀਤ' ਹੋਵਣਾ
ਸਤਿਗੁਰ ਦੀ ਕਰੀਏ ਵਡਿਆਈ
ਲੋਕੀਂ ਕਹਿਣ ਦੀਵਾਲੀ ਆਈ।

*-ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ:916-687-3536*

## ਹਿੰਦ-ਪਾਕਿ ਦੀ ਸਾਂਝੀ ਗਾਇਕਾ ਤੇ ਫਿਲਮੀ ਨਾਇਕਾ

# ਮਲਿਕਾ-ਏ-ਤਰੰਨੁਮ ਨੂਰਜਹਾਂ

ਭਾਰਤ ਤੇ ਪਾਕਿਸਤਾਨ ਵਿਚਲੇ ਫਿਲਮੀ ਦਰਸ਼ਕਾਂ ਤੇ ਗੀਤ-ਸੰਗੀਤ ਪ੍ਰੇਮੀਆਂ ਵਿਚ ਬਰਾਬਰ ਦੀ ਹਰਮਨ ਪਿਆਰੀ ਫਿਲਮੀ ਅਦਾਕਾਰਾ ਤੇ ਪ੍ਰਸਿਧ ਗਾਇਕਾ ਨੂਰਜਹਾਂ ਨੂੰ 'ਮਲਿਕਾ-ਏ-ਤਰੰਨੁਮ' ਖਿਤਾਬ ਨਾਲ ਨਿਵਾਜਿਆ ਜਾ ਚੁੱਕਾ ਹੈ। ਉਸਦਾ ਜਨਮ 24 ਸਤੰਬਰ, 1926 ਨੂੰ ਕਸੂਰ (ਪਾਕਿਸਤਾਨ) ਵਿਚ 12 ਬੱਚਿਆਂ ਤੋਂ ਬਾਅਦ ਮਦਾਦ ਅਲੀ ਦੇ ਘਰ ਮਾਤਾ ਫਤੇਹ ਬੀਬੀ ਦੀ ਕੁੱਖ ਤੋਂ ਹੋਇਆ। ਬੇਬੀ ਨੂਰ



ਨੇ 5 ਸਾਲ ਦੀ ਉਮਰ ਵਿਚ ਮੰਚ 'ਤੇ ਇਕ ਸੁਰੀਲਾ ਗੀਤ ਗਾ ਕੇ ਹਾਜ਼ਰ ਪਰਿਵਾਰ ਨੂੰ ਹੈਰਾਨ ਤੇ ਖੁਸ਼ ਕਰ ਦਿੱਤਾ ਸੀ। ਸੋ, ਇਸੇ ਪਰਿਵਾਰ ਦੇ ਇਕ ਮਾਹਿਰ ਸੰਗੀਤਕਾਰ ਅੱਲਾ ਵਸਾਈ ਦੇ ਮਸ਼ਵਰੇ ਨਾਲ ਨੂਰਜਹਾਂ ਨੂੰ ਸ਼ਾਸਤਰੀ ਨਾਚ ਤੇ ਸੰਗੀਤ ਦੀ ਸਿੱਖਿਆ ਉਸਤਾਦ ਗੁਲਾਮ ਮੁਹੰਮਦ ਤੇ ਬੜੇ ਗੁਲਾਮ ਅਲੀ ਤੋਂ ਦਿਵਾਈ ਗਈ। ਪਾਕਿਸਤਾਨ ਤੋਂ ਮੁੰਬਈ ਆ ਕੇ ਵਸੇ ਇਸ ਪਰਿਵਾਰ ਦੀ ਹੋਣਹਾਰ ਧੀ ਨੂਰਜਹਾਂ ਨੇ ਬਾਲੀਵੁੱਡ ਦੀਆਂ ਚੁੱਪ (ਬੇਆਵਾਜ਼) ਤੇ ਬੋਲਦੀਆਂ ਹਿੰਦੀ, ਪੰਜਾਬੀ, ਉਰਦੂ, ਸਿੰਧੀ ਫਿਲਮਾਂ ਵਿਚ ਵਧੀਆ ਅਦਾਕਾਰੀ ਵੀ ਕੀਤੀ ਤੇ ਸੁਪਰਹਿੱਟ ਗੀਤ ਵੀ ਗਾਏ। ਇਹ ਪਰਿਵਾਰ 1930 ਵਿਚ ਕਲਕੱਤਾ ਆਣ ਵੱਸਿਆ ਤੇ ਇਸੇ ਸਾਲ ਦੀ ਹਿੱਟ ਫਿਲਮ 'ਗੁੱਲ ਬਕਾਵਲੀ' ਵਿਚ ਬਤੌਰ ਬੇਬੀ ਨੂਰ ਵਜੋਂ ਨੂਰਜਹਾਂ ਨੇ ਬਹੁਤ ਵਧੀਆ ਅਦਾਕਾਰੀ ਕੀਤੀ ਤੇ 1930 ਦੀ ਸਭ ਤੋਂ ਵਧੀਆ ਬਾਲ ਕਲਾਕਾਰ ਐਲਾਨੀ ਗਈ।

ਆਪਣੇ ਸਮੇਂ ਦੀ ਚਰਚਿਤ ਗਾਇਕਾ ਮੁਖਤਿਆਰ ਬੇਗਮ ਨਾਲ 1940 ਤੋਂ ਗੀਤ ਗਾਉਣੇ ਸ਼ੁਰੂ ਕਰਕੇ, ਬਤੌਰ ਹੀਰੋਇਨ ਨੂਰਜਹਾਂ ਨੇ ਫਿਲਮ 'ਖਾਨਦਾਨ' (1942) ਤੋਂ ਅਦਾਕਾਰੀ ਦੀ ਸ਼ੁਰੂਆਤ ਕੀਤੀ, ਜਿਸ ਵਿਚ ਉਸ ਨਾਲ ਹੀਰੋ ਪ੍ਰਾਣ ਸੀ ਜੋ ਬਾਅਦ ਵਿਚ ਬਾਲੀਵੁੱਡ ਦਾ ਸਭ ਤੋਂ ਸਫਲ ਖਲਨਾਇਕ ਅਤੇ ਸ਼ਰੀਫ ਇਨਸਾਨ ਸਾਬਤ ਹੋਇਆ।

ਭਾਰਤ-ਪਾਕਿਸਤਾਨ ਵੰਡ (1947) ਸਮੇਂ ਨੂਰ ਪਾਕਿਸਤਾਨ ਚਲੀ ਗਈ, ਜਿੱਥੇ ਆਪਣੇ ਫਿਲਮਮੇਕਰ ਪਤੀ ਸ਼ੌਕਤ ਹੁਸੈਨ ਰਿਜ਼ਵੀ ਨੂੰ ਤਲਾਕ ਦੇ ਕੇ 1959 ਵਿਚ ਉਸ ਤੋਂ ਤੋੜ-ਵਿਛੋੜਾ ਕਰ ਲਿਆ। ਨੂਰ ਦੇ 6 ਬੱਚੇ ਪੈਦਾ ਹੋਏ। ਉਹ 1982 ਵਿਚ ਫਿਰ ਭਾਰਤ ਆਈ ਤੇ ਆਪਣੇ ਪ੍ਰਸ਼ੰਸਕਾਂ, ਪੁਰਾਣੇ ਸਾਥੀਆਂ-ਦਲੀਪ ਕੁਮਾਰ, ਪ੍ਰਾਣ, ਲਤਾ ਤੇ ਹੋਰਾਂ ਨੂੰ ਮਿਲ ਕੇ ਬੜੀ ਖੁਸ਼ ਹੋਈ ਤੇ ਉਨ੍ਹਾਂ ਲਈ ਗੀਤ 'ਆਵਾਜ਼ ਦੇ ਕਹਾਂ ਹੈ' ਗਾਇਆ।

ਨੂਰਜਹਾਂ ਨੇ ਹਜ਼ਾਰਾਂ ਹਿੰਦੀ, ਸਿੰਧੀ, ਪੰਜਾਬੀ ਗੀਤ ਗਾਏ ਪਰ ਕੋਈ ਵੀ ਗੀਤ ਐਡਵਾਂਸ ਮਿਹਨਤਾਨਾ ਲਏ ਬਿਨਾਂ ਨਹੀਂ ਸੀ ਗਾਇਆ। ਉਸਦੀ ਮੌਤ 23 ਦਸੰਬਰ, 2000 ਨੂੰ ਦਿਲ ਫੇਲ੍ਹ ਹੋਣ ਕਾਰਨ ਹੋਈ। ਉਸਦਾ ਵਿਆਹੁਤਾ ਜੀਵਨ ਅਸਫਲ ਸੀ ਤੇ ਇਸ ਦੁੱਖ ਨੂੰ ਉਹ ਦਿਲ 'ਤੇ ਲਗਾ ਬੈਠੀ। ਉਸਦੇ ਚਾਹਵਾਨਾਂ ਦੀ ਸੂਚੀ ਵਿਚ ਫਿਲਮੀ ਹੀਰੋ ਦਲੀਪ ਕੁਮਾਰ ਤੋਂ ਲੈ ਕੇ ਰਾਸ਼ਟਰਪਤੀ ਜਨਰਲ ਆਯੂਬ ਖਾਨ ਤੱਕ ਸਨ। ਨੂਰਜਹਾਂ ਦੇ ਭਰਾ ਕਤਲ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਕੇਂਦਰੀ ਜੇਲ੍ਹ, ਲਾਹੌਰ ਵਿਚ ਭੁਗਤ ਰਹੇ ਸਨ, ਜਿਨ੍ਹਾਂ ਵਲੋਂ ਕੀਤੀ ਰਹਿਮ ਦੀ ਅਪੀਲ ਦੇ ਫੈਸਲੇ ਦੀ ਫਾਈਲ ਆਯੂਬ ਖਾਨ ਨੱਪੀ ਬੈਠਾ ਸੀ ਤੇ ਉਹ ਚਾਹੁੰਦਾ ਸੀ ਕਿ ਨੂਰਜਹਾਂ ਖੁਦ ਇਕੱਲੀ ਗੁਪਤ ਤੌਰ 'ਤੇ ਆ ਕੇ ਮਿਲੇ ਪਰ ਪਹਿਲਾਂ ਤਾਂ ਉਹ ਨਾ ਮੰਨੀ ਪਰ ਫਿਰ ਭਰਾਵਾਂ ਖਾਤਰ ਈਨ ਮੰਨ ਲਈ। ਫਾਂਸੀ ਮਿਲਣ ਤੋਂ ਇਕ ਦਿਨ ਪਹਿਲਾਂ ਦੀ ਸ਼ਾਮ ਨੂੰ ਉਸ ਨੇ ਜੇਲ੍ਹ 'ਚ ਆ ਕੇ ਭਰਾਵਾਂ ਨੂੰ ਕਿਹਾ ਕਿ ਉਹ ਰਾਤ ਨੂੰ ਆਯੂਬ ਖਾਂ ਨੂੰ ਮਿਲ ਕੇ ਫਾਂਸੀ ਮਾਫ ਕਰਵਾ ਲਏਗੀ। ਸੋ ਰਾਤ ਦੇ ਠੀਕ 12 ਵਜੇ ਫਾਂਸੀ ਮੁਆਫੀ ਦਾ ਸਰਕਾਰੀ ਹੁਕਮ ਆਣ ਪਹੁੰਚਿਆ। ਉਥੇ ਕੈਦ ਭਾਸਕਰ ਫਿਰੋਜ਼ਪੁਰੀ (ਜਾਸੂਸ) ਅਨੁਸਾਰ ਨੂਰਜਹਾਂ ਨੇ ਤਦ ਏਨਾ ਤੇਜ਼ ਸੈਂਟ ਲਗਾਇਆ ਹੋਇਆ ਸੀ ਜਿਸਦੀ ਮਹਿਕ

**ਪੇਸ਼ਕਸ਼:ਜੁਗਰਾਜ ਗਿੱਲ 'ਅਬੋਹਰਵੀ'**

ਸਾਰੀ ਜੇਲ੍ਹ ਵਿਚ ਫੈਲ ਗਈ ਸੀ।

ਨੂਰਜਹਾਂ ਦੇ ਗਾਏ ਹਿੱਟ ਗੀਤ ਤੇ ਫਿਲਮਾਂ:
ਤੂ ਕੌਨ ਸੀ ਬਦਲੀ (ਖਾਨਦਾਨ, 1942)
ਬਦਨਾਮ ਮੁਹੱਬਤ (ਦੋਸਤ, 1944)
ਆਹੇਂ ਨਾ ਭਰੀ ਸ਼ਿਕਵੇ ਨਾ ਕੀਏ (ਜੀਨਤ, 1945)
ਆ ਇੰਤਜ਼ਾਰ ਹੈ ਤੇਰਾ (ਬੜੀ ਮਾਂ, 1945)
ਕਿਸ ਤਰਹ ਭੂਲੇਗਾ ਦਿਲ (ਵਿਲੇਜ ਗਰਲ, 1945)
ਜਵਾਂ ਹੈ ਮੁਹੱਬਤ (ਅਨਮੋਲ ਘੜੀ, 1946)
ਆਵਾਜ਼ ਦੇ ਕਹਾਂ ਹੈ (ਅਨਮੋਲ ਘੜੀ, 1946)
ਆ ਜਾ ਮੇਰੀ ਬਰਬਾਦ ਮੁਹੱਬਤ (ਅਨਮੋਲ ਘੜੀ, 1946)
ਹਮੇਂ ਤੋ ਸ਼ਾਮ ਏ ਗਮ (ਜੁਗਨੂੰ, 1947)
ਦਿਲ ਕੇ ਅਫਸਾਨੇ (ਬਾਜ਼ੀ (ਉਰਦੂ), 1963)
ਚਲੋ ਅੱਛਾ (ਲਾਖੋਂ ਮੇਂ ਏਕ (ਉਰਦੂ), 1967)
ਨਾ ਇਸ਼ਕ ਨੂੰ (ਮਿਰਜ਼ਾ ਜੱਟ, ਪੰਜਾਬੀ)
ਚੰਨ ਮਾਹਿਆ (ਹੀਰਾ ਰਾਂਝਾ (ਪੰਜਾਬੀ), 1970)

### ਨੂਰਜਹਾਂ ਦੀਆਂ ਬਤੌਰ ਅਦਾਕਾਰਾ ਖਾਸ ਫਿਲਮਾਂ

ਗੁੱਲ ਬਕਾਵਲੀ (1939), ਈਮਾਨਦਾਰੀ, ਸਜਨੀ (1940), ਸਸੁਰਾਲ, ਰੈੱਡ ਸਿਗਨਲ, ਚੌਧਰੀ (1941), ਖਾਨਦਾਨ, ਚਾਂਦਨੀ, ਫਰਿਆਦ, ਧੀਰਜ (1942), ਨਾਦਾਨ, ਨੌਕਰ, ਦੁਹਾਈ (1943), ਦੋਸਤ, ਲਾਲ ਹਵੇਲੀ (1944), ਭਾਈ ਜਾਨ, ਬੜੀ ਮਾਂ, ਗਾਓਂ ਕੀ ਗੋਰੀ (1945), ਅਨਮੋਲ ਘੜੀ, ਦਿਲ, ਸੋਫੀਆ, ਜਾਦੂਗਰ, ਮਹਾਰਾਣਾ ਪ੍ਰਤਾਪ (1946), ਆਬਿਦਾ, ਮੀਰਾ ਬਾਈ, ਜੁਗਨੂੰ, ਮਿਰਜ਼ਾ ਸਾਹਿਬਾ (1947), ਚੰਨ ਵੇ (1951), ਦੁਪੱਟਾ (1952), ਗੁਲਨਾਰ (1953), ਫਤੇਹ ਖਾਨ (1955), ਇੰਤਜ਼ਾਰ, ਲਖਤੇ ਜਿਗਰ (1956), ਨੂਰਾਂ (1957), ਅਨਾਰਕਲੀ, ਛੂ ਮੰਤਰ (1958), ਕੋਇਲਾ, ਪ੍ਰਦੇਸਣ, ਨੀਂਦ (1959), ਮਿਰਜ਼ਾ ਗਾਲਿਬ (1961)

## ਵਿਆਹ ਲਈ ਸਹੀ ਸਮੇਂ ਤੇ ਸਹੀ ਬੰਦੇ ਦਾ ਇੰਤਜ਼ਾਰ-ਸੁਸ਼ਮਿਤਾ

ਬ੍ਰਹਿਮੰਡੀ ਸੁੰਦਰੀ ਸੁਸ਼ਮਿਤਾ ਸੇਨ ਬਾਰੇ ਹਮੇਸ਼ਾ ਚਰਚਾ ਹੁੰਦੀ ਰਹਿੰਦੀ ਹੈ ਕਿ ਉਹ ਕਦੋਂ ਸ਼ਾਦੀ ਕਰੇਗੀ ਅਤੇ ਉਸ ਦਾ ਚੱਕਰ ਅਜੇ ਕਿਸੇ ਨਾਲ ਚੱਲ ਰਿਹਾ ਹੈ? ਉਂਜ ਹੁਣੇ ਜਿਹੇ ਉਸ ਦਾ ਨਾਂ ਪਾਕਿਸਤਾਨ ਦੇ ਸਾਬਕਾ ਕ੍ਰਿਕਟਰ ਵਸੀਮ ਅਕਰਮ ਦੇ ਨਾਲ ਜੋੜਿਆ ਜਾ ਰਿਹਾ ਸੀ ਪਰ ਸੁਸ਼ ਨੇ ਇਸ ਦਾ ਵਿਰੋਧ ਕੀਤਾ ਸੀ ਪਰ ਇਸ ਅਫਵਾਹ ਨੂੰ ਫਿਰ ਤੋਂ ਹਵਾ ਮਿਲ ਗਈ ਹੈ ਅਤੇ ਇਸ ਵਾਰ ਇਸ ਗੱਲ ਨੂੰ ਹਵਾ ਦਿੱਤੀ ਹੈ ਖੁਦ ਵਸੀਮ ਅਕਰਮ ਨੇ। ਅਕਰਮ ਦਾ ਕਹਿਣਾ ਹੈ ਕਿ ਸੁਸ਼ਮਿਤਾ ਸੇਨ ਉਸ ਨੂੰ ਬਹੁਤ ਸੁੰਦਰ ਲਗਦੀ ਹੈ ਅਤੇ ਜੇ ਉਸ ਨੂੰ ਕਿਸੇ ਫਿਲਮ ਵਿਚ ਬਤੌਰ ਅਭਿਨੇਤਾ ਕੰਮ ਕਰਨ ਦਾ ਮੌਕਾ ਮਿਲਿਆ ਤਾਂ ਨਾਇਕਾ ਦੇ ਰੂਪ ਵਿਚ ਸੁਸ਼ਮਿਤਾ ਨੂੰ ਹੀ ਕਾਸਟ ਕਰਨਾ ਚਾਹੁਣਗੇ।



ਵਸੀਮ ਨੇ ਸੁਸ਼ਮਿਤਾ ਦੀ ਖੂਬਸੂਰਤੀ ਦੀ ਤਾਂ ਪ੍ਰਸ਼ੰਸਾ ਕੀਤੀ ਹੀ, ਨਾਲ ਹੀ ਇਹ ਵੀ ਕਹਿਣ ਤੋਂ ਨਹੀਂ ਝਿਜਕੇ ਕਿ ਉਹ ਸੁਸ਼ ਨੂੰ ਬਹੁਤ ਪਸੰਦ ਕਰਦੇ ਹਨ। ਖੈਰ, ਕੋਈ ਜ਼ਰੂਰੀ ਨਹੀਂ ਕਿ ਵਸੀਮ ਦੀ ਇਹ ਪਸੰਦ, ਪਿਆਰ ਅਤੇ ਵਿਆਹ ਵਿਚ ਬਦਲ ਜਾਵੇ ਪਰ ਉਸ ਦੀਆਂ ਗੱਲਾਂ ਤੋਂ ਇੰਨਾ ਸਾਫ ਹੋ ਜਾਂਦਾ ਹੈ ਕਿ ਵਸੀਮ ਸੁਸ਼ ਨੂੰ ਪਸੰਦ ਕਰਦੇ ਹਨ ਅਤੇ ਦੋਵਾਂ ਵਿਚਾਲੇ ਚੰਗੀ ਦੋਸਤੀ ਵੀ ਹੈ। ਹੁਣ ਇਹ ਦੋਸਤੀ ਕਿੰਨੀ ਗੂੜ੍ਹੀ ਹੈ, ਇਹ ਤਾਂ ਉਹੀ ਦੋਵੇਂ ਜਾਣਦੇ ਹਨ ਅਤੇ ਦੋਸਤੀ ਤੋਂ ਅੱਗੇ ਵੀ ਇਹ ਰਿਸ਼ਤਾ ਪਹੁੰਚੇਗਾ ਜਾਂ ਨਹੀਂ, ਇਹ ਤਾਂ ਦੋਵਾਂ ਨੇ ਤੈਅ ਕਰਨਾ ਹੈ ਪਰ ਇਧਰ ਸੁਸ਼ਮਿਤਾ ਸੇਨ ਆਪਣੇ ਵਿਆਹ ਨਾਲ ਜੁੜੇ ਸਵਾਲਾਂ ਨੂੰ ਸੁਣਦੇ-ਸੁਣਦੇ ਬੋਰ ਜ਼ਰੂਰ ਹੋ ਗਈ ਹੈ ਅਤੇ ਹੁਣ ਉਸ ਨੂੰ ਵਿਆਹ ਦੇ ਸਵਾਲ 'ਤੇ ਗੁੱਸਾ ਵੀ ਆਉਣ ਲੱਗਾ ਹੈ। ਹੁਣੇ ਜਿਹੇ ਸੁਸ਼ਮਿਤਾ ਨੇ ਇਸ ਗੱਲ ਦਾ ਸੰਕੇਤ ਦਿੱਤਾ ਹੈ ਕਿ ਉਹ ਵਿਆਹ ਲਈ ਸਹੀ ਸਮੇਂ ਦਾ ਇੰਤਜ਼ਾਰ ਕਰ ਰਹੀ ਹੈ ਅਤੇ ਜਿਵੇਂ ਹੀ ਉਹ ਸਮਾਂ ਆਵੇਗਾ, ਉਹ ਵਿਆਹ ਕਰ ਲਵੇਗੀ।

ਸੁਸ਼ਮਿਤਾ ਦਾ ਕਹਿਣਾ ਹੈ ਕਿ ਉਹ ਆਪਣੇ ਭਵਿੱਖ ਦੇ ਪਤੀ ਬਾਰੇ ਪੁੱਛੇ ਜਾਣ ਵਾਲੇ ਸੁਆਲਾਂ ਤੋਂ ਤੰਗ ਆ ਚੁੱਕੀ ਹੈ। ਜਦੋਂ ਉਸ ਨੂੰ ਆਪਣੇ ਲਈ ਸਹੀ ਵਿਅਕਤੀ ਮਿਲ ਜਾਵੇਗਾ ਤਾਂ ਉਹ ਸਾਰਿਆਂ ਦੇ ਸਾਹਮਣੇ ਲੈ ਕੇ ਆਵੇਗੀ।

# ਦੀਵਾਲੀ ਬਾਲੀਵੁੱਡ ਤੇ ਪਾਲੀਵੁੱਡ ਦੀ

**ਕਾਜੋਲ:** ਇਸ ਦਿਨ ਮੈਂ ਸਾਝਰੇ ਉਠ ਜਾਂਦੀ ਹਾਂ ਅਤੇ ਇਸ ਦਿਨ ਦੀ ਖਾਸ ਤੌਰ 'ਤੇ ਤਿਆਰੀ ਕਰਦੀ ਹਾਂ। ਮੈਂ ਬਾਹਰ ਦਾ ਕੋਈ ਪ੍ਰੋਗਰਾਮ ਨਹੀਂ ਰੱਖਦੀ। ਆਤਿਸ਼ਬਾਜ਼ੀ ਚਲਾਉਣ ਨਾਲੋਂ ਵੇਖਣਾ ਵਧੇਰੇ ਪਸੰਦ ਕਰਦੀ ਹਾਂ। ਬੰਬ ਅਤੇ ਪਟਾਕਿਆਂ ਤੋਂ ਮੈਨੂੰ ਨਫਰਤ ਹੈ, ਪਰ ਸ਼ਗਨ ਦੇ ਤੌਰ 'ਤੇ ਅਨਾਰ ਅਤੇ ਫੁਲਝੜੀ ਚਲਾ ਲੈਂਦੀ ਹਾਂ।

**ਕੈਟਰੀਨਾ ਕੈਫ:** ਮੈਂ ਇਸ ਦਿਨ ਸ਼ੂਟਿੰਗ ਨਹੀਂ ਕਰਦੀ। ਮੈਨੂੰ ਭਾਰਤ ਦੀ ਦੀਵਾਲੀ ਬੇਹੱਦ ਪਸੰਦ ਹੈ। ਇਸ ਦਿਨ ਮੈਂ ਆਪਣੇ ਦੋਸਤਾਂ ਨਾਲ ਰਹਿਣਾ ਪਸੰਦ ਕਰਦੀ ਹਾਂ। ਪਟਾਕੇ ਚਲਾਉਣਾ ਮੈਨੂੰ ਪਸੰਦ ਨਹੀਂ ਹੈ, ਪਰ ਫੁਲਝੜੀਆਂ ਮੈਂ ਖੁਸ਼ੀ ਨਾਲ ਚਲਾਉਂਦੀ ਹਾਂ। ਇਸ ਦਿਨ ਦੋਸਤਾਂ ਨੂੰ ਤੋਹਫੇ ਦੇਣੇ ਵੀ ਮੈਨੂੰ ਚੰਗੇ ਲੱਗਦੇ ਹਨ।

**ਦੀਪਿਕਾ ਪਾਦੂਕੋਨ:** ਦੀਵਾਲੀ ਇਕ ਅਜਿਹਾ ਤਿਉਹਾਰ ਹੈ ਜਿਸ ਨੂੰ ਹਰ ਮਜ਼ਹਬ ਦੇ ਲੋਕ ਮਨਾਉਂਦੇ ਹਨ। ਬਚਪਨ ਤੋਂ ਹੀ ਮੈਂ ਇਸ ਤਿਉਹਾਰ ਨੂੰ ਮਨਾਉਂਦੀ ਆ ਰਹੀ ਹਾਂ। ਬਚਪਨ ਵਿਚ ਅਨਾਰ ਅਤੇ ਫੁਲਝੜੀ ਜਲਾਇਆ ਕਰਦੀ ਸੀ, ਹੁਣ ਪਟਾਕੇ ਚਲਾਉਂਦੀ ਹਾਂ।

**ਮਾਧੁਰੀ ਦੀਕਸ਼ਤ:** ਮੈਂ ਇਸ ਦਿਨ ਕਿਤੇ ਬਾਹਰ ਨਹੀਂ ਜਾਂਦੀ। ਘਰ ਵਿਚ ਸਭ ਨਾਲ ਮਿਲ ਕੇ ਪਾਠ ਪੂਜਾ ਕਰਦੀ ਹਾਂ। ਮੇਰੇ ਪਰਿਵਾਰ ਵਿਚ ਹਰ ਪਾਸੇ ਰੌਸ਼ਨੀ ਹੈ। ਮੇਰੇ ਲਈ ਹਰ ਦੀਵਾਲੀ ਕੋਈ ਨਾ ਕੋਈ ਸੁਗਾਤ ਲੈ ਕੇ ਆਉਂਦੀ ਹੈ।

**ਰਾਣੀ ਮੁਖਰਜੀ:** ਮੈਂ ਸਟਾਰ ਬਣਨ ਤੋਂ ਪਹਿਲਾਂ ਦੀ ਤਰ੍ਹਾਂ ਹੀ ਦੀਵਾਲੀ ਮਨਾਉਂਦੀ ਹਾਂ। ਛੋਟੇ ਹੁੰਦੇ ਅਸੀਂ ਦੀਵਾਲੀ ਤੋਂ ਇਕ ਮਹੀਨਾ ਪਹਿਲਾਂ ਹੀ ਪਟਾਕੇ ਚਲਾਉਣੇ ਸ਼ੁਰੂ ਕਰ ਦਿੰਦੇ ਸੀ ਅਤੇ ਖੂਬ ਮਠਿਆਈ ਖਾਂਦੇ ਸੀ। ਹੁਣ ਅਜਿਹਾ ਨਹੀਂ ਕਿਉਂਕਿ ਹੁਣ ਬਚਪਨ ਲੰਘ ਗਿਆ ਹੈ। ਪਿਛਲੇ ਸਾਲ ਦੀ ਦੀਵਾਲੀ ਮੌਕੇ ਮੈਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਪਣੀ ਫਿਲਮ 'ਦਿਲ ਬੋਲੇ ਹੜਿੱਪਾ' ਦੀ ਸ਼ੂਟਿੰਗ ਕਰ ਰਹੀ ਸੀ। ਸੋ ਮੈਂ ਉਦੋਂ ਆਪਣੀ ਦੀਵਾਲੀ ਹਰਮਿੰਦਰ ਸਾਹਿਬ ਵਿਖੇ ਮੱਥਾ ਟੇਕ ਕੇ ਅਤੇ ਸਾਥੀ ਅਦਾਕਾਰਾਂ ਨਾਲ ਪਟਾਕੇ ਚਲਾ ਕੇ ਮਨਾਈ ਸੀ।

**ਸੰਨੀ ਦਿਓਲ:** ਦੀਵਿਆਂ ਦੀ ਜਗਮਗਾਹਟ, ਪਟਾਕਿਆਂ ਦੀ ਗੜਗੜਾਹਟ, ਰੰਗ ਬਰੰਗੀਆਂ ਫੁਲਝੜੀਆਂ ਤੇ ਆਤਿਸ਼ਬਾਜ਼ੀ ਤੇ ਸਤਰੰਗੀ ਆਕਾਸ਼ 'ਚ ਦੀਵਾਲੀ ਮਨਾਉਂਦਿਆਂ ਰੂਹ ਤ੍ਰਿਪਤ ਹੋ ਜਾਂਦੀ ਹੈ। ਮੈਨੂੰ ਇਸ ਦਿਨ ਛੱਤ 'ਤੇ ਬੈਠ ਕੇ ਅਸਮਾਨ 'ਚ ਚੱਲਦੀਆਂ ਆਤਿਸ਼ਬਾਜ਼ੀਆਂ ਦੇਖਣ ਦਾ ਬਹੁਤ ਸ਼ੌਕ ਹੈ।

**ਜਿੰਮੀ ਸ਼ੇਰਗਿੱਲ:** ਦੀਵਾਲੀ ਮੈਂ ਬੜੀਆਂ ਰੀਝਾਂ ਨਾਲ ਮਨਾਉਂਦਾ ਹਾਂ। ਮੈਨੂੰ ਉਹ ਦਿਨ ਵੀ ਯਾਦ ਹਨ ਜਦੋਂ ਮੈਂ ਆਪਣੇ ਦੋਸਤਾਂ ਨਾਲ ਦਿੱਲੀ ਦੀਵਾਲੀ ਮਨਾਇਆ ਕਰਦਾ ਸੀ। ਮੈਂ ਕਿਤੇ ਵੀ ਹੋਵਾਂ, ਇਸ ਦਿਨ ਸਭ ਤੋਂ ਪਹਿਲਾ ਪਰਮਾਤਮਾ ਅੱਗੇ ਅਰਦਾਸ ਕਰਨਾ ਨਹੀਂ ਭੁੱਲਦਾ।

**ਫਿਲਮਸਾਜ਼ ਮਨਮੋਹਨ ਸਿੰਘ:** ਦੀਵਾਲੀ ਸਾਡੇ ਦੇਸ਼ ਦਾ ਇਤਿਹਾਸਕ ਤੇ ਧਾਰਮਿਕ ਤਿਉਹਾਰ ਹੈ। ਇਸ ਨਾਲ ਸਾਡੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ। ਇਸ ਦਿਨ ਹਰ ਇਨਸਾਨ ਨੂੰ ਕੋਈ ਅਜਿਹਾ ਪ੍ਰਣ ਲੈਣਾ ਚਾਹੀਦਾ ਹੈ ਜਿਸ ਨਾਲ ਕਿਸੇ ਦੀ ਜ਼ਿੰਦਗੀ ਰੁਸ਼ਨਾਈ ਜਾ ਸਕੇ। ਪਟਾਕੇ ਚਲਾਉਣ ਦਾ ਮੈਨੂੰ ਸ਼ੌਕ ਨਹੀਂ ਹੈ ਪਰ ਦੀਪਮਾਲਾ ਕਰਨੀ ਮੈਨੂੰ ਬੇਹੱਦ ਪਸੰਦ ਹੈ।

**ਗੱਗੂ ਗਿੱਲ:** ਮੈਨੂੰ ਦੀਵਾਲੀ ਆਪਣੇ ਪਰਿਵਾਰ ਨਾਲ ਮਨਾਉਣੀ ਚੰਗੀ ਲੱਗਦੀ ਹੈ। ਮੈਂ ਇਸ ਦਿਨ ਘਰ ਹੀ ਰਹਿੰਦਾ ਹਾਂ। ਦੋਸਤਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਫੋਨ 'ਤੇ ਇਸ ਦਿਨ ਦੀਆਂ ਮੁਬਾਰਕਾਂ ਦਿੰਦਾ ਹਾਂ ਤੇ ਸ਼ਾਮ ਨੂੰ ਪਰਿਵਾਰ ਨਾਲ ਰਲ ਕੇ ਦੀਪਮਾਲਾ ਕਰਦਾ ਹਾਂ। ਪਟਾਕੇ ਚਲਾ ਕੇ ਪ੍ਰਦੂਸ਼ਣ ਕਰਨਾ ਮੇਰੀ ਫਿਤਰਤ ਨਹੀਂ ਹੈ। ਆਪਣੇ ਪ੍ਰਸ਼ੰਸਕਾਂ ਨੂੰ ਵੀ ਮੈਂ ਪਟਾਕਿਆਂ ਤੋਂ ਦੂਰ ਰਹਿ ਕੇ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ਦੀ ਸਲਾਹ ਦਿੰਦਾ ਹਾਂ।

**ਅਦਾਕਾਰ ਅਮਨ ਧਾਲੀਵਾਲ:** ਮੈਂ ਆਪਣੀ ਦੀਵਾਲੀ ਆਪਣੇ ਦੋਸਤਾਂ ਨਾਲ ਮਨਾਉਂਦਾ ਹਾਂ। ਇਸ ਦਿਨ ਦੀ ਸ਼ੁਰੂਆਤ ਮੈਂ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਕਰਦਾ ਹਾਂ। ਮੈਨੂੰ ਇਸ ਦਿਨ ਰੌਸ਼ਨੀ ਕਰਨੀ ਚੰਗੀ ਲੱਗਦੀ ਹੈ ਪਰ ਪਟਾਕਿਆਂ ਤੋਂ ਮੈਂ ਨਫਰਤ ਕਰਦਾ ਹਾਂ। ਲੋਕਾਂ ਨੂੰ ਖਾਸ ਤੌਰ 'ਤੇ ਵਿਦੇਸ਼ਾਂ ਤੋਂ ਭਾਰਤ ਦੀਵਾਲੀ ਮਨਾਉਣ ਆਉਂਦੇ ਪਰਵਾਸੀ ਵੀਰਾਂ ਨੂੰ ਕਹਿੰਦਾ ਹਾਂ ਕਿ ਉਹ ਪਟਾਕੇ ਚਲਾ ਕੇ ਵਾਤਾਵਰਣ ਨੂੰ ਹੋਰ ਪ੍ਰਦੂਸ਼ਿਤ ਨਾ ਕਰਨ।

**ਅਦਾਕਾਰ ਦੀਪ ਢਿੱਲੋਂ:** ਦੀਵਾਲੀ ਵਾਲੇ ਦਿਨ ਮੈਂ ਘਰ ਰਹਿਣਾ ਪਸੰਦ ਕਰਦਾ ਹਾਂ ਤੇ ਪਰਿਵਾਰ 'ਚ ਬੈਠ ਕੇ ਸਾਦ-ਮੁਰਾਦ ਢੰਗ ਨਾਲ ਮੈਨੂੰ ਦੀਵਾਲੀ ਮਨਾਉਣਾ ਚੰਗਾ ਲੱਗਦਾ ਹੈ। ਦੀਵਾਲੀ ਵਾਲੇ ਦਿਨ ਵੱਧ ਤੋਂ ਵੱਧ ਰੌਸ਼ਨੀ ਕਰਨੀ ਮੈਨੂੰ ਚੰਗੀ ਲੱਗਦੀ ਹੈ।

**ਕਾਮੇਡੀਅਨ ਰਾਣਾ ਰਣਬੀਰ:** ਮੇਰੇ ਲਈ ਦੀਵਾਲੀ ਦਾ ਦਿਨ ਖਾਸ ਦਿਨ ਹੁੰਦਾ ਹੈ। ਇਸ ਦਿਨ ਦੀ ਸ਼ੁਰੂਆਤ ਮੈਂ ਪਰਮਾਤਮਾ ਅੱਗੇ ਸਰਬੱਤ ਦੇ ਭਲੇ ਦੀ ਅਰਦਾਸ ਤੋਂ ਕਰਦਾ ਹਾਂ। ਮੈਂ ਆਪਣੇ ਘਰ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਥੀਏਟਰ ਵਿਭਾਗ ਅੱਗੇ ਵੀ ਦੀਵੇ ਤੇ ਮੋਮਬੱਤੀਆਂ ਜਗਾਉਂਦਾ ਹਾਂ। ਫਿਰ ਯਤੀਮਖਾਨੇ ਜਾ ਕੇ ਬੱਚਿਆਂ ਅਤੇ ਬਜ਼ੁਰਗਾਂ ਨੂੰ ਮਠਿਆਈ ਵੰਡਦਾ ਹਾਂ। ਇਹੀ ਅਪੀਲ ਹੈ ਕਿ ਪਟਾਕਿਆਂ 'ਤੇ ਪੈਸਾ ਖਰਾਬ ਕਰਨ ਦੀ ਬਜਾਏ ਉਹੀ ਪੈਸਾ ਕਿਸ ਗਰੀਬ ਦੇ ਲੇਖੇ ਲਾ ਕੇ ਉਸ ਦੀ ਜ਼ਿੰਦਗੀ ਵਿਚ ਰੌਸ਼ਨੀ ਭਰਨ ਦੀ ਕੋਸ਼ਿਸ਼ ਕਰੋ।

**ਅਦਾਕਾਰਾ ਸੁਨੀਤਾ ਧੀਰ:** ਦੀਵਾਲੀ ਵਾਲੇ ਦਿਨ ਮੈਂ ਕੋਈ ਵੀ ਵਾਧੂ ਦਾ ਰੁਝੇਵਾਂ ਨਹੀਂ ਰੱਖਦੀ। ਇਸ ਦਿਨ ਮੈਂ ਘਰ ਹੀ ਰਹਿੰਦੀ ਹਾਂ ਤੇ ਪਰਿਵਾਰ ਤੇ ਰਿਸ਼ਤੇਦਾਰਾਂ ਨਾਲ ਦੀਵਾਲੀ ਮਨਾਉਂਦੀ ਹਾਂ। ਮੈਨੂੰ ਮਠਿਆਈ ਖਾਣ ਦਾ ਤਾਂ ਸ਼ੌਕ ਹੈ ਪਰ ਪਟਾਕਿਆਂ ਤੋਂ ਮੈਂ ਦੂਰ ਰਹਿਣਾ ਹੀ ਪਸੰਦ ਕਰਦੀ ਹਾਂ।

**ਨਿਰਮਾਤਾ ਦਰਸ਼ਨ ਔਲਖ:** ਮੈਂ ਦੀਵਾਲੀ ਨੂੰ ਸ਼ਾਂਤੀ ਤੇ ਰੌਸ਼ਨੀ ਦਾ ਤਿਉਹਾਰ ਮੰਨਦਾ ਹਾਂ। ਮੈਂ ਇਸ ਦਿਨ ਦੀ ਸ਼ੁਰੂਆਤ ਪਰਿਵਾਰ ਸਮੇਤ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਕਰਦਾ ਹਾਂ। ਇਸ ਦਿਨ ਮੈਂ ਪਰਿਵਾਰ ਨਾਲ ਰਹਿੰਦਾ ਹਾਂ ਤੇ ਫਿਰ ਸ਼ਾਮ ਨੂੰ ਸਾਰੇ ਘੁੰਮਣ ਜਾਂਦੇ ਹਾਂ ਤੇ ਰਾਤ ਨੂੰ ਪੂਜਾ ਤੋਂ ਬਾਅਦ ਦੀਪਮਾਲਾ ਕਰਦੇ ਹਾਂ। ਲੋਕਾਂ ਨੂੰ ਵੀ ਮੈਂ ਇਹ ਸੁਝਾਅ ਦਿੰਦਾ ਹਾਂ ਕਿ ਇਸ ਦਿਨ ਖੂਬ ਦੀਪਮਾਲਾ ਕਰੋ ਪਰ ਪਟਾਕਿਆਂ 'ਤੇ ਪੈਸਾ ਖਰਾਬ ਕਰਨ ਦੀ ਬਜਾਏ ਕਿਸੇ ਲੋੜਵੰਦ ਦੀ ਮਦਦ ਕਰੋ।

**ਕਲਾ ਨਿਰਦੇਸ਼ਕ ਤੀਰਥ ਸਿੰਘ ਗਿੱਲ:** ਦੀਵਾਲੀ ਵਾਲੇ ਦਿਨ ਮੈਂ ਆਪਣੇ ਪਰਿਵਾਰ ਵਿਚ ਹੀ ਰਹਿੰਦਾ ਹਾਂ। ਦੀਵਾਲੀ 'ਤੇ ਪਟਾਕੇ ਚਲਾਉਣਾ ਮੈਨੂੰ ਪਸੰਦ ਨਹੀਂ। ਵੈਸੇ ਵੀ ਦੀਵਾਲੀ ਰੌਸ਼ਨੀ ਦਾ ਤਿਉਹਾਰ ਹੈ, ਇਸ ਨੂੰ ਸਾਦ ਮੁਰਾਦੇ ਢੰਗ ਨਾਲ ਮਨਾਉਣਾ ਚਾਹੀਦਾ ਹੈ।

**ਅਦਾਕਾਰਾ ਨੀਰੂ ਬਾਜਵਾ:** ਮੈਨੂੰ ਦੀਵਾਲੀ ਦੀ ਰੌਸ਼ਨੀ ਬਹੁਤ ਚੰਗੀ ਲੱਗਦੀ ਹੈ। ਬੇਸ਼ਕ ਮੈਂ ਵਿਦੇਸ਼ 'ਚ ਜ਼ਿਆਦਾ ਰਹੀ ਹਾਂ ਪਰ ਭਾਰਤ ਦੀ ਦੀਵਾਲੀ ਮੇਰੇ ਜ਼ਹਿਨ 'ਚ ਅਜ ਵੀ ਵੱਸੀ ਹੋਈ ਹੈ। ਮੈਂ ਆਪਣੀ ਦੀਵਾਲੀ ਰੌਸ਼ਨੀ ਕਰਕੇ ਅਤੇ ਖੂਬ ਪਟਾਕੇ ਚਲਾ ਕੇ ਮਨਾਉਂਦੀ ਹਾਂ। ਦਰਸ਼ਕਾਂ ਨੂੰ ਮੇਰੀ ਬਨਤੀ ਹੈ ਕਿ ਝਗੜੇ, ਰੋਸੇ ਦੂਰ ਕਰਕੇ ਪੂਰੀ ਮਸਤੀ ਨਾਲ ਇਹ ਤਿਉਹਾਰ ਮਨਾਉਣ।

**ਅਦਾਕਾਰਾ ਜਸਪਿੰਦਰ ਚੀਮਾ:** ਮੇਰੇ ਲਈ ਇਹ ਦੀਵਾਲੀ ਬੇਹਦ ਖੁਸ਼ੀਆਂ ਲੈ ਕੇ ਆਈ ਹੈ। ਮੇਰੀ ਪਲੇਠੀ ਫਿਲਮ 'ਇਕ ਕੁੜੀ ਪੰਜਾਬ ਦੀ' ਨੂੰ ਲੋਕਾਂ ਨੇ ਬੇਹੱਦ ਪਸੰਦ ਕੀਤਾ ਹੈ ਤੇ ਇਸ ਜ਼ਰੀਏ ਮੈਨੂੰ ਇਕ ਵੱਖਰੀ ਪਹਿਚਾਣ ਮਿਲੀ ਹੈ। ਸੋ ਇਸ ਵਾਰ ਮੇਰੇ ਪਰਿਵਾਰ ਵੱਲੋਂ ਇਹ ਦੀਵਾਲੀ ਇਕ ਸਮਾਗਮ ਦੇ ਰੂਪ 'ਚ ਮਨਾਈ ਜਾ ਰਹੀ ਹੈ ਜਿਸ ਵਿਚ ਮੇਰੇ ਰਿਸ਼ਤੇਦਾਰਾਂ ਤੋਂ ਇਲਾਵਾ ਮੇਰੇ ਸਾਰੇ ਦੋਸਤ, ਨਜ਼ਦੀਕੀ ਸ਼ਾਮਲ ਹੋਣਗੇ।

# ਲੋਹ-ਕਥਾ

## ਸ਼ਬਦ-ਝਰੋਖਾ

ਬਲਜੀਤ ਬਾਸੀ
ਫੋਨ:734-454-4958

ਸ਼ਾਇਦ ਇਸ ਗੱਲ ਦਾ ਕੁਝ ਲੋਕਾਂ ਨੂੰ ਪਤਾ ਨਾ ਹੋਵੇ ਕਿ ਲੋਹੇ ਤੋਂ ਪਹਿਲਾਂ ਮਨੁਖ ਨੂੰ ਤਾਂਬੇ ਦੀ ਜਾਣਕਾਰੀ ਹੋਈ। ਅੱਜ ਤੋਂ ਕੋਈ ਅੱਠ-ਦਸ ਹਜ਼ਾਰ ਸਾਲ ਪਹਿਲਾਂ ਤਾਂਬਾ ਯੁੱਗ ਸੀ। ਅਸਲ ਵਿਚ ਬਹੁਤ ਚਿਰ ਤੱਕ ਪੱਥਰ ਤੇ ਤਾਂਬਾ ਕਾਲ ਇਕੱਠੇ ਚਲਦੇ ਰਹੇ। ਇਸ ਸੰਯੁਕਤ ਕਾਲ ਨੂੰ Chalcolithic ਕਾਲ ਕਿਹਾ ਜਾਂਦਾ ਸੀ, chalk ਗਰੀਕ khalko (ਤਾਂਬਾ)+lithos(ਪੱਥਰ)। ਅਸੀਂ ਇਸ ਨੂੰ ਤਾਮਸ-ਪੱਥਰ ਕਾਲ ਕਹਿ ਸਕਦੇ ਹਾਂ। ਬਹੁਤ


ਕੁਤਬ ਦੀ ਲਾਠ

ਸਾਰੇ ਇਤਿਹਾਸਕਾਰ ਮੰਨਦੇ ਹਨ ਕਿ ਭਾਰਤਵਾਸੀਆਂ ਨੂੰ ਲੋਹੇ ਦੀ ਜਾਣਕਾਰੀ ਸਭ ਤੋਂ ਪਹਿਲਾਂ ਹੋਈ। ਈਸਾ ਤੋਂ 400 ਸਾਲ ਪਹਿਲਾਂ ਤਕ ਦੇ ਲੋਹੇ ਦੇ ਮਿਲੇ ਹਥਿਆਰਾਂ ਤੋਂ ਪਤਾ ਲਗਦਾ ਹੈ ਕਿ ਭਾਰਤੀਆਂ ਨੂੰ ਬਹੁਤ ਪਹਿਲਾਂ ਲੋਹੇ ਦੀ ਦਸਤਕਾਰੀ ਦਾ ਗਿਆਨ ਸੀ। ਦਿੱਲੀ ਵਿਚ ਸਥਿਤ ਕੁਤਬ ਦੀ ਲਾਠ ਚੌਥੀ ਸਦੀ ਵਿਚ ਬਣਾਈ ਗਈ ਸੀ। ਇਸਦੀ ਲੰਬਾਈ 24 ਫੁੱਟ ਅਤੇ ਭਾਰ 6 ਟਨ ਹੈ। ਅਸਚਰਜ ਹੁੰਦਾ ਹੈ ਕਿ ਡੇਢ ਹਜ਼ਾਰ ਸਾਲ ਬੀਤ ਜਾਣ ਪਿਛੋਂ ਵੀ ਲੋਹੇ ਦੇ ਇਸ ਅਜੂਬੇ 'ਤੇ ਹਵਾ ਮੀਂਹ ਦਾ ਕੋਈ ਅਸਰ ਨਹੀਂ ਹੋਇਆ। ਨਿਸਚੇ ਹੀ ਭਾਰਤ ਵਿਚ ਪ੍ਰਾਚੀਨ ਕਾਲ 'ਚ ਧਾਤਕਲਾ ਸਿਖਰ 'ਤੇ ਸੀ।

'ਲੋਹਾ' ਸ਼ਬਦ ਦਾ ਮੁਢਲਾ ਅਰਥ ਲਾਲ ਹੁੰਦਾ ਹੈ ਤੇ ਤਾਂਬੇ ਦਾ ਰੰਗ ਲਾਲ ਹੋਣ ਕਾਰਨ ਤਾਂਬੇ ਨੂੰ ਹੀ ਲੋਹਾ ਕਿਹਾ ਜਾਂਦਾ ਸੀ। ਜਾਂ ਅਸੀਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਧਾਤ ਨੂੰ ਹੀ ਲੋਹਾ ਨਾਂ ਮਿਲਿਆ ਕਿਉਂਕਿ ਉਦੋਂ ਸੀ ਹੀ ਇਕ ਧਾਤ। ਉਂਜ ਵੀ ਕੱਚੀ ਖਾਣ ਵਜੋਂ ਨਿਕਲਦੇ ਸਮੇਂ ਲੋਹੇ ਦਾ ਰੰਗ ਲਾਲ ਹੁੰਦਾ ਹੈ। ਬਾਅਦ ਵਿਚ ਵੀ ਹਰ ਪ੍ਰਕਾਰ ਦੀ ਧਾਤ, ਚਾਹੇ ਸੋਨਾ ਹੋਵੇ, ਚਾਹੇ ਚਾਂਦੀ, ਲੋਹਾ ਹੀ ਅਖਵਾਉਂਦੀ ਰਹੀ। 'ਸਰਬਲੋਹ' ਦੇ ਜਨੂੰਨੀ ਇਹ ਨਹੀਂ ਜਾਣਦੇ ਕਿ ਸੁਧ ਲੋਹਾ ਬਹੁਤ ਹੀ ਕਮਜ਼ੋਰ ਹੁੰਦਾ ਹੈ, ਲੋਹੇ ਦੀ ਮਜ਼ਬੂਤੀ ਹੋਰ ਧਾਤਾਂ ਦੇ ਮਿਸ਼ਰਣ ਕਾਰਨ ਹੁੰਦੀ ਹੈ। ਇਸ ਲਈ ਕਈ ਸਰਬਲੋਹ ਦਾ ਅਰਥ ਕਰਨ ਲੱਗ ਪਏ ਹਨ, ਅਜੇਹਾ ਲੋਹਾ ਜਿਸ ਵਿਚ ਬਹੁਤ ਸਾਰੀਆਂ (ਸਰਬ) ਧਾਤਾਂ ਮਿਲੀਆਂ ਹੋਣ।

ਇਕ ਭਾਰੋਪੀ ਮੂਲ ਹੈ ਰੁਧ (reudh) ਜਿਸ ਦਾ ਅਰਥ ਹੈ ਲਾਲ। ਇਹ ਇਕੋ ਇਕ ਰੰਗ ਹੈ ਜਿਸ ਦਾ ਭਾਰੋਪੀ ਮੂਲ ਉਪਲਬਧ ਹੈ। ਸੰਸਕ੍ਰਿਤ 'ਰੁਧ' ਦਾ ਅਰਥ ਵੀ ਲਾਲ ਹੀ ਹੈ। ਧਿਆਨਯੋਗ ਹੈ ਕਿ ਅੰਗਰੇਜ਼ੀ ਸ਼ਬਦ 'ਰੈਡ' ਦੀ ਇਸ ਨਾਲ ਸਾਂਝ ਹੈ ਤੇ ਕਈ ਹੋਰ ਯੂਰਪੀ ਭਾਸ਼ਾਵਾਂ ਵਿਚ ਇਸ ਨਾਲ ਰਲਦੇ ਸ਼ਬਦ ਮਿਲਦੇ ਹਨ ਜਿਵੇਂ ਗ੍ਰੀਕ ਐਰੀਥਰੋਸ (erythros), ਲਾਤੀਨੀ ਰੁਬਰ ਆਦਿ। ਅੰਗਰੇਜ਼ਾਂ ਦਾ ਇਕ ਉਪਨਾਮ ਹੈ, Read ਜਿਵੇਂ John Read. ਏਥੇ ਰੀਡ ਦਾ ਅਰਥ ਲਾਲ ਹੀ ਹੈ ਕਿਉਂਕਿ ਰੈਡ ਦਾ ਪੁਰਾਣਾ ਰੂਪ ਏਹੀ ਸੀ। ਸਾਡੇ ਵੀ ਇਸ ਤਰ੍ਹਾਂ ਦਾ ਉਪਨਾਮ ਹੈ, ਲੋਹੀਆ, ਜੋ ਮਰਹੂਮ ਸੋਸ਼ਲਿਸਟ ਲੀਡਰ ਰਾਮ ਮਨੋਹਰ ਲੋਹੀਆ ਦੇ ਨਾਂ ਵਿਚ ਝਲਕਦਾ ਹੈ। ਅੰਗਰੇਜ਼ੀ ਸ਼ਬਦ ਰਸਟ (rust) ਜੰਗਾਲ ਵੀ ਇਸੇ ਤੋਂ ਬਣਿਆ ਹੈ ਕਿਉਂਕਿ ਇਸ ਦਾ ਰੰਗ ਲਾਲ ਹੁੰਦਾ ਹੈ ਤੇ ਗੱਲ੍ਹਾਂ ਨੂੰ ਲਾਲੀ ਦੇਣ ਵਾਲਾ ਰੂਜ਼ (rouge) ਵੀ। ਸ਼ਹਿਜ਼ਾਦਾ ਸਿਹਾਨੂਕ ਨੇ ਕੰਪੂਚੀਆ ਦੇ ਕਮਿਊਨਿਸਟਾਂ ਨੂੰ ਖਮੇਰ ਰੂਜ ਦਾ ਨਾਂ ਦਿੱਤਾ ਅਰਥਾਤ 'ਖਮੇਰ ਦੇ ਲਾਲ'। ਏਥੇ ਰੂਜ ਫਰਾਂਸੀਸੀ ਸ਼ਬਦ ਹੈ ਜਿਸਦਾ ਅਰਥ ਲਾਲ ਹੁੰਦਾ ਹੈ। ਉਂਜ ਵੀ ਲਾਲ ਰੰਗ ਇਨਕਲਾਬੀ ਰਾਜਨੀਤੀ ਨਾਲ ਯੂਰਪ ਵਿਚ ਮਧਕਾਲ ਤੋਂ ਜੁੜਿਆ ਰਿਹਾ ਹੈ। ਇਕ ਹੋਰ ਅੰਗਰੇਜ਼ੀ ਸ਼ਬਦ ਹੈ russet ਜਿਸਦਾ ਅਰਥ ਵੀ ਲਾਲ ਭਾਅ ਮਾਰਦਾ ਭੂਰਾ ਰੰਗ ਹੁੰਦਾ ਹੈ। 'ਲੋਹੜ ਦੰਦਾਸੇ ਦਾ' ਵਿਚ ਆਇਆ ਪੰਜਾਬੀ ਲੋਹੜ ਵੀ ਇਸੇ ਤੋਂ ਵਿਉਤਪਤ ਹੋਇਆ ਲਗਦਾ ਹੈ। ਮੈਨੂੰ ਰੁਸਸਟ ਰੰਗ ਵੀ ਦੰਦਾਸੇ ਦੇ ਲੋਹੜ ਵਰਗਾ ਹੀ ਲਗਦਾ ਹੈ।



ਸੁਰਖ ਕੁਕਰਿਆਂ ਦੇ ਅਰਥਾਂ ਵਾਲਾ ਸ਼ਬਦ ਰੋਹੇ ਤੇ ਇਕ ਲਾਲ ਰੰਗ ਦੀ ਮੱਛੀ ਰੋਹੂ ਵੀ ਇਸੇ ਸ਼ਬਦ ਦੇ ਸਕੇ ਹਨ। ਰੁਧ ਮੂਲ ਦਾ ਅਗਲੇਰਾ ਰੂਪ ਰੁਧਿਰਾ ਹੋਇਆ ਜਿਸ ਦਾ ਅਰਥ ਖ਼ੂਨ ਹੁੰਦਾ ਹੈ। ਸਹਿਸਕ੍ਰਿਤੀ ਭਾਸ਼ਾ 'ਚ ਗੁਰੂ ਅਰਜਨ ਦੇਵ ਦੁਆਰਾ ਰਚੀ ਗਾਥਾ ਵਿਚ ਇਹ ਸ਼ਬਦ ਇਸੇ ਅਰਥ ਵਿਚ ਆਇਆ ਹੈ:

ਮਜਾ ਰੁਧਿਰ ਦ੍ਰੁਗੰਧਾ
ਨਾਨਕ ਅਥਿ ਗਰਬੇਣ ਅਗਯਾਨਣੋ॥

ਅਰਥਾਤ ਮਨੁਖੀ ਸਰੀਰ ਅੰਦਰ ਮਿਝ, ਲਹੂ ਤੇ ਹੋਰ ਦੁਰਗੰਧੀਆਂ ਹਨ, ਫਿਰ ਵੀ ਅਗਿਆਨੀ ਮਨੁਖ ਇਸਦਾ ਮਾਣ ਕਰਦਾ ਹੈ। ਇਸ ਰੁਧ ਤੋਂ ਹੀ ਰੋਹਿਤ ਬਣਿਆ ਜਿਸ ਦੇ ਅਰਥ ਲਾਲ ਰੰਗ ਦੇ ਜਾਨਵਰ, ਘੋੜਾ, ਮੱਛੀ ਤੇ ਮ੍ਰਿਗ ਹਨ। ਤਾਂਬਈ ਰੰਗ ਕਾਰਨ ਕੇਸਰ ਨੂੰ ਵੀ ਰੋਹਿਤ ਕਿਹਾ ਜਾਂਦਾ ਹੈ। ਰਹੀੜਾ, ਰੋਹੀੜਾ ਅਤੇ ਲਹੂੜਾ ਪਲਾਸ ਜਾਤੀ ਦੇ ਦਰਖਤਾਂ ਦੇ ਨਾਂ ਹਨ ਜਿਨ੍ਹਾਂ ਨੂੰ ਕੇਸੂ ਵਰਗੇ ਲਾਲ ਫੁੱਲ ਲਗਦੇ ਹਨ। ਇਕ ਬੋਲੀ ਹੈ:

ਵਿਚ ਬਾਗਾਂ ਦੇ ਸੋਹੇ ਕੇਲਾ
ਖੇਤਾਂ ਵਿਚ ਰਹੀੜਾ
ਤੈਨੂੰ ਵੇਖ ਕੇ ਤਿੰਨ ਵਲ ਖਾਵਾਂ
ਖਾ ਕੇ ਮਰਾਂ ਧਤੂਰਾ
ਕਾਹਨੂੰ ਪਾਇਆ ਸੀ
ਪਿਆਰ ਵੈਰਨੇ ਗੂੜਾ।

ਵੱਡੇ ਘਲੂਘਾਰੇ ਕਾਰਨ ਮਸ਼ਹੂਰ ਸੰਗਰੂਰ ਜ਼ਿਲੇ ਦਾ ਇਕ ਪਿੰਡ ਹੈ ਰੋਹੀੜਾ ਤੇ ਲਹੌਰ ਜ਼ਿਲੇ ਵਿਚ ਗੁਰੂ ਨਾਨਕ ਦੀ ਯਾਦ ਵਿਚ ਇਕ ਪਿੰਡ ਦਾ ਨਾਂ ਲੁਹੀੜਾ ਸਾਹਿਬ ਹੈ। ਕਈ ਪਿੰਡਾਂ ਦੇ ਨਾਂ ਦਰਖਤਾਂ ਦੇ ਨਾਂਵਾਂ ਤੋਂ ਪੈ ਜਾਂਦੇ ਹਨ।

ਰੋਹਿਤ ਤੋਂ ਅਗਲਾ ਰੂਪ ਹੋਇਆ ਲੋਹਿਤ ਜਿਸ ਦੇ ਕਈ ਅਰਥ ਹਨ ਜਿਵੇਂ ਲਾਲ-ਰੰਗਾ; ਲਹੂ, ਲਾਲ ਚੰਦਨ ਅਤੇ ਇਕ ਪ੍ਰਕਾਰ ਦੀ ਲਾਲ ਰੰਗ ਦੀ ਮੱਛੀ। ਲੋਹਾ ਬਣਨ ਲਈ ਤਾਂ ਫਿਰ ਇਕ ਕਦਮ ਹੀ ਰਹਿ ਗਿਆ। ਜਿਵੇਂ ਅਰੰਭ ਵਿਚ ਦੱਸਿਆ ਗਿਆ ਹੈ, ਪਹਿਲਾਂ ਪਹਿਲ ਲੋਹਾ ਤਾਂਬੇ ਨੂੰ ਕਿਹਾ ਜਾਂਦਾ ਸੀ ਤੇ ਫਿਰ ਹਰ ਧਾਤ ਨੂੰ। ਲੋਹਾ ਲਾਖਾ ਹੋਣਾ ਵਿਚ ਇਹ ਭਾਵ ਨਿਹਿਤ ਹੈ। ਲੋਹਾ ਸ਼ਬਦ ਧਾਤ ਲਈ ਵੀ ਹੈ ਤੇ ਇਸਦੀ ਮਜ਼ਬੂਤੀ ਵਾਲੇ ਗੁਣਾਂ ਕਾਰਨ ਲਾਖਣਿਕ ਤੌਰ 'ਤੇ ਸ਼ਕਤੀ ਦਾ ਅਰਥਵਾਨ ਵੀ। ਦੋਵਾਂ ਦਿਸ਼ਾਵਾਂ ਵਿਚ ਇਸਦਾ ਸ਼ਬਦ-ਪਸਾਰਾ ਦੇਖਿਆਂ ਬਣਦਾ ਹੈ: ਲੋਹ, ਲੋਹ-ਲੰਗਰ, ਸਰਬਲੋਹ, ਲੋਹਪੁਰਖ, ਲੋਹਟੀਆ (ਲੋਹੇ ਦਾ ਵਪਾਰੀ), ਲੋਹਾਂਡਾ (ਲੋਹੇ ਦਾ ਭਾਂਡਾ), ਲੋਹਾਰ, ਲੋਹਾ-ਕੁੱਟ। ਲੋਹੇ ਦਾ ਇਕ ਅਰਥ ਦਰਜ਼ੀ ਦੀ ਇਸਤਰੀ ਵੀ ਹੁੰਦਾ ਹੈ ਪਰ ਗੁਰੂ ਨਾਨਕ ਦੇਵ ਜੀ ਨੇ ਲੋਹਾ ਸ਼ਬਦ ਦਰਜ਼ੀ ਦੇ ਇਕ ਹੋਰ ਹਥਿਆਰ ਲਈ ਵਰਤਿਆ ਹੈ, ਭਾਵ ਕੈਂਚੀ:

ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੇ।

ਵਰਣ-ਵਟਾਂਦਰੇ ਨਾਲ ਆਮ ਵਰਤੋਂ ਦਾ ਇਕ ਸ਼ਬਦ ਉਲਟਿਆ ਹੈ, ਬਲਟੋਹੀ (ਵਲਟੋਹੀ)। ਇਸ ਸ਼ਬਦ ਨੇ ਬਟਲੋਹੀ ਦੇ ਦੋ ਅੱਖਰ, 'ਵ' ਤੇ 'ਟ' ਦੇ ਆਪਸ ਵਿਚ ਥਾਂ ਵਟਾਉਣ ਨਾਲ ਨਵਾਂ ਰੂਪ ਧਾਰਿਆ ਹੈ। ਦਿਲਚਸਪ ਗੱਲ ਹੈ ਕਿ ਹਿੰਦੀ ਵਿਚ ਇਸ ਸ਼ਬਦ ਦਾ ਰੂਪ ਬਟਲੋਈ ਹੈ। ਮਹਾਨ ਕੋਸ਼ ਵਿਚ ਬਟਲੋਹੀ ਦਾ ਇੰਦਰਾਜ ਹੈ। ਇਸ ਸ਼ਬਦ ਨੇ ਵੱਟ (ਗੋਲ)+ਲੋਹਿਕਾ ਤੋਂ ਆਪਣੀ ਸ਼ਕਲ ਘੜੀ। ਪਿੰਡ ਦੇ ਨਾਂ ਤੇ ਗੋਤ ਵਜੋਂ ਲੋਹਾਰ ਵੀ ਲੋਹੇ ਨਾਲ ਹੀ ਸੰਬੰਧਿਤ ਹੈ। ਜਿਵੇਂ ਆਲਮ ਲੋਹਾਰ, ਆਰਿਫ ਲੋਹਾਰ। ਰਾਗ ਬਸੰਤੁ ਵਿਚ ਗੁਰੂ ਨਾਨਕ ਦੇਵ ਨੇ ਲੋਹਾਰੀ ਸ਼ਬਦ ਪੈਰਾਂ ਦੀ ਬੇੜੀ ਦੇ ਅਰਥਾਂ ਵਿਚ ਵਰਤਿਆ ਹੈ: ਲਬੁ ਅੰਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ। ਬਹੁਤ ਸਾਰੇ ਮੁਹਾਵਰਿਆਂ ਨੇ ਆਪਣੀ ਸ਼ਕਤੀ ਲੋਹੇ ਤੋਂ ਹਾਸਿਲ ਕੀਤੀ ਹੈ। ਅਸੀਂ ਕਹਿ ਦਿੰਦੇ ਹਾਂ, ਉਹ ਤਾਂ ਨਿਰਾ ਲੋਹਾ ਹੈ। ਲੋਹਾ ਮੰਨਣਾ, ਲੋਹਾ ਲੈਣਾ, ਲੋਹੇ ਦੇ ਚਣੇ ਚਬਾਉਣਾ, ਲੋਹੇ ਦਾ ਥਣ ਆਦਿ ਵਿਚ ਇਸ ਸ਼ਬਦ ਦੀ ਤਾਕਤ ਦਿਸਦੀ ਹੈ। ਹਰਿਵੰਸ਼ ਬੱਚਨ ਦੀ ਇਕ ਕਵਿਤਾ ਵਿਚ ਲੋਹੇ ਦੀ ਉਪਮਾ ਮੂੰਹੋਂ ਬੋਲਦੀ ਹੈ:

ਲੌਹ ਕਾ ਵਹ ਠੋਸ ਬਨ ਕਰ ਹੈ ਨਿਕਲਤਾ
ਜੋ ਕਿ ਲੋਹੇ ਸੇ ਲੜਾ ਹੈ
ਗਰਮ ਲੋਹਾ ਪੀਟ, ਠੰਡਾ ਪੀਟਨੇ ਕੋ
ਵਕਤ ਬਹੁਤੇਰਾ ਹੈ ...

ਪਾਸ਼ ਦੀ ਕਵਿਤਾ 'ਲੋਹ ਕਥਾ' ਵਿਚ ਲੋਹਾ ਲੋਹੇ ਨੂੰ ਕੱਟਦਾ ਹੈ ਮੁਹਾਵਰੇ ਦਾ ਆਲਮ ਸਮਾਇਆ ਹੋਇਆ ਹੈ, ਜਿਸ ਵਿਚ ਇਕ ਪਾਸੇ ਲੋਹਾ ਅਮੀਰੀ, ਵਿਲਾਸਤਾ, ਅਨਿਆਂ ਆਦਿ ਦਾ ਪ੍ਰਤੀਕ ਬਣਦਾ ਹੈ ਤੇ ਦੂਜੇ ਪਾਸੇ ਅਜੇਹੀ ਵਿਵਸਥਾ ਦੇ ਖਿਲਾਫ ਹਥਿਆਰਾਂ ਦਾ:

ਤੁਸੀਂ ਲੋਹੇ ਦੀ ਕਾਰ ਝੂਟਦੇ ਹੋ
ਮੇਰੇ ਪਾਸ ਲੋਹੇ ਦੀ ਬੰਦੂਕ ਹੈ
ਮੈਂ ਲੋਹਾ ਖਾਧਾ ਹੈ
ਤੁਸੀਂ ਲੋਹੇ ਦੀ ਗੱਲ ਕਰਦੇ ਹੋ...।

ਲੋਹਿਤ ਹੀ ਅੱਗੇ ਵਿਕਸਿਤ ਹੋ ਕੇ ਲਹੂ ਸ਼ਬਦ ਦਾ ਰੂਪ ਧਾਰ ਗਿਆ ਜਿਸ ਵਿਚ ਲਾਲੀ ਦੀ ਭੂਮਿਕਾ ਸਾਫ ਦਿਸਦੀ ਹੈ। ਉਂਜ ਵੀ ਲਹੂ ਦੀ ਲਾਲੀ ਦਾ ਕਾਰਨ ਡਾਕਟਰਾਂ ਅਨੁਸਾਰ ਇਸ ਵਿਚ ਲੋਹੇ ਦੀ ਮੌਜੂਦਗੀ ਹੈ। ਲਹੂ ਦਾ ਆਪਣਾ ਚੋਖਾ ਪਸਾਰਾ ਹੈ: ਲਹੂ-ਲੁਹਾਣ, ਲਹੂ ਪੀਣਾ, ਲਹੂ ਜੰਮਣਾ, ਲਹੂ ਪਸੀਨਾ, ਲਹੂ ਚਿੱਟਾ ਹੋਣਾ, ਲਹੂ ਦਾ ਪਿਆਸਾ, ਲਹੂ ਪਾਣੀ ਇਕ ਹੋਣਾ, ਲਹੂ ਕਢਣਾ, ਲਹੂ ਚੂਸਣਾ। ਪਰ 'ਜੋ ਆਂਖ ਹੀ ਸੇ ਨਾ ਟਪਕਾ ਤੋ ਫਿਰ ਲਹੂ ਕਿਆ ਹੈ' ਕਹਿ ਕੇ ਗ਼ਾਲਿਬ ਨੇ ਲਹੂ ਦੀ ਪਛਾਣ ਦਰਸਾਈ ਹੈ, ਉਸਦਾ ਮੁਕਾਬਲਾ ਨਹੀਂ। ਕਈ ਚੀਚੀ 'ਤੇ ਹੀ ਲਹੂ ਲਗਾ ਕੇ ਸ਼ਹੀਦਾਂ ਵਿਚ ਰਲ ਜਾਂਦੇ ਹਨ। ਗੁਰਬਾਣੀ ਵਿਚ ਇਹ ਸ਼ਬਦ ਲੋਹੂ ਦੇ ਰੂਪ ਵਿਚ ਆਇਆ ਹੈ:

ਤੁਮ ਕਤ ਬ੍ਰਾਹਮਣ ਹਮ ਕਤ ਸੂਦ
ਹਮ ਕਤ ਲੋਹੂ ਤੁਮ ਕਤ ਦੂਧ- ਕਬੀਰ
ਲੋਹੂ ਲਬੁ ਨਿਕਥਾ ਵੇਖ- ਗੁਰੂ ਨਾਨਕ

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਰੁਧ ਦੀ ਲਾਲੀ ਦਾ ਭਾਵ ਹੋਰ ਸ਼ਬਦਾਂ ਵਿਚ ਵਿਕਸਿਤ ਹੋ ਕੇ ਤਕੜੇ ਤੋਂ ਤਕੜੇਰਾ ਹੁੰਦਾ ਗਿਆ।


*ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗਯਾਨਣੋ*

G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  » New License Plates & Renewals
- Interstate & Intrastate Permits
  » DOT #, MC #, CA #
  » IFTA, UCR, MCP
  » NM, KY, NY, OR Permits
  » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰੱਕਿੰਗ ਸੇਵਾਵਾਂ ਵਾਸਤੇ
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com




ਟਰੱਕਿੰਗ ਬਿਜ਼ਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ
Ph:(209) 474-2771, (888) 474-2771
7746 Lorraine Aenue #214, Stockton, CA 95210

ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇਕੋ ਜਗਾ ਤੇ

ਰੈਸਟੋਰੈਂਟ, ਰਿਟੇਲ ਸਟੋਰ, ਸੈਲੂਨ ਅਤੇ ਹੋਰ ਬਿਜ਼ਨਸਾਂ ਲਈ
ਬਿਹਤਰੀਨ ਕੈਸ਼ ਰਜਿਸਟਰ
ਸਾਡਾ ਸਿਸਟਮ ਜਰਮਨੀ ਵਿੱਚ ਬਣਿਆ ਹੋਇਆ ਕਿਉਰੀਅਨ ਕੰਪਨੀ ਦਾ ਹੈ
QUORION POS SYSTEM: Q TOUCH 2, CONCERTO. www.quorion.de
For Convenience Store, Billiar Clube, Pizza Parlors Fine Dinning, Fast Food

- Touch Screen
- with linux
- No Windows
- No Fans
- No Hard Drive to Crash
- No Freezing
- No Heating up
- No Moving Parts
- No Headaches
- User Friendly




Think of Speed and Quality
Think of Made in Germany
www.posmb.us




And with our DVRUNLIMITED COMPANY we offer DVR systems and integration of DVR to POS. Also we have just added POSMB PAYMENT SOLUTIONS for your CREDIT CARD, and DEBIT processing.

Free Training and 12 months of Free Technical Support for every Complete POS System.

ਕਾਲ ਕਰੋ: 916-216-4200 Arvinder Sandhu (Tony)

Designed by: QUIK SIGNS-661-703-8795, 661-900-7357





ਇਮੀਗ੍ਰੇਸ਼ਨ ਮਸਲਾ ਹੈ?
ਅਸੀਂ ਇਮੀਗ੍ਰੇਸ਼ਨ ਪ੍ਰੈਕਟਿਸ ਹੀ ਕਰਦੇ ਹਾਂ

We only practice Immigration Law
Cases published in the 9th Circuit Court of Appeals

Law Office of Inna Lipkin
Over 11 years of experience
By appointment only

ਪੰਜਾਬੀ ਜਾਂ ਹਿੰਦੀ ਵਿਚ ਗੱਲ ਕਰਨ ਲਈ ਕਾਲ ਕਰੋ
ਧਰਮ ਪਾਲ ਸ਼ਰਮਾ
ਫੋਨ:510-410-8382

For appointment call
Tel:415-672-3261
Fax: 650-364-3988

www.innalipkinimmigrationattorney.com
1690 Woodside Rd., Ste. 103, Redwood City, CA 94061



OCI Card
Persons of Indian origin holding OCI Card can
Visit India without VISA for Life Long.
No requirement to register with Local Police Authorities in India
Possess Commercial & Residential properties in India
Parity with NRIs in Financial, Economic and Educational Matters

JINDAL OVERSEAS
Immigration & Legal Consultants
- Immigration
- Appeals
- Student
- Work
- Visitor Visas

74-Baba Makhan Shah Lubhana Nagar, Mithapur Road, Jalandhar.
Ph.: 0181-2464074, 4634074, 98140-60129, 98142-34385



Are Worries Keeping You Awake?
Watch Your Business AnyTime Any Place.




Attention Business Owners!!

Are You Worried About Your Business When You`re Not There?

Watch your business from anywhere on iPhone with our new technology

QuikStop Shell am pm 7 ELEVEN 76 Holiday Inn Denny's Arby's

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

Financing & Lease Options For 12, 24, 36 Months Available.

ਵਾਜਬ ਕੀਮਤ ਸਹੀ ਕੰਮ

DVR UNLIMITED
Call:1-(888) 233-4566 www.dvrunlimited.com

# ਦੀਵਾਲੀ ਮੁਬਾਰਕ !

# Raja™ SWEETS & CATERING®

Follow us on:

**AUTHORIZED CATERER FOR MAJOR 5-STAR HOTELS**

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™


## Raja™ Sweets & Indian Cuisine

31853 Alvarado Blvd. Union City CA 94587
Ph. (510) 489-9100 Fax (510) 489-9111
msbains@rajasweets.com

## Raja™ Indian Cuisine & Bar

1275 W Winton Ave. Hayward CA 94545
Ph. (510) 264-9300 Fax (510) 264-9345




ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

## Items Serving:

- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

## Additional Services:

- Warmers
- Chaffing Dishes
- China & Silverware
- Linen Rental
- Waiters & Bartenders

## Catering Services:

- Wedding Ceremonies
- Receptions / Birthday Parties
- Religious Gatherings
- Corporate Events
- Picnics / Bar-b-que

**Fresh Sweets, Snacks & Food**
**Catering with portable Tandoor**
**for up to 10000 guests**
**Lunch - Dinner - Take Out - Banquets**




**Call Makhan Bains or Ravinder Singh for your next Party**

**1-866-FOR RAJA www.RajaSweets.com**